Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763



Ad Space Available
Please call:
847-359-0746

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 37, September 16, 2017 20451 N Plum Grove Rd., Palatine, IL 60074 Ph:847-359-0746, Fax:847-705-9388

# ਆਰ.ਐਸ.ਐਸ. ਵੱਲੋਂ ਫਿਰਕੂ ਕਤਾਰਬੰਦੀ ਤੇਜ਼

**ਨਵੀਂ ਦਿੱਲੀ (ਗੁਰਵਿੰਦਰ ਸਿੰਘ ਵਿਰਕ):** ਨਰੇਂਦਰ ਮੋਦੀ ਸਰਕਾਰ ਭਾਰਤ ਦੀ ਕੇਂਦਰੀ ਸੱਤਾ ਉਤੇ ਤਕਰੀਬਨ ਸਾਢੇ ਤਿੰਨ ਸਾਲ ਰਾਜ ਕਰਨ ਪਿੱਛੋਂ ਜਦੋਂ ਦੇਸ਼ ਨੂੰ ਵਿਕਾਸ ਦੀ ਲੀਹੇ ਪਾਉਣ ਦੀ ਗੱਲ ਆਖ ਰਹੀ ਸੀ ਤਾਂ ਇਹ ਰਿਪੋਰਟ ਵੀ ਆ ਗਈ ਕਿ ਵਿਕਾਸ ਦਰ 5.7 ਫੀਸਦੀ ਤੱਕ ਹੇਠਾਂ ਆ ਗਈ ਹੈ ਅਤੇ ਇਸ ਦੀ ਨੋਟਬੰਦੀ ਨੇ ਅਰਥਿਕਤਾ ਨੂੰ ਤਬਾਹ ਕਰ ਦਿੱਤਾ ਹੈ।

ਮੋਦੀ ਸਰਕਾਰ ਪਿਛਲੇ ਦਿਨੀਂ ਜਦੋਂ ਜੰਮੂ ਕਸ਼ਮੀਰ ਵਿਚ ਮਾਹੌਲ ਸ਼ਾਂਤ ਕਰਨ ਵਿਚ ਸਫਲਤਾ ਦਾ ਸਿਹਰਾ ਆਪਣੇ ਸਿਰ ਬੰਨ੍ਹ ਰਹੀ ਸੀ ਤਾਂ ਖੁਫੀਆ ਏਜੰਸੀਆਂ ਨੇ ਖੁਲਾਸਾ ਕਰ ਦਿੱਤਾ ਕਿ ਵਾਦੀ ਵਿਚ ਹਿੰਸਕ ਘਟਨਾਵਾਂ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਦੁੱਗਣਾ ਵਾਧਾ ਹੋਇਆ ਹੈ। ਨਮੋਸ਼ੀ ਵਾਲੇ ਇਨ੍ਹਾਂ ਖੁਲਾਸਿਆਂ ਨੇ ਇਸ ਭਗਵਾ ਧਿਰ ਨੂੰ ਜ਼ਿਆਦਾ ਨਿਰਾਸ਼ ਨਹੀਂ ਕੀਤਾ, ਕਿਉਂਕਿ ਆਪਣੇ ਅਸਲ ਮਕਸਦ ਵਿਚ ਇਸ ਨੇ ਸੌ ਫੀਸਦੀ ਨੰਬਰ ਲਏ ਹਨ। ਭਗਵਾ ਧਿਰ ਨੇ ਜੇ ਕਿਸੇ ਕੰਮ ਵਿਚ ਸਫਲਤਾ ਹਾਸਲ ਕੀਤੀ ਹੈ ਤਾਂ ਉਹ ਇਸ ਦਾ ਫਿਰਕੂ ਏਜੰਡਾ ਹੈ। ਮੋਦੀ ਸਰਕਾਰ ਨੇ ਬੜੀ ਸਫਲਤਾ ਨਾਲ ਆਪਣੇ ਫਿਰਕੂ ਏਜੰਡੇ ਨੂੰ ਅੱਗੇ ਵਧਾਇਆ ਹੈ ਅਤੇ ਇਸ ਦੇ ਰਾਹ ਵਿਚ ਰੋੜਾ ਬਣਨ ਵਾਲਿਆਂ ਨੂੰ ਬੜੀ ਆਸਾਨੀ ਨਾਲ ਲਾਂਭੇ ਕਰਨ ਵਿਚ ਸਫਲ ਰਹੀ ਹੈ। ਨਰਿੰਦਰ ਦਾਭੋਲਕਰ, ਐਮ.ਐਮ. ਕਲਬੁਰਗੀ ਅਤੇ ਗੋਵਿੰਦ ਪਨਸਾਰੇ ਵਰਗੇ ਬੁੱਧੀਜੀਵੀ ਲੇਖਕ ਇਸੇ ਫਿਰਕੂ ਰਣਨੀਤੀ ਦਾ ਸ਼ਿਕਾਰ ਹੋ ਗਏ। ਹੁਣ ਹਿੰਦੂਤਵੀ ਸੰਗਠਨਾਂ ਵੱਲੋਂ ਦਲਿਤਾਂ ਤੇ ਘੱਟ ਗਿਣਤੀਆਂ ਖਿਲਾਫ ਕੀਤੀ ਜਾ ਰਹੀਆਂ ਕਾਰਵਾਈਆਂ ਵਿਰੁਧ ਆਵਾਜ਼ ਬੁਲੰਦ ਕਰਨ ਵਾਲੀ ਦਲੇਰ ਪੱਤਰਕਾਰ ਗੌਰੀ ਲੰਕੇਸ਼ ਨੂੰ ਵੀ ਆਪਣੀ ਜਾਨ ਦੀ ਕੀਮਤ ਤਾਰਨੀ ਪਈ।

ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫਾਈਲਜ਼' ਨੂੰ ਕੰਨੜ ਭਾਸ਼ਾ ਵਿਚ ਅਨੁਵਾਦ ਕਰਨ ਵਾਲੀ ਗੌਰੀ ਲੰਕੇਸ਼ ਨੇ 13 ਸਤੰਬਰ ਦੇ ਅੰਕ ਵਿਚ 'ਫੇਕ ਨਿਊਜ਼ ਦੇ ਜ਼ਮਾਨੇ ਵਿਚ' ਨਾਂ ਦੀ ਆਪਣੀ ਆਖਰੀ ਸੰਪਾਦਕੀ ਵਿਚ ਸਮਾਜ ਵਿਚ ਫਿਰਕੂ ਕਤਾਰਬੰਦੀ ਦੀ ਘਿਨਾਉਣੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਸੀ ਅਤੇ ਸ਼ਾਇਦ ਉਸ ਦੇ ਇਹੀ ਸ਼ਬਦ ਉਸ ਦੀ ਮੌਤ ਦਾ ਕਾਰਨ ਬਣੇ। ਅਸਲ ਵਿਚ, ਮੋਦੀ ਨੇ ਲੋਕ ਸਭਾ ਚੋਣਾਂ ਦੌਰਾਨ ਆਪਣੇ ਆਪ ਨੂੰ ਹਿੰਦੂ ਰਾਸ਼ਟਰਵਾਦੀ ਵਜੋਂ ਦੁਨੀਆਂ ਅੱਗੇ

(ਬਾਕੀ ਸਫਾ 6 'ਤੇ)

## ਮਾਹੌਲ ਵਿਚ ਜ਼ਹਿਰ ਭਰਨ ਲਈ ਲਾਇਆ ਟਿੱਲ



# ਰਾਮ ਰਹੀਮ ਦੇ ਚਰਨ ਛੱਡਣ ਲਈ ਤਿਆਰ ਨਹੀਂ ਸਿਆਸੀ ਆਗੂ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਬਲਾਤਕਾਰ ਦੇ ਦੋਸ਼ ਵਿਚ 20 ਸਾਲ ਦੀ ਸਜ਼ਾ ਹੋਣ ਪਿੱਛੋਂ ਭਾਵੇਂ ਆਮ ਲੋਕਾਂ ਵਿਚ ਇਸ ਡੇਰੇ ਪ੍ਰਤੀ ਗੁੱਸੇ ਦੀ ਲਹਿਰ ਹੈ, ਪਰ ਪੰਜਾਬ ਤੇ ਹਰਿਆਣਾ ਦੀਆਂ ਸਿਆਸੀ ਧਿਰਾਂ ਬਾਬੇ ਦੇ ਚਰਨ ਛੱਡਣ ਲਈ ਤਿਆਰ ਨਹੀਂ। ਹਰਿਆਣਾ ਵਿਚ ਭਾਜਪਾ ਤੇ ਪੰਜਾਬ ਵਿਚ ਕਾਂਗਰਸ ਆਗੂ ਅਜੇ ਵੀ ਇਸ ਗੱਲ 'ਤੇ ਡਟੇ ਹੋਏ ਹਨ ਕਿ ਉਹ ਬਾਬੇ ਦਾ ਅਸ਼ੀਰਵਾਦ ਲੈਂਦੇ ਰਹਿਣਗੇ। ਕਾਂਗਰਸ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਉਹ ਰਾਮ ਰਹੀਮ ਦੇ ਜੇਲ੍ਹ ਜਾਣ ਮਗਰੋਂ ਵੀ ਡੇਰੇ ਉਤੇ ਵੋਟ ਮੰਗਣ ਜਾਣਗੇ। ਉਹ ਕਿਸੇ ਵੀ ਡੇਰੇ ਨੂੰ ਬੰਦ ਕਰਨ ਦੇ ਹੱਕ ਵਿਚ ਨਹੀਂ। ਧਰਮਸੋਤ ਨੇ ਪੱਤਰਕਾਰਾਂ ਦੇ ਸਾਹਮਣੇ ਹੀ ਡੇਰੇ ਤੇ ਰਾਮ ਰਹੀਮ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਇਸ ਤੋਂ ਪਹਿਲਾਂ ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿੱਜ ਨੇ ਹਿੱਕ ਠੋਕ ਕੇ ਕਿਹਾ ਸੀ ਕਿ ਬਾਬੇ ਨੂੰ ਸਜ਼ਾ ਹੋਣ ਪਿੱਛੋਂ ਵੀ ਉਹ ਡੇਰੇ ਜਾਂਦਾ ਰਹੇਗਾ। ਡੇਰੇ ਨੂੰ 50 ਲੱਖ ਦੀ ਸਰਕਾਰੀ ਗ੍ਰਾਂਟ ਦੇਣ ਬਾਰੇ ਜਦੋਂ ਪੱਤਰਕਾਰ ਸਵਾਲ ਪੁੱਛ ਬੈਠੇ ਤਾਂ ਭੜਕੇ ਭਾਜਪਾ ਮੰਤਰੀ ਨੇ ਇਥੋਂ ਤੱਕ ਕਹਿ ਦਿੱਤਾ ਕਿ ਬਾਬਾ ਰਾਮ ਰਹੀਮ ਬਲਾਤਕਾਰ ਦੇ ਮਾਮਲੇ ਵਿਚ ਅੰਦਰ ਗਿਆ ਹੈ, ਨਾ ਕਿ ਹਰਿਆਣਾ ਸਰਕਾਰ ਨੇ ਡੇਰੇ ਨੂੰ ਗੈਰਕਾਨੂੰਨੀ ਐਲਾਨਿਆ ਹੈ, ਇਸ ਲਈ ਡੇਰੇ ਵਿਚ ਜਾਣ ਦੀ ਮਨਾਹੀ ਨਹੀਂ। ਯਾਦ ਰਹੇ ਕਿ ਰਾਮ ਰਹੀਮ ਦੇ ਜੇਲ੍ਹ ਜਾਣ ਪਿੱਛੋਂ ਕਾਂਗਰਸ ਤੇ ਭਾਜਪਾ ਵਿਚ ਡੇਰਾ ਸਿਰਸਾ ਦੀ ਹਮਾਇਤ ਲੈਣ ਦੀ ਹੋੜ ਲੱਗੀ ਹੋਈ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਡੇਰਾ ਪ੍ਰੇਮੀਆਂ ਨੇ ਭਾਜਪਾ ਨੂੰ ਸੱਤਾ ਦਿਵਾਈ ਸੀ। ਹੁਣ ਪੰਚਕੂਲਾ ਵਿਚ ਡੇਰਾ ਪ੍ਰੇਮੀਆਂ ਖਿਲਾਫ ਵਰਤੀ ਸਖਤੀ ਕਾਰਨ ਜਿਥੇ ਭਾਜਪਾ 'ਪਸ਼ਚਾਤਾਪ' ਦੀ ਰਣਨੀਤੀ ਅਪਣਾ ਰਹੀ

(ਬਾਕੀ ਸਫਾ 6 'ਤੇ)


ਅਨਿਲ ਵਿੱਜ


ਸਾਧੂ ਸਿੰਘ ਧਰਮਸੋਤ

# ਕਸ਼ਮੀਰੀਆਂ ਬਾਰੇ ਮੋਦੀ ਦੇ ਸੁਰ ਬਦਲੇ


**ਸ੍ਰੀਨਗਰ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਹਾਲ ਹੀ ਵਿਚ ਜੰਮ ਕਸ਼ਮੀਰ ਦਾ ਚਾਰ ਦਿਨਾ ਦੌਰਾ ਕਾਫੀ ਚਰਚਾ ਵਿਚ ਹੈ। ਰਾਜਨਾਥ, ਨਰੇਂਦਰ ਮੋਦੀ ਵੱਲੋਂ ਆਜ਼ਾਦੀ ਦਿਵਸ ਦੇ ਭਾਸ਼ਣ ਵਿਚ 'ਕਸ਼ਮੀਰੀਆਂ ਨੂੰ ਗਲ ਲਾ ਕੇ' ਮਸਲਾ ਹੱਲ ਕਰਨ ਵਾਲੇ ਨੁਕਤੇ 'ਤੇ ਫੁੱਲ ਚੜ੍ਹਾਉਂਦੇ ਜਾਪੇ। ਇਥੋਂ ਤੱਕ ਕਿ ਸੰਵਿਧਾਨ ਦੀ ਧਾਰਾ 35 ਏ ਵਿਚ ਤਰਮੀਮ ਬਾਰੇ ਵੀ ਯੂ-ਟਰਨ ਮਾਰਦਿਆਂ ਕਸ਼ਮੀਰੀ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com



Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



# ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮ

15 ਤੇ 16 ਸਤੰਬਰ 2017 *ਸ਼ਾਮ 6 ਤੋਂ ਰਾਤ 9 ਵਜੇ ਤੱਕ*

17 ਸਤੰਬਰ 2017 *ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ*

18 ਸਤੰਬਰ 2017 *ਸ਼ਾਮ 6 ਤੋਂ ਰਾਤ 9 ਵਜੇ ਤੱਕ*

## ਸਥਾਨ: ਗੁਰਦੁਆਰਾ ਸੈਨ ਹੋਜ਼ੇ

**Sikh Gurdwara San Jose: 3636 Gurdwara Ave, San Jose CA 95148**

ੴ



ੴ

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 408-274-9373

parmeshar.tv /parmeshardwar /emmpeepta /dhadrian.wale 93690-00003

# ਗੁਰਦੁਆਰਾ ਸਾਹਿਬ ਸੈਨ ਹੋਜ਼ੇ

Sikh Gurdwara San Jose: 3636 Gurdwara Ave, San Jose CA 95148

# ਸਮੂਹ ਸਾਧ ਸੰਗਤ ਨੂੰ ਬੇਨਤੀ

# ਇਲੈਕਸ਼ਨਾਂ ਘਟਾਓ



**ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਪਿਆਰੇ ਸਤਿਕਾਰਤ ਰਜਿਸਟਰਡ ਮੈਂਬਰਾਨ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

**ਤਕਰੀਬਨ ਇੱਕ ਮਹੀਨਾ ਪਹਿਲਾਂ ਗੁਰਦੁਆਰਾ ਸਾਹਿਬ ਵਲੋਂ ਤੁਹਾਨੂੰ ਇੱਕ ਚਿੱਠੀ ਭੇਜੀ ਗਈ ਸੀ, ਜਿਸ ਤੋਂ ਤੁਸੀਂ ਜਾਣ ਹੀ ਗਏ ਹੋਵੋਗੇ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਈਲਾਅਜ਼ ਵਿਚ ਸੋਧ ਕਰਨ ਦੀ ਤਜਵੀਜ਼ ਰੱਖੀ ਹੈ ਤਾਂ ਕਿ ਪ੍ਰਬੰਧਕ ਕਮੇਟੀ ਦਾ ਕਾਰਜ ਕਾਲ ਦੋ ਸਾਲ ਤੋਂ ਵਧਾ ਕੇ ਚਾਰ ਸਾਲ ਕੀਤਾ ਜਾ ਸਕੇ। ਇਸ ਪੱਤਰ ਵਿਚ ਹੁਣ ਇਹ ਨੁਕਤੇ ਦਰਸਾਏ ਗਏ ਹਨ ਕਿ ਇਸ ਸੋਧ ਦੀ ਲੋੜ ਕਿਉਂ ਹੈ ਅਤੇ ਇਸ ਦਾ ਸੰਗਤ ਨੂੰ ਕੀ ਲਾਭ ਪੁਜੇਗਾ?**

**ਸਭ ਤੋਂ ਪਹਿਲਾਂ ਤਾਂ ਅਸੀਂ ਇਸ ਸੋਧ ਦੇ ਆਲੋਚਕਾਂ ਵਲੋਂ ਫੈਲਾਏ ਜਾ ਰਹੇ ਸ਼ੰਕਿਆਂ ਨੂੰ ਦੂਰ ਕਰ ਦੇਣਾ ਚਾਹੁੰਦੇ ਹਾਂ, ਕਿ ਇਸ ਸੋਧ ਦਾ ਮਨੋਰਥ ਮੌਜੂਦਾ ਕਮੇਟੀ ਦਾ ਕਾਰਜਕਾਲ ਵਧਾਉਣਾ ਹੈ। ਅਸੀਂ ਸਪਸ਼ਟ ਕਰਨਾ ਚਾਹੁੰਦੇ ਹਾਂ ਕਿ ਇਸ ਸੋਧ ਦਾ ਮਕਸਦ ਮੌਜੂਦਾ ਕਮੇਟੀ ਦਾ ਕਾਰਜ ਕਾਲ ਦੋ ਸਾਲ ਹੋਰ ਵਧਾਉਣਾ ਨਹੀਂ ਹੈ। ਅਸਲ ਵਿਚ, ਨਵੀਂ ਕਮੇਟੀ ਦੀ ਚੋਣ ਦਾ ਐਲਾਨ ਹੋ ਚੁੱਕਾ ਹੈ ਜੋ ਪਹਿਲੀ ਅਕਤੂਬਰ 2017 ਨੂੰ ਹੋਣੀ ਹੈ। ਇਹ ਚੋਣ ਭਾਵੇਂ ਕੋਈ ਵੀ ਧੜਾ ਜਾਂ ਵਿਅਕਤੀ ਜਿੱਤੇ, ਤਾਂ ਤਜ਼ਵੀਜਸ਼ੁਧਾ ਸੋਧ ਨਵੀਂ ਪ੍ਰਬੰਧਕ ਕਮੇਟੀ ਉਤੇ ਲਾਗੂ ਹੋਵੇਗੀ।**

## ਇਸ ਤਬਦੀਲੀ ਦੀ ਲੋੜ ਕਿਉਂ ਹੈ?

ਇਕ ਕਾਰਨ ਤਾਂ ਇਹ ਹੈ ਕਿ ਚੋਣਾਂ ਪੈਸੇ ਅਤੇ ਸਮੇਂ ਪੱਖੋਂ ਬਹੁਤ ਮਹਿੰਗੀਆਂ ਸਾਬਤ ਹੁੰਦੀਆਂ ਹਨ। ਚੋਣਾਂ ਕਰਵਾਉਣ ਲਈ ਸਾਨੂੰ ਤੀਜੀ ਧਿਰ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ ਜੋ ਕਾਫੀ ਮਹਿੰਗੀਆਂ ਪੈਂਦੀਆਂ ਹਨ। 2015 ਵਾਲੀਆਂ ਚੋਣਾਂ 'ਤੇ ਖਰਚਾ 60,000 ਡਾਲਰ ਤੋਂ ਵੀ ਵਧ ਗਿਆ ਸੀ। ਇਹ ਰਕਮ ਹੋਰ ਚੰਗੇ ਪ੍ਰੋਗਰਾਮਾਂ 'ਤੇ ਲਾਈ ਜਾ ਸਕਦੀ ਹੈ। ਪ੍ਰਬੰਧਕ ਕਮੇਟੀ ਦਾ ਕਾਰਜ ਕਾਲ ਦੋ ਤੋਂ ਚਾਰ ਸਾਲ ਕਰਨ ਨਾਲ ਇਹ ਖਰਚਾ ਘਟੇਗਾ।

ਸਮੇਂ ਦੀ ਬਰਬਾਦੀ ਵੀ ਇਕ ਵੱਡਾ ਪੱਖ ਹੈ। ਚੋਣਾਂ ਲੜਨ ਲਈ ਸੇਵਾਦਾਰਾਂ ਨੂੰ ਮੈਂਬਰਾਂ ਤੱਕ ਪਹੁੰਚ ਕਰਨ ਲਈ ਚੋਖਾ ਸਮਾਂ ਲਾਉਣਾ ਪੈਂਦਾ ਹੈ। ਬਦਕਿਸਮਤੀ ਨੂੰ ਸੌੜੇ ਹਿੱਤਾਂ ਵਾਲੇ ਕੁਝ ਲੋਕ, ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਦਾ ਭਾਈਚਾਰੇ ਦੇ ਕਲਿਆਣ ਲਈ ਕੋਈ ਹਾਂ-ਪੱਖੀ ਏਜੰਡਾ ਨਹੀਂ ਹੈ, ਪਰ ਇਹ ਲੋਕ ਮੌਜੂਦਾ ਪ੍ਰਬੰਧਕ ਕਮੇਟੀ ਉਤੇ ਦੋਸ਼ ਲਗਾਉਣ ਲਈ ਚੋਣਾਂ ਨੂੰ ਖੂਬ ਵਰਤਦੇ ਹਨ ਅਤੇ ਕਮੇਟੀ ਮੈਂਬਰਾਂ ਦਾ ਬਹੁਤ ਸਾਰਾ ਸਮਾਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਵਿਚ ਹੀ ਲੰਘ ਜਾਂਦਾ ਹੈ। ਇਹ ਸਮਾਂ ਸੰਗਤ ਦੀ ਸੇਵਾ ਲਈ ਲਗਾਇਆ ਜਾ ਸਕਦਾ ਹੈ। ਇਹੀ ਨਹੀਂ, ਕਈ ਵਾਰ ਸੰਗਤ ਵਿਚ ਵੰਡੀਆਂ ਵੀ ਪੈ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਦੂਰ ਕਰਨ ਵਿਚ ਵੀ ਲੰਮਾ ਸਮਾਂ ਲੱਗ ਜਾਂਦਾ ਹੈ। ਇਸ ਲਈ ਚੋਣਾਂ ਦਾ ਵਕਫਾ ਵਧਾਉਣਾ ਲੋੜੀਂਦਾ ਜਾਪਦਾ ਹੈ।

ਇਕ ਹੋਰ ਅਹਿਮ ਪੱਖ ਇਹ ਹੈ ਕਿ ਕਈ ਪ੍ਰਾਜੈਕਟ ਮੁਕੰਮਲ ਕਰਨ ਲਈ ਦੋ ਸਾਲ ਤੋਂ ਵੱਧ ਦਾ ਸਮਾਂ ਲਗਦਾ ਹੈ। ਸ਼ਾਨਦਾਰ ਇਮਾਰਤ ਅਤੇ ਪ੍ਰੋਗਰਾਮਾਂ ਦੇ ਹਿਸਾਬ ਨਾਲ ਸਾਡਾ ਗੁਰਦੁਆਰਾ ਸਭ ਤੋਂ ਵੱਧ ਸ਼ਾਨਾਂ ਮੱਤਾ ਹੈ। ਕਈ ਵੱਡੇ ਪ੍ਰਾਜੈਕਟ ਉਲੀਕਣ, ਉਨ੍ਹਾਂ ਲਈ ਫੰਡ ਜੁਟਾਉਣ ਅਤੇ ਪ੍ਰਾਜੈਕਟਾਂ ਨੂੰ ਨੇਪਰੇ ਚਾੜ੍ਹਨ ਲਈ ਵਧੇਰੇ ਧਿਆਨਪੂਰਵਕ ਯੋਜਨਾਵਾਂ ਉਲੀਕਣ ਦੀ ਲੋੜ ਹੁੰਦੀ ਹੈ। ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਹਨ:

1. **ਗੁਰੂ ਨਾਨਕ ਪਗਡੰਡੀ ਪ੍ਰਾਜੈਕਟ:** ਇਹ ਮਾਰਗ ਮੁੱਖ ਇਮਾਰਤ ਦੇ ਪਿਛਲੇ ਪਾਸੇ ਬਣਾਇਆ ਜਾਣਾ ਹੈ। ਇਹ ਮਾਰਗ ਸੈਰ ਕਰਨ ਤੇ ਵਧੇਰੇ ਪਾਰਕਿੰਗ ਦੀ ਸਹੂਲਤ ਮੁਹੱਈਆ ਕਰਾਏਗਾ ਅਤੇ ਨਾਲ ਹੀ ਸਿੱਖ ਫ਼ਲਸਫੇ ਦੇ ਇਤਿਹਾਸ ਉਤੇ ਚਾਨਣਾ ਪਾਵੇਗਾ। ਇਹ ਮਾਰਗ ਗੁਆਂਢ ਵਸਦੇ ਗੈਰ-ਸਿੱਖ ਭਾਈਚਾਰੇ ਲਈ ਵੀ ਖੁੱਲ੍ਹਾ ਹੋਵੇਗਾ। ਮੌਜੂਦਾ ਕਮੇਟੀ ਨੇ ਇਸ ਪ੍ਰਾਜੈਕਟ ਲਈ ਜ਼ਮੀਨ ਦਾ ਸਰਵੇਖਣ ਕਰਵਾ ਲਿਆ ਹੈ ਅਤੇ ਹੁਣ ਪਗਡੰਡੀ ਦਾ ਡਿਜ਼ਾਈਨ, ਫੰਡ ਇਕੱਠੇ ਕਰਨ ਅਤੇ ਇਸ ਪ੍ਰਾਜੈਕਟ ਨੂੰ ਅਮਲੀ ਰੂਪ ਦੇਣ ਦੇ ਕੰਮ ਬਾਕੀ ਰਹਿ ਗਏ ਹਨ। ਇਸ ਪ੍ਰਾਜੈਕਟ 'ਤੇ ਦੋ ਸਾਲਾਂ ਤੋਂ ਵਧ ਦਾ ਸਮਾਂ ਲਗਣਾ ਹੈ। ਜੇ ਸੇਵਾਦਾਰ ਦੋ ਸਾਲਾਂ ਬਾਅਦ ਬਦਲ ਜਾਂਦੇ ਹਨ ਤਾਂ ਅਜਿਹੇ ਪ੍ਰਾਜੈਕਟ ਮੁਕੰਮਲ ਕਰਨ ਵਿਚ ਬਹੁਤ ਦੇਰੀ ਹੋ ਸਕਦੀ ਹੈ। ਹੋ ਸਕਦਾ ਹੈ ਕਿ ਇਹ ਨੇਪਰੇ ਹੀ ਨਾ ਚੜ੍ਹ ਸਕਣ?

2. ਗੁਰਦੁਆਰੇ ਦੇ ਪ੍ਰੋਗਰਾਮਾਂ ਵਿਚ ਚੋਖਾ ਵਾਧਾ ਹੋਇਆ ਹੈ। ਵੀਕਐਂਡ 'ਤੇ ਵਿਆਹਾਂ, ਗੁਰੂ ਨਾਨਕ ਖਾਲਸਾ ਸਕੂਲ ਅਤੇ ਕਈ ਹੋਰ ਸਪੈਸ਼ਲ ਪ੍ਰੋਗਰਾਮਾਂ ਲਈ ਥਾਂ ਦੀ ਘਾਟ ਰਹਿੰਦੀ ਹੈ। ਸਟੋਰੇਜ ਲਈ ਥਾਂ ਵੀ ਥੋੜ੍ਹੀ ਪੈ ਜਾਂਦੀ ਹੈ। ਇਸ ਸਭ ਕਾਸੇ ਲਈ ਸਾਨੂੰ ਹੋਰ ਇਮਾਰਤਾਂ ਦੀ ਜ਼ਰੂਰਤ ਹੈ। ਇਸ ਸਭ ਕੁਝ ਲਈ ਬਹੁਤ ਧਿਆਨਪੂਰਵਕ ਯੋਜਨਾਬੰਦੀ ਦੀ ਲੋੜ ਹੈ। ਸੋ, ਅਜਿਹੇ ਪ੍ਰਾਜੈਕਟ ਮੁਕੰਮਲ ਕਰਨ ਲਈ ਦੋ ਸਾਲ ਦਾ ਸਮਾਂ ਬਹੁਤ ਥੋੜ੍ਹਾ ਹੈ।

3. ਸਾਧ ਸੰਗਤ ਜੀ, ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਇਲਾਕੇ ਦੇ ਹੋਰ ਗੁਰਦੁਆਰਿਆਂ 'ਤੇ ਵੀ ਝਾਤੀ ਮਾਰੋ ਅਤੇ ਦੇਖੋ ਕਿ ਛੇਤੀ ਛੇਤੀ ਚੋਣ ਕਰਵਾਉਣ ਨਾਲ ਸਾਂਝੇ ਕਾਰਜਾਂ 'ਤੇ ਕੀ ਅਸਰ ਪੈਂਦਾ ਹੈ। ਸਾਡਾ ਗੁਰਦੁਆਰਾ ਸਾਹਿਬ ਹਰ ਪੱਖ ਤੋਂ ਇਨ੍ਹਾਂ ਸਭ ਤੋਂ ਅੱਗੇ ਹੈ। ਸਾਡਾ ਇਹ ਪੱਕਾ ਯਕੀਨ ਹੈ ਕਿ ਸੰਗਤ ਦੀ ਰਾਏ ਹਾਸਲ ਕਰਨ ਲਈ ਚੋਣਾਂ ਹੋਣੀਆਂ ਹੀ ਚਾਹੀਦੀਆਂ ਹਨ, ਪਰ ਇਹ ਚੋਣਾਂ ਇੰਨੀ ਛੇਤੀ ਨਹੀਂ ਹੋਣੀਆਂ ਚਾਹੀਦੀਆਂ। ਸਾਡੀ ਸੰਗਤ ਨੂੰ ਅਪੀਲ ਹੈ ਕਿ ਉਹ ਗੁਰਦੁਆਰਾ ਕਮੇਟੀ ਦਾ ਕਾਰਜ ਕਾਲ ਚਾਰ ਸਾਲ ਤੱਕ ਵਧਾਉਣ ਲਈ ਵੋਟ ਪਾਉਣ ਤਾਂ ਕਿ ਗੁਰਦੁਆਰਾ ਸਾਹਿਬ ਦੀ ਤਰੱਕੀ ਜਾਰੀ ਰਹੇ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਭੁਪਿੰਦਰ ਸਿੰਘ (ਬਾਬ) ਢਿੱਲੋਂ, ਫੋਨ: 408-568-0034*

## ਵਲੋਂ: ਮੌਜੂਦਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸੈਨ ਹੋਜ਼ੇ

# ਇਕ ਹੋਰ ਹਿੰਦੂਤਵੀ ਹਮਲਾ



## ਪੱਤਰਕਾਰ ਗੌਰੀ ਲੰਕੇਸ਼ ਦੀ ਕਲਮ ਦੀ ਤਾਬ ਨਾ ਝੱਲ ਸਕੇ ਕੱਟੜਪੰਥੀ

### ਇਹ ਮੇਰਾ ਭਾਰਤ ਨਹੀਂ: ਏ.ਆਰ. ਰਹਿਮਾਨ



ਸੰਗੀਤ ਦੀ ਦੁਨੀਆਂ ਦੀ ਨਾਮੀ ਹਸਤੀ ਏ.ਆਰ. ਰਹਿਮਾਨ ਨੇ ਪੱਤਰਕਾਰ ਗੌਰੀ ਲੰਕੇਸ਼ ਹੱਤਿਆ ਦੀ ਨਿੰਦਾ ਕਰਦੇ ਹੋਇਆ ਆਖਿਆ ਹੈ ਕਿ ਉਨ੍ਹਾਂ ਨੇ ਕਦੇ ਅਜਿਹੇ ਭਾਰਤ ਦੀ ਕਲਪਨਾ ਨਹੀਂ ਕੀਤੀ ਸੀ। ਇਹ ਉਸ ਦਾ ਭਾਰਤ ਨਹੀਂ ਹੈ। ਉਨ੍ਹਾਂ ਕਿਹਾ, 'ਉਹ ਅਜਿਹੀ ਘਟਨਾ ਤੋਂ ਬਹੁਤ ਨਰਾਸ਼ ਹੈ, ਅਜਿਹਾ ਭਾਰਤ ਵਰਗੇ ਦੇਸ਼ ਵਿਚ ਨਹੀਂ ਹੋਣਾ ਚਾਹੀਦਾ। ਉਹ ਉਮੀਦ ਕਰਦਾ ਹੈ ਕਿ ਭਾਰਤ ਤਰੱਕੀ ਦੇ ਰਾਹ ਤੁਰੇ।'



**ਨਵੀਂ ਦਿੱਲੀ:** ਮਹਿਲਾ ਪੱਤਰਕਾਰ ਗੌਰੀ ਲੰਕੇਸ਼ ਨੂੰ ਹਿੰਦੂਤਵੀ ਫਾਸ਼ੀਵਾਦ ਦੀਆਂ ਮਨੁੱਖਤਾ ਵਿਰੋਧੀ ਸਾਜ਼ਿਸ਼ਾਂ ਵਿਰੁਧ ਤੇ ਦੱਬੇ ਕੁਚਲੇ ਸਮਾਜਿਕ ਹਿੱਸਿਆਂ ਦੇ ਹੱਕ ਵਿਚ ਧੜੱਲੇ ਨਾਲ ਆਵਾਜ਼ ਉਠਾਉਣ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪਈ।

ਕੰਨੜ ਤੇ ਅੰਗਰੇਜ਼ੀ ਭਾਸ਼ਾਵਾਂ ਦੀ ਇਸ ਉਘੀ ਪੱਤਰਕਾਰ ਨੇ ਆਪਣੀਆਂ ਬੇਬਾਕ ਲੇਖਣੀਆਂ ਰਾਹੀਂ ਬਹੁਤ ਸਾਰੇ ਦੁਸ਼ਮਣ ਬਣਾ ਲਏ ਸਨ। ਇਸੇ ਕਾਰਨ ਉਸ ਨੂੰ ਲੰਮੇ ਸਮੇਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਦੀ ਆਵਾਜ਼ ਨੂੰ ਦਬਾਉਣ ਲਈ ਝੂਠੇ ਕੇਸਾਂ ਵਿਚ ਉਲਝਾਇਆ ਗਿਆ ਪਰ ਉਸ ਨੇ ਧਮਕੀਆਂ ਤੇ ਝੂਠੇ ਕੇਸਾਂ ਦੀ ਪ੍ਰਵਾਹ ਨਾ ਕਰਦੇ ਹੋਏ ਵਿਚਾਰਾਂ ਦੀ ਆਜ਼ਾਦੀ ਦੀ ਰਾਖੀ ਕਰਨ ਦੇ ਨਾਲ-ਨਾਲ ਹਿੰਦੂਤਵੀ ਫਾਸ਼ੀਵਾਦੀ ਤੇ ਹਰ ਤਰ੍ਹਾਂ ਦੀਆਂ ਪਿਛਾਖੜੀ ਤਾਕਤਾਂ ਵਿਰੁੱਧ ਦਲੇਰੀ ਨਾਲ ਮੁਹਿੰਮ ਜਾਰੀ ਰੱਖੀ। ਉਸ ਦਾ ਦੱਬੇ ਕੁਚਲੇ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਵਿਚ ਅਹਿਮ ਯੋਗਦਾਨ ਸੀ ਅਤੇ ਉਹ ਕਰਨਾਟਕਾ ਅਤੇ ਮੁਲਕ ਦੇ ਹੋਰ ਹਿੱਸਿਆਂ ਵਿਚ ਘੱਟ ਗਿਣਤੀਆਂ ਲਈ ਆਵਾਜ਼ ਉਠਾਉਣ ਵਿਚ ਹਮੇਸ਼ਾ ਮੂਹਰਲੀਆਂ ਸਫਾਂ ਵਿਚ ਰਹਿੰਦੀ ਸੀ।

ਗੌਰੀ ਲੰਕੇਸ਼ ਕੰਨੜ ਭਾਸ਼ਾ ਦੇ ਮਹਾਨ ਲੇਖਕ ਪੀ. ਲੰਕੇਸ਼ ਦੀ ਧੀ ਸੀ। ਲੰਕੇਸ਼ ਸੁਚੱਜੇ ਨਾਟਕਕਾਰ ਅਤੇ ਬੇਖੌਫ਼ ਪੱਤਰਕਾਰ ਸਨ। ਸਾਲ 2000 ਵਿਚ ਉਨ੍ਹਾਂ ਦੇ ਚਲਾਣੇ ਮਗਰੋਂ ਗੌਰੀ ਨੇ ਦਿੱਲੀ ਵਿਚ ਇਕ ਅੰਗਰੇਜ਼ੀ ਅਖਬਾਰ ਦੀ ਨੌਕਰੀ ਛੱਡ ਕੇ ਬੰਗਲੌਰ ਵਿਚ ਪਿਤਾ ਵੱਲੋਂ 20 ਵਰ੍ਹਿਆਂ ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਹਫਤਾਵਾਰੀ ਅਖਬਾਰ 'ਲੰਕੇਸ਼ ਪਤ੍ਰਿਕੇ' ਦੀ ਸੰਪਾਦਕੀ ਜ਼ਿੰਮੇਵਾਰੀ ਸੰਭਾਲੀ।

'ਲੰਕੇਸ਼ ਪਤ੍ਰਿਕੇ' ਆਪਣੀ ਬੇਖੌਫ਼ ਲੇਖਣੀ ਲਈ ਜਾਣਿਆ ਜਾਂਦਾ ਹੈ। ਇਸੇ ਕਾਰਨ ਗੌਰੀ ਲੰਕੇਸ਼ ਖਿਲਾਫ਼ ਕਰਨਾਟਕ ਦੀਆਂ ਕਈ ਅਦਾਲਤਾਂ ਵਿਚ ਮਾਣਹਾਨੀ ਦੇ ਮੁਕੱਦਮੇ ਚੱਲ ਰਹੇ ਸਨ ਅਤੇ ਦੋ ਵਿਚ ਉਸ ਨੂੰ ਦੋਸ਼ੀ ਵੀ ਠਹਿਰਾਇਆ ਜਾ ਚੁੱਕਾ ਸੀ। ਯਾਦ ਰਹੇ ਕਿ 55 ਸਾਲਾ ਗੌਰੀ ਲੰਕੇਸ਼ ਜਦੋਂ ਘਰ ਪਰਤਣ ਮਗਰੋਂ ਕਾਰ ਵਿਚੋਂ ਉੱਤਰ ਕੇ ਗੇਟ ਖੋਲ੍ਹ ਰਹੀ ਸੀ ਤਾਂ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਉਨ੍ਹਾਂ ਉਤੇ ਗੋਲੀਆਂ ਦੀ ਵਾਛੜ ਕਰ ਦਿੱਤੀ।

### ਸੰਘ ਪਰਿਵਾਰ ਵੱਲ ਉਠੀ ਉਂਗਲ



ਗੌਰੀ ਲੰਕੇਸ਼ ਦੀ ਹੱਤਿਆ ਉਤੇ ਸਿਆਸਤ ਵੀ ਜ਼ੋਰ ਫੜ ਚੁੱਕੀ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਸਮੇਤ ਭਾਜਪਾ ਦੇ ਰਾਜਸੀ ਵਿਰੋਧੀਆਂ ਨੇ ਸ਼ੱਕ ਦੀ ਉਂਗਲੀ ਸੰਘ ਪਰਿਵਾਰ ਨਾਲ ਜੁੜੇ ਸੰਗਠਨਾਂ ਵੱਲ ਉਠਾਈ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ, ਉਨ੍ਹਾਂ ਦੇ ਕਈ ਸਾਥੀ ਮੰਤਰੀਆਂ ਅਤੇ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਹੱਤਿਆ ਲਈ ਕਰਨਾਟਕ ਦੇ ਮੁੱਖ ਮੰਤਰੀ ਪੀ. ਸਿੱਧਾਰਮਈਆ ਪਾਸੋਂ ਜਵਾਬ ਮੰਗਿਆ ਹੈ। ਕਰਨਾਟਕ ਦੇ ਭਾਜਪਾ ਵਿਧਾਇਕ ਤੇ ਸਾਬਕਾ ਮੰਤਰੀ ਡੀ.ਐਨ. ਜੀਵਰਾਜ ਨੇ ਗੌਰੀ ਲੰਕੇਸ਼ ਦੀ ਹੱਤਿਆ 'ਤੇ ਵਿਵਾਦਮਈ ਬਿਆਨ ਦਿੱਤਾ। ਉਨ੍ਹਾਂ ਨੇ ਕਰਨਾਟਕ ਦੇ ਚਿਕਮੰਗਲੂਰੂ ਵਿਚ ਪਾਰਟੀ ਕਾਰਕੁਨਾਂ ਦੀ ਮੀਟਿੰਗ ਕਹਿ ਦਿੱਤਾ ਕਿ ਲੰਕੇਸ਼ ਜੇਕਰ ਆਰ.ਐਸ.ਐਸ. ਖਿਲਾਫ਼ ਨਾ ਲਿਖਦੀ ਤਾਂ ਅੱਜ ਉਹ ਜ਼ਿੰਦਾ ਹੁੰਦੀ। ਇਸ ਦਾ ਅਰਥ ਹੈ ਕਿ ਭਾਜਪਾ ਲੀਡਰ ਮੰਨ ਰਹੇ ਹਨ ਕਿ ਗੌਰੀ ਲੰਕੇਸ਼ ਦੀ ਹੱਤਿਆ ਪਿੱਛੇ ਆਰ.ਐਸ.ਐਸ. ਦਾ ਹੱਥ ਹੈ। ਅਖਬਾਰ 'ਦ ਹਿੰਦੂ' ਮੁਤਾਬਕ ਜੀਵ ਰਾਜ ਨੇ ਮੀਟਿੰਗ ਵਿਚ ਕਿਹਾ ਕਿ ਜਦੋਂ ਤੋਂ ਕਾਂਗਰਸ ਸਰਕਾਰ ਸੱਤਾ ਵਿਚ ਆਈ ਹੈ, ਉਦੋਂ ਤੋਂ 11 ਭਾਜਪਾ ਆਗੂਆਂ ਤੇ ਹਿੰਦੂ ਸੰਗਠਨਾਂ ਦੇ ਮੁਖੀਆਂ ਦੀ ਹੱਤਿਆ ਹੋ ਚੁੱਕੀ ਹੈ। ਤੁਹਾਨੂੰ ਨਹੀਂ ਲੱਗਦਾ ਕਿ ਜੇਕਰ ਇਨ੍ਹਾਂ ਹੱਤਿਆਵਾਂ ਲਈ ਗੌਰੀ ਲੰਕੇਸ਼ ਨੇ ਸਿਧਾਰਮਈਆ ਦੀ ਅਲੋਚਨਾ ਕੀਤੀ ਹੁੰਦੀ ਤਾਂ ਅੱਜ ਉਹ ਜ਼ਿੰਦਾ ਹੁੰਦੀ।

# ਬੁੱਧੀਜੀਵੀਆਂ ਦੇ ਕਤਲ ਬਨਾਮ ਜਾਂਚ ਏਜੰਸੀਆਂ ਦੀ ਨਾਲਾਇਕੀ

**ਮੁੰਬਈ:** ਮੁਢਲੇ ਤੌਰ 'ਤੇ ਇਹੀ ਮੰਨਿਆ ਜਾ ਰਿਹਾ ਹੈ ਕਿ ਗੌਰੀ ਲੰਕੇਸ਼ ਦੇ ਕਤਲ ਪਿੱਛੇ ਉਨ੍ਹਾਂ ਤਾਕਤਾਂ ਦਾ ਹੀ ਹੱਥ ਹੈ ਜਿਨ੍ਹਾਂ ਨੇ ਮਹਾਰਾਸ਼ਟਰ ਵਿਚ ਡਾ. ਨਰੇਂਦਰ ਦਾਭੋਲਕਰ, ਗੋਬਿੰਦ ਪਨਸਰੇ ਤੇ ਕਰਨਾਟਕਾ ਵਿਚ ਡਾ. ਕਲਬੁਰਗੀ ਨੂੰ ਨਿਸ਼ਾਨਾ ਬਣਾਇਆ।

ਗੌਰੀ ਲੰਕੇਸ਼ ਵਾਂਗ ਇਹ ਤਿੰਨੇ ਵੀ ਅਸਹਿਣਸ਼ੀਲਤਾ ਦੇ ਕੱਟੜ ਵਿਰੋਧੀ ਸਨ। ਇਨ੍ਹਾਂ ਦੀ ਮੌਤ ਪਿੱਛੋਂ ਦੇਸ਼ ਭਰ ਵਿਚ ਰੋਹ ਉਠਿਆ ਸੀ, ਪਰ ਪੁਲਿਸ ਅੱਜ ਤੱਕ ਇਨ੍ਹਾਂ ਕਤਲਾਂ ਬਾਰੇ ਕੋਈ ਸੂਹ ਨਹੀਂ ਲਾ ਸਕੀ। ਚਾਰ ਸਾਲਾਂ ਵਿਚ ਇਹ ਇਸ ਤਰ੍ਹਾਂ ਦੀ ਚੌਥੀ ਹੱਤਿਆ ਹੈ। ਸਭ ਤੋਂ ਪਹਿਲਾਂ ਡਾ. ਨਰੇਂਦਰ ਦਾਭੋਲਕਰ ਦੀ ਹੱਤਿਆ 20 ਅਗਸਤ 2013 ਨੂੰ ਪੁਣੇ ਦੀ ਮੁਠਾ ਨਦੀ ਕੰਢੇ ਕਰ ਦਿੱਤੀ ਗਈ। ਫਿਰ ਫਰਵਰੀ 2015 'ਚ ਗੋਵਿੰਦ ਪਨਸਾਰੇ ਤੇ ਇਸੇ ਸਾਲ ਸਤੰਬਰ ਵਿਚ ਕਰਨਾਟਕ ਵਿਚ ਡਾ. ਕਲਬੁਰਗੀ ਦੀ ਹੱਤਿਆ ਕਰ ਦਿੱਤੀ ਗਈ। ਇਨ੍ਹਾਂ ਹੱਤਿਆਵਾਂ ਦੀ ਜਾਂਚ ਇਨ੍ਹੀਂ ਮੱਠੀ ਹੈ ਕਿ ਅਜੇ ਤੱਕ ਪੁੱਛਗਿੱਛ, ਸੀ.ਸੀ.ਟੀ.ਵੀ. ਫੁਟੇਜ਼ ਤੇ ਗੋਲੀਆਂ ਦੀ ਫੁਰੈਂਸਿਕ ਜਾਂਚ ਹੀ ਚੱਲ ਰਹੀ ਹੈ।

ਦਾਭੋਲਕਰ ਤੇ ਪਨਸਾਰੇ ਦੀ ਹੱਤਿਆ ਕਰਨ ਵਾਲੇ ਦੋਵੇਂ ਦੋਸ਼ੀਆਂ ਦੀ ਕੋਈ ਸੂਹ ਜਾਂਚ ਏਜੰਸੀਆਂ ਨੂੰ ਨਹੀਂ ਮਿਲੀ। ਪਨਸਾਰੇ ਮਾਮਲੇ ਵਿਚ ਗ੍ਰਿਫਤਾਰ ਇਕ ਮੁਲਜ਼ਮ ਸਮੀਰ ਗਾਇਕਵਾੜ ਨੂੰ ਚਾਰਜਸ਼ੀਟ ਵਿਚ ਗੜਬੜੀ ਦੇ ਆਧਾਰ 'ਤੇ ਅਦਾਲਤ ਵਿਚੋਂ ਜ਼ਮਾਨਤ ਮਿਲ ਚੁੱਕੀ ਹੈ। ਡਾ. ਦਾਭੋਲਕਰ ਹੱਤਿਆ ਮਾਮਲੇ ਵਿਚ ਗ੍ਰਿਫਤਾਰ ਵਿਰੇਂਦਰ ਤਾਵੜੇ ਖਿਲਾਫ ਅਜੇ ਤੱਕ ਦੋਸ਼ ਤੈਅ ਨਹੀਂ ਹੋ ਸਕੇ। ਪਿਛਲੇ ਇਕ ਸਾਲ ਤੋਂ ਸੀ.ਬੀ.ਆਈ. ਅਦਾਲਤ ਤੋਂ ਵਾਰ-ਵਾਰ ਸਮਾਂ ਮੰਗ ਰਹੀ ਹੈ। ਕਲਬੁਰਗੀ ਮਾਮਲੇ ਵਿਚ ਗ੍ਰਿਫਤਾਰੀ ਤਾਂ ਦੂਰ ਦੀ ਗੱਲ ਅਜੇ ਤੱਕ ਕੋਈ ਸੁਰਾਗ ਹੱਥ ਨਹੀਂ ਲੱਗਾ।

ਹੁਣ ਗੌਰੀ ਦੀ ਹੱਤਿਆ ਨੂੰ ਵੀ ਇਸੇ ਲੜੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਪਰ ਇਨ੍ਹਾਂ ਚਾਰਾਂ ਕੇਸਾਂ ਦੀ ਜਾਂਚ ਕਿਸੇ ਇਕ ਏਜੰਸੀ ਤੋਂ ਕਰਵਾਉਣ ਦੀ ਗੱਲ ਨਹੀਂ ਹੋ ਰਹੀ। ਦਾਭੋਲਕਰ ਤੇ ਪਨਸਾਰੇ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰ ਰਹੀ ਹੈ। ਕਲਬੁਰਗੀ ਮਾਮਲੇ ਦੀ ਜਾਂਚ ਸੀ.ਆਈ.ਡੀ. ਕੋਲ ਹੈ ਤੇ ਗੌਰੀ ਲੰਕੇਸ਼ ਦੀ ਜਾਂਚ ਲਈ ਸਰਕਾਰ ਨੇ 19 ਮੈਂਬਰੀ ਐਸ.ਆਈ.ਟੀ. (ਸਿੱਟ) ਬਣਾ ਦਿੱਤੀ ਹੈ। ਅਜਿਹੇ ਵਿਚ ਸਵਾਲ ਉਠ ਰਿਹਾ ਹੈ ਕਿ ਕੀ ਗੌਰੀ ਲੰਕੇਸ਼ ਹੱਤਿਆ ਮਾਮਲੇ ਦੀ ਜਾਂਚ ਵੀ ਤਿੰਨੇ ਕੇਸਾਂ ਵਾਂਗ ਚੱਲੇਗੀ। ਰਾਜਰਾਜੇਸ਼ਵਰੀ ਨਗਰ ਵਿਚ ਗੌਰੀ ਦੇ ਘਰ ਪੁੱਜੀ ਜਾਂਚ ਟੀਮ ਕੋਲ ਅਜੇ ਤੱਕ ਹੱਤਿਆ ਬਾਰੇ ਕੋਈ ਵੀ ਸੁਰਾਗ ਨਹੀਂ ਸੀ। ਟੀਮ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਸੀ.ਸੀ.ਟੀ.ਵੀ. ਫੁਟੇਜ਼ ਵਿਚ ਵੀ ਕੁਝ ਸਪਸ਼ਟ ਨਜ਼ਰ ਨਹੀਂ ਆ ਰਿਹਾ।

## ਗੋਵਿੰਦ ਪਨਸਾਰੇ, ਨਰਿੰਦਰ ਦਾਭੋਲਕਰ ਤੇ ਐਮ.ਐਮ. ਕਲਬੁਰਗੀ ਹੱਤਿਆ ਦੀ ਜਾਂਚ 'ਤੇ ਝਾਤ

### ਗੋਵਿੰਦ ਪਨਸਾਰੇ




ਇਸ ਕੇਸ ਵਿਚ ਚਾਰ ਮੁਲਜ਼ਮ ਹਨ। ਦੋ ਗ੍ਰਿਫਤਾਰ ਹੋਏ ਹਨ ਤੇ ਦੋ ਫਰਾਰ ਹਨ। ਇਕ ਮੁਲਜ਼ਮ ਸਮੀਰ ਗਾਇਕਵਾਡ ਨੂੰ ਹੱਤਿਆ ਦੇ ਅੱਠ ਮਹੀਨੇ ਬਾਅਦ ਗ੍ਰਿਫਤਾਰ ਕੀਤਾ। ਦੂਜੇ ਮੁਲਜ਼ਮ ਡਾ. ਵਿਰੇਂਦਰ ਤਾਵੜੇ ਨੂੰ ਹੱਤਿਆ ਦੇ ਇਕ ਸਾਲ ਚਾਰ ਮਹੀਨੇ ਬਾਅਦ ਜੂਨ 2017 ਨੂੰ ਗ੍ਰਿਫਤਾਰ ਕੀਤਾ ਗਿਆ। ਦੋ ਮੁਲਜ਼ਮ-ਸਾਰੰਗ ਤੇ ਵਿਨੈ ਪਵਾਰ ਫਰਾਰ ਹਨ। ਸ਼ੁਰੂ ਵਿਚ ਪਨਸਾਰੇ ਹੱਤਿਆ ਮਾਮਲੇ ਦੀ ਜਾਂਚ ਕੋਹਲਾਪੁਰ ਏ.ਟੀ.ਐਸ. ਕਰ ਰਹੀ ਸੀ। ਜੂਨ 2016 ਵਿਚ ਇਹ ਮਾਮਲੇ ਸੀ.ਬੀ.ਆਈ. ਨੂੰ ਸੌਂਪਿਆ ਗਿਆ। ਮਾਮਲੇ ਵਿਚ ਪੁਲਿਸ ਨੇ ਅਦਾਲਤ ਵਿਚ ਪਹਿਲਾਂ ਝੂਠ ਬੋਲਿਆ ਸੀ ਕਿ ਗੋਲੀਆਂ ਫਾਰੈਂਸਿਕ ਜਾਂਚ ਲਈ ਸਕਾਟਲੈਂਡ ਭੇਜੀਆਂ ਗਈਆਂ ਹਨ ਪਰ ਅੱਠ ਮਹੀਨੇ ਬਾਅਦ ਕਿਹਾ ਗਿਆ ਕਿ ਸਕਾਟਲੈਂਡ ਭੇਜਣ ਦੀ ਆਗਿਆ ਨਹੀਂ ਮਿਲੀ। ਇਸ ਲਈ ਗੁਜਰਾਤ ਤੇ ਮੁੰਬਈ ਦੀ ਲੈਬ ਵਿਚ ਭੇਜੀਆਂ ਹਨ। ਹਾਲਾਂਕਿ ਗੁਜਰਾਤ ਤੇ ਮੁੰਬਈ ਲੈਬ ਦੀ ਰਿਪੋਰਟ ਵੀ ਵੱਖ-ਵੱਖ ਹੈ। ਗੁਜਰਾਤ ਲੈਬ ਦੀ ਰਿਪੋਰਟ ਕਹਿੰਦੀ ਹੈ ਕਿ ਇਕ ਹੀ ਪਸਤੌਲ ਨਾਲ ਫਾਇਰ ਕੀਤੇ ਗਏ।

### ਨਰਿੰਦਰ ਦਾਭੋਲਕਰ



ਹੱਤਿਆ ਤੋਂ ਦੋ ਦਿਨ ਬਾਅਦ ਪ੍ਰਤੱਖਦਰਸ਼ੀ ਗਵਾਹ ਮਿਲਿਆ। ਪੁਲਿਸ ਨੇ ਦੋਵਾਂ ਹਤਿਆਰਿਆਂ ਦੇ ਸਕੈਚ ਬਣਾਏ ਪਰ ਕੁਝ ਫਾਇਦਾ ਨਾ ਹੋਇਆ। 20 ਜਨਵਰੀ 2014 ਨੂੰ ਕੋਹਲਾਪੁਰ ਦੇ 24 ਸਾਲਾ ਮਨੀਸ਼ ਨਾਗੋਰੀ ਅਤੇ ਵਿਕਾਸ ਖੰਡੇਲਵਾਲ ਨੂੰ ਗ੍ਰਿਫਤਾਰ ਕੀਤਾ ਗਿਆ। ਦੋਵਾਂ ਉਤੇ ਹੱਤਿਆ ਲਈ ਪਸਤੌਲ ਦੇਣ ਦਾ ਦੋਸ਼ ਲਾਇਆ ਪਰ ਨਾਗੋਰੀ ਨੇ ਪੁਲਿਸ 'ਤੇ ਹੀ ਦੋਸ਼ ਲਾ ਦਿੱਤੀ ਕਿ ਦਾਭੋਲਕਰ ਹੱਤਿਆ ਦਾ ਦੋਸ਼ ਕਬੂਲਣ ਲਈ ਏ.ਟੀ.ਐਸ. ਮੁਖੀ ਰਾਕੇਸ਼ ਮਾਰੀਆ ਨੇ 25 ਲੱਖ ਰੁਪਏ ਦਾ ਲਾਲਚ ਦਿੱਤਾ। ਦਾਭੋਲਕਰ ਦੀ ਹੱਤਿਆ ਵਾਲੇ ਦਿਨ ਉਸ ਨੂੰ ਮੁੰਬੜਾ ਤੋਂ ਪੁਲਿਸ ਨੇ ਗ੍ਰਿਫਤਾਰ ਕੀਤਾ ਪਰ ਰਿਕਾਰਡ ਵਿਚ ਪੰਜ ਮਹੀਨੇ ਬਾਅਦ ਦੀ ਗ੍ਰਿਫਤਾਰੀ ਵਿਖਾਈ। ਪੁਲਿਸ ਕੇਸ ਵਿਚ ਫਸਾਉਣ ਲਈ ਸਾਜ਼ਿਸ਼ ਰਚ ਰਹੀ ਹੈ। 9 ਮਈ 2014 ਨੂੰ ਬੰਬੇ ਹਾਈ ਕੋਰਟ ਨੇ ਜਾਂਚ ਸੀ.ਬੀ.ਆਈ. ਨੂੰ ਸੌਂਪ ਦਿੱਤੀ।

### ਐਮ.ਐਮ. ਕਲਬੁਰਗੀ



ਕਲਬੁਰਗੀ ਹੱਤਿਆ ਜਾਂਚ ਦਾ ਜਿੰਮਾ ਕਰਨਾਟਕ ਸੀ.ਆਈ.ਡੀ. ਦੇ ਐਸ.ਪੀ. ਦੇ ਹੱਥਾਂ ਵਿਚ ਹੈ। ਹੁਣ ਤੱਕ ਇਹ ਅਧਿਕਾਰੀ ਤਿੰਨ ਵਾਰ ਬਦਲ ਚੁੱਕਾ ਹੈ। ਜਦੋਂ ਸੀ.ਆਈ.ਡੀ. ਨੇ ਕੇਸ ਹੱਥਾਂ ਵਿਚ ਲਿਆ ਸੀ ਤਾਂ ਜਾਂਚ ਅਧਿਕਾਰੀ ਐਸ.ਪੀ. ਡੀ.ਸੀ ਰਾਜੱਪਾ ਸੀ। ਹਾਲਾਂਕਿ 2016 ਦੀ ਸ਼ੁਰੂਆਤ ਵਿਚ ਉਸ ਦਾ ਤਬਾਦਲਾ ਕਰ ਦਿੱਤਾ ਗਿਆ ਤੇ ਜਾਂਚ ਐਸ.ਪੀ. ਭੂਸ਼ਣ ਗੁਲਾਬਰਾਵ ਬੋਰਸੇ ਨੂੰ ਦਿੱਤੀ ਗਈ। ਜਾਂਚ ਵਿਚ ਤੇਜ਼ੀ ਵੀ ਆਈ ਪਰ ਮਈ 2016 ਵਿਚ ਉਸ ਦਾ ਵੀ ਤਬਾਦਲਾ ਕਰ ਦਿੱਤਾ ਗਿਆ। ਉਸ ਦੀ ਥਾਂ ਈਡਾ ਮਾਰਟੀਨ ਮਾਰਬਾਨਿਆਂਗ ਨੇ ਐਸ.ਪੀ. ਦਾ ਅਹੁਦਾ ਸੰਭਾਲਿਆ ਅਤੇ ਜਾਂਚ ਹੱਥ ਵਿਚ ਲਈ। ਦੋ ਸਾਲ ਵਿਚ ਸੀ.ਆਈ.ਡੀ. 250 ਤੋਂ ਵੱਧ ਲੋਕਾਂ ਤੋਂ ਪੁੱਛਗਿੱਛ ਕਰ ਚੁੱਕੀ ਹੈ। ਇਸ ਵਿਚ ਪਨਸਾਰੇ ਹੱਤਿਆ ਕਾਂਡ ਵਿਚ ਫੜਿਆ ਗਿਆ ਸਨਾਤਨ ਸੰਸਥਾ ਦਾ ਮੈਂਬਰ ਸਮੀਰ ਅਤੇ ਦਾਭੋਲਕਰ ਹੱਤਿਆ ਕਾਂਡ ਵਿਚ ਤਾਵੜੇ ਵੀ ਸ਼ਾਮਲ ਹੈ ਹਾਲਾਂਕਿ ਇਨ੍ਹਾਂ ਦੋਵਾਂ ਵਿਚੋਂ ਕਿਸੇ ਨੂੰ ਵੀ ਸੀ.ਆਈ.ਡੀ. ਨੇ ਹਿਰਾਸਤ ਵਿਚ ਨਹੀਂ ਲਿਆ।

# ਗੁਰਮੀਤ ਰਾਮ ਰਹੀਮ ਨੇ ਡੇਰੇ ਨੂੰ ਬਣਾਇਆ ਸੀ ਅੱਯਾਸ਼ੀ ਦਾ ਅੱਡਾ

## ਜਾਂਚ ਟੀਮ ਵੱਲੋਂ ਡੇਰੇ ਦੀ ਤਲਾਸ਼ੀ ਵਿਚ ਅਹਿਮ ਖੁਲਾਸੇ





**ਸਿਰਸਾ:** ਡੇਰਾ ਸਿਰਸਾ ਦੀ ਤਲਾਸ਼ੀ ਮੁਹਿੰਮ ਪੂਰੀ ਹੋ ਗਈ ਹੈ। ਇਸ ਬਾਰੇ ਅਦਾਲਤ ਵੱਲੋਂ ਸੇਵਾ ਮੁਕਤ ਜੱਜ ਏ.ਕੇ.ਐਸ. ਪਵਾਰ ਦੀ ਅਗਵਾਈ ਵਾਲੇ ਕਮਿਸ਼ਨ ਨੇ ਆਪਣਾ ਕੰਮ ਖਤਮ ਕਰ ਕੇ ਇਕ ਰਿਪੋਰਟ ਤਿਆਰ ਕਰਨੀ ਹੈ। ਇਸ ਤਲਾਸ਼ੀ ਵਿਚ ਡੇਰਾ ਮੁਖੀ ਦੀਆਂ ਰੰਗਰਲੀਆਂ ਬਾਰੇ ਕਈ ਖੁਲਾਸੇ ਹੋਏ। ਜ਼ਬਤ ਹੋਏ ਸਮਾਨ ਤੋਂ ਇਹ ਪਤਾ ਲੱਗਦਾ ਹੈ ਕਿ ਬਾਬਾ ਸ਼ਾਹੀ ਜ਼ਿੰਦਗੀ ਜਿਉਂਦਾ ਰਿਹਾ ਹੈ। ਅਲਮਾਰੀਆਂ ਵਿਚੋਂ 3000 ਜੋੜੇ ਡਿਜ਼ਾਈਨਰ ਕੱਪੜੇ ਮਿਲੇ ਹਨ।

ਜੇਕਰ ਕੋਈ ਹਰ ਰੋਜ਼ ਜੁੱਤੀ ਪਾਵੇ ਤਾਂ ਤਕਰੀਬਨ 4 ਸਾਲ ਬਾਅਦ ਦੂਜੀ ਵਾਰ ਪਾਉਣ ਦਾ ਮੌਕਾ ਮਿਲੇਗਾ। ਅੰਦਾਜ਼ਾ ਹੈ ਕਿ ਬਾਬੇ ਦੇ ਤਨ ਪਾਉਣ ਵਾਲੇ ਕੱਪੜਿਆਂ ਦੀ ਕੀਮਤ 50 ਕਰੋੜ ਤੋਂ ਵੱਧ ਹੈ। ਇਹ ਉਹੀ ਪੈਸਾ ਹੈ ਜੋ ਰਾਮ ਰਹੀਮ ਦੇ ਪ੍ਰੇਮੀ ਉਸ ਨੂੰ ਸਮਾਜ ਸੁਧਾਰਨ ਲਈ ਦਿੰਦੇ ਸਨ। ਉਂਜ ਸਮੇਂ-ਸਮੇਂ 'ਤੇ ਹਰਿਆਣਾ ਸਰਕਾਰ ਨੇ ਵੀ ਬਾਬੇ ਨੂੰ ਵਿੱਤੀ ਤੋਹਫੇ ਦਿੱਤੇ ਹਨ। ਗੁਫਾ ਵਿਚ ਕਿਸੇ 5 ਤਾਰਾ ਹੋਟਲ ਨਾਲੋਂ ਵੀ ਮਹਿੰਗਾ ਬੈੱਡ ਲੱਗਿਆ ਹੋਇਆ ਹੈ। ਇਥੇ ਐਸ਼ ਆਰਾਮ ਦਾ ਸਾਰਾ ਸਾਮਾਨ ਮੌਜੂਦ ਹੈ। ਡੇਰੇ ਵਿਚੋਂ ਨਗਦੀ, ਕੰਪਿਊਟਰ, ਹਾਰਡ ਡਿਸਕ ਤੋਂ ਇਲਾਵਾ ਬਿਨਾਂ ਮਾਅਰਕੇ ਵਾਲੀਆਂ ਦਵਾਈਆਂ ਵੀ ਮਿਲੀਆਂ ਹਨ। ਇਸ ਤੋਂ ਇਲਾਵਾ ਤਲਾਸ਼ੀ ਮੁਹਿੰਮ ਦੇ ਪਹਿਲੇ ਹੀ ਦਿਨ ਪੁਲਿਸ ਨੇ 5 ਨਾਬਾਲਗਾਂ ਨੂੰ ਗੁਫਾ ਵਿਚੋਂ ਛੁਡਵਾਇਆ ਸੀ।

ਡੇਰਾ ਸਿਰਸਾ ਦੀ ਜਾਂਚ ਟੀਮ ਨੂੰ ਡੇਰਾ ਸਿਰਸਾ 'ਚ 4 ਆਰੇ ਵੀ ਮਿਲੇ ਹਨ, ਜਿਨ੍ਹਾਂ ਵਿਚੋਂ 2 ਆਰੇ ਬਿਨਾਂ ਲਾਈਸੈਂਸ ਚੱਲ ਰਹੇ ਸਨ। ਇਸ ਤੋਂ ਇਲਾਵਾ ਡੇਰੇ ਵਿਚੋਂ ਅੱਧੀ ਟਰਾਲੀ ਦੇ ਕਰੀਬ ਡਾਂਗਾਂ ਅਤੇ ਡੰਡੇ ਵੀ ਮਿਲੇ ਹਨ। ਜਾਂਚ ਟੀਮ ਨੇ ਗੁਫਾ ਵਿਚੋਂ ਇਕ ਏ-47 ਦੇ ਮੈਗਜ਼ੀਨ ਦਾ ਕਵਰ ਬਰਾਮਦ ਕੀਤਾ ਹੈ। ਇਹ ਦੱਸਿਆ ਜਾ ਰਿਹਾ ਹੈ ਕਿ ਇਹ ਵਿਸਫੋਟਕ ਦੀਵਾਲੀ 'ਤੇ ਚਲਾਉਣ ਵਾਲੇ ਪਟਾਕਿਆਂ ਵਾਂਗ ਸੀ ਪਰ ਇਹ ਪਟਾਕੇ ਬਿਨਾਂ ਲਾਇਸੈਂਸ ਦੇ ਤਿਆਰ ਕੀਤੇ ਜਾਂਦੇ ਸਨ।


ਗੁਰਮੀਤ ਰਾਮ ਰਹੀਮ ਨੂੰ ਮਹਿੰਗੀਆਂ ਕਾਰਾਂ ਦਾ ਸ਼ੌਕ ਕਾਫੀ ਸਮੇਂ ਤੋਂ ਹੈ। ਜਦੋਂ ਤੋਂ ਉਸ ਨੇ ਗਲੈਮਰ ਦੀ ਦੁਨੀਆਂ ਵਿਚ ਪੈਰ ਧਰਿਆ ਸੀ, ਉਸ ਨੇ ਹਰ ਪਲ ਕੁਝ ਵੱਖਰਾ ਕਰਨ ਬਾਰੇ ਹੀ ਸੋਚਿਆ ਸੀ। ਇਸੇ ਲਈ ਜੇਲ੍ਹ ਜਾਣ ਤੋਂ ਪਹਿਲਾਂ ਉਸ ਨੇ ਆਪਣੀ ਆਖਰੀ ਫਿਲਮ ਦੀ ਪ੍ਰਮੋਸ਼ਨ ਲਈ ਵਿਸ਼ੇਸ਼ ਰੂਪ ਵਿਚ ਤਿਆਰ ਕੀਤੇ ਟਰੈਕਟਰ ਦੀ ਸਵਾਰੀ ਵੀ ਕੀਤੀ। ਫਿਲਮੀ ਦੁਨੀਆਂ ਵਿਚ ਰਾਮ ਰਹੀਮ ਨੇ ਕਾਫੀ ਸਰਗਰਮੀ ਵਧਾਈ ਹੋਈ ਸੀ।

### ਸਿੱਖ ਵੀ ਬਾਬੇ ਖਿਲਾਫ ਹਾਈ ਕੋਰਟ ਪੁੱਜੇ

**ਚੰਡੀਗੜ੍ਹ:** ਬਲਾਤਕਾਰੀ ਬਾਬੇ ਗੁਰਮੀਤ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਉਣ ਦਾ ਕੇਸ ਹਾਈ ਕੋਰਟ ਪੁੱਜ ਗਿਆ ਹੈ। ਹਾਈ ਕੋਰਟ ਨੇ ਇਸ ਕੇਸ ਦੀ ਸੁਣਵਾਈ ਵੀ ਸ਼ੁਰੂ ਕਰ ਦਿੱਤੀ ਹੈ। ਇਸ ਕੇਸ ਨੂੰ ਸਭ ਤੋਂ ਪਹਿਲਾਂ ਉਠਾਉਣ ਵਾਲੇ ਰਜਿੰਦਰ ਸਿੰਘ ਸਿੱਧੂ ਨੇ ਹੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਦੱਸਣਯੋਗ ਹੈ 2007 'ਚ ਬਲਾਤਕਾਰੀ ਬਾਬੇ ਗੁਰਮੀਤ ਰਾਮ ਰਹੀਮ ਨੇ ਸਲਾਬਤਪੁਰਾ 'ਚ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾ ਕੇ ਉਨ੍ਹਾਂ ਦੀ ਰੀਸ ਕੀਤੀ ਸੀ। ਇਸ ਤੋਂ ਬਾਅਦ ਰਜਿੰਦਰ ਸਿੰਘ ਸਿੱਧੂ ਦੀ ਸ਼ਿਕਾਇਤ 'ਤੇ ਹੀ ਬਾਬੇ ਖ਼ਿਲਾਫ ਮਾਮਲਾ ਦਰਜ ਹੋਇਆ। ਬਾਅਦ 'ਚ ਪੰਜਾਬ ਪੁਲਿਸ ਨੇ ਇਸ ਮਾਮਲੇ ਨੂੰ ਰਫਾ-ਦਫਾ ਕਰਵਾ ਦਿੱਤਾ ਸੀ।

### ਸਾਧਵੀਆਂ ਦੇ ਨਿਵਾਸ ਤੱਕ ਜਾਂਦੀ ਸੀ ਬਾਬੇ ਦੀ ਗੁਫਾ

**ਸਿਰਸਾ:** ਹਰਿਆਣਾ ਦੇ ਸਿਰਸਾ ਵਿਚ ਰਾਮ ਰਹੀਮ ਦੇ ਕੈਂਪ ਤੋਂ ਪੁਲਿਸ ਨੂੰ ਦੋ ਗੁਫਾਵਾਂ ਮਿਲੀਆਂ। ਇਨ੍ਹਾਂ ਗੁਫਾਵਾਂ ਵਿਚ ਬਣੇ ਸੁਰੰਗ ਦੇ ਰਸਤੇ ਰਾਮ ਰਹੀਮ ਦੇ ਕਮਰੇ ਤੇ ਸਾਧਵੀਆਂ ਦੇ ਨਿਵਾਸ ਨਾਲ ਜੁੜੇ ਹੋਏ ਸਨ। ਜਾਂਚ ਟੀਮ ਨੇ ਅਚਾਨਕ ਇਕ ਦਰਵਾਜ਼ਾ ਖੋਲ੍ਹਿਆ ਤੇ ਸਾਹਮਣੇ ਇਕ ਸੁਰੰਗ ਦੇਖੀ। ਇਹ ਸੁਰੰਗ ਬਾਬਾ ਦੇ ਕਮਰੇ ਤੋਂ ਸ਼ੁਰੂ ਹੋ ਕੇ ਸਾਧਵੀਆਂ ਦਾ ਕਮਰਾ ਗੁਫਾ ਦੇ ਆਖ਼ਰੀ 'ਚ ਲੁਕਾ ਰੱਖਿਆ ਸੀ। ਸਵਾਲ ਇਹ ਹੈ, ਰਾਮ ਰਹੀਮ ਦੇ ਕਮਰੇ ਵਿਚ ਇਹ ਗੁਪਤ ਗੁਫਾ ਕਿਉਂ ਬਣੀ? ਸਾਧਵੀਆਂ ਦੇ ਕਮਰੇ ਵਿਚ ਗੁਫਾ ਕਿਉਂ ਖਤਮ ਹੋਈ? ਕੀ ਸਾਧੀਆਂ ਨੂੰ ਇਸ ਗੁਫਾ ਵਿਚੋਂ ਰਾਮ ਰਹੀਮ ਦੇ ਕਮਰੇ ਵਿਚ ਲਿਆਇਆ ਜਾਂਦਾ ਸੀ।




### ਹਿੱਕ ਦੇ ਜ਼ੋਰ ਨਾਲ ਜ਼ਮੀਨ ਖਰੀਦਦਾ ਸੀ ਡੇਰਾ

**ਸਿਰਸਾ:** ਗੁਰਮੀਤ ਰਾਮ ਰਹੀਮ ਦੇ ਜੇਲ੍ਹ ਜਾਣ ਮਗਰੋਂ ਡੇਰੇ ਦੇ ਨਵੇਂ ਤੋਂ ਨਵੇਂ ਕਾਰਨਾਮਿਆਂ ਦੇ ਖੁਲਾਸੇ ਹੋ ਰਹੇ ਹਨ। ਡੇਰੇ 'ਤੇ ਦੋਸ਼ ਲੱਗ ਰਹੇ ਹਨ ਕਿ ਉਸ ਨੇ ਪਿੰਡ ਵਾਸੀਆਂ ਨੂੰ ਖੇਤੀ ਵਾਲੀ ਜ਼ਮੀਨ ਕੌਡੀਆਂ ਦੇ ਭਾਅ ਜਬਰੀ ਵੇਚਣ ਲਈ ਮਜਬੂਰ ਕੀਤਾ। ਸਿਰਸਾ ਡੇਰੇ ਦੇ ਦੋ ਪਾਸਿਆਂ 'ਤੇ ਪੈਂਦੇ ਬੇਗੂ ਅਤੇ ਨੇਜੀਆ ਪਿੰਡਾਂ ਦੇ ਵਸਨੀਕਾਂ ਨੇ ਦੋਸ਼ ਲਾਇਆ ਕਿ ਬਾਜ਼ਾਰੀ ਮੁੱਲ ਤੋਂ ਕਿਤੇ ਘੱਟ ਉਨ੍ਹਾਂ ਤੋਂ ਧੱਕੇ ਨਾਲ ਜ਼ਮੀਨ ਖਰੀਦੀ ਗਈ ਸੀ। ਇਕ ਮੋਟੇ ਅੰਦਾਜ਼ੇ ਮੁਤਾਬਕ ਡੇਰੇ ਕੋਲ ਸਿਰਸਾ 'ਚ ਕਰੀਬ 975 ਏਕੜ ਜ਼ਮੀਨ ਹੈ ਜੋ ਮਾਲੀਆ ਰਿਕਾਰਡ ਮੁਤਾਬਕ ਬੇਗੂ ਅਤੇ ਨੇਜੀਆ ਪਿੰਡਾਂ ਦੇ ਨਾਂ ਬੋਲਦੀ ਹੈ। ਇਸ ਜ਼ਮੀਨ ਦਾ ਅੰਦਾਜ਼ਨ ਮੁੱਲ 1500 ਕਰੋੜ ਰੁਪਏ ਬਣਦਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ 1995 ਤੋਂ 2000 ਦੌਰਾਨ 50 ਤੋਂ ਵਧ ਕਿਸਾਨਾਂ ਨੇ ਆਪਣੀ ਖੇਤੀ ਵਾਲੀ ਜ਼ਮੀਨ ਡੇਰੇ ਵੱਲੋਂ ਅਪਣਾਏ ਹੱਥਕੰਡਿਆਂ ਕਾਰਨ ਉਨ੍ਹਾਂ ਦੇ ਨਾਮ ਕਰ ਦਿੱਤੀ ਸੀ।

# ਡੇਰਾ ਮੁਖੀ ਨੂੰ ਮੁਆਫੀ ਦਾ ਫੈਸਲਾ ਵਾਪਸ ਲੈਣਾ ਹੀ ਭੁੱਲ ਗਈ ਸ਼੍ਰੋਮਣੀ ਕਮੇਟੀ

## ਜਨਰਲ ਹਾਊਸ ਵੱਲੋਂ ਫੈਸਲੇ ਦੀ ਪ੍ਰੋੜਤਾ ਨੂੰ ਅਜੇ ਵੀ ਦਰੁਸਤ ਨਾ ਕੀਤਾ

**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਿਨਾਂ ਮੰਗਿਆਂ ਹੀ ਮੁਆਫੀ ਦੇਣ ਦਾ ਫੈਸਲਾ ਸੰਗਤ ਦੇ ਦਬਾਅ ਕਾਰਨ ਸ੍ਰੀ ਅਕਾਲ ਤਖਤ ਵੱਲੋਂ ਭਾਵੇਂ ਵਾਪਸ ਲੈ ਲਿਆ ਗਿਆ ਸੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ ਇਸ ਫੈਸਲੇ ਦੀ ਕੀਤੀ ਪ੍ਰੋੜਤਾ ਨੂੰ ਹੁਣ ਤੱਕ ਕਮੇਟੀ ਨੇ ਦਰੁਸਤ ਨਹੀਂ ਕੀਤਾ ਹੈ।

ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ 24 ਸਤੰਬਰ 2015 ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਸਬੰਧੀ 29 ਸਤੰਬਰ 2015 ਨੂੰ ਸ਼੍ਰੋਮਣੀ ਕਮੇਟੀ ਦਾ ਜਨਰਲ ਹਾਊਸ ਸੱਦ ਕੇ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ ਗਈ ਸੀ ਅਤੇ ਦੇਸ਼ ਵਿਦੇਸ਼ ਦੀ ਸਿੱਖ ਸੰਗਤ ਨੂੰ ਸ੍ਰੀ ਅਕਾਲ ਤਖਤ ਦੇ ਫੈਸਲੇ ਦਾ ਸਨਮਾਨ ਕਰਨ ਦੀ ਅਪੀਲ ਕੀਤੀ ਗਈ ਸੀ। ਕਾਹਲੀ ਵਿਚ ਸੱਦੇ ਇਸ ਜਨਰਲ ਇਜਲਾਸ ਵਿਚ 50-55 ਮੈਂਬਰ ਹੀ ਹਾਜ਼ਰ ਹੋਏ ਸਨ ਅਤੇ ਕੁਝ ਮੈਂਬਰਾਂ ਦੀ ਫੋਨ 'ਤੇ ਰਜ਼ਾਮੰਦੀ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਲਗਭਗ 75 ਮੈਂਬਰਾਂ ਦੀ ਸਹਿਮਤੀ ਦਾ ਦਾਅਵਾ ਕੀਤਾ ਗਿਆ ਸੀ।



ਇਸੇ ਫੈਸਲੇ ਦੇ ਆਧਾਰ 'ਤੇ ਅਕਾਲ ਤਖਤ ਵੱਲੋਂ ਕੀਤੇ ਗਏ ਫੈਸਲੇ ਦੇ ਹੱਕ ਵਿਚ ਲਗਭਗ 90 ਲੱਖ ਰੁਪਏ ਤੋਂ ਵਧੇਰੇ ਰਕਮ ਦੇ ਅਖਬਾਰਾਂ ਵਿਚ ਇਸ਼ਤਿਹਾਰ ਵੀ ਦਿੱਤੇ ਗਏ ਸਨ, ਜਿਸ ਵਿਚ ਡੇਰਾ ਮੁਖੀ ਦੀ ਮੁਆਫੀ ਨੂੰ ਜਾਇਜ਼ ਠਹਿਰਾਇਆ ਗਿਆ ਸੀ। ਸਿੱਖ ਸੰਗਤ ਦੇ ਵਿਰੋਧ ਕਾਰਨ ਲਗਭਗ 23 ਦਿਨਾਂ ਬਾਅਦ ਹੀ 16 ਅਕਤੂਬਰ 2015 ਨੂੰ ਅਕਾਲ ਤਖਤ ਵੱਲੋਂ ਕੀਤੇ ਗਏ ਆਪਣੇ ਫੈਸਲੇ ਨੂੰ ਵਾਪਸ ਲੈ ਲਿਆ ਗਿਆ ਸੀ ਪਰ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਅਕਾਲ ਤਖਤ ਦੇ ਫੈਸਲੇ ਦੀ ਪ੍ਰੋੜ੍ਹਤਾ ਵਾਲਾ ਮਤਾ ਹੁਣ ਵੀ ਰਿਕਾਰਡ ਵਿਚ ਬਰਕਰਾਰ ਹੈ, ਜਿਸ ਵਿਚ ਕੋਈ ਦਰੁਸਤੀ ਨਹੀਂ ਕੀਤੀ ਗਈ ਹੈ।

ਹੁਣ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਸਾਧਵੀ ਜਬਰ ਜਨਾਹ ਮਾਮਲੇ ਵਿਚ 20 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਤਾਂ ਸਿੱਖ ਜਥੇਬੰਦੀਆਂ ਨੇ ਇਹ ਮੰਗ ਸ਼ੁਰੂ ਕਰ ਦਿੱਤੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਕੀਤੇ ਫੈਸਲੇ ਨੂੰ ਵਾਪਸ ਲਵੇ। ਸ਼੍ਰੋਮਣੀ ਕਮੇਟੀ ਦੇ ਮੈਂਬਰ ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੂੰ ਇਕ ਪੱਤਰ ਭੇਜ ਕੇ ਸਵਾਲ ਕੀਤਾ ਗਿਆ ਹੈ ਕਿ ਉਹ 29 ਸਤੰਬਰ 2015 ਨੂੰ ਪਾਸ ਕੀਤੇ ਮਤੇ ਬਾਰੇ ਕੀ ਕਰ ਰਹੇ ਹਨ। ਦਲ ਖਾਲਸਾ ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੀ ਗਈ ਗਲਤੀ ਦੀ ਸ਼੍ਰੋਮਣੀ ਕਮੇਟੀ ਵੱਲੋਂ ਪ੍ਰੋੜ੍ਹਤਾ ਕਰਨਾ ਹੋਰ ਵੀ ਵੱਡੀ ਬੱਜਰ ਗਲਤੀ ਸੀ। ਉਧਰ, ਫਾਰਗ ਕੀਤੇ ਪੰਜ ਪਿਆਰਿਆਂ ਨੇ ਮਤੇ ਨੂੰ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ 'ਤੇ ਮਤੇ ਨੂੰ ਵਾਪਸ ਲੈਣ ਲਈ ਦਬਾਅ ਬਣਾਉਣ।

### ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਵਿਚਾਰਾਂਗੇ ਮਾਮਲਾ: ਬਡੂੰਗਰ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਰਾਮ ਰਹੀਮ ਦਾ ਮਾਮਲਾ ਅੰਤ੍ਰਿੰਗ ਕਮੇਟੀ ਦੀ ਆਗਾਮੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਤੇ ਵਿਚਾਰਨ ਮਗਰੋਂ ਇਸ ਨੂੰ ਜਨਰਲ ਹਾਊਸ ਵਿਚ ਪੇਸ਼ ਕੀਤਾ ਜਾਵੇਗਾ। ਬਡੂੰਗਰ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਜਾਂ ਪ੍ਰਧਾਨ ਇਸ ਮਤੇ ਨੂੰ ਰੱਦ ਨਹੀਂ ਕਰ ਸਕਦੇ, ਇਸ ਕਰ ਕੇ ਨਵੰਬਰ ਵਿਚ ਜਨਰਲ ਹਾਊਸ ਦੌਰਾਨ ਇਸ ਮਾਮਲੇ ਦੀ ਅਗਲੀ ਰੂਪ-ਰੇਖਾ ਉਲੀਕੀ ਜਾਵੇਗੀ।

### ਹਾਈ ਕੋਰਟ ਨੇ ਭਨਿਆਰਾ ਵਾਲੇ ਦੀ ਪੁਸਤਕ ਉਤੇ ਮੰਗਿਆ ਜਵਾਬ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਆਰਾ ਸਿੰਘ ਭਨਿਆਰਾ ਵਾਲੇ ਵੱਲੋਂ ਲਿਖੀ 'ਅੰਮ੍ਰਿਤ ਬਾਣੀ ਭਵ ਸਾਗਰ ਗ੍ਰੰਥ' ਨਾਮੀ ਪੁਸਤਕ ਦੀ ਸਮੀਖਿਆ ਹਾਈ ਕੋਰਟ ਦੇ ਕਿਸੇ ਸੇਵਾ ਮੁਕਤ ਜੱਜ ਕੋਲੋਂ ਕਰਵਾਉਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਜਵਾਬ ਮੰਗਿਆ ਹੈ।

ਇਸ ਮਾਮਲੇ ਵਿਚ ਭਨਿਆਰਾ ਵਾਲੇ ਤੇ ਸਰਕਾਰ ਨੇ ਜਵਾਬ ਦਾਖਲ ਕਰ ਦਿੱਤਾ ਸੀ ਤੇ ਸ਼੍ਰੋਮਣੀ ਕਮੇਟੀ ਨੇ ਜਵਾਬ ਲਈ ਸਮਾਂ ਮੰਗਿਆ ਹੈ। ਹਾਈ ਕੋਰਟ ਨੇ ਸਮਾਂ ਦਿੰਦਿਆਂ ਜਵਾਬ ਦਾਖਲ ਕਰਨ ਦੀ ਹਦਾਇਤ ਕੀਤੀ ਹੈ। ਸਰਕਾਰ ਨੇ ਇਸ ਪੁਸਤਕ 'ਤੇ ਪਾਬੰਦੀ ਲਾ ਦਿੱਤੀ ਸੀ, ਜਿਸ ਵਿਰੁੱਧ ਭਨਿਆਰਾ ਵਾਲੇ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਸੀ ਤੇ ਹਾਈ ਕੋਰਟ ਨੇ ਵਿਦਵਾਨਾਂ ਦੀ ਕਮੇਟੀ ਗਠਤ ਕਰਨ ਲਈ ਸਰਕਾਰ ਤੇ ਭਨਿਆਰਾਂ ਵਾਲੇ ਕੋਲੋਂ ਨਾਂ ਮੰਗੇ ਸਨ। ਇਹ ਕਮੇਟੀ ਦੋ ਵਾਰ ਗਠਤ ਹੋ ਚੁੱਕੀ ਹੈ ਤੇ ਹੁਣ ਸੇਵਾ ਮੁਕਤ ਜੱਜ ਵੱਲੋਂ ਸਮੀਖਿਆ ਕੀਤੇ ਜਾਣ ਉਤੇ ਵਿਚਾਰ ਚੱਲ ਰਿਹਾ ਹੈ।

# ਫਰਜ਼ੀ ਬਾਬਿਆਂ ਦੀ ਆਈ ਸ਼ਾਮਤ

**ਹਰਿਦੁਆਰ:** ਅਖਿਲ ਭਾਰਤੀਯ ਅਖਾੜਾ ਪ੍ਰੀਸ਼ਦ ਨੇ ਦੇਸ਼ ਦੇ 14 ਫਰਜ਼ੀ ਬਾਬਿਆਂ ਦੀ ਸੂਚੀ ਜਾਰੀ ਕੀਤੀ ਹੈ, ਜਿਸ 'ਚ ਬਲਾਤਕਾਰ ਦੇ ਜ਼ੁਰਮ ਵਿਚ ਸਜ਼ਾ ਕੱਟ ਰਹੇ ਦੋ ਬਾਬੇ (ਗੁਰਮੀਤ ਰਾਮ ਰਹੀਮ ਅਤੇ ਆਸਾਰਾਮ ਬਾਪੂ) ਦੇ ਨਾਂ ਵੀ ਸ਼ਾਮਲ ਹਨ। ਇਸ ਸੂਚੀ ਵਿਚ ਉਕਤ ਦੋਵਾਂ ਤੋਂ ਇਲਾਵਾ ਸੁਖਵਿੰਦਰ ਕੌਰ ਉਰਫ ਰਾਧੇ ਮਾਂ, ਸਵਾਮੀ ਅਸੀਮਾਨੰਦ, ਸੱਚਿਦਾਨੰਦ ਗਿਰੀ ਉਰਫ ਸਚਿਨ ਦੱਤਾ, ਓਮ ਬਾਬਾ ਉਰਫ ਵਿਵੇਕਾਨੰਦ ਝਾਅ, ਨਿਰਮਲ ਬਾਬਾ ਉਰਫ ਨਿਰਮਲਜੀਤ ਸਿੰਘ, ਇੱਛਾਧਾਰੀ ਭੀਮਾਂਨੰਦ ਉਰਫ ਸ਼ਿਵਮੂਰਤੀ ਦਿਵਯਵੇਦੀ, ਓਮ ਸਵਾਮੀ, ਨਾਰਾਇਣ ਸਾਂਈਂ, ਰਾਮਪਾਲ, ਕੁਸ਼ਮੁਨੀ, ਸਵਾਮੀ ਬ੍ਰਸ਼ਪਦ ਅਤੇ ਮਲਖਾਨ ਗਿਰੀ ਸ਼ਾਮਲ ਹਨ।

ਬਾਘਬਾਬਰੀ ਮੰਠ 'ਚ ਅਖਾੜਾ ਪ੍ਰੀਸ਼ਦ ਦੇ 13 ਅਖਾੜਿਆਂ ਦੇ ਕੁੱਲ 26 ਸਾਧੂ ਅਤੇ ਸੰਤਾਂ ਨੇ ਹਿੱਸਾ ਲਿਆ। ਬੈਠਕ ਵਿਚ ਇਨ੍ਹਾਂ ਫਰਜ਼ੀ ਬਾਬਿਆਂ ਦਾ ਬਾਈਕਾਟ ਕੀਤਾ ਗਿਆ ਅਤੇ ਲੋਕਾਂ ਨੂੰ ਇਨ੍ਹਾਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ ਗਈ। ਪ੍ਰੀਸ਼ਦ ਨੇ ਕਿਹਾ ਕਿ ਸੰਤ ਦੀ ਉਪਾਦੀ ਦੇਣ ਲਈ ਬਕਾਇਦਾ ਇਕ ਪ੍ਰਕ੍ਰਿਆ ਤਿਆਰ ਕੀਤੀ ਜਾਵੇਗੀ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਮਿਲਣ ਤੋਂ ਬਾਅਦ ਹਿੰਦੂ ਧਰਮ ਗੁਰੂਆਂ ਨੇ ਇਹ ਫੈਸਲਾ ਲਿਆ।

ਅਖਾੜਾ ਪ੍ਰੀਸ਼ਦ ਦੇ ਪ੍ਰਧਾਨ ਨਰਿੰਦਰ ਗਿਰੀ ਨੇ ਕਿਹਾ ਕਿ ਇਨ੍ਹਾਂ ਫਰਜ਼ੀ ਬਾਬਿਆਂ ਨੇ ਸਨਾਤਨ ਧਰਮ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਇਸ ਲਈ ਇਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਫਰਜ਼ੀ ਬਾਬਿਆਂ ਦੀ ਸੂਚੀ ਕੇਂਦਰ ਸਰਕਾਰ, ਸਾਰੀਆਂ ਸੂਬਾ ਸਰਕਾਰਾਂ, ਚਾਰ ਪੀਠਾਂ ਦੇ ਸ਼ੰਕਰਾਚਾਰਿਆ ਅਤੇ 13 ਅਖਾੜਿਆਂ ਨੂੰ ਭੇਜ ਕੇ ਇਨ੍ਹਾਂ ਦਾ ਸਮੂਹਿਕ ਬਾਈਕਾਟ ਕਰਨਗੇ। ਸੂਚੀ ਵਿਚ ਆਸਾਰਾਮ ਬਾਪੂ ਦਾ ਨਾਂ ਸ਼ਾਮਲ ਹੋਣ ਕਾਰਨ ਉਸ ਦੇ ਸਮਰਥਕਾਂ ਨੇ ਮਹੰਤ ਨਰਿੰਦਰ ਗਿਰੀ ਨੂੰ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ, ਜਿਸ ਦੀ ਮਹੰਤ ਨਰਿੰਦਰ ਗਿਰੀ ਨੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਹੈ।



ਗੁਰਮੀਤ ਰਾਮ ਰਹੀਮ | ਆਸਾ ਰਾਮ | ਓਮ ਸਵਾਮੀ | ਅਸੀਮਾਨੰਦ | ਰਾਧੇ ਮਾਂ | ਰਾਮਪਾਲ

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਾਰ ਕੇ ਵੀ ਜਿੱਤ ਗਏ ਐਸ.ਐਫ.ਐਸ. ਵਾਲੇ ਪਾੜ੍ਹੇ

## ਐਨ.ਐਸ.ਯੂ.ਆਈ. ਨੇ ਮਾਰੀ ਪੀ.ਯੂ. ਵਿਦਿਆਰਥੀ ਚੋਣਾਂ 'ਚ ਬਾਜ਼ੀ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਸਿਆਸਤ ਵਿਚ ਕੁੱਲ ਛਿਆਂ ਸਾਲਾਂ ਦੀ ਸਰਗਰਮੀ ਨਾਲ ਸਟੂਡੈਂਟਸ ਫਾਰ ਸੁਸਾਇਟੀ (ਐਸ.ਐਫ.ਐਸ.) ਚੋਣਾਂ ਵਿਚ ਹਾਰ ਕੇ ਵੀ ਜਿੱਤ ਗਈ ਹੈ। ਹੁਣ ਜਦੋਂ ਮੁਲਕ ਵਿਚ ਹੀ ਨਹੀਂ, ਸਗੋਂ ਸਮੁੱਚੇ ਸੰਸਾਰ ਅੰਦਰ ਖੱਬੇ ਪੱਖ ਦੀ ਸਿਆਸਤ ਨੂੰ ਪਛਾੜ ਲੱਗ ਰਹੀ ਹੈ ਅਤੇ ਵਿਚਾਰਧਾਰਕ ਹਮਲੇ ਪਹਿਲਾਂ ਨਾਲੋਂ ਤਿੱਖੇ ਰੂਪ ਵਿਚ ਹੋ ਰਹੇ ਹਨ, ਤਾਂ ਅਜਿਹੇ ਮਾਹੌਲ ਅੰਦਰ ਵਿਦਿਆਰਥੀ ਘੋਲ ਦਾ ਮੁਹਾਂਦਰਾ ਮੁੱਢੋਂ-ਸੁੱਢੋਂ ਬਦਲ ਕੇ ਰੱਖ ਦੇਣਾ ਵੱਡੀ ਨਹੀਂ, ਬਹੁਤ ਵੱਡੀ ਪ੍ਰਾਪਤੀ ਹੈ। ਇਸ ਨੇ ਵਿਦਿਆਰਥੀ ਨਾਲ ਸਬੰਧਤ ਮੁੱਦੇ ਤਾਂ ਉਭਾਰੇ ਹੀ, ਨਾਲ ਹੀ ਸਮਾਜ ਨੂੰ ਦਰਪੇਸ਼ ਮਸਲਿਆਂ ਬਾਰੇ ਵੀ ਡਟ ਕੇ ਆਵਾਜ਼ ਬੁਲੰਦ ਕੀਤੀ। ਇਹ ਸ਼ਾਇਦ ਪਹਿਲੀ ਵਾਰ ਸੀ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਸੇ ਜਥੇਬੰਦੀ ਨੂੰ ਜਿੱਤਣ ਤੋਂ ਰੋਕਣ ਲਈ ਵਾਹ ਲਾਈ ਕੀਤਾ।

ਪੰਜਾਬ ਯੂਨੀਵਰਸਿਟੀ ਵਿਦਿਆਰਥੀ ਚੋਣਾਂ ਵਿਚ ਕਾਂਗਰਸ ਦੇ ਵਿਦਿਆਰਥੀ ਵਿੰਗ




ਐਨ.ਐਸ.ਯੂ.ਆਈ. ਨੇ ਜਿੱਤ ਦਰਜ ਕੀਤੀ ਹੈ। 2801 ਵੋਟਾਂ ਹਾਸਲ ਕਰ ਕੇ ਪਾਰਟੀ ਦੇ ਜਸ਼ਨ ਕੰਬੋਜ ਨੂੰ ਪ੍ਰਧਾਨ ਚੁਣਿਆ ਗਿਆ ਹੈ। ਜਥੇਬੰਦੀ ਨੇ ਤਿੰਨ ਮੁੱਖ ਅਹੁਦਿਆਂ 'ਤੇ ਕਬਜ਼ ਕੀਤਾ। ਐਨ.ਐਸ.ਯੂ.ਆਈ. ਦਾ ਕਰਨਵੀਰ ਸਿੰਘ ਉਪ ਪ੍ਰਧਾਨ ਅਤੇ ਵਾਣੀ ਸੂਦ ਸਕੱਤਰ ਚੁਣੇ ਗਏ। ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਪੂਸੂ) ਦੇ ਕਰਨਬੀਰ ਰੰਧਾਵਾ ਨੇ ਸੰਯੁਕਤ ਸਕੱਤਰ ਦਾ ਅਹੁਦਾ ਹਾਸਲ ਕਰ ਲਿਆ।

## ਜੇ.ਐਨ.ਯੂ. ਚੋਣਾਂ ਵਿਚ ਖੱਬੀਆਂ ਧਿਰਾਂ ਦਾ ਝੰਡਾ ਬੁਲੰਦ

**ਨਵੀਂ ਦਿੱਲੀ:** ਖੱਬੀਆਂ ਧਿਰਾਂ ਦੇ ਸਾਂਝੇ ਮੁਹਾਜ਼ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ (ਜੇ.ਐਨ.ਯੂ.ਐਸ.ਯੂ.) ਚੋਣਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚਾਰੇ ਸੀਟਾਂ ਜਿੱਤ ਲਈਆਂ ਪਰ ਇਸ ਵਾਰ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. ਨੇ ਚਾਰਾਂ ਸੀਟਾਂ ਲਈ ਦੂਜਾ ਥਾਂ ਹਾਸਲ ਕਰਕੇ ਆਪਣੀ ਸਥਿਤੀ ਪਹਿਲਾਂ ਨਾਲੋਂ ਮਜ਼ਬੂਤ ਕੀਤੀ ਹੈ। ਕਾਂਗਰਸ ਦੀ ਐਨ.ਐਸ.ਯੂ.ਆਈ. ਦੀ ਹਾਲਤ ਇਸ ਵਾਰ ਪਤਲੀ ਹੋ ਗਈ। ਖੱਬੀਆਂ ਧਿਰਾਂ ਵਿਚ ਆਇਸਾ, ਐਸ.ਐਫ.ਆਈ. ਤੇ ਡੀ. ਐਸ. ਐਫ. ਨੇ ਸਾਂਝੇ ਉਮੀਦਵਾਰ ਖੜ੍ਹੇ ਕਰ ਕੇ ਆਪਣਾ ਵੋਟ ਬੈਂਕ ਸਾਂਭੀ ਰੱਖਿਆ। ਮੰਨਿਆ ਜਾਂਦਾ ਹੈ ਕਿ ਇਸ 'ਵਰਸਿਟੀ ਵਿਚ ਖੱਬੀਆਂ ਧਿਰਾਂ ਦਾ ਜ਼ਿਆਦਾਤਰ ਬੋਲ-ਬਾਲਾ ਰਿਹਾ ਹੈ।

# ਆਰ.ਐਸ.ਐਸ. ਵੱਲੋਂ ਫਿਰਕੂ ਕਤਾਰਬੰਦੀ ਤੇਜ਼

(ਸਫਾ ਇਕ ਦੀ ਬਾਕੀ)

ਪੇਸ਼ ਕੀਤਾ। ਸੱਤਾ ਵਿਚ ਆਉਂਦਿਆਂ ਹੀ 'ਲਵ ਜਹਾਦ' ਨਾਲ ਆਪਣੀ ਫਿਰਕੂ ਸੋਚ ਨੂੰ ਲੋਕਾਂ ਸਾਹਮਣੇ ਰੱਖ ਦਿੱਤਾ। ਮੋਦੀ ਦੇ ਮੰਤਰੀਆਂ ਨੇ ਖੁੱਲ੍ਹ ਕੇ ਜ਼ਹਿਰ ਉਗਲਿਆ। ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਤੇ ਹਿੰਦੁਤਵ ਏਜੰਡੇ ਖਿਲਾਫ ਉਂਗਲ ਚੁੱਕਣ ਵਾਲਿਆਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ।

ਦੇਸ਼ ਆਜ਼ਾਦ ਹੋਣ ਪਿੱਛੋਂ ਅਜਿਹਾ ਪਹਿਲੀ ਵਾਰ ਹੋਇਆ ਕਿ ਤਿੰਨ ਮੁੱਖ ਸੰਵਿਧਾਨਕ ਅਹੁਦਿਆਂ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਉਤੇ ਆਰ.ਐਸ.ਐਸ. ਦੀ ਵਿਚਾਰਧਾਰਾ ਦੇ ਕੱਟੜ ਧਾਰਨੀ ਬਿਰਾਜਮਾਨ ਹਨ। ਅਸਲ ਵਿਚ, ਭਾਜਪਾ ਦੀ ਰਣਨੀਤੀ ਹਰ ਉਚ ਸੰਵਿਧਾਨਕ ਅਹੁਦੇ ਉਤੇ ਆਰ.ਐਸ.ਐਸ. ਸੋਚ ਵਾਲੇ ਬੰਦੇ ਨੂੰ ਬਿਠਾਉਣ 'ਤੇ ਕੰਮ ਕਰ ਰਹੀ ਹੈ। ਹਰਿਆਣਾ ਵਿਚ ਪਹਿਲੀ ਵਾਰ ਵਿਧਾਇਕ ਬਣੇ ਮਨੋਹਰ ਲਾਲ ਖੱਟਰ ਨੂੰ ਸੰਘ ਪਰਿਵਾਰ ਦਾ 'ਸੱਚਾ ਭਗਤ' ਹੋਣ ਕਾਰਨ ਮੁੱਖ ਮੰਤਰੀ ਦੀ ਕੁਰਸੀ ਮਿਲੀ। ਉਤਰ ਪ੍ਰਦੇਸ਼ ਵਿਚ ਯੋਗੀ ਅਦਿਤਿਆ ਨਾਥ ਮੁੱਖ ਮੰਤਰੀ ਦੀ ਕੁਰਸੀ ਦੇ ਹੱਕਦਾਰ ਬਣੇ।

ਅਸਲ ਵਿਚ, ਭਾਰਤੀ ਸਿਆਸਤ ਨੂੰ ਲੰਮੇ ਸਮੇਂ ਲਈ ਆਪਣੇ ਕਲਾਵੇ ਵਿਚ ਲੈਣ ਲਈ ਭਗਵਾ ਧਿਰ ਹਰ ਹਰਬਾ ਵਰਤ ਰਹੀ ਹੈ। ਬਿਹਾਰ ਵਿਚ ਮਹਾਂਗੱਠਬੰਧਨ ਨੂੰ ਖੇਰੂੰ-ਖੇਰੂੰ ਕਰਨ ਦੀ ਰਣਨੀਤੀ ਤੋਂ ਪਤਾ ਲੱਗਦਾ ਹੈ ਕਿ ਇਹ ਧਿਰ ਕਿਸ ਰਣਨੀਤਕ ਢੰਗ ਨਾਲ ਕੰਮ ਕਰ ਰਹੀ ਹੈ। ਇਸ ਦੀ ਰਣਨੀਤੀ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣੇ ਸਾਹਮਣੇ ਕਿਸੇ ਵੀ ਧਿਰ ਨੂੰ ਬਰਾਬਰ ਖੜ੍ਹਾ ਨਾ ਰਹਿਣ ਦੇਣ ਦੀ ਹੈ। ਗੋਆ, ਮਨੀਪੁਰ, ਬਿਹਾਰ, ਗੁਜਰਾਤ ਤੇ ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਪੈਂਤੜੇ ਦੱਸਦੇ ਹਨ ਕਿ ਲੰਮੇ ਸਮੇਂ ਲਈ ਰਾਜ ਕਰਨ ਲਈ ਪਿੜ ਤਿਆਰ ਕਰ ਲਿਆ ਗਿਆ ਹੈ। ਗੈਰ ਭਾਜਪਾ ਸਿਆਸੀ ਧਿਰਾਂ ਇਸ ਰਣਨੀਤੀ ਨੂੰ ਆਪਣੀ ਹੋਂਦ ਲਈ ਖਤਰਾ ਸਮਝ ਰਹੀਆਂ ਹਨ।

ਪਿਛਲੇ ਤਿੰਨ ਸਾਲਾਂ ਵਿਚ ਮੋਦੀ ਸਰਕਾਰ ਦੀ ਸ਼ਹਿ ਉਤੇ ਹਿੰਦੁਤਵ ਦੇ ਤਰਫਦਾਰਾਂ ਵੱਲੋਂ ਗਊ ਮਾਸ ਜਾਂ ਗਊ ਰੱਖਿਆ ਦੇ ਨਾਮ ਹੇਠ ਦੇਸ਼ ਵਿਆਪੀ ਹਿੰਸਕ ਵਰਤਾਰੇ ਪ੍ਰਦਰਸ਼ਤ ਕੀਤੇ ਜਾ ਰਹੇ ਹਨ। ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਉਤਰ ਪ੍ਰਦੇਸ਼ ਦੇ ਮੁਹੰਮਦ ਅਖਲਾਕ ਨੂੰ ਇਹ ਕਹਿ ਕੇ ਮਾਰ ਦਿੱਤਾ ਗਿਆ ਸੀ ਕਿ ਉਹਨ ਘਰੇ ਗਊ ਦਾ ਮਾਸ ਰੱਖਿਆ ਹੈ।

2016 ਵਿਚ ਗੁਜਰਾਤ ਵਿਚ ਕੁਝ ਵਿਅਕਤੀਆਂ ਨੂੰ ਮਰੀ ਹੋਈ ਗਊ ਦੀ ਚਮੜੀ ਲਾਹੁਣ ਕਰ ਕੇ ਬੁਰੀ ਤਰ੍ਹਾਂ ਮਾਰਿਆ ਕੁੱਟਿਆ ਗਿਆ ਸੀ। ਆਸਾਮ ਵਿਚ ਪਿਛਲੇ ਵਰ੍ਹੇ ਦੋ ਵਿਅਕਤੀਆਂ, ਜਿਹੜੇ ਵਪਾਰ ਲਈ ਟਰੱਕ ਵਿਚ ਗਊਆਂ ਲੈ ਜਾ ਰਹੇ ਸਨ, ਦੀ ਭੀੜ ਵੱਲੋਂ ਮਾਰ-ਕੁੱਟ ਕੀਤੀ ਗਈ ਸੀ, ਜਿਸ ਵਿਚ ਇਕ ਵਿਅਕਤੀ ਮਰ ਗਿਆ ਸੀ। ਅਜਿਹੀਆਂ ਅਨੇਕਾਂ ਉਦਾਹਰਣਾਂ ਹਨ। ਭਾਵੇਂ ਪਾਣੀ ਸਿਰੋਂ ਲੰਘਦਾ ਵੇਖ ਮੋਦੀ ਕਦੇ-ਕਦੇ ਫਿਰਕੂ ਕਾਰਵਾਈਆਂ ਖਿਲਾਫ ਚੁੱਪ ਤੋੜਦੇ ਹਨ ਪਰ ਫਿਰਕੂ ਮਾਹੌਲ ਕਾਰਨ ਅਜਿਹਾ ਵਾਤਾਵਰਨ ਬਣ ਚੁੱਕਾ ਹੈ, ਜਿਸ ਉਤੇ ਮੋਦੀ ਦੀ 'ਮਿੱਠੀ ਝਾੜ' ਦਾ ਕੋਈ ਅਸਰ ਨਹੀਂ ਪੈਂਦਾ।

## ਕਸ਼ਮੀਰੀਆਂ ਬਾਰੇ ਮੋਦੀ ਦੇ ਸੁਰ ਬਦਲੇ

(ਸਫਾ ਇਕ ਦੀ ਬਾਕੀ)

ਲੋਕਾਂ ਦੀ ਸਹਿਮਤੀ ਨੂੰ ਅੱਗੇ ਰੱਖਿਆ। ਕਸ਼ਮੀਰੀ ਲੋਕ ਮੋਦੀ ਸਰਕਾਰ ਦੀ ਬੋਲ ਬਾਣੀ ਵਿਚ ਆਈ ਮਿਠਾਸ ਤੋਂ ਕਾਫੀ ਹੈਰਾਨ ਵੀ ਹਨ। ਦਰਅਸਲ, ਜੁਲਾਈ 2016 ਵਿਚ ਹਿਜ਼ਬੁਲ ਮੁਜਾਹਿਦੀਨ ਦੇ 'ਪੋਸਟਰ ਬੋਇ' ਬੁਰਹਾਨ ਵਾਨੀ ਦੀ ਮੁਕਾਬਲੇ ਵਿਚ ਮੌਤ ਤੋਂ ਬਾਅਦ ਕਸ਼ਮੀਰ ਵਾਦੀ ਵਿਚ ਜੋ ਬੇਚੈਨੀ ਤੇ ਤਲਖੀ ਪੈਦਾ ਹੋਈ, ਉਸ ਕਾਰਨ ਸਿਆਸੀ ਸੰਵਾਦ ਦੀਆਂ ਸੰਭਾਵਨਾਵਾਂ ਮੱਧਮ ਪੈ ਗਈਆਂ। ਇਥੋਂ ਤੱਕ ਕਿ ਭਾਈਵਾਲ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਵੀ ਦਬੀ ਜ਼ੁਬਾਨ ਨਾਲ ਕਹਿਣ ਲੱਗੀ ਕਿ ਸਿਆਸੀ ਗੱਲਬਾਤ ਲਈ ਸਪੇਸ ਬਹੁਤ ਸੁੰਗੜ ਗਿਆ ਹੈ।

ਭਾਜਪਾ ਵੱਲੋਂ ਲੋਕ ਸਭਾ ਚੋਣਾਂ ਜਿੱਤਣ ਤੋਂ ਤੁਰੰਤ ਬਾਅਦ ਦਾਅਵਾ ਕੀਤਾ ਸੀ ਕਿ ਜੰਮੂ ਕਸ਼ਮੀਰ ਵਿਚ ਹਾਲਾਤ ਸਾਵੇਂ ਕਰਨਾ ਵੀ ਉਸ ਦਾ ਮੁੱਖ ਏਜੰਡਾ ਹੈ, ਪਰ ਸਰਕਾਰ ਦੀ ਆਮ ਲੋਕਾਂ 'ਤੇ ਬੇਲੋੜੀ ਸਖਤੀ ਕਾਰਨ ਮਾਹੌਲ ਹੋਰ ਖਰਾਬ ਹੋ ਗਿਆ। ਲੱਗਦਾ ਹੈ ਕਿ ਭਾਜਪਾ ਨੂੰ ਹੁਣ ਸਮਝ ਆ ਗਈ ਹੈ ਕਿ ਲੋਕਾਂ ਨੂੰ ਗਲ ਲਾਉਣ ਵਾਲੀ ਰਣਨੀਤੀ ਵੱਧ ਅਸਰਦਾਰ ਸਾਬਤ ਹੋਵੇਗੀ।

# ਸਿੱਖਾਂ ਨੇ ਫੜੀ ਰੋਹਿੰਗਿਆ ਭਾਈਚਾਰੇ ਦੀ ਬਾਂਹ

**ਕਾਕਸ ਬਾਜ਼ਾਰ (ਬੰਗਲਾਦੇਸ਼):** ਮਿਆਂਮਾਰ ਦੇ ਰੋਹਿੰਗਿਆ ਮੁਸਲਮਾਨਾਂ ਦਾ ਮਸਲਾ ਹੁਣ ਖੇਤਰੀ ਨਹੀਂ ਰਿਹਾ। ਇਸ ਭਾਈਚਾਰੇ ਦੇ ਲੋਕਾਂ ਨੇ ਗੁਆਂਢੀ ਮੁਲਕਾਂ ਬੰਗਲਾਦੇਸ਼, ਭਾਰਤ ਤੇ ਥਾਈਲੈਂਡ ਵੱਲ ਕੂਚ ਕਰ ਦਿੱਤਾ ਹੈ। ਇਹ ਉਜਾੜਾ ਇਥੋਂ ਤੱਕ ਪਸਰ ਗਿਆ ਹੈ ਕਿ ਸਿਰਫ 2 ਹਫਤਿਆਂ ਵਿਚ ਤਕਰੀਬਨ ਤਿੰਨ ਲੱਖ ਤੋਂ ਜ਼ਿਆਦਾ ਰੋਹਿੰਗੀਆਈ ਮੁਸਲਮਾਨ ਮਿਆਂਮਾਰ ਤੋਂ ਬੰਗਲਾਦੇਸ਼ ਵਿਚ ਦਾਖਲ ਹੋ ਚੁੱਕੇ ਹਨ।

ਪਹਿਲੋਂ ਤੋਂ ਹੀ ਗੁਰਬਤ ਦੀ ਜ਼ਿੰਦਗੀ ਜਿਉਂ ਰਹੇ ਇਨ੍ਹਾਂ ਲੋਕਾਂ ਨੂੰ ਆਪਣਾ ਘਰ ਬਾਰ ਛੱਡ ਦੂਰ ਭੁੱਖਣ ਭਾਣੇ ਜਾਣਾ ਪੈ ਰਿਹਾ ਸੀ, ਪਰ ਇਨ੍ਹਾਂ ਨੂੰ ਸਿੱਖਾਂ ਦੀ ਕੌਮਾਂਤਰੀ ਸੰਸਥਾ 'ਖਾਲਸਾ ਏਡ' ਨੇ ਸਹਾਰਾ ਦਿੱਤਾ ਹੈ। ਸੰਸਥਾ ਦੇ ਪ੍ਰਬੰਧਕੀ ਨਿਰਦੇਸ਼ਕ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਕ ਵੱਡੇ ਰਾਹਤ ਕਾਰਜ ਦੇ ਮੁਢਲੇ ਦੌਰ ਵਿਚ 25 ਸਵੈ-ਇੱਛੁਕ ਸੇਵਕਾਂ ਦੀ ਟੀਮ ਰੋਹਿੰਗਿਆ ਦੀ ਸਹਾਇਤਾ ਲਈ ਭੇਜ ਦਿੱਤੀ ਹੈ। ਇੰਨੇ ਲੋਕਾਂ ਦੇ ਇਕਦਮ ਆ ਜਾਣ ਕਾਰਨ ਬੰਗਲਾਦੇਸ਼ ਨੂੰ ਤੁਰਤ ਭੋਜਨ, ਠਾਹਰ, ਕੱਪੜੇ



ਤੇ ਦਵਾਈਆਂ ਦੀ ਲੋੜ ਹੈ। ਕੁਝ ਲੋਕ ਕੈਂਪਾਂ ਵਿਚ ਰਹਿ ਰਹੇ ਹਨ ਪਰ ਮੀਂਹ ਵਾਲਾ ਮੌਸਮ ਉਨ੍ਹਾਂ ਦੇ ਹਾਲਾਤ ਹੋਰ ਵੀ ਤਰਸਯੋਗ ਕਰ ਰਿਹਾ ਹੈ। ਅਮਨਪ੍ਰੀਤ ਨੇ ਦੱਸਿਆ ਕਿ ਸਿੱਖ ਸਵੈ-ਇੱਛੁਕ ਸੇਵਕਾਂ ਨੇ ਰੋਹਿੰਗਿਆ ਮੁਸਲਮਾਨਾਂ ਲਈ ਲੰਗਰ ਲਗਾ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਮੀਡੀਆ ਰਿਪੋਰਟਾਂ ਵਿਚ ਆਇਆ ਹੈ ਕਿ ਮਿਆਂਮਾਰ ਵਿਚ ਰੋਹਿੰਗਿਆ ਮੁਸਲਮਾਨਾਂ ਦੇ ਤਕਰੀਬਨ 10 ਹਜ਼ਾਰ ਘਰਾਂ ਨੂੰ ਅੱਗ ਲਗਾ ਦਿੱਤੀ ਹੈ, ਉਥੇ ਇਸ ਭਾਈਚਾਰੇ ਦੇ ਲੋਕਾਂ ਦੀ ਵੱਡੇ ਪੱਧਰ 'ਤੇ ਨਸਲਕੁਸ਼ੀ ਹੋ ਰਹੀ ਹੈ।

## ਰਾਮ ਰਹੀਮ ਦੇ ਚਰਨ ਛੱਡਣ ਲਈ ਤਿਆਰ ਨਹੀਂ ਸਿਆਸੀ ਆਗੂ

(ਸਫਾ ਇਕ ਦੀ ਬਾਕੀ)

ਹੈ, ਉਥੇ ਕਾਂਗਰਸ ਵੀ ਨਾਰਾਜ਼ ਪ੍ਰੇਮੀਆਂ ਨੂੰ ਆਪਣੇ ਵੱਲ ਉਲਰਦੇ ਸਮਝ ਰਹੀ ਹੈ। ਯਾਦ ਰਹੇ ਕਿ ਹਰਿਆਣਾ ਤੇ ਪੰਜਾਬ ਵਿਚ ਡੇਰੇ ਦੇ ਲੱਖ ਸ਼ਰਧਾਲੂ ਹਨ। ਇਸ ਡੇਰੇ ਨੇ ਸਿਆਸੀ ਵਿੰਗ ਬਣਾਇਆ ਹੋਇਆ ਹੈ ਤੇ ਵੋਟਾਂ ਵੇਲੇ ਸਿਆਸੀ ਧਿਰਾਂ ਨਾਲ ਖੁੱਲ੍ਹ ਕੇ ਸੌਦੇਬਾਜ਼ੀ ਹੁੰਦੀ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਸੂਬੇ ਦੀਆਂ ਤਕਰੀਬਨ ਸਾਰੀਆਂ ਧਿਰਾਂ ਡੇਰੇ ਪੁੱਜੀਆਂ ਸਨ। ਇਥੋਂ ਤੱਕ ਕਿ ਉਨ੍ਹਾਂ ਨੇ ਅਕਾਲ ਤਖਤ ਵੱਲੋਂ ਡੇਰੇ ਦੇ ਬਾਈਕਾਟ ਬਾਰੇ ਜਾਰੀ ਹੁਕਮਨਾਮੇ ਦੀ ਵੀ ਪਰਵਾਹ ਨਹੀਂ ਕੀਤੀ ਤੇ ਬਾਅਦ ਵਿਚ ਧਾਰਮਿਕ ਸਜ਼ਾ ਭੁਗਤ ਕੇ ਭੁੱਲ ਬਖਸ਼ਾ ਲਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਯੂਨਾਈਟਿਡ ਸਪੋਰਟਸ ਕਲੱਬ ਦਾ ਕਬੱਡੀ ਮੇਲਾ 17 ਨੂੰ

**ਯੂਨੀਅਨ ਸਿਟੀ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ 17 ਸਤੰਬਰ, ਐਤਵਾਰ ਨੂੰ ਇਥੇ ਲੋਗਨ ਹਾਈ ਸਕੂਲ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਵਿਚ ਕਬੱਡੀ ਦੇ ਜੌਹਰ ਦਿਖਾਉਣ ਲਈ ਕੌਮਾਂਤਰੀ ਕਬੱਡੀ ਖਿਡਾਰੀ ਕੈਲੀਫੋਰਨੀਆ ਪਹੁੰਚ ਗਏ ਹਨ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਸ ਮੇਲੇ ਦਾ ਉਦਘਾਟਨ ਉਘੇ ਕਬੱਡੀ ਪ੍ਰੋਮੋਟਰ ਸ. ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ ਜਦੋਂ ਕਿ ਮੁੱਖ ਮਹਿਮਾਨ ਸਾਬਕਾ ਕਬੱਡੀ ਖਿਡਾਰੀ ਮੱਖਣ ਸਿੰਘ ਧਾਲੀਵਾਲ ਹੋਣਗੇ। ਖੇਡ ਮੇਲਾ ਕਲੱਬ ਦੇ ਕੋਚ ਮਰਹੂਮ ਪਰਮਜੀਤ ਸਿੰਘ ਪੰਮੀ ਨੂੰ ਸਮਰਪਿਤ ਹੋਵੇਗਾ। ਇਸ ਵਾਰ ਚਾਰ ਵਿਸ਼ਵ ਪੱਧਰ ਦੀਆਂ ਵੱਡੀਆਂ ਕਬੱਡੀ ਕਲੱਬਾਂ ਬੇ-ਏਰੀਆ ਸਪੋਰਟਸ ਕਲੱਬ, ਯੂਨਾਈਟਡ ਸਪੋਰਟਸ ਕਲੱਬ, ਪੰਜਾਬ ਸਪੋਰਟਸ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨੌਰਥ ਕੈਰੋਲਾਈਨਾ ਇਸ ਵਿਸ਼ਵ ਕਬੱਡੀ ਕੱਪ ਦਾ ਹਿੱਸਾ ਬਣਨਗੀਆਂ।

ਪਹਿਲੀ ਵਾਰ ਅੰਡਰ-25 ਵਰਗ ਵਿਚ ਕਬੱਡੀ ਪ੍ਰਤੀ ਉਤਸ਼ਾਹਿਤ ਹੋਏ ਨਵੇਂ ਨੌਜਵਾਨਾਂ ਨੂੰ ਵੀ ਆਪਣੇ ਜੋਰ ਅਤੇ ਜੁੱਸੇ ਦਾ ਪ੍ਰਦਰਸ਼ਨ ਕਰਨ ਦਾ ਖੁੱਲ੍ਹਾ ਮੌਕਾ ਮਿਲੇਗਾ। ਚੜ੍ਹਦੀ ਕਲਾ ਸਪੋਰਟਸ ਕਲੱਬ ਯੂਬਾ ਸਿਟੀ, ਸੈਕਰਾਮੈਂਟੋ ਸਪੋਰਟਸ ਕਲੱਬ, ਸੈਨ ਹੋਜੇ ਗੁਰਦੁਆਰਾ ਸਪੋਰਟਸ ਕਲੱਬ, ਦਸ਼ਮੇਸ਼ ਸਪੋਰਟਸ ਕਲੱਬ ਟਰੇਸੀ ਦੀਆਂ ਟੀਮਾਂ ਭਿੜਨਗੀਆਂ। ਕਲੱਬ ਦੇ ਫੈਸਲੇ ਅਨੁਸਾਰ ਅੰਤਰਰਾਸ਼ਟਰੀ ਜਾਂ ਆਲ ਓਪਨ ਵਰਗ ਵਿਚ ਖੇਡਣ ਵਾਲੇ ਖਿਡਾਰੀਆਂ ਨੂੰ ਅੰਡਰ-25 ਵਰਗ ਵਿਚ ਖੇਡਣ ਦੀ ਮਨਾਹੀ ਹੋਵੇਗੀ।

ਕਬੱਡੀ ਦਾ ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਲਵਿੰਦਰ ਗਾਖਲ, ਨੇਕੀ ਅਟਵਾਲ ਤੇ ਪਿੰਕੀ ਅਟਵਾਲ ਵਲੋਂ ਅਤੇ ਦੂਜਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸਵਰਗੀ ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ ਜਾਵੇਗਾ।

ਇਥੇ ਰਾਜਾ ਸਵੀਟਸ ਵਿਖੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਮੇਲੇ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿਚ ਜੁਗਰਾਜ ਸਿੰਘ ਸਹੋਤਾ, ਬਲਵੀਰ ਸਿੰਘ ਭਾਟੀਆ, ਸਾਧੂ ਸਿੰਘ ਖਲੌਰ, ਨੱਥਾ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਐਸ ਅਸ਼ੋਕ ਭੌਰਾ, ਨਰਿੰਦਰ ਸਿੰਘ ਸਹੋਤਾ ਅਤੇ ਬਲਵੀਰ ਭਾਟੀਆ ਸ਼ਾਮਿਲ ਹੋਏ। ਰਾਜਵਿੰਦਰ ਰੰਡਿਆਲਾ, ਇਕਬਾਲ ਗਾਲਿਬ, ਮੱਖਣ ਅਲੀ, ਸੁਰਜੀਤ ਕਕਰਾਲਾ, ਯੋਧਵੀਰ ਸਿੰਘ ਅਤੇ ਆਸ਼ਾ ਸ਼ਰਮਾ ਕੁਮੈਂਟਰੀ ਦੀ ਸੇਵਾ ਨਿਭਾਉਣਗੇ। ਵਿਸ਼ਵ ਕੱਪ ਦਾ ਸਮੁੱਚਾ ਸੰਚਾਲਨ ਮੀਡੀਆ ਇੰਚਾਰਜ ਐਸ ਅਸ਼ੋਕ ਭੌਰਾ ਕਰਨਗੇ। ਹੋਰ ਜਾਣਕਾਰੀ ਲਈ ਚੇਅਰਮੈਨ ਸ. ਮੱਖਣ ਸਿੰਘ ਬੈਂਸ ਨਾਲ ਫੋਨ 510-715-1619 ਜਾਂ ਮੀਡੀਆ ਇੰਚਾਰਜ ਐਸ ਅਸ਼ੋਕ ਭੌਰਾ ਨਾਲ ਫੋਨ 510-415-3315 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦਾਸਪੁਰ ਜ਼ਿਮਨੀ ਚੋਣ ਲਈ ਵੋਟਾਂ 11 ਅਕਤੂਬਰ ਨੂੰ

**ਚੰਡੀਗੜ੍ਹ:** ਪੰਜਾਬ ਦੇ ਗੁਰਦਾਸਪੁਰ ਸੰਸਦੀ ਹਲਕੇ ਦੀ ਜ਼ਿਮਨੀ ਚੋਣ ਲਈ ਵੋਟਾਂ 11 ਅਕਤੂਬਰ ਨੂੰ ਪੈਣਗੀਆਂ। ਫਿਲਮ ਅਦਾਕਾਰ ਵਿਨੋਦ ਖੰਨਾ ਦੀ ਮੌਤ ਕਾਰਨ ਇਸ ਹਲਕੇ ਦੀ ਚੋਣ ਕਰਾਈ ਜਾ ਰਹੀ ਹੈ। ਚੋਣ ਕਮਿਸ਼ਨ ਨੇ ਹਲਕੇ ਲਈ ਵੋਟਾਂ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਭਾਵੇਂ ਉਮੀਦਵਾਰਾਂ ਦੇ ਨਾਮ ਅਜੇ ਤੈਅ ਨਹੀਂ ਕੀਤੇ, ਪਰ ਨਾਮਜ਼ਦਗੀ ਦਾਖਲ ਕਰਨ ਦਾ ਅਮਲ 15 ਸਤੰਬਰ ਤੋਂ ਆਰੰਭ ਹੋ ਜਾਵੇਗਾ। 22 ਸਤੰਬਰ ਤੱਕ ਕਾਗਜ਼ ਦਾਖਲ ਕੀਤੇ ਜਾ ਸਕਣਗੇ ਅਤੇ ਨਤੀਜਾ 15 ਅਕਤੂਬਰ ਨੂੰ ਐਲਾਨਿਆ ਜਾਵੇਗਾ। ਚੋਣ ਦਾ ਐਲਾਨ ਹੁੰਦਿਆਂ ਹੀ ਗੁਰਦਾਸਪੁਰ ਜ਼ਿਲ੍ਹੇ 'ਚ ਚੋਣ ਜ਼ਾਬਤਾ ਲੱਗ ਗਿਆ ਹੈ।

ਇਸ ਸੰਸਦੀ ਹਲਕੇ ਤੋਂ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦਰਮਿਆਨ ਤਿਕੋਣੀ ਟੱਕਰ ਹੋਣ ਦੇ ਆਸਾਰ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਆਗੂਆਂ ਨੇ ਵੀ ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਭਾਜਪਾ ਵੱਲੋਂ ਸੰਸਦੀ ਸੀਟ 'ਤੇ ਕਬਜ਼ਾ ਕਾਇਮ ਰੱਖਣ ਲਈ ਜੱਦੋ-ਜਹਿਦ ਕੀਤੀ ਜਾ ਰਹੀ ਹੈ। ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਕੁਮਾਰ ਸਾਂਪਲਾ ਸਮੇਤ ਹੋਰਨਾਂ ਆਗੂਆਂ ਨੇ ਗੁਰਦਾਸਪੁਰ ਸੰਸਦੀ ਹਲਕੇ ਵਿਚ ਪੈਂਦੇ ਵਿਧਾਨ ਸਭਾ ਹਲਕਿਆਂ ਵਿਚ ਸਰਗਰਮੀਆਂ ਸ਼ੁਰੂ ਕੀਤੀਆਂ ਹੋਈਆਂ ਹਨ ਤੇ ਸੀਨੀਅਰ ਭਾਜਪਾ ਆਗੂਆਂ ਦੀਆਂ ਵਿਧਾਨ ਸਭਾ ਹਲਕਾ ਵਾਰ ਡਿਊਟੀਆਂ ਵੀ ਲਗਾਈਆਂ ਗਈਆਂ ਹਨ।

# ਪ੍ਰਸਿੱਧ ਜੋਤਿਸ਼ੀ ਮਾਸਟਰ ਦੀਪਕ ਅਤੇ ਚਾਰ ਹੋਰ ਸੜਕ ਹਾਦਸੇ 'ਚ ਹਲਾਕ

**ਫਰਿਜ਼ਨੋ (ਬਿਊਰੋ):** ਇਥੋਂ ਨਜ਼ਦੀਕੀ ਹਾਈਵੇ 33 'ਤੇ ਹੋਏ ਇਕ ਹਾਦਸੇ ਵਿਚ ਜੋਤਿਸ਼ ਵਿਗਿਆਨੀ ਮਾਸਟਰ ਦੀਪਕ (49 ਸਾਲ) ਅਤੇ ਉਨ੍ਹਾਂ ਨਾਲ ਗੱਡੀ ਵਿਚ ਸਵਾਰ ਚਾਰ ਵਿਅਕਤੀ ਮਾਰੇ ਗਏ। ਮ੍ਰਿਤਕਾਂ ਦੀ ਪਛਾਣ ਸੁਰਿੰਦਰ ਕੁਮਾਰ (63 ਸਾਲ), ਕੁਲਦੀਪ (50 ਸਾਲ), ਨਰਿੰਦਰ ਕੁਮਾਰ (48 ਸਾਲ) ਅਤੇ ਵਿਨੋਦ ਕੁਮਾਰ (52 ਸਾਲ) ਵਜੋਂ ਹੋਈ ਹੈ।

ਹਾਦਸਾ ਗੱਡੀ ਦੇ ਚੁਰਸਤੇ ਵਿਚ ਜਾ ਰਹੇ ਬਜ਼ਰੀ ਨਾਲ ਭਰੇ ਟਰੱਕ ਨਾਲ ਟਕਰਾਉਣ ਕਰਕੇ ਵਾਪਰਿਆ। ਗੱਡੀ ਨੂੰ ਅੱਗ ਲੱਗਣ ਨਾਲ ਸਾਰੇ ਸਰੀਰ ਇਸ ਹੱਦ ਤੱਕ ਝੁਲਸੇ ਗਏ ਕਿ ਇਨ੍ਹਾਂ ਦੀ ਪਛਾਣ ਵੀ ਮੁਸ਼ਕਲ ਸੀ।

ਭਾਰਤੀ ਭਾਈਚਾਰੇ ਵਿਚ ਮਾਸਟਰ ਦੀਪਕ ਨੂੰ ਵਧੀਆ ਸ਼ੋਅ ਪ੍ਰਬੰਧਕ ਵਜੋਂ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਬਹੁਤ ਸਾਰੇ ਸੱਭਿਆਚਾਰਕ ਪ੍ਰੋਗਰਾਮ ਤੇ ਬਾਲੀਵੁੱਡ ਸ਼ੋਅ ਕਰਵਾਏ ਅਤੇ ਵੱਖ-ਵੱਖ ਸੰਸਥਾਵਾਂ ਤੋਂ ਅਨੇਕਾਂ ਸਨਮਾਨ ਪ੍ਰਾਪਤ ਕੀਤੇ। ਉਹ ਜੋਤਿਸ਼ ਵਿਦਿਆ ਅਤੇ ਗ੍ਰਹਿਆਂ ਬਾਰੇ ਟੀ. ਵੀ. ਰਾਹੀਂ ਸ਼ੋਅ ਅਤੇ ਰੇਡੀਓ ਤੋਂ ਆਪਣਾ 'ਟਾਕ ਸ਼ੋਅ' ਵੀ ਪੇਸ਼ ਕਰਦੇ ਸਨ।

ਮਾਸਟਰ ਦੀਪਕ ਦੇ ਪਿਤਾ ਜੀ ਭਾਰਤ ਤੋਂ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋਣ ਲਈ ਅਮਰੀਕਾ ਪਹੁੰਚ ਗਏ ਹਨ। ਮਾਸਟਰ ਦੀਪਕ ਦਾ ਅੰਤਿਮ ਸੰਸਕਾਰ 16 ਸਤੰਬਰ, ਸਨਿਚਰਵਾਰ ਨੂੰ ਚੈਪਲ ਆਫ ਦਾ ਚਾਈਮਜ਼



*ਮਾਸਟਰ ਦੀਪਕ*

(32992 ਮਿਸ਼ਨ ਬੁਡੇਵਾਰਡ) ਹੇਵਰਡ ਵਿਖੇ ਸਵੇਰੇ 9 ਵਜੇ ਤੋਂ 12 ਵਜੇ ਤੱਕ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਾਹਿਬ ਹੇਵਰਡ (1805 ਹਿਲ ਐਵੇਨਿਊ) ਵਿਖੇ ਹੋਵੇਗੀ। ਮਾਸਟਰ ਦੀਪਕ ਦੇ ਪਰਿਵਾਰ ਨਾਲ ਸੰਪਰਕ ਅਵਤਾਰ ਲਾਖਾ ਫੋਨ: 209-200-0818 ਰਾਹੀਂ ਕੀਤਾ ਜਾ ਸਕਦਾ ਹੈ।

***ਡੇਰਾ ਮੁਆਫੀ***

## ਭਾਈ ਗੁਰਮੁਖ ਸਿੰਘ ਦਾ ਦੋ ਸਾਲਾਂ ਪਿੱਛੋਂ ਸਪਸ਼ਟੀਕਰਨ

**ਅੰਮ੍ਰਿਤਸਰ:** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ 24 ਸਤੰਬਰ 2015 ਨੂੰ ਬਿਨਾਂ ਮੰਗੇ ਮੁਆਫੀ ਦੇਣ ਵਾਲੇ ਪੰਜ ਸਿੰਘ ਸਾਹਿਬਾਨ ਵਿਚ ਸ਼ਾਮਲ ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਲਗਭਗ ਦੋ ਸਾਲਾਂ ਮਗਰੋਂ ਫਾਰਗ ਕੀਤੇ ਪੰਜ ਪਿਆਰਿਆਂ ਕੋਲ ਪੇਸ਼ ਹੋ ਕੇ ਇਸ ਮਾਮਲੇ ਸਬੰਧੀ ਆਪਣਾ ਸਪੱਸ਼ਟੀਕਰਨ ਸੌਂਪਿਆ ਹੈ। ਪੰਜ ਪਿਆਰਿਆਂ ਵੱਲੋਂ ਇਸ ਸਬੰਧੀ ਆਪਣਾ ਫੈਸਲਾ ਅਗਲੇ ਦਿਨਾਂ ਵਿਚ ਦਿੱਤਾ ਜਾਵੇਗਾ।

ਦੱਸਣਯੋਗ ਹੈ ਕਿ ਡੇਰਾ ਮੁਖੀ ਨੂੰ ਮੁਆਫੀ ਦੇਣ ਦੇ ਮਾਮਲੇ ਸਬੰਧੀ ਉਸ ਵੇਲੇ ਪੰਜ ਪਿਆਰਿਆਂ ਵੱਲੋਂ ਪੰਜ ਸਿੰਘ ਸਾਹਿਬਾਨ ਨੂੰ ਸਪੱਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ ਪਰ ਉਦੋਂ ਕੋਈ ਜਥੇਦਾਰ ਪੇਸ਼ ਨਹੀਂ ਹੋਇਆ ਸੀ। ਹੁਣ ਲਗਭਗ ਦੋ ਸਾਲਾਂ ਮਗਰੋਂ ਭਾਈ ਗੁਰਮੁਖ ਸਿੰਘ ਨੇ ਆਪਣਾ ਸਪੱਸ਼ਟੀਕਰਨ ਦਿੱਤਾ ਹੈ, ਜਿਸ ਨੂੰ ਪ੍ਰਵਾਨ ਕੀਤਾ ਗਿਆ ਹੈ।

## Matrimonials

### ਲੜਕੀ ਦੀ ਲੋੜ ਹੈ

Beautiful Gursikh match only USA/Canada Citizen/H1B/PR visa for handsome Gursikh vegetarian boy, only son, 28, 5'-7", MS Degree from USA, Working in New York. Caste no bar. Respond with full details, photo. Email: TPSingh3302@gmail.com
36-37/39-40

Wanted citizen or green card holder Nai Sikh girl for a Nai Sikh boy 29 years, 5'-9", BBA on visitor visa. Family of the boy well settled in India. Only sister married in the USA. Simple and early marriage. Contact, Ph: 646-318-1589
35-38

ਆਦਿ ਧਰਮੀ ਉਮਰ 47 ਸਾਲ, ਕੱਦ 5'-6", ਚੰਗੇ ਬਿਜਨਸ ਦੇ ਮਾਲਕ ਵਿਅਕਤੀ ਲਈ ਗਰੀਨ ਕਾਰਡ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਜਾਂ ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ, ਫੋਨ: 859-287-6730

Wanted citizen or green card holder life partner for Aad Dharmi 47, 5'-6", good business owner, well settled man. Caste no bar. Widow or divorce can also be considered. Contact, Ph: 859-287-6730
35-38

### ਲੜਕੀ ਦੀ ਲੋੜ ਹੈ

Wanted green card or citizen Jatt Sikh girl for Jatt Sikh boy 27 yrs., 5'-10", Masters in Banking & Finance, working as Branch Manager in Bank of India. Maternal family well settled in USA. Non-drinker, non-smoker, No Demands. Contact, Ph: (219) 671-3442.
35-36

ਸੈਣੀ ਸਿੱਖ ਉਮਰ 31 ਸਾਲ, ਕੱਦ 5'8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ: 319-670-8892
33

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Manager, from California. Contact saabks500@gmail.com
34-37

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com
33-36

# ਵਰਮੌਂਟ ਗੁਰਦੁਆਰੇ ਦੀਆਂ ਕੰਧਾਂ 'ਤੇ ਨਫਰਤੀ ਸੰਦੇਸ਼ ਲਿਖੇ

**ਲਾਸ ਏਂਜਲਸ:** ਇਕ ਸਿਰਫਿਰੇ ਨੇ ਗੁਰਦੁਆਰੇ ਦੀਆਂ ਕੰਧਾਂ ਉਤੇ 'ਐਟਮੀ' ਸਿੱਖ ਸਮੇਤ ਹੋਰ ਨਫਰਤੀ ਸੰਦੇਸ਼ ਲਿਖ ਦਿੱਤੇ। ਇਹ ਘਟਨਾ ਇਥੋਂ ਦੇ ਗੁਰਦੁਆਰਾ ਵਰਮੌਂਟ, ਜਿਸ ਨੂੰ ਹਾਲੀਵੁੱਡ ਸਿੱਖ ਗੁਰਦੁਆਰਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਵਿਚ ਵਾਪਰੀ।

ਐਨ.ਬੀ.ਸੀ. ਦੀ ਰਿਪੋਰਟ ਮੁਤਾਬਕ ਇਕ ਚਸ਼ਮਦੀਦ ਨੇ ਇਹ ਸੰਦੇਸ਼ ਲਿਖਣ ਵਾਲੇ ਦਾ ਵਿਰੋਧ ਕੀਤਾ ਅਤੇ ਉਸ ਦੀ ਮੋਬਾਈਲ ਫੋਨ 'ਤੇ ਵੀਡੀਓ ਬਣਾ ਲਈ। ਚਸ਼ਮਦੀਦ ਕਰਨਾ ਰੇਅ ਨੇ ਦੱਸਿਆ, 'ਮੈਂ ਕਿਹਾ, ਮੈਂ ਪੁਲਿਸ ਨੂੰ ਫੋਨ ਕਰਨ ਜਾ ਰਿਹਾ ਹਾਂ ਤਾਂ ਉਸ ਨੇ ਕਿਹਾ ਕਿ ਉਸ ਨੂੰ ਡਰ ਲੱਗ ਰਿਹਾ ਹੈ ਪਰ ਬਾਅਦ ਵਿਚ ਕਹਿੰਦਾ ਮੈਂ, ਤੇਰਾ ਗਲ ਵੱਢ ਦੇਵਾਂਗਾ।'

ਹਾਲੀਵੁੱਡ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਨਿਊ ਯਾਰਕ ਦਾ ਰਹਿਣ ਵਾਲਾ ਕਰਨਾ ਰੇਅ ਆਪਣੇ ਇਕ ਦੋਸਤ ਨੂੰ ਮਿਲਣ ਆਇਆ ਸੀ ਜਦੋਂ ਉਸ ਨੇ ਇਕ ਵਿਅਕਤੀ ਨੂੰ ਗੁਰਦੁਆਰੇ ਦੀ ਸਫੈਦ ਦੀਵਾਰ 'ਤੇ ਕਾਲੇ ਰੰਗ ਨਾਲ ਇਹ ਸੰਦੇਸ਼ ਲਿਖਦੇ ਦੇਖਿਆ ਅਤੇ ਉਸ ਨੇ ਆਪਣੇ ਮੋਬਾਈਲ ਫੋਨ ਉਤੇ ਉਸ ਦੀ ਰਿਕਾਰਡਿੰਗ ਕਰ ਲਈ।

ਇਸ ਬਾਅਦ ਉਸ ਨੇ ਇਹ ਵੀਡੀਓ ਫੇਸਬੁੱਕ 'ਤੇ ਅਪਲੋਡ ਕਰ ਦਿੱਤੀ, ਜਿਸ ਉਤੇ ਹਜ਼ਾਰਾਂ ਟਿੱਪਣੀਆਂ ਆਈਆਂ। ਰੇਅ ਦੀ ਫੇਸਬੁੱਕ ਪੋਸਟ ਮੁਤਾਬਕ ਉਸ ਵੱਲੋਂ ਪੁਲਿਸ ਬੁਲਾਉਣ ਦੀ ਗੱਲ ਕਹਿਣ 'ਤੇ ਸੰਦੇਸ਼ ਲਿਖਣ ਵਾਲੇ ਨੇ ਉਸ ਨੂੰ ਬਲੇਡ ਦਿਖਾ ਕੇ ਧਮਕਾਇਆ।



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com



ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ



ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140

37-38

# ਟਰੰਪ ਦੇ 'ਡੈਕਾ' ਉਤੇ ਡਾਕੇ ਪਿਛੋਂ ਪਰਵਾਸੀਆਂ ਵਿਚ ਬੇਚੈਨੀ




**ਨਿਊ ਯਾਰਕ:** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪਰਵਾਸੀਆਂ ਦੀ ਬਾਲਵਰੇਸ ਆਮਦ ਨਾਲ ਜੁੜੇ ਪ੍ਰੋਗਰਾਮ (ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ ਜਾਂ 'ਡੈਕਾ' ਕਿਹਾ ਜਾਂਦਾ ਹੈ) ਦੀ ਸਮਾਪਤੀ ਬਾਰੇ ਹੁਕਮਾਂ ਨਾਲ ਬੇਚੈਨੀ ਦਾ ਮਾਹੌਲ ਵਧ ਗਿਆ ਹੈ। 'ਡੈਕਾ' ਪ੍ਰੋਗਰਾਮ ਉਨ੍ਹਾਂ ਪਰਵਾਸੀਆਂ ਦਾ ਜੱਦੀ ਮੁਲਕ ਵਾਪਸ ਭੇਜੇ ਜਾਣ ਤੋਂ ਬਚਾਅ ਕਰਦਾ ਸੀ ਜੋ ਬੱਚਿਆਂ ਵਜੋਂ ਅਮਰੀਕਾ ਵਿਚ ਗੈਰਕਾਨੂੰਨੀ ਤੌਰ 'ਤੇ ਲਿਆਂਦੇ ਗਏ ਸਨ। ਇਨ੍ਹਾਂ ਅੱਠ ਲੱਖ ਦੇ ਕਰੀਬ ਯੁਵਾ ਪਰਵਾਸੀਆਂ ਨੂੰ ਹੁਣ ਅਮਰੀਕਾ ਤੋਂ ਖਾਰਜ ਕੀਤੇ ਜਾਣ ਦਾ ਖਤਰਾ ਹੈ।

ਭਾਵੇਂ ਰਾਸ਼ਟਰਪਤੀ ਟਰੰਪ ਨੇ ਆਪਣੇ ਫੁਰਮਾਨ 'ਤੇ ਅਮਲ ਤੋਂ ਪਹਿਲਾਂ ਅਮਰੀਕੀ ਕਾਂਗਰਸ (ਸੰਸਦ) ਨੂੰ ਛੇ ਮਹੀਨਿਆਂ ਦੀ ਮੋਹਲਤ ਦਿੱਤੀ ਹੈ, ਪਰ ਇਹ ਯੁਵਾ ਪਰਵਾਸੀ ਰਾਹਤ ਦੀ ਘੱਟ ਹੀ ਉਮੀਦ ਕਰ ਰਹੇ ਹਨ। ਸਾਊਥ ਏਸ਼ੀਅਨ ਅਮੈਰਿਕਨਜ਼ ਲੀਡਿੰਗ ਟੂਗੈਦਰ (ਸਾਲਟ) ਦੇ ਅੰਦਾਜ਼ੇ ਮੁਤਾਬਕ ਬਾਲ ਅਵਸਥਾ 'ਚ ਅਮਰੀਕਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ 20 ਹਜ਼ਾਰ ਤੋਂ ਵੱਧ ਹੋ ਸਕਦੀ ਹੈ।

ਦੱਸਿਆ ਜਾ ਰਿਹਾ ਹੈ ਕਿ 5500 ਭਾਰਤੀ ਤੇ ਪਾਕਿਸਤਾਨੀਆਂ ਸਮੇਤ 27 ਹਜ਼ਾਰ ਤੋਂ ਵੱਧ ਏਸ਼ੀਅਨ ਅਮੈਰਿਕਨਾਂ ਨੂੰ ਪਹਿਲਾਂ ਹੀ 'ਡਾਕਾ' ਬਾਰੇ ਨੋਟਿਸ ਮਿਲ ਚੁੱਕਾ ਹੈ। 17 ਹਜ਼ਾਰ ਭਾਰਤੀਆਂ ਅਤੇ 6 ਹਜ਼ਾਰ ਪਾਕਿਸਤਾਨੀਆਂ ਦੇ 'ਡਾਕਾ' ਦੀ ਮਾਰ ਹੇਠ ਆਉਣ ਦੀ ਸੰਭਾਵਨਾ ਹੈ। ਯਾਦ ਰਹੇ ਕਿ ਰਾਸ਼ਟਰਪਤੀ ਬਣਨ ਪਿਛੋਂ ਪਰਵਾਸੀਆਂ ਬਾਰੇ ਟਰੰਪ ਦਾ ਇਹ ਕੋਈ ਪਹਿਲਾ ਫਰਮਾਨ ਨਹੀਂ ਹੈ। ਟਰੰਪ ਨੇ ਰਾਸ਼ਟਰਪਤੀ ਚੋਣਾਂ ਵਿਚ ਪਰਵਾਸੀਆਂ ਦੀ ਆਮਦ ਨੂੰ ਲਗਾਮ ਲਾਉਣ ਨੂੰ ਮੁੱਖ ਮੁੱਦਾ ਬਣਾਇਆ ਸੀ ਤੇ ਤਰਕ ਦਿੱਤਾ ਸੀ ਕਿ ਗੈਰਕਾਨੂੰਨੀ ਪਰਵਾਸੀ ਨਾ ਸਿਰਫ ਅਮਰੀਕੀ ਨਾਗਰਿਕਾਂ ਦੀ ਰੋਜ਼ੀ ਖੋਹ ਰਹੇ ਹਨ ਸਗੋਂ ਘੱਟ ਉਜਰਤ ਉਤੇ ਕੰਮ ਕਰ ਕੇ ਉਨ੍ਹਾਂ ਨੇ ਕਿਰਤ ਬਾਜ਼ਾਰ ਵਿਚ ਮਿਹਨਤਾਨੇ ਦੀਆਂ ਦਰਾਂ ਵੀ ਡੇਗ ਦਿੱਤੀਆਂ ਹਨ। ਅਸਲ ਵਿਚ ਪਰਵਾਸੀ ਕਿਰਤੀਆਂ ਦਾ ਵਿਰੋਧ ਪਿਛਲੇ ਕਈ ਸਾਲਾਂ ਤੋਂ ਵਧਦਾ ਜਾ ਰਿਹਾ ਹੈ ਤੇ ਇਸ ਨੂੰ ਮੁੱਖ ਮੁੱਦਾ ਬਣਾ ਕੇ ਟਰੰਪ ਨੇ ਲਿਆ ਸੀ।


ਹੁਣ ਟਰੰਪ ਖੁਦ ਸਹੇੜੀ ਮੁਸੀਬਤ ਵਿਚ ਫਸੇ ਹੋਏ ਹਨ। ਇਕ ਪਾਸੇ ਆਪਣੇ ਵੋਟ ਬੈਂਕ ਨੂੰ ਬਰਕਰਾਰ ਰੱਖਣ ਦੀ ਲਾਲਸਾ ਹੈ, ਦੂਜੇ ਪਾਸੇ ਸਿਖਲਾਈਯਾਫਤਾ ਜਾਂ ਹੁਨਰਮੰਦ ਕਾਮੇ ਨਾ ਮਿਲਣ ਕਾਰਨ ਕੌਮੀ ਅਰਥਚਾਰੇ ਲਈ ਮੁਸੀਬਤਾਂ ਪੈਦਾ ਹੋਣ ਦਾ ਖਤਰਾ ਬਣਿਆ ਹੋਇਆ ਹੈ। ਅਮਰੀਕੀ ਕਾਰਪੋਰੇਟ ਜਗਤ ਦਾ ਹੁਣ ਵੀ ਇਹੋ ਮੱਤ ਹੈ ਕਿ ਦੇਸ਼ ਨੂੰ ਹੁਨਰਮੰਦ ਤੇ ਪ੍ਰਤਿਭਾਸ਼ਾਲੀ ਕਾਮਿਆਂ ਦੀਆਂ ਸੇਵਾਵਾਂ ਤੋਂ ਵਿਹੂਣਾ ਕਰਨਾ ਕੌਮੀ ਹਿੱਤ ਵਿਚ ਨਹੀਂ ਹੋਵੇਗਾ, ਖਾਸ ਤੌਰ 'ਤੇ ਜਦੋਂ ਇਨ੍ਹਾਂ ਕਾਮਿਆਂ ਵਿਚੋਂ ਬਹੁਤੇ ਅਮਰੀਕਾ ਵਿਚ ਹੀ ਵੱਡੇ ਹੋਏ ਹਨ ਅਤੇ ਇਥੇ ਹੀ ਪੜ੍ਹੇ ਹਨ।

## ਪਰਵਾਸੀਆਂ ਨੂੰ ਵਾਪਸ ਭੇਜਣ ਬਾਰੇ ਹੁਕਮਾਂ ਖਿਲਾਫ ਰੋਹ

**ਨਿਊ ਯਾਰਕ:** ਨੌਜਵਾਨ ਪਰਵਾਸੀਆਂ ਨੂੰ ਵਾਪਸ ਭੇਜਣ ਬਾਰੇ ਹੁਕਮਾਂ ਖਿਲਾਫ ਹਜ਼ਾਰਾਂ ਲੋਕਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਕੌਮਾਂਤਰੀ ਹੋਟਲ ਤੇ ਟਾਵਰ ਦੇ ਬਾਹਰ ਰੈਲੀ ਕੱਢੀ ਤੇ ਪ੍ਰਦਰਸ਼ਨ ਕੀਤਾ। ਰੈਲੀ ਵਿਚ ਸ਼ਾਮਲ ਵੱਡੀ ਗਿਣਤੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪ੍ਰੋਗਰਾਮ ਡੀ.ਏ.ਸੀ.ਏ. (ਬੱਚਿਆਂ ਦੇ ਦਾਖਲੇ 'ਤੇ ਕੋਈ ਕਾਰਵਾਈ ਨਹੀਂ) ਦਾ ਫਾਇਦਾ ਹੋਇਆ ਹੈ। ਰੈਲੀ ਦੌਰਾਨ ਜਿਥੇ ਪ੍ਰਦਰਸ਼ਨਕਾਰੀਆਂ ਨੇ 'ਕੋਈ ਵੀ ਗੈਰਕਾਨੂੰਨੀ ਨਹੀਂ' ਤੇ 'ਪਰਵਾਸੀਆਂ ਦਾ ਸਵਾਗਤ' ਲਿਖੀਆਂ ਤਖ਼ਤੀਆਂ ਚੁੱਕੀਆਂ ਹੋਈਆਂ ਸੀ, ਉਥੇ ਉਨ੍ਹਾਂ 'ਡੋਨਲਡ ਟਰੰਪ ਨੂੰ ਵਾਪਸ ਭੇਜੋ' ਦੇ ਨਾਅਰੇ ਵੀ ਲਾਏ।

ਰੈਲੀ ਵਿਚ ਸ਼ਾਮਲ ਇੰਟੀਰੀਅਰ ਡਿਜ਼ਾਇਨਰ ਸਾਂਦਰਾ ਸਿਲਵਾ (28) ਨੇ ਕਿਹਾ ਕਿ ਉਹ 12 ਸਾਲ ਦੀ ਉਮਰੇ ਮੈਕਸਿਕੋ ਤੋਂ ਅਮਰੀਕਾ ਆਈ ਸੀ ਅਤੇ ਉਦੋਂ ਤੋਂ ਅਮਰੀਕਾ 'ਚ ਹੈ। ਉਸ ਨੇ ਘਰਾਂ ਦੀ ਸਾਫ ਸਫਾਈ ਤੇ ਰੇਸਤਰਾਂ 'ਚ 40 ਘੰਟੇ ਕੰਮ ਕਰ ਕੇ ਸਿਟੀ ਕਾਲਜ 'ਚੋਂ ਆਰਕੀਟੈਕਚਰ ਦੀ ਡਿਗਰੀ ਹਾਸਲ ਕੀਤੀ ਹੈ। ਉਸ ਨੇ ਕਿਹਾ ਕਿ ਡੀ.ਏ.ਸੀ.ਏ. ਪ੍ਰੋਗਰਾਮ ਨੇ ਉਸ ਨੂੰ ਮੌਕਾ ਦਿੱਤਾ ਹੈ। ਸਿਲਵਾ ਨੇ ਕਿਹਾ ਕਿ ਉਹ ਪ੍ਰੋਗਰਾਮ ਖਤਮ ਕੀਤੇ ਜਾਣ ਤੋਂ ਗੁੱਸੇ 'ਚ ਹੈ।

## ਫੈਸਲੇ ਖਿਲਾਫ ਕਾਨੂੰਨੀ ਮਾਹਰਾਂ ਦਾ ਤਰਕ



**ਨਿਊ ਯਾਰਕ:** ਟਰੰਪ ਦੇ ਫੈਸਲੇ 'ਤੇ ਕਾਨੂੰਨੀ ਮਾਹਰ ਵੀ ਸਵਾਲ ਚੁੱਕ ਰਹੇ ਹਨ। ਉਨ੍ਹਾਂ ਦਾ ਤਰਕ ਹੈ ਕਿ ਬਚਪਨ ਵਿਚ ਇਸ ਧਰਤੀ ਉਤੇ ਪੈਰ ਧਰਨ ਸਮੇਂ ਇਨ੍ਹਾਂ ਯੁਵਾ ਅਵਾਸੀਆਂ ਨੇ ਕੋਈ ਕਾਨੂੰਨ ਨਹੀਂ ਤੋੜਿਆ ਸੀ। ਇਨ੍ਹਾਂ ਵਿਚੋਂ ਜ਼ਿਆਦਾਤਰ ਜਵਾਨ ਮੁੰਡੇ ਤੇ ਕੁੜੀਆਂ ਕਦੇ ਆਪਣੇ ਜਨਮ ਵਾਲੇ ਮੁਲਕ ਨਹੀਂ ਗਏ ਹਨ ਅਤੇ ਕਈਆਂ ਨੂੰ ਤਾਂ ਉਥੋਂ ਦੀ ਭਾਸ਼ਾ ਵੀ ਨਹੀਂ ਆਉਂਦੀ। ਇਸ ਤਰ੍ਹਾਂ ਇਹ ਇਨ੍ਹਾਂ ਜਵਾਨ ਲੋਕਾਂ ਤੋਂ ਉਸ ਮੁਲਕ ਵਿਚੋਂ ਰਹਿਣ ਦਾ ਅਧਿਕਾਰ ਖੋਹਣਾ ਹੈ, ਜੋ ਸਿਰਫ ਉਸ ਨੂੰ ਹੀ ਜਾਣਦੇ ਹਨ।

## ਟਰੰਪ ਖਿਲਾਫ 15 ਅਮਰੀਕੀ ਸੂਬਿਆਂ ਵੱਲੋਂ ਮੁਕੱਦਮਾ

**ਨਿਊ ਯਾਰਕ:** ਅਮਰੀਕੀ ਸਦਰ ਡੋਨਲਡ ਟਰੰਪ ਦੇ ਫੈਸਲੇ ਖਿਲਾਫ ਮੁਲਕ ਦੇ 15 ਸੂਬਿਆਂ ਅਤੇ ਕੋਲੰਬੀਆ ਜ਼ਿਲ੍ਹੇ ਨੇ ਮੁਕੱਦਮਾ ਦਾਇਰ ਕੀਤਾ ਹੈ। ਨਿਊ ਯਾਰਕ ਸੂਬੇ ਦੇ ਅਟਾਰਨੀ ਜਨਰਲ ਨੇ ਇਨ੍ਹਾਂ ਪਰਵਾਸੀਆਂ ਨੂੰ 'ਅਮਰੀਕਾ ਲਈ ਬਹੁਤ ਵਧੀਆ' ਕਰਾਰ ਦਿੱਤਾ ਹੈ। ਬਰੂਕਲਿਨ ਦੀ ਫੈਡਰਲ ਅਦਾਲਤ ਵਿਚ ਦਾਇਰ ਮੁਕੱਦਮੇ ਵਿਚ ਇਸ ਗੈਰਕਾਨੂੰਨੀ ਫੈਸਲੇ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਗਈ ਹੈ। ਇਹ ਮੁਕੱਦਮਾ ਦਾਇਰ ਕਰਨ ਵਾਲੇ ਸਾਰੇ ਸੂਬੇ ਡੈਮੋਕ੍ਰੈਟਿਕ ਪਾਰਟੀ ਦੀ ਹਕੂਮਤ ਵਾਲੇ ਹਨ, ਜਿਥੇ ਅਜਿਹੇ ਪਰਵਾਸੀਆਂ ਦੀ ਗਿਣਤੀ ਹਜ਼ਾਰਾਂ ਤੋਂ ਲੱਖਾਂ ਤੱਕ ਵਿਚ ਹੈ। ਇਨ੍ਹਾਂ ਸੂਬਿਆਂ ਵਿਚ ਨਿਊ ਯਾਰਕ ਤੋਂ ਇਲਾਵਾ ਮੈਸਾਚਿਊਸੈਟਸ, ਵਾਸ਼ਿੰਗਟਨ, ਕਨੈਕਟੀਕਟ, ਡੈਲਾਵੇਅਰ, ਕੋਲੰਬੀਆ ਜ਼ਿਲ੍ਹਾ, ਹਵਾਈ, ਇਲੀਨੋਇਸ, ਨਿਊ ਮੈਕਸਿਕੋ, ਉਤਰੀ ਕੈਰੋਲਾਈਨਾ, ਇਓਵਾ, ਓਰੇਗੌਨ, ਪੈਨਸਿਲਵੇਨੀਆ, ਰੋਡ ਆਈਲੈਂਡ, ਵਰਮੌਂਟ ਤੇ ਵਰਜੀਨੀਆ ਸ਼ਾਮਲ ਹਨ।

# ਆਸਟਰੇਲੀਆ 'ਚ ਭਾਰਤੀ ਮਹਿਲਾ ਨੂੰ ਜੇਲ੍ਹ

**ਮੈਲਬਰਨ:** ਆਸਟਰੇਲੀਆ ਵਿਚ ਭਾਰਤੀ ਮਹਿਲਾ ਡਿੰਪਲ ਗਰੇਸ ਥੌਮਸ (32) ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਕਾਰ ਚਲਾਉਣ ਤੋਂ ਬਾਅਦ ਇਕ ਗਰਭਵਤੀ ਔਰਤ ਨੂੰ ਟੱਕਰ ਮਾਰਨ ਕਰ ਕੇ ਉਸ ਦੇ ਬੱਚੇ ਦੀ ਮੌਤ ਹੋ ਗਈ। ਇਸ ਕਾਰਨ ਡਿੰਪਲ ਨੂੰ ਦੋ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 15 ਮਹੀਨੇ ਸੀਖਾਂ ਪਿਛੇ ਰਹਿਣਾ ਪਏਗਾ ਤਾਂ ਹੀ ਉਹ ਪੈਰੋਲ ਦੇ ਯੋਗ ਹੋ ਸਕੇਗੀ। 'ਹੈਰਲਡ ਸਨ' ਮੁਤਾਬਕ ਰਿਹਾਈ ਮਗਰੋਂ ਉਸ ਨੂੰ ਭਾਰਤ ਭੇਜਿਆ ਜਾ ਸਕਦਾ ਹੈ। ਅਦਾਲਤ 'ਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਥੌਮਸ ਨੇ ਸਾਊਥ ਗਿਪਸਲੈਂਡ ਹਾਈਵੇਅ 'ਤੇ ਖੱਬੇ ਮੁੜਨਾ ਸੀ ਪਰ ਉਹ ਤਿੰਨ ਲੇਨ ਛੱਡ ਕੇ ਮੁੜੀ ਅਤੇ ਹਾਦਸਾ ਵਾਪਰ ਗਿਆ। ਉਸ ਨੇ 28 ਹਫਤਿਆਂ ਦੀ ਗਰਭਵਤੀ ਔਰਤ ਐਸ਼ਲੀ ਐਲਨ ਨੂੰ ਟੱਕਰ ਮਾਰ ਦਿੱਤੀ ਅਤੇ ਹਸਪਤਾਲ 'ਚ ਉਸ ਦਾ ਅਪਰੇਸ਼ਨ ਕੀਤਾ ਗਿਆ ਜਿਥੇ ਬੱਚੀ ਨੂੰ ਬਚਾਇਆ ਨਹੀਂ ਜਾ ਸਕਿਆ।

# ਆਈ.ਐਸ. 'ਚ ਸ਼ਾਮਲ ਹੋਣ ਦੀ ਯੋਜਨਾ ਬਣਾਉਣ ਵਾਲੀ ਔਰਤ ਨੂੰ ਜੇਲ੍ਹ

**ਫਿਲਾਡੈਲਫੀਆ:** ਇਸਲਾਮਿਕ ਸਟੇਟ 'ਚ ਸ਼ਾਮਲ ਹੋਣ ਲਈ ਸੀਰੀਆ ਜਾਣ ਦੀ ਯੋਜਨਾ ਬਣਾਉਣ ਤੇ ਕਈ ਸਾਲ ਅਤਿਵਾਦੀਆਂ ਦੇ ਸੰਦੇਸ਼ਾਂ ਦਾ ਆਨਲਾਈਨ ਪ੍ਰਚਾਰ ਕਰਨਾ ਮੰਨ ਚੁੱਕੀ ਫਿਲਾਡੈਲਫੀਆ ਦੀ ਔਰਤ ਨੂੰ ਅੱਠ ਸਾਲ ਸਜ਼ਾ ਹੋਈ ਹੈ। ਸਜ਼ਾ ਮਿਲਣ ਤੋਂ ਪਹਿਲਾਂ ਉਸ ਨੇ ਕਿਹਾ ਕਿ ਉਹ ਬੁਰੀ ਔਰਤ ਨਹੀਂ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਿਆਨੋ ਥੋਮਸ ਦੋਹਰੀ ਜ਼ਿੰਦਗੀ ਜੀਅ ਰਹੀ ਸੀ। ਉਸ ਦਾ ਇਕ ਰੂਪ ਦੋ ਬੱਚਿਆਂ ਦੀ ਮਿਹਨਤੀ ਮਾਂ ਦਾ ਹੈ, ਦੂਜਾ ਰੂਪ ਬੜਬੋਲਾ ਹੈ, ਜੋ ਹਿੰਸਾ ਦਾ ਆਨਲਾਈਨ ਪ੍ਰਚਾਰ ਕਰਦੀ ਸੀ। ਉਸ ਨੇ ਪੱਛਮ ਏਸ਼ੀਆ ਜਾਣ ਲਈ ਕਦਮ ਚੁੱਕੇ ਤੇ ਕੱਟੜਪੰਥੀ ਲੋਕਾਂ ਦੇ ਨਾਲ ਨਜ਼ਦੀਕੀ ਸਬੰਧ ਬਣਾਏ। ਸਰਕਾਰੀ ਪੱਖ ਨੇ ਦੱਸਿਆ ਕਿ ਇਸ ਵਿਚ ਇਸਲਾਮਕ ਸਟੇਟ ਦਾ ਉਹ ਲੜਾਕਾ ਸ਼ਾਮਲ ਹੈ ਜਿਸ ਨਾਲ ਉਸ ਨੇ ਆਨਲਾਈਨ ਵਿਆਹ ਕੀਤਾ ਸੀ।

# ਕੈਨੇਡਾ ਵੱਲੋਂ ਜੱਸੀ ਸਿੱਧੂ ਦੀ ਮਾਂ ਤੇ ਮਾਮੇ ਨੂੰ ਭਾਰਤ ਹਵਾਲੇ ਕਰਨ ਰਾਹ ਪੱਧਰਾ



**ਮੌਂਟਰੀਅਲ:** ਕੈਨੇਡਾ ਦੀ ਸੁਪਰੀਮ ਕੋਰਟ ਨੇ 17 ਸਾਲ ਪਹਿਲਾਂ ਜਸਵਿੰਦਰ ਕੌਰ ਉਰਫ ਜੱਸੀ ਸਿੱਧੂ ਦੇ ਅਣਖ ਲਈ ਕੀਤੇ ਕਤਲ 'ਚ ਭੂਮਿਕਾ ਲਈ ਕੈਨੇਡੀਅਨ ਨਾਗਰਿਕ ਉਸ ਦੇ ਮਾਮੇ ਸੁਰਜੀਤ ਸਿੰਘ ਬਦੇਸ਼ਾ (72) ਅਤੇ ਮਾਂ ਮਲਕੀਤ ਕੌਰ ਸਿੱਧੂ (67) ਨੂੰ ਭਾਰਤ ਹਵਾਲੇ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਜੱਸੀ ਕਤਲ ਕੀਤੇ ਜਾਣ ਸਮੇਂ 25 ਸਾਲਾਂ ਦੀ ਸੀ ਅਤੇ ਜੂਨ 2000 ਵਿਚ ਉਸ ਦੀ ਲਾਸ਼ ਪੰਜਾਬ ਵਿਚੋਂ ਮਿਲੀ ਸੀ। ਕੈਨੇਡਾ ਵਿਚ ਜੰਮੀ ਜੱਸੀ ਸਿੱਧੂ 1996 ਵਿਚ ਪੰਜਾਬ ਆਈ ਸੀ ਅਤੇ ਜਗਰਾਉਂ ਵਿਚ ਉਸ ਦੀ ਰਿਕਸ਼ਾ ਚਾਲਕ ਸੁਖਵਿੰਦਰ ਸਿੰਘ ਉਰਫ ਮਿੱਠੂ ਨਾਲ ਮੁਲਾਕਾਤ ਹੋਈ ਸੀ ਅਤੇ ਉਨ੍ਹਾਂ ਵਿਚ ਪਿਆਰ ਹੋ ਗਿਆ। ਇਸ ਬਾਅਦ 1999 ਵਿਚ ਜਦੋਂ ਉਹ ਭਾਰਤ ਆਈ ਤਾਂ ਘਰਦਿਆਂ ਨੂੰ ਦੱਸੇ ਬਿਆਨ ਉਨ੍ਹਾਂ ਨੇ ਚੁੱਪ-ਚਪੀਤੇ ਵਿਆਹ ਕਰਾ ਲਿਆ। ਇਸ ਬਾਰੇ ਆਪਣੇ ਪਰਿਵਾਰ ਨੂੰ ਦੱਸਣ ਬਾਅਦ ਜੱਸੀ ਸਿੱਧੂ ਆਪਣੇ ਪਤੀ ਨੂੰ ਮਿਲਣ ਲਈ ਕੈਨੇਡਾ ਤੋਂ ਭਾਰਤ ਆਈ। ਇਸ ਜੋੜੇ ਉਤੇ ਜੂਨ 2000 ਵਿਚ ਸੰਗਰੂਰ ਨੇੜਲੇ ਇਕ ਪਿੰਡ ਵਿਚ ਹਮਲਾ ਹੋਇਆ ਜਦੋਂ ਉਹ ਸਕੂਟਰ ਉਤੇ ਜਾ ਰਹੇ ਸਨ।

ਮਿੱਠੂ ਨੂੰ ਕੁੱਟ ਕੁੱਟ ਕੇ ਮਰਨ ਕੰਢੇ ਕਰ ਕੇ ਸੁੱਟ ਦਿੱਤਾ ਸੀ ਅਤੇ ਜੱਸੀ ਸਿੱਧੂ ਨੂੰ ਅਗਵਾ ਕਰਕੇ ਬਾਅਦ ਵਿਚ ਕਤਲ ਕਰ ਦਿੱਤਾ ਸੀ। ਭਾਰਤ 'ਚ ਇਸ ਕਤਲ ਕੇਸ ਵਿਚ ਤਿੰਨ ਵਿਅਕਤੀ ਦੋਸ਼ੀ ਠਹਿਰਾਏ ਗਏ ਸਨ ਪਰ ਅਧਿਕਾਰੀਆਂ ਨੂੰ ਦੋ ਕੈਨੇਡੀਅਨ ਨਾਗਰਿਕਾਂ ਸੁਰਜੀਤ ਸਿੰਘ ਤੇ ਮਲਕੀਤ ਕੌਰ ਨੂੰ ਭਾਰਤ ਲਿਆਉਣ ਲਈ ਕਈ ਸਾਲ ਜੱਦੋ-ਜਹਿਦ ਕਰਨੀ ਪਈ। ਕੈਨੇਡਾ ਦੇ ਨਿਆਂ ਮੰਤਰੀ ਨੇ ਸਾਲ 2014 'ਚ ਇਨ੍ਹਾਂ ਦੀ ਸੁਪਰਦਗੀ ਲਈ ਮਨਜ਼ੂਰੀ ਦੇ ਦਿੱਤੀ ਸੀ ਪਰ ਸਾਲ 2016 ਵਿਚ ਇਕ ਅਪੀਲ ਉਤੇ ਇਸ ਫੈਸਲੇ ਨੂੰ ਪਲਟ ਦਿੱਤਾ ਗਿਆ ਸੀ। ਹੁਣ ਸੁਪਰੀਮ ਕੋਰਟ ਦੇ 9 ਜੱਜਾਂ ਨੇ ਸਰਬਸੰਮਤੀ ਨਾਲ ਇਨ੍ਹਾਂ ਦੋਹਾਂ ਨੂੰ ਭਾਰਤ ਹਵਾਲੇ ਕਰਨ ਦਾ ਆਦੇਸ਼ ਦਿੱਤਾ ਹੈ।

## ਚਾਰਲਸ ਨੇ ਵੇਲਜ਼ ਦੇ ਸ਼ਹਿਜ਼ਾਦੇ ਵਜੋਂ ਰਚਿਆ ਇਤਿਹਾਸ

**ਲੰਡਨ:** ਬਰਤਾਨੀਆ ਦੇ ਸ਼ਾਹੀ ਤਖ਼ਤ ਦੇ ਵਾਰਿਸ ਚਾਰਲਸ ਨੇ ਵੇਲਜ਼ ਦਾ ਸਭ ਤੋਂ ਵੱਧ ਸਮਾਂ ਸ਼ਹਿਜ਼ਾਦਾ ਰਹਿ ਕੇ ਇਤਿਹਾਸ ਰਚ ਦਿੱਤਾ ਹੈ। 68 ਸਾਲਾ ਚਾਰਲਸ ਨੇ ਮਹਾਰਾਣੀ ਵਿਕਟੋਰੀਆ ਦੇ ਸਭ ਤੋਂ ਵੱਡੇ ਪੁੱਤਰ ਅਲਬਰਟ ਦਾ ਰਿਕਾਰਡ ਤੋੜਿਆ ਹੈ, ਜੋ ਮਹਾਰਾਜਾ ਐਡਵਰਡ ਛੇਵਾਂ ਬਣਨ ਤੋਂ ਪਹਿਲਾਂ ਵੇਲਜ਼ ਦਾ 59 ਸਾਲਾਂ ਤੋਂ ਵੱਧ ਸਮਾਂ ਸ਼ਹਿਜ਼ਾਦਾ ਰਿਹਾ ਸੀ।

ਹਾਲਾਂਕਿ ਅਲਬਰਟ ਨੂੰ ਵੇਲਜ਼ ਦਾ ਸ਼ਹਿਜ਼ਾਦਾ ਮਹਿਜ਼ ਇਕ ਮਹੀਨੇ ਦੀ ਉਮਰ ਵਿਚ ਹੀ ਬਣਾ ਦਿੱਤਾ ਗਿਆ ਸੀ ਜਦੋਂ ਕਿ ਚਾਰਲਸ ਨੂੰ 1958 ਵਿਚ ਇਹ ਟਾਈਟਲ ਮਿਲਿਆ ਸੀ। ਉਦੋਂ ਉਨ੍ਹਾਂ ਦੀ ਉਮਰ ਨੌਂ ਸਾਲ ਸੀ।

## ਪੰਜ ਭਾਰਤੀ-ਅਮਰੀਕੀਆਂ ਨੂੰ ਮਿਲਿਆ ਵੱਡਾ ਮਾਣ

**ਵਾਸ਼ਿੰਗਟਨ:** ਅਮਰੀਕਾ ਦੀ ਰਾਜਨੀਤੀ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪੰਜ ਭਾਰਤੀ-ਅਮਰੀਕੀਆਂ ਨੇ 2017 ਦੀ 'ਪੋਲੀਟਿਕੋ 50' ਸੂਚੀ ਵਿਚ ਆਪਣੀ ਥਾਂ ਬਣਾਈ ਹੈ, ਜਿਨ੍ਹਾਂ ਵਿਚ ਚਾਰ ਔਰਤਾਂ ਵੀ ਸ਼ਾਮਲ ਹਨ। ਇਸ ਸੂਚੀ ਵਿਚ ਸੰਯੁਕਤ ਰਾਸ਼ਟਰ ਲਈ ਅਮਰੀਕੀ ਰਾਜਦੂਤ ਨਿੱਕੀ ਹੇਲੀ, ਟਰੰਪ ਪ੍ਰਸ਼ਾਸਨ ਵਿਚ ਸਿਹਤ ਸੰਭਾਲ ਸਬੰਧੀ ਉਚ ਪਦਵੀ ਉਤੇ ਬਿਰਾਜਮਾਨ ਸੀਮਾ ਵਰਮਾ, ਵਕੀਲ ਨੀਲ ਕਤਿਆਲ, ਅਰਥ ਸ਼ਾਸਤਰੀ ਅਪਰਨਾ ਮਾਥੁਰ ਅਤੇ ਵਕੀਲ ਨਿਓਮੀ ਰਾਓ ਦੇ ਨਾਂ ਸ਼ਾਮਲ ਹਨ।

# ਵਲੈਤੀ ਵਰਸਿਟੀਆਂ 'ਚ ਯੂਰਪੀ ਵਿਦਿਆਰਥੀ ਘਟੇ

**ਲੰਡਨ:** ਯੂਰਪੀਅਨ ਯੂਨੀਅਨ ਵਿਚੋਂ ਨਿਕਲਣ ਦੇ ਫੈਸਲੇ ਤੋਂ ਬਾਅਦ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਵਿਚ ਯੂਰਪੀ ਯੂਨੀਅਨ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਦਰਜ ਹੋਈ ਹੈ। ਇਸ ਕਾਰਨ ਯੂਨੀਵਰਸਿਟੀਆਂ ਨੂੰ ਟਿਊਸ਼ਨ ਫੀਸ ਵਜੋਂ ਸਾਲਾਨਾ ਚਾਰ ਕਰੋੜ ਪੌਂਡ ਦਾ ਝਟਕਾ ਲੱਗ ਸਕਦਾ ਹੈ।

ਯੂਰਪੀਅਨ ਯੂਨੀਅਨ ਦੇ ਇਸ ਸਮੇਂ 60 ਹਜ਼ਾਰ ਵਿਦਿਆਰਥੀ ਬ੍ਰਿਟੇਨ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਪੜ੍ਹਦੇ ਹਨ। ਯੂਰਪੀਅਨ ਯੂਨੀਅਨ ਵਿਚੋਂ ਜਦੋਂ ਬ੍ਰਿਟੇਨ ਪੂਰੀ ਤਰ੍ਹਾਂ ਨਾਲ ਵੱਖ ਹੋ ਜਾਵੇਗਾ ਤਾਂ ਯੂਨੀਵਰਸਿਟੀਆਂ ਨੂੰ ਉਸ ਕੋਲੋਂ ਮਿਲਦੇ ਸਾਲਾਨਾ 5 ਕਰੋੜ ਪੌਂਡ ਵੀ ਹੱਥੋਂ ਨਿਕਲ ਜਾਣਗੇ।

ਯੂ.ਕੇ. ਦੇ ਸਕੂਲਾਂ ਵਿਚ ਯੂਰਪੀਅਨ ਯੂਨੀਅਨ ਦੀਆਂ ਇਸ ਸਾਲ ਅਰਜ਼ੀਆਂ ਵਿਚ ਪੰਜ ਫੀਸਦੀ ਦੀ ਗਿਰਾਵਟ ਆਈ ਹੈ ਜੋ ਪਿਛਲੇ ਪੰਜ ਸਾਲਾਂ ਵਿਚ ਪਹਿਲੀ ਵਾਰ ਦਰਜ ਹੋਈ ਹੈ। ਇਹ ਰੁਝਾਨ ਬ੍ਰਿਟਿਸ਼ ਕੰਪਨੀਆਂ ਲਈ ਵੀ ਫਿਕਰ 'ਚ ਪਾਉਣ ਵਾਲਾ ਹੈ ਕਿਉਂਕਿ ਉਹ ਇਥੋਂ ਦੀਆਂ ਯੂਨੀਵਰਸਿਟੀਆਂ ਵਿਚੋਂ ਪੜ੍ਹਾਈ ਕਰਨ ਵਾਲੇ ਯੂਰਪੀਅਨ ਯੂਨੀਅਨ ਦੇ ਵਿਦਿਆਰਥੀਆਂ ਨੂੰ ਹੀ ਨੌਕਰੀਆਂ ਲਈ ਤਰਜੀਹ ਦਿੰਦੇ ਹਨ। ਜੇਕਰ ਯੂਰਪੀਅਨ ਯੂਨੀਅਨ ਦੇ ਵਿਦਿਆਰਥੀ ਬ੍ਰਿਟੇਨ ਵਿਚ ਪੜ੍ਹਨ ਲਈ ਨਹੀਂ ਆਉਣਗੇ ਤਾਂ ਉਨ੍ਹਾਂ ਕੋਲ ਹੁਨਰ ਦੀ ਕਮੀ ਹੋ ਜਾਵੇਗੀ।



# ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ 8 ਅਕਤੂਬਰ ਨੂੰ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਨੂੰ ਸਮਰਪਿਤ ਸਥਾਨਕ ਸੰਸਥਾ ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ ਇਸ ਵਾਰ ਆਉਂਦੀ 8 ਅਕਤੂਬਰ ਨੂੰ ਸੈਕਰਾਮੈਂਟੋ ਵਿਚ ਕਰਵਾਇਆ ਜਾਵੇਗਾ।

ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਵਲੋਂ ਜਾਰੀ ਬਿਆਨ ਅਨੁਸਾਰ ਸੰਸਥਾ ਵਲੋਂ ਮੇਲੇ ਦੀਆਂ ਤਿਆਰੀਆਂ ਚੱਲ ਰਹੀਆਂ ਹਨ ਤੇ ਜਲਦ ਦੀ ਸਮਾਗਮ ਦੀ ਰੂਪ ਰੇਖਾ ਉਲੀਕ ਕੇ ਭਾਈਚਾਰੇ ਨੂੰ ਅਖਬਾਰਾਂ ਰਾਹੀਂ ਗਦਰੀ ਮੇਲੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਇਸੇ ਦੌਰਾਨ ਜਥੇਬੰਦੀ ਨੇ ਮੈਂਬਰ ਸੁੰਗਾਰਾ ਸਿੰਘ ਬੋਪਾਰਾਏ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ ਲਈ ਸੰਘਰਸ਼ ਕਰਦੇ ਰਹੇ ਅਤੇ ਕਿਸਾਨਾਂ ਦੀਆਂ ਮੰਗਾਂ ਲਈ ਕੁਰਬਾਨੀ ਦਾ ਉਨ੍ਹਾਂ ਦਾ ਆਪਣਾ ਇਤਿਹਾਸ ਹੈ। ਉਨ੍ਹਾਂ ਗੰਨਾ ਮਿੱਲ ਫਗਵਾੜਾ ਦੇ ਕਿਸਾਨਾਂ ਨੂੰ ਬਣਦੇ ਬਕਾਏ ਦਿਵਾਉਣ ਵਿਚ ਮੋਹਰੀ ਰੋਲ ਅਦਾ ਕੀਤਾ। ਅਤਿਵਾਦ ਦੇ ਕਾਲੇ ਦਿਨਾਂ ਵਿਚ ਉਨ੍ਹਾਂ 'ਤੇ ਕਾਲੀਆਂ ਤਾਕਤਾਂ ਨੇ ਹਮਲਾ ਵੀ ਕੀਤਾ ਸੀ ਜਿਸ ਵਿਚ ਉਹ ਜ਼ਖਮੀ ਹੋ ਗਏ ਸਨ। ਉਹ ਆਪਣੇ ਜੀਵਨ ਦੇ ਅੰਤ ਤੱਕ ਲੋਕ ਸੰਘਰਸ਼ ਵਿਚ ਹਿੱਸਾ ਪਾਉਂਦੇ ਰਹੇ ਹਨ।

ਸੰਸਥਾ ਨੇ ਪ੍ਰਸਿਧ ਗਦਰੀ ਦੇਸ਼ ਭਗਤ ਸ. ਕਰਤਾਰ ਸਿੰਘ ਦੁੱਕੀ ਦੀ ਪੁਤਰੀ ਬੀਬੀ ਕੁਲਦੀਪ ਕੌਰ ਗਰੇਵਾਲ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਬੀਬੀ ਗਰੇਵਾਲ 9 ਸਤੰਬਰ ਨੂੰ 79 ਸਾਲ ਦੀ ਉਮਰ ਭੋਗ ਕੇ ਲਾਸ ਏਂਜਲਸ ਵਿਖੇ ਅਕਾਲ ਚਲਾਣਾ ਕਰ ਗਏ। ਜਥੇਬੰਦੀ ਨੇ ਪਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕਰਦਿਆਂ ਸ. ਦੁੱਕੀ ਦੇ ਪੋਤੇ ਜਗਦੀਸ਼ ਸਿੰਘ ਖੰਗੂੜਾ ਨਾਲ ਦੁੱਖ ਸਾਂਝਾ ਕੀਤਾ। ਸਾਹਿਬ ਸਿੰਘ ਬਿੰਦ, ਜੋ ਕੈਨੇਡਾ ਵਿਚ ਗਦਰੀ ਬਾਬਿਆਂ ਦੇ ਮੇਲੇ ਕਰਵਾਉਣ ਵਿਚ ਮੋਹਰੀ ਰੋਲ ਅਦਾ ਕਰ ਰਹੇ ਹਨ, ਦੀ ਪਤਨੀ ਦੀ ਬੇਮੌਕਾ ਮੌਤ 'ਤੇ ਵੀ ਜਥੇਬੰਦੀ ਨੇ ਦੁੱਖ ਪ੍ਰਗਟਾਇਆ ਹੈ।

# ਅਮਰੀਕਾ 'ਚ ਪਾਕਿਸਤਾਨ ਦਾ ਬੈਂਕ ਬੰਦ

**ਨਿਊ ਯਾਰਕ:** ਪਾਕਿਸਤਾਨ ਨੂੰ ਅਮਰੀਕਾ ਨੇ ਇਕ ਹੋਰ ਝਟਕਾ ਦਿੰਦਿਆਂ ਉਸ ਦਾ ਸਭ ਤੋਂ ਵੱਡਾ ਹਬੀਬ ਬੈਂਕ ਬੰਦ ਕਰ ਦਿੱਤਾ ਹੈ। ਅਤਿਵਾਦੀ ਸੰਗਠਨਾਂ ਲਈ ਫੰਡਿੰਗ ਤੇ ਹੋਰ ਬੇਨੇਮੀਆਂ ਲਈ ਬੈਂਕ ਦੇ ਕਾਰੋਬਾਰ ਕਰਨ 'ਤੇ ਪਾਬੰਦੀ ਲਾਉਂਦਿਆਂ 22.5 ਕਰੋੜ ਡਾਲਰ ਦਾ ਜੁਰਮਾਨਾ ਕੀਤਾ ਹੈ।

ਪਿਛਲੇ 40 ਸਾਲ ਤੋਂ ਅਮਰੀਕਾ 'ਚ ਕੰਮ ਕਰਨ ਵਾਲੀ ਕਰਾਚੀ ਆਧਾਰਤ ਹਬੀਬ ਬੈਂਕ 'ਤੇ ਅਮਰੀਕਾ ਦੇ ਨਿਊ ਯਾਰਕ ਵਿੱਤੀ ਵਿਭਾਗ ਨੇ ਇਲਜ਼ਾਮ ਲਗਾਇਆ ਹੈ ਕਿ ਇਹ ਬੈਂਕ ਐਂਟੀ ਮਨੀ ਲਾਂਡਰਿੰਗ ਮਾਮਲਿਆਂ 'ਚ ਨਿਯਮਾਂ ਦੀ ਪਾਲਣਾ ਕਰਨ ਵਿਚ ਅਸਫਲ ਰਿਹਾ ਹੈ।

# ਏ.ਪੀ.ਸੀ.ਏ. ਦਾ ਤੀਜਾ ਸਾਲਾਨਾ ਟਰੇਡ ਸ਼ੋਅ ਸੈਕਰਾਮੈਂਟੋ ਵਿਚ 20 ਸਤੰਬਰ ਨੂੰ

**ਸੈਕਰਾਮੈਂਟੋ (ਬਿਊਰੋ):** ਅਮੈਰਿਕਨ ਪੈਟਰੋਲੀਅਮ ਐਂਡ ਕਨਵੀਨੀਐਂਸ ਸਟੋਰ ਐਸੋਸੀਏਸ਼ਨ (ਏ.ਪੀ.ਸੀ.ਏ.) ਵਲੋਂ ਆਪਣਾ ਤੀਜਾ ਸਾਲਾਨਾ ਟਰੇਡ ਸ਼ੋਅ ਸੈਕਰਾਮੈਂਟੋ ਵਿਚ 20 ਸਤੰਬਰ 2017 ਨੂੰ ਕਰਵਾਇਆ ਜਾ ਰਿਹਾ ਹੈ। ਏ.ਪੀ.ਸੀ.ਏ. ਇਕ ਬੁਨਿਆਦੀ ਜਥੇਬੰਦੀ ਹੈ ਜਿਸ ਦਾ ਨਿਸ਼ਾਨਾ ਕਾਰੋਬਾਰੀ ਮਾਹੌਲ ਅਤੇ ਸਟੋਰ ਰਿਟੇਲਰਾਂ ਤੇ ਭਾਈਚਾਰੇ ਵਿਚਾਲੇ ਸਬੰਧਾਂ ਨੂੰ ਬਿਹਤਰ ਬਣਾਉਣਾ ਹੈ। ਇਸ ਤੋਂ ਇਲਾਵਾ ਆਪਣੇ ਮੈਂਬਰਾਂ ਲਈ ਕਾਰੋਬਾਰੀ ਲੈਣ-ਦੇਣ ਦਾ ਇਕ ਸਰੋਤ ਬਣਨਾ ਵੀ ਇਸ ਦਾ ਮਨੋਰਥ ਹੈ। ਇਸ ਤੋਂ ਪਹਿਲਾਂ ਫਰਿਜ਼ਨੋ ਵਿਚ ਹੋਏ ਦੋ ਟਰੇਡ ਸ਼ੋਅ ਬਹੁਤ ਸਫਲ ਰਹੇ ਸਨ।

ਇਸ ਟਰੇਡ ਸ਼ੋਅ ਵਿਚ 80 ਵੈਂਡਰ ਹੋਣਗੇ ਜੋ ਸਟੋਰਾਂ ਨੂੰ ਸਮਾਨ ਸਪਲਾਈ ਕਰਦੇ ਹਨ।

APCA AMERICAN PETROLEUM AND CONVENIENCE STORE ASSOCIATION

ਇਸ ਤੋਂ ਇਲਾਵਾ ਕੁਝ ਨਵੇਂ ਵੈਂਡਰ ਵੀ ਹੋਣਗੇ ਜੋ ਨਵਾਂ ਸਮਾਨ ਪੇਸ਼ ਕਰਨਾ ਚਾਹੁੰਦੇ ਹਨ। ਇਹ ਸਾਰੇ ਲੋਕਲ ਸਟੋਰ ਮਾਲਕਾਂ ਲਈ ਸਮਾਨ ਅਤੇ ਸੇਵਾਵਾਂ ਮੁਹੱਈਆ ਕਰਨ ਵਾਲੇ ਵੈਂਡਰਾਂ ਅਤੇ ਹੋਰ ਸਟੋਰ ਮਾਲਕਾਂ ਨੂੰ ਮਿਲਣ ਦਾ ਵਧੀਆ ਮੌਕਾ ਹੋਵੇਗਾ। ਉਹ ਇਸ ਮੌਕੇ ਦਾ ਲਾਭ ਉਠਾ ਕੇ ਆਪਣੇ ਬਿਜ਼ਨਸ ਨੂੰ ਦਰਪੇਸ਼ ਮੁੱਦਿਆਂ 'ਤੇ ਸਲਾਹ ਮਸ਼ਵਰਾ ਕਰ ਸਕਦੇ ਹਨ ਅਤੇ ਇਕ ਸਾਂਝਾ ਮੰਚ ਬਣਾਉਣ 'ਤੇ ਵਿਚਾਰ ਕਰ ਸਕਦੇ ਹਨ।

ਇਸ ਟਰੇਡ ਸ਼ੋਅ ਦੌਰਾਨ ਕਾਂਗਸਰਮੈਨ ਡਾ. ਅਮੀ ਬੇਰਾ, ਕੈਲੀਫੋਰਨੀਆ ਅਸੈਂਬਲੀਮੈਨ ਐਸ਼ ਕਾਲੜਾ, ਸੈਕਰਾਮੈਂਟੋ ਦੇ ਮੇਅਰ ਡੈਰਲ ਸਟੀਨਬਰਗ, ਐਲਕ ਗਰੂਵ ਦੇ ਮੇਅਰ ਸਟੀਵ ਲੀ ਅਤੇ ਹੋਰ ਕਈ ਅਹਿਮ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ।

# ਸਿੱਖ ਲੀਡਰ ਦੀ ਹਾਜ਼ਰ ਜਵਾਬੀ ਦੀ ਚਰਚਾ

**ਬਰੈਂਪਟਨ:** ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਉਤੇ ਸਿੱਖਾਂ ਦੇ ਦਿਆਲੂ ਤੇ ਭਾਈਚਾਰਕ ਸੁਭਾਅ ਦਾ ਸਬੂਤ ਦਿੰਦਾ ਵੀਡੀਓ ਵਾਇਰਲ ਹੋ ਰਿਹਾ ਹੈ। ਵੀਡੀਓ ਵਿਚ ਕੈਨੇਡਾ ਵਿਚ ਇਕ ਔਰਤ ਵੱਲੋਂ ਕੀਤੇ ਜਾ ਰਹੇ ਜ਼ਬਾਨੀ ਨਸਲੀ ਹਮਲੇ ਦਾ ਜਵਾਬ ਸਿੱਖ ਸਿਆਸਤਦਾਨ ਜਗਮੀਤ ਸਿੰਘ ਨੇ ਬੜੀ ਹੀ ਹਾਜ਼ਰ ਜਵਾਬੀ ਨਾਲ ਦਿੱਤਾ, ਜਿਸ ਤੋਂ ਲੋਕ ਕਾਫੀ ਪ੍ਰਭਾਵਿਤ ਹੋਏ ਹਨ। ਦਰਅਸਲ, ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਇਕ ਸਮਾਗਮ ਦੌਰਾਨ ਉਕਤ ਔਰਤ ਗੁੱਸੇ ਵਿਚ ਜਗਮੀਤ ਸਿੰਘ 'ਤੇ ਨਸਲੀ ਟਿੱਪਣੀਆਂ ਕਰਨ ਲੱਗ ਪਈ। ਜਗਮੀਤ ਸਿੰਘ ਨੇ ਉਸ ਦਾ ਜਵਾਬ ਇਹ ਕਹਿੰਦੇ ਹੋਏ ਦਿੱਤਾ, "ਅਸੀਂ ਤੁਹਾਨੂੰ ਜੀ ਆਇਆਂ ਕਹਿੰਦੇ ਹਾਂ, ਅਸੀਂ ਤੁਹਾਨੂੰ ਪਿਆਰ ਕਰਦੇ ਹਾਂ, ਅਸੀਂ ਤੁਹਾਡਾ ਸਮਰਥਨ ਕਰਦੇ ਹਾਂ।" ਇਸੇ ਦੌਰਾਨ ਜਗਮੀਤ ਸਿੰਘ ਦੇ ਸਮਰਥਕ ਉਸ ਦੀ ਮੁਹਿੰਮ ਦਾ ਨਾਅਰਾ 'ਪਿਆਰ ਅਤੇ ਹਿੰਮਤ' ਗਾਉਣ ਲੱਗ ਪਏ।

ਜ਼ਿਕਰਯੋਗ ਹੈ ਕਿ 38 ਸਾਲਾ ਜਗਮੀਤ ਸਿੰਘ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਐਨ.ਡੀ.ਪੀ. ਦੀ ਅਗਵਾਈ ਕਰ ਰਹੇ ਹਨ। ਜਗਮੀਤ ਸਿੰਘ ਜਦੋਂ ਸਮਾਗਮ 'ਚ ਉਥੇ ਮੌਜੂਦ ਲੋਕਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਸਨ ਤਾਂ ਜੈਨੀਫਰ ਨਾਂ ਦੀ ਔਰਤ ਜਗਮੀਤ ਸਿੰਘ ਨੇੜੇ ਆਈ ਤੇ ਕਹਿਣ ਲੱਗੀ ਕਿ ਅਸੀਂ ਜਾਣਦੇ ਹਾਂ ਤੁਸੀਂ ਸ਼ਰੀਆ ਨੂੰ ਮੰਨਦੇ ਹੋ ਤੇ ਤੁਹਾਡਾ ਮੁਸਲਿਮ ਭਾਈਚਾਰਾ ਹੈ। ਜਗਮੀਤ ਸਿੰਘ ਨੇ ਸਪਸ਼ਟ ਰੂਪ ਵਿਚ ਉਸ ਨੂੰ ਜਵਾਬ ਦੇਣ ਦੀ ਥਾਂ ਸਮਰਥਕਾਂ ਨੂੰ ਕਿਹਾ ਕਿ ਅਸੀਂ ਪਿਆਰ ਤੇ ਹਿੰਮਤ 'ਚ ਵਿਸ਼ਵਾਸ ਰੱਖਦੇ ਹਾਂ, ਅਸੀਂ ਨਫਰਤ ਕਰ ਕੇ ਕਿਸੇ ਡਰ ਵਿਚ ਨਹੀਂ ਰਹਿਣਾ ਤੇ ਅਸੀਂ ਇਸ ਸਕਾਰਾਤਮਕ ਪ੍ਰੋਗਰਾਮ ਨੂੰ ਨਫਰਤ ਕਰ ਕੇ ਖਰਾਬ ਨਹੀਂ ਕਰਨਾ ਚਾਹੁੰਦੇ। ਇਸ ਤੋਂ ਬਾਅਦ ਉਕਤ ਔਰਤ ਚੁੱਪ ਕਰ ਕੇ ਸਮਾਗਮ ਨੂੰ ਛੱਡ ਕੇ ਬਾਹਰ ਚਲੀ ਗਈ।

# ਸਿੱਖਾਂ ਵੱਲੋਂ ਅਮਰੀਕਾ ਵਿਚ ਮਿਸਾਲ ਕਾਇਮ

**ਵਾਸ਼ਿੰਗਟਨ:** ਇਕ ਤੋਂ ਬਾਅਦ ਇਕ ਆਏ ਸਮੁੰਦਰੀ ਤੂਫਾਨਾਂ ਤੇ ਹੜ੍ਹਾਂ ਦੇ ਝੰਬੇ ਅਮਰੀਕੀਆਂ ਦੀ ਮਦਦ ਲਈ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਦੇ ਲੋਕ ਅੱਗੇ ਆਉਣੇ ਸ਼ੁਰੂ ਹੋ ਗਏ ਹਨ। ਆਪਣੀ ਸੇਵਾ ਭਾਵਨਾ ਲਈ ਦੁਨੀਆਂ ਭਰ ਵਿਚ ਮਸ਼ਹੂਰ ਸਿੱਖਾਂ ਨੇ ਕਈ ਥਾਵਾਂ ਉਤੇ ਤੂਫਾਨ ਤੋਂ ਪਹਿਲਾਂ ਹੀ ਜ਼ਰੂਰੀ ਸਾਮਾਨ ਲੋਕਾਂ ਤੱਕ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੇ ਗੁਰੂ ਘਰ ਵਿਚ ਠਹਿਰਾ ਲਈ ਪ੍ਰਬੰਧ ਕਰ ਦਿੱਤੇ ਹਨ ਤੇ ਲੰਗਰ ਵੀ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਇਲਾਵਾ ਹਿੰਦੂ ਭਾਈਚਾਰੇ ਨੇ ਵੀ ਮੰਦਰਾਂ ਵਿਚ ਤੂਫਾਨ ਪੀੜਤਾਂ ਦੇ ਰੁਕਣ ਦਾ ਇੰਤਜ਼ਾਮ ਕੀਤਾ ਹੈ। ਇਸ ਤੋਂ ਇਲਾਵਾ ਅਟਲਾਂਟਾ ਦੇ 100 ਤੇ ਓਰਲੈਂਡੋ ਦੇ 400 ਤੋਂ ਜ਼ਿਆਦਾ ਪਰਿਵਾਰਾਂ ਨੇ ਤੂਫਾਨ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਆਪਣੇ ਘਰਾਂ ਵਿਚ ਥਾਂ ਦੀ ਪੇਸ਼ਕਸ਼ ਕੀਤੀ ਹੈ। ਸਰਕਾਰ ਵੱਲੋਂ ਐਲਾਨੇ ਐਮਰਜੈਂਸੀ ਹਾਲਾਤ ਵਿਚ ਅਮਰੀਕੀ ਸਿੱਖਾਂ ਨੇ ਤੁਰਤ ਵੱਧ ਤੋਂ ਵੱਧ ਦਾਨ ਤੇ ਰਾਹਤ ਸਮੱਗਰੀ ਭੇਜਣ ਲਈ ਉਪਰਾਲੇ ਸ਼ੁਰੂ ਕਰ ਦਿੱਤੇ ਹਨ ਤੇ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ। ਅਟਲਾਂਟਾ ਵਿਚ ਭਾਰਤੀ ਸਫਾਰਤਖਾਨਾ ਲਗਾਤਾਰ ਭਾਰਤੀ-ਅਮਰੀਕੀ ਸੰਗਠਨਾਂ ਦੀ ਸਹਾਇਤਾ ਨਾਲ ਪੀੜਤਾਂ ਤਕ ਰਾਹਤ ਪਹੁੰਚਾਉਣ ਦਾ ਕੰਮ ਕਰ ਰਿਹਾ ਹੈ

# ਔਰਤਾਂ ਦੀ ਮਿਲਟਰੀ ਪੁਲਿਸ 'ਚ ਭਰਤੀ ਦਾ ਰਾਹ ਹੋਇਆ ਪੱਧਰਾ

**ਨਵੀਂ ਦਿੱਲੀ:** ਫੌਜ ਨੇ ਔਰਤਾਂ ਨੂੰ ਮਿਲਟਰੀ ਪੁਲਿਸ ਵਿਚ ਸ਼ਾਮਲ ਕਰਨ ਦੀ ਯੋਜਨਾ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਇਸ ਫੈਸਲੇ ਨੂੰ ਔਰਤਾਂ ਦੇ ਫੌਜ ਵਿਚ ਸ਼ਾਮਲ ਹੋਣ ਦੀਆਂ ਰੁਕਾਵਟਾਂ ਨੂੰ ਖਤਮ ਕਰਨ ਦੀ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਫੌਜ ਨੇ ਮਿਲਟਰੀ ਪੁਲਿਸ ਵਿਚ 800 ਔਰਤਾਂ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ ਹੈ ਅਤੇ ਹਰੇਕ ਸਾਲ 52 ਔਰਤਾਂ ਨੂੰ ਮਿਲਟਰੀ ਪੁਲਿਸ ਵਿਚ ਸ਼ਾਮਲ ਕੀਤਾ ਜਾਵੇਗਾ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਕੁਝ ਔਰਤ ਸੈਨਿਕਾਂ ਨੂੰ ਗੜਬੜ ਗ੍ਰਸਤ ਕਸ਼ਮੀਰ ਵਾਦੀ ਵਿਚ ਔਰਤਾਂ ਦੀ ਤਲਾਸ਼ੀ ਵਰਗੇ ਵੱਖ-ਵੱਖ ਕਿਸਮ ਦੇ ਕੰਮਾਂ ਲਈ ਹੌਲੀ ਹੌਲੀ ਤਾਇਨਾਤ ਕੀਤਾ ਜਾਵੇਗਾ। ਨਿਰਮਲਾ ਸੀਤਾਰਮਨ ਵੱਲੋਂ ਦੇਸ਼ ਦੇ ਰੱਖਿਆ ਮੰਤਰੀ ਦਾ ਕਾਰਜਭਾਰ ਸੰਭਾਲਣ ਤੋਂ ਇਕ ਦਿਨ ਪਿੱਛੋਂ ਕੀਤੇ ਇਸ ਐਲਾਨ ਨੂੰ ਔਰਤਾਂ ਲਈ ਲੜਾਕੂ ਭੂਮਿਕਾਵਾਂ ਨਿਭਾਉਣ ਲਈ ਰਸਤੇ ਖੋਲ੍ਹਣ ਵੱਲ ਇਕ ਕਦਮ ਵਜੋਂ ਵੀ ਦੇਖਿਆ ਜਾ ਰਿਹਾ ਹੈ।


## ਹਲਵਾਈ ਦੀ ਲੋੜ ਹੈ

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਇੰਡੀਅਨ ਸਟੋਰ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਦੀ ਲੋੜ ਹੈ। ਮੀਆਂ-ਬੀਵੀ ਵੀ ਹੋ ਸਕਦੇ ਹਨ। ਚੰਗੀ ਤਨਖਾਹ।

ਸੰਪਰਕ ਕਰੋ:

ਫੋਨ: 317-987-7802, 317-987-7801

37-39

## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening • 8 Drive Tires For $3300 Kelly KDA • Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਐਸ.ਵਾਈ.ਐਲ: ਪੰਜਾਬ ਤੇ ਹਰਿਆਣਾ ਨੂੰ ਸੁਲ੍ਹਾ ਦਾ ਇਕ ਹੋਰ ਮੌਕਾ

## ਕੇਂਦਰ ਦੀ ਮੰਗ 'ਤੇ ਅਦਾਲਤ ਨੇ ਦਿੱਤਾ ਛੇ ਹਫਤਿਆਂ ਦਾ ਸਮਾਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਦਰਮਿਆਨ ਝਗੜੇ ਦਾ ਕਾਰਨ ਬਣੀ ਸਤਲੁਜ-ਯਮੁਨਾ ਲਿੰਕ ਨਹਿਰ (ਐਸ.ਵਾਈ.ਐਲ.) ਦਾ ਦੋਸਤਾਨਾ ਹੱਲ ਲੱਭਣ ਲਈ ਕੇਂਦਰ ਨੂੰ ਛੇ ਹਫਤਿਆਂ ਦਾ ਸਮਾਂ ਦਿੱਤਾ ਹੈ। ਬੈਂਚ ਨੂੰ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਦੱਸਿਆ ਕਿ ਕੇਂਦਰ ਵੱਲੋਂ ਇਸ ਮਾਮਲੇ ਦੇ ਹੱਲ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਇਸ ਮਕਸਦ ਲਈ ਹੋਰ ਸਮਾਂ ਦਿੱਤਾ ਜਾਵੇ।

ਬੈਂਚ ਨੇ ਕੇਂਦਰ ਸਰਕਾਰ ਦੇ ਬਿਆਨ ਉਤੇ ਗੌਰ ਕਰਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ ਅੱਠ ਨਵੰਬਰ ਮੁਕੱਰਰ ਕੀਤੀ ਹੈ, ਜਦੋਂ ਕੇਂਦਰ ਸਰਕਾਰ ਵੱਲੋਂ ਬੈਂਚ ਨੂੰ ਮਸਲੇ ਦੇ ਗੱਲਬਾਤ ਰਾਹੀਂ ਹੱਲ ਦੀਆਂ ਕੋਸ਼ਿਸ਼ਾਂ ਦੇ ਸਿੱਟਿਆਂ ਬਾਰੇ ਦੱਸਿਆ ਜਾਵੇਗਾ। ਗੌਰਤਲਬ ਹੈ ਕਿ ਇਸ ਤੋਂ ਪਹਿਲਾਂ 11 ਜੁਲਾਈ ਦੀ ਸੁਣਵਾਈ ਦੌਰਾਨ ਬੈਂਚ ਨੇ ਸਾਫ ਕੀਤਾ ਸੀ ਕਿ ਪੰਜਾਬ ਤੇ ਹਰਿਆਣਾ ਲਈ ਜ਼ਰੂਰੀ ਹੈ ਕਿ ਉਹ ਸੁਪਰੀਮ ਕੋਰਟ ਦੇ ਫੈਸਲਿਆਂ ਦਾ ਸਤਿਕਾਰ ਤੇ ਇਨ੍ਹਾਂ ਨੂੰ ਲਾਗੂ ਕਰਨ।

ਗੌਰਤਲਬ ਹੈ ਕਿ ਪਾਣੀਆਂ ਦੀ ਵੰਡ ਦਾ 1981 ਦਾ ਵਿਵਾਗ੍ਰਸਤ ਸਮਝੌਤਾ ਸਾਲ 1966 ਵਿਚ ਪੰਜਾਬ ਵਿਚੋਂ ਹਰਿਆਣਾ ਨੂੰ ਵੱਖਰਾ ਸੂਬਾ ਬਣਾਏ ਜਾਣ ਦਾ ਸਿੱਟਾ ਹੈ। ਪਾਣੀਆਂ ਦੀ ਅਸਰਦਾਰ ਵੰਡ ਲਈ ਐਸ.ਵਾਈ.ਐਲ. ਨਹਿਰ ਬਣਾਏ ਜਾਣ ਦਾ ਵਿਚਾਰ ਸਾਹਮਣੇ ਆਇਆ ਤੇ ਫੈਸਲਾ ਹੋਇਆ ਕਿ ਦੋਵੇਂ ਸੂਬੇ ਆਪੋ-ਆਪਣੇ ਖਿੱਤੇ ਵਿਚ ਪੈਂਦੇ ਨਹਿਰ ਦੇ ਹਿੱਸੇ ਦੀ ਉਸਾਰੀ ਕਰਨਗੇ। ਹਰਿਆਣਾ ਨੇ ਆਪਣੇ ਹਿੱਸੇ ਦੀ ਨਹਿਰ ਪਹਿਲਾਂ ਹੀ ਉਸਾਰ ਦਿੱਤੀ ਪਰ ਪੰਜਾਬ ਵਾਲੇ ਹਿੱਸੇ ਦੀ ਉਸਾਰੀ ਵੱਖ-ਵੱਖ ਕਾਰਨਾਂ ਕਰ ਕੇ ਨਹੀਂ ਹੋ ਸਕੀ।

ਪੰਜਾਬ ਦੀ ਇਹ ਵੀ ਦਲੀਲ ਹੈ ਕਿ ਹਰਿਆਣਾ ਨੂੰ ਪਾਣੀ ਦਾ ਹਿਸਾ ਕੇਂਦਰ ਨੇ ਆਪਣੀ ਧੌਂਸ 'ਤੇ ਕੌਮਾਂਤਰੀ ਰਿਪੇਰੀਅਨ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਕੇ ਦਿੱਤਾ ਹੈ, ਕਿਉਂਕਿ ਰਿਪੇਰੀਅਨ ਸਿਧਾਂਤ ਮੁਤਾਬਕ ਦਰਿਆਈ ਪਾਣੀਆਂ ਉਤੇ ਉਨ੍ਹਾਂ ਸੂਬਿਆਂ ਦਾ ਹੀ ਹੱਕ ਬਣਦਾ ਹੈ, ਜਿਨ੍ਹਾਂ ਵਿਚੋਂ ਦਰਿਆ ਲੰਘਦੇ ਹੋਣ। ਦੱਸਣਯੋਗ ਹੈ ਕਿ ਪੰਜਾਬ ਦੇ ਜਿਨ੍ਹਾਂ ਦਰਿਆਵਾਂ ਦੇ ਪਾਣੀ ਵਿਚੋਂ ਹਰਿਆਣਾ ਹਿਸਾ ਮੰਗ ਰਿਹਾ ਹੈ, ਉਨ੍ਹਾਂ ਵਿਚੋਂ ਕੋਈ ਹਰਿਆਣਾ ਵਿਚੋਂ ਨਹੀਂ ਲੰਘਦਾ। ਇਸ ਕਾਰਨ 2004 ਵਿਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਵਿਚ ਇਕ ਐਕਟ ਪਾਸ ਕਰ ਕੇ ਪਾਣੀਆਂ ਦੀ ਵੰਡ ਸਬੰਧੀ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਉਧਰ, ਸੁਪਰੀਮ ਕੋਰਟ ਨੇ 2002 ਵਿਚ ਫੈਸਲਾ ਦਿੱਤਾ ਸੀ ਕਿ ਪੰਜਾਬ ਨੂੰ ਨਹਿਰ ਦੀ ਉਸਾਰੀ ਸਬੰਧੀ ਆਪਣੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ।



### ਪਾਣੀ ਬਾਰੇ ਪੰਜਾਬ ਦੀ ਦਲੀਲ

ਪੰਜਾਬ ਦੀ ਦਲੀਲ ਹੈ ਕਿ ਪਾਣੀ 17.17 ਐਮ.ਏ.ਐਫ. ਤੋਂ ਘਟ ਕੇ 13.38 ਐਮ.ਏ.ਐਫ. 'ਤੇ ਪਹੁੰਚ ਗਿਆ ਹੈ ਅਤੇ ਪਾਣੀ ਦੇ ਪੱਧਰ 'ਚ ਲਗਾਤਾਰ ਗਿਰਾਵਟ ਆਉਂਦੀ ਜਾ ਰਹੀ ਹੈ। ਪੰਜਾਬ 'ਚ ਹਰ ਸਾਲ ਜ਼ਮੀਨੀ ਪਾਣੀ ਦਾ ਪੱਧਰ 12 ਐਮ.ਏ.ਐਫ. ਘਟ ਰਿਹਾ ਹੈ ਜਿਸ ਕਾਰਨ ਸੂਬੇ ਕੋਲ ਐਸ.ਵਾਈ.ਐਲ. ਰਾਹੀਂ ਹੋਰ ਸੂਬਿਆਂ ਨੂੰ ਦੇਣ ਲਈ ਫਾਲਤੂ ਪਾਣੀ ਨਹੀਂ ਹੈ। ਖੇਤੀ ਲਈ 52 ਐਮ.ਏ.ਐਫ. ਪਾਣੀ ਦੀ ਲੋੜ ਹੈ ਪਰ ਦਰਿਆਵਾਂ ਤੋਂ ਸਿਰਫ 27 ਫੀਸਦੀ ਪਾਣੀ ਹੀ ਮਿਲ ਰਿਹਾ ਹੈ।

### ਹਰਿਆਣਾ ਦਾ ਕਾਨੂੰਨੀ ਤੇ ਸਿਆਸੀ ਦਾਅ

**ਚੰਡੀਗੜ੍ਹ:** ਐਸ.ਵਾਈ.ਐਲ. ਮਾਮਲੇ ਦਾ ਦੋਸਤਾਨਾ ਹੱਲ ਕੱਢਣ ਲਈ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਛੇ ਹਫਤਿਆਂ ਦਾ ਸਮਾਂ ਦਿੱਤੇ ਜਾਣ ਤੋਂ ਬਾਅਦ ਹਰਿਆਣਾ ਸਰਕਾਰ ਨੇ ਮਾਮਲਾ ਆਪਣੇ ਪੱਖ ਵਿਚ ਕਰਨ ਲਈ ਦੋਵੇਂ ਕਾਨੂੰਨੀ ਤੇ ਸਿਆਸੀ ਦਾਅ ਮਾਰਨ ਲਈ ਦੋ-ਪੱਖੀ ਰਣਨੀਤੀ ਘੜੀ ਹੈ। ਹਰਿਆਣਾ ਦੀ ਭਾਜਪਾ ਸਰਕਾਰ ਕੇਂਦਰ ਵਿਚ ਵੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦਾ ਹੋਣਾ ਆਪਣੇ ਫਾਇਦੇ ਵਾਲੀ ਗੱਲ ਸਮਝ ਰਹੀ ਹੈ। ਹਰਿਆਣਾ ਵੱਲੋਂ ਸੁਪਰੀਮ ਕੋਰਟ ਵਿਚ ਪਹਿਲਾਂ ਹੀ ਮਾਮਲਾ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ। ਨਾਲ ਹੀ ਹਰਿਆਣਾ ਵੱਲੋਂ ਪੰਜਾਬ ਉਤੇ ਕੇਂਦਰ ਤੋਂ ਦਬਾਅ ਪਵਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਇਸੇ ਸਿਆਸੀ ਰਣਨੀਤੀ ਤਹਿਤ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਪਣੇ ਸੀਨੀਅਰ ਮੰਤਰੀਆਂ ਸਣੇ ਸੁਪਰੀਮ ਕੋਰਟ ਵਿਚ ਸੁਣਵਾਈ ਤੋਂ ਪਹਿਲਾਂ ਕੇਂਦਰੀ ਪਾਣੀ ਵਸੀਲਾ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ ਕੀਤੀ ਸੀ।

### ਪਾਣੀਆਂ ਬਾਰੇ ਕੋਈ ਸਮਝੌਤਾ ਪ੍ਰਵਾਨ ਨਹੀਂ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਬਾਰੇ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਪ੍ਰਵਾਨ ਨਹੀਂ ਹੋਵੇਗਾ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸੁਚੇਤ ਕੀਤਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ਉਤੇ ਹਰਿਆਣਾ ਨਾਲ ਕਿਸੇ ਵੀ ਸੌਦੇਬਾਜ਼ੀ ਲਈ ਸਹਿਮਤੀ ਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਤੁਰਤ ਐਲਾਨ ਕਰ ਦੇਣਾ ਚਾਹੀਦਾ ਹੈ ਕਿ ਨਾ ਐਸ.ਵਾਈ.ਐਲ. ਦੀ ਉਸਾਰੀ ਹੋਵੇਗੀ ਅਤੇ ਨਾ ਹੀ ਹਰਿਆਣਾ ਨੂੰ ਪਾਣੀ ਦਿੱਤਾ ਜਾਵੇਗਾ।

## ਮੰਗਲ 'ਤੇ ਵੀ ਧੜਕਦੀ ਸੀ ਜ਼ਿੰਦਗੀ

**ਵਾਸ਼ਿੰਗਟਨ:** ਵਿਗਿਆਨੀਆਂ ਨੇ ਮੰਗਲ ਗ੍ਰਹਿ 'ਤੇ ਬੋਰਾਨ ਦੀ ਖੋਜ ਕੀਤੀ ਹੈ। ਇਸ ਅਧਾਰ 'ਤੇ ਵਿਗਿਆਨੀਆਂ ਨੇ ਅਨੁਮਾਨ ਲਗਾਇਆ ਹੈ ਕਿ ਮੰਗਲ ਗ੍ਰਹਿ ਕਿਸੇ ਸਮੇਂ ਮਨੁੱਖੀ ਜੀਵਨ ਦੇ ਯੋਗ ਸੀ। ਖੋਜ ਵਿਚ ਸ਼ਾਮਲ ਲਾਸ ਐਲਾਮਾਸ ਰਾਸ਼ਟਰੀ ਲੈਬ, ਅਮਰੀਕਾ ਦੇ ਪੈਟ੍ਰਿਕ ਗੈਸਡਾ ਨੇ ਦੱਸਿਆ ਕਿ ਧਰਤੀ 'ਤੇ ਮੌਜੂਦ ਸਾਰੇ ਜੀਵਾਂ ਵਿਚ ਰਿਬੋਨਿਊਕਲਿਕ ਐਸਿਡ (ਆਰ.ਐਨ.ਏ.) ਪਾਇਆ ਜਾਂਦਾ ਹੈ, ਜਿਸ ਵਿਚ ਸਾਰੇ ਜੀਵਾਂ ਦੇ ਜੀਨ ਨਾਲ ਜੁੜੀਆਂ ਜਾਣਕਾਰੀਆਂ ਹੁੰਦੀਆਂ ਹਨ।



ਇਨ੍ਹਾਂ ਆਰ.ਐਨ.ਏ. ਨੂੰ ਬਣਾਉਣ 'ਚ ਬੋਰਾਨ ਦੀ ਮੁੱਖ ਭੂਮਿਕਾ ਹੁੰਦੀ ਹੈ। ਆਰ.ਐਨ.ਏ. ਦਾ ਪ੍ਰਮੁੱਖ ਤੱਤ ਰੀਬੋਜ਼ (ਇਕ ਪ੍ਰਕਾਰ ਦੀ ਚੀਨੀ) ਹੁੰਦਾ ਹੈ, ਪਰ ਇਹ ਪਾਣੀ 'ਚ ਘੁਲ ਕੇ ਤੁਰਤ ਨਸ਼ਟ ਹੋ ਜਾਂਦਾ ਹੈ। ਆਰ.ਐਨ.ਏ. ਨਸ਼ਟ ਨਾ ਹੋਵੇ, ਇਸ ਲਈ ਬੋਰਾਨ ਦੀ ਜ਼ਰੂਰਤ ਹੁੰਦੀ ਹੈ। ਬੋਰਾਨ ਪਾਣੀ 'ਚ ਘੁਲ ਕੇ ਬੋਰਾਟ ਬਣਾਉਂਦਾ ਹੈ, ਜੋ ਰੀਬੋਜ਼ ਨਾਲ ਪ੍ਰਤੀਕਿਰਿਆ ਕਰ ਕੇ ਆਰ.ਐਨ.ਏ. ਨੂੰ ਲੰਬੇ ਸਮੇਂ ਤੱਕ ਸਥਿਰ ਰੱਖਦਾ ਹੈ। ਗੈਸਡਾ ਅਨੁਸਾਰ ਖੋਜ ਵਿਚ ਮੰਗਲ ਅਰਥਾਤ ਲਾਲ ਗ੍ਰਹਿ 'ਤੇ 3.8 ਅਰਬ ਸਾਲ ਪੁਰਾਣੇ ਬੋਰੇਟਸ ਮਿਲੇ ਹਨ, ਜੋ ਧਰਤੀ 'ਤੇ ਜੀਵਨ ਦੇ ਸ਼ੁਰੂ ਹੋਣ ਤੋਂ ਕੁਝ ਸਾਲ ਬਾਅਦ ਦੇ ਹਨ।

ਮੰਗਲ 'ਤੇ ਕੈਲਸ਼ੀਅਮ ਸਲਫੇਟ ਬੋਰਾਨ ਪਾਇਆ ਗਿਆ। ਇਸ ਤੋਂ ਭਾਵ ਹੈ ਕਿ ਬੋਰਾਨ ਉਸ ਗ੍ਰਹਿ ਦੇ ਭੂ-ਜਲ 'ਚ ਪਾਇਆ ਜਾਂਦਾ ਹੈ। ਬੋਰਾਨ ਦੀ ਖੋਜ ਕੇਮਕਾਮ ਨਾਂ ਦੇ ਯੰਤਰ ਨਾਲ ਸੰਭਵ ਹੋਈ, ਜਿਸ ਨੂੰ ਲਾਸ ਐਲਾਮਾਸ ਰਾਸ਼ਟਰੀ ਲੈਬ. ਅਤੇ ਫਰੈਂਚ ਸਪੇਸ ਏਜੰਸੀ ਨੇ ਸਾਂਝੇ ਉਦਮ ਨਾਲ ਬਣਾਇਆ।

## ਪਾਤਰ ਨੇ ਸੰਭਾਲੀ ਕਲਾ ਪ੍ਰੀਸ਼ਦ ਦੇ ਚੇਅਰਮੈਨ ਦੀ ਕੁਰਸੀ

**ਚੰਡੀਗੜ੍ਹ:** ਪੰਜਾਬੀ ਸ਼ਾਇਰ ਤੇ ਪਦਮਸ੍ਰੀ ਡਾ. ਸੁਰਜੀਤ ਪਾਤਰ ਨੂੰ ਸਰਬਸੰਮਤੀ ਨਾਲ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਚੁਣ ਲਿਆ ਗਿਆ ਹੈ। ਉਘੀ ਥੀਏਟਰ ਸ਼ਖਸੀਅਤ ਡਾ. ਨੀਲਮ ਮਾਨ ਸਿੰਘ ਨੂੰ ਵਾਈਸ ਚੇਅਰਮੈਨ ਚੁਣਿਆ ਗਿਆ ਹੈ ਜਦਕਿ ਮੌਜੂਦਾ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ ਦਾ ਅਹੁਦਾ ਫਿਲਹਾਲ ਬਰਕਰਾਰ ਹੈ। ਫਿਲਹਾਲ ਪ੍ਰੀਸ਼ਦ ਦੀਆਂ ਸਬੰਧਤ ਤਿੰਨ ਅਕਾਦਮੀਆਂ- ਸੰਗੀਤ ਨਾਟਕ, ਲਲਿਤ ਕਲਾ ਅਤੇ ਸਾਹਿਤ ਅਕਾਦਮੀਆਂ ਦੇ ਪ੍ਰਧਾਨਾਂ ਅਤੇ ਸਕੱਤਰਾਂ ਨੂੰ ਸਤਿੰਦਰ ਸੱਤੀ ਅਤੇ ਐਸ.ਐਸ. ਵਿਰਦੀ ਵਾਂਗ ਛਾਂਗ ਕੇ ਨਵੇਂ ਅਹੁਦੇਦਾਰ ਚੁਣਨ ਦੀ ਕੋਈ ਸੰਭਾਵਨਾ ਨਹੀਂ ਹੈ। ਦੱਸਣਯੋਗ ਹੈ ਕਿ ਡਾ. ਪਾਤਰ ਅਤੇ ਡਾ. ਨੀਲਮ ਮਾਨ ਸਿੰਘ ਨੂੰ ਸਰਕਾਰ ਵੱਲੋਂ ਅੱਧਵਾਟਿਓਂ ਹੀ ਨਾਟਕੀ ਢੰਗ ਨਾਲ ਪ੍ਰੀਸ਼ਦ ਵਿਚੋਂ ਛਾਂਟੀ ਕੀਤੇ ਸੱਤੀ ਅਤੇ ਸ੍ਰੀ ਵਿਰਦੀ ਦੀ ਥਾਂ ਚੁਣਿਆ ਗਿਆ ਹੈ।

ਪੰਜਾਬ ਕਲਾ ਪ੍ਰੀਸ਼ਦ ਦੀ ਮੀਟਿੰਗ ਦੀ ਪ੍ਰਧਾਨਗੀ ਸੱਭਿਆਚਾਰਕ ਮਾਮਲੇ ਵਿਭਾਗ ਦੇ ਪ੍ਰਮੁੱਖ ਸਕੱਤਰ ਜਸਪਾਲ ਸਿੰਘ ਨੇ ਕੀਤੀ। ਉਨ੍ਹਾਂ ਰਸਮੀ ਤੌਰ 'ਤੇ ਮੀਟਿੰਗ ਦੀ ਕਾਰਵਾਈ ਚਲਾਈ ਅਤੇ ਡਾ. ਜੌਹਲ ਨੇ ਚੇਅਰਮੈਨ ਲਈ ਡਾ. ਪਾਤਰ ਅਤੇ ਵਾਈਸ ਚੇਅਰਮੈਨ ਲਈ ਡਾ. ਨੀਲਮ ਮਾਨ ਸਿੰਘ ਦੇ ਨਾਮ ਤਜਵੀਜ਼ ਕੀਤੇ। ਮੀਟਿੰਗ ਵਿਚ ਹਾਜ਼ਰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਇਸ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ। ਇਹ ਚੋਣ ਮੁਕੰਮਲ ਹੋਣ ਤੋਂ ਤੁਰਤ ਬਾਅਦ ਸੱਭਿਆਚਾਰਕ ਮਾਮਲੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਖੁਦ ਕਲਾ ਭਵਨ ਪੁੱਜੇ ਅਤੇ ਉਨ੍ਹਾਂ ਦੀ ਮੌਜੂਦਗੀ ਵਿਚ ਡਾ. ਸੁਰਜੀਤ ਪਾਤਰ ਨੇ ਅਹੁਦਾ ਸੰਭਾਲਿਆ। ਸ੍ਰੀ ਸਿੱਧੂ ਨੇ ਐਲਾਨ ਕੀਤਾ ਕਿ ਕਲਾ ਪ੍ਰੀਸ਼ਦ ਨੂੰ ਕਲਾਕਾਰਾਂ ਦੀ ਪਾਰਲੀਮੈਂਟ ਦਾ ਰੂਪ ਦਿੱਤਾ ਜਾਵੇਗਾ ਅਤੇ ਇਸ ਲਈ ਨਾਮਜ਼ਦਗੀਆਂ ਕਰਨ ਦੇ ਪੂਰੇ ਅਖਤਿਆਰ ਡਾ. ਪਾਤਰ ਨੂੰ ਹੋਣਗੇ।



### ਸੱਭਿਆਚਾਰਕ ਸਰਗਰਮੀਆਂ ਲਈ ਨਵੀਂ ਰਣਨੀਤੀ

**ਚੰਡੀਗੜ੍ਹ:** ਸੂਤਰਾਂ ਅਨੁਸਾਰ ਕਲਾ ਪ੍ਰੀਸ਼ਦ ਨੂੰ ਪੰਜਾਬ ਭਰ ਵਿਚ ਸਥਾਪਤ ਕਰਨ ਦੀ ਰਣਨੀਤੀ ਬਣਾਈ ਗਈ ਹੈ ਅਤੇ ਇਸ ਬਾਬਤ ਪ੍ਰੀਸ਼ਦ ਦੇ ਸਾਬਕਾ ਸਕੱਤਰ ਜਨਰਲ ਪ੍ਰੋ. ਰਾਜਪਾਲ ਸਿੰਘ ਵੱਲੋਂ ਮੰਤਰੀ ਨੂੰ ਇਕ ਤਜਵੀਜ਼ ਦਿੱਤੀ ਗਈ ਹੈ, ਜਿਸ ਵਿਚ ਕਲਾ ਪ੍ਰੀਸ਼ਦ ਦੇ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ 'ਸੱਭਿਆਚਾਰਕ ਸੱਥ' ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਪਿੰਡ ਪੱਧਰ ਤੱਕ ਸੱਭਿਆਚਾਰਕ ਕੇਂਦਰ ਬਣਾ ਕੇ ਸੂਬਾ ਭਰ ਵਿਚ ਵਿਆਪਕ ਪੱਧਰ ਉਤੇ ਸੱਭਿਆਚਾਰਕ ਸਰਗਰਮੀਆਂ ਚਲਾਉਣ ਦੀ ਰਣਨੀਤੀ ਬਣਾਈ ਹੈ।

# ਧਾਰਮਿਕ ਮੇਲਿਆਂ ਵਿਚ ਦੂਸ਼ਣਬਾਜ਼ੀ ਤੋਂ ਨਾ ਟਲੀਆਂ ਸਿਆਸੀ ਧਿਰਾਂ

**ਮੰਡੀ ਅਹਿਮਦਗੜ੍ਹ:** ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ ਦਿਵਸ ਮੌਕੇ ਗੁਰਦੁਆਰਾ ਖਡੂਰ ਸਾਹਿਬ ਤੇ ਉਤਰੀ ਭਾਰਤ ਦੇ ਸਭ ਤੋਂ ਵੱਡੇ ਛਪਾਰ ਮੇਲੇ ਵਿਚ ਸਿਆਸੀ ਧਿਰਾਂ ਨੇ ਖੁੱਲ੍ਹ ਕੇ ਇਕ ਦੂਜੇ ਖਿਲਾਫ ਦੂਸ਼ਣਬਾਜ਼ੀ ਕੀਤੀ।

ਛਪਾਰ ਮੇਲੇ ਵਿਚ ਕਾਂਗਰਸ ਪਾਰਟੀ ਦੀ ਕਾਨਫਰੰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਕਾਰਨ ਕੁਝ ਵਰਕਰਾਂ ਅਤੇ ਸਥਾਨਕ ਆਗੂਆਂ ਵਿਚ ਮਾਯੂਸੀ ਦੇਖਣ ਨੂੰ ਮਿਲੀ, ਪਰ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਤਕਰੀਰ ਸੁਣਨ ਲਈ ਪੰਡਾਲ ਵਿਚ ਭੀੜ ਬਣੀ ਰਹੀ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਆਪਣੇ ਸੌੜੇ ਹਿੱਤਾਂ ਲਈ ਸੂਬੇ ਤੇ ਸੂਬੇ ਦੇ ਲੋਕਾਂ ਨੂੰ ਆਰਥਿਕ ਤੌਰ 'ਤੇ ਭੰਨ ਦਿੱਤਾ ਹੈ। ਇਸ ਕਰ ਕੇ ਬਾਦਲ ਪਰਿਵਾਰ ਦੇ 'ਕਾਰਨਾਮੇ' ਇਤਿਹਾਸ ਦੇ ਕਾਲੇ ਪੰਨਿਆਂ ਵਿਚ ਦਰਜ ਹੋਣਗੇ।

ਉਨ੍ਹਾਂ ਪਿੰਡ ਛਪਾਰ ਦੇ ਵਿਕਾਸ ਕਾਰਜਾਂ ਲਈ 20 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪਿਛਲੇ 10 ਸਾਲਾਂ ਦੇ ਕੁਸ਼ਾਸਨ ਦਾ ਨਤੀਜਾ ਇਹ ਹੈ ਕਿ ਪੰਜਾਬ 3.5 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਲੱਖਾਂ ਕਿਸਾਨਾਂ ਦਾ ਕਰਜ਼ਾ ਮੁਆਫ ਕਰ ਦਿੱਤਾ ਜਾਵੇਗਾ।



### 'ਆਪ' ਵੱਲੋਂ ਕਾਂਗਰਸ ਤੇ ਅਕਾਲੀ ਦਲ 'ਤੇ ਨਿਸ਼ਾਨੇ

**ਮੰਡੀ ਅਹਿਮਦਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਭ੍ਰਿਸ਼ਟਾਚਾਰ ਕਾਰਨ ਪੰਜਾਬ ਬਰਬਾਦ ਹੋ ਗਿਆ ਹੈ। ਇਸੇ ਕਾਰਨ ਸੂਬੇ ਦੇ ਕਿਸਾਨ ਤੇ ਮਜ਼ਦੂਰ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਦੌਰਾਨ ਕਿਸਾਨਾਂ ਨਾਲ ਕਰਜ਼ ਮੁਆਫੀ ਦੇ ਕੀਤੇ ਵਾਅਦੇ ਨੂੰ ਪੂਰਾ ਨਾ ਕਰ ਕੇ ਧੋਖਾ ਕੀਤਾ ਹੈ। ਹੁਣ ਸਿੱਧ ਹੋ ਗਿਆ ਹੈ ਕਿ ਕੈਪਟਨ ਅਤੇ ਬਾਦਲ ਮਿਲੇ ਹੋਏ ਹਨ।

### ਕਾਂਗਰਸ ਨੇ ਗੁੰਮਰਾਹ ਕਰ ਕੇ ਵੋਟਾਂ ਲਈਆਂ: ਸੁਖਬੀਰ

**ਮੰਡੀ ਅਹਿਮਦਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਿਹਾ ਕਿ ਲੋਕਾਂ ਨੇ ਗੁੰਮਰਾਹ ਹੋ ਕੇ ਕਾਂਗਰਸ ਨੂੰ ਵੋਟਾਂ ਪਾਈਆਂ ਹਨ। ਸ੍ਰੀ ਬਾਦਲ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਦਾ ਸਰਕਾਰ 'ਤੇ ਕੋਈ ਕੰਟਰੋਲ ਨਹੀਂ ਹੈ ਅਤੇ ਨਾ ਹੀ ਉਹ ਪ੍ਰਕਾਸ਼ ਸਿੰਘ ਬਾਦਲ ਵਾਂਗ ਦਿਨ-ਰਾਤ ਲੋਕ ਸੇਵਾ ਕਰਦੇ ਹਨ। ਚੋਣਾਂ ਤੋਂ ਪਹਿਲਾਂ ਕੈਪਟਨ ਨੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਸਰਕਾਰ ਬਣਦੇ ਸਾਰ ਹੀ ਖਜ਼ਾਨਾ ਖਾਲੀ ਹੋਣ ਦਾ ਢਿੰਡੋਰਾ ਪਿੱਟਦੇ ਹੋਏ ਵਿਕਾਸ ਕਾਰਜ ਠੱਪ ਕਰ ਦਿੱਤੇ ਗਏ। ਸਭ ਤੋਂ ਮਾੜੀ ਗੱਲ ਹੈ ਕਿ ਕਾਂਗਰਸ ਨੇ ਬਾਦਲ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸੇਵਾਵਾਂ ਵੀ ਬੰਦ ਕਰ ਦਿੱਤੀਆਂ ਹਨ।

# ਮਾਲੀ ਤੰਗੀ ਨੇ ਕੈਪਟਨ ਸਰਕਾਰ ਲਈ ਕੀਤੇ ਸਾਰੇ ਰਾਹ ਬੰਦ

**ਚੰਡੀਗੜ੍ਹ:** ਆਰਥਿਕ ਤੰਗੀ ਨੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਘੇਰ ਲਿਆ ਹੈ। ਸੂਬੇ ਦੇ ਵਿੱਤ ਵਿਭਾਗ ਨੇ ਚਲੰਤ ਮਾਲੀ ਸਾਲ ਦੇ ਪਹਿਲੇ ਪੰਜ ਮਹੀਨਿਆਂ (ਅਪਰੈਲ ਤੋਂ ਅਗਸਤ) ਦਾ ਮੁਲਾਂਕਣ ਕਰਦਿਆਂ ਸਿੱਟਾ ਕੱਢਿਆ ਹੈ ਕਿ ਵਿੱਤੀ ਹਾਲਤ ਬੇਹੱਦ ਗੰਭੀਰ ਹੈ ਕਿਉਂਕਿ ਜੀ.ਐਸ.ਟੀ. ਲਾਗੂ ਹੋਣ ਮਗਰੋਂ ਕਰਾਂ 'ਚ ਵਾਧਾ 4 ਫੀਸਦੀ ਹੀ ਹੋਇਆ ਹੈ। ਇਸ ਦੇ ਉਲਟ ਸਰਕਾਰ ਦੇ ਖਰਚ ਵਿਚ 15 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਅੰਕੜਿਆਂ ਮੁਤਾਬਕ ਲੰਘੇ ਵਿੱਤੀ ਵਰ੍ਹੇ ਦੌਰਾਨ ਕਰਾਂ ਦੀ ਵਸੂਲੀ 7793 ਕਰੋੜ ਰੁਪਏ ਹੋਈ ਸੀ ਜਦੋਂ ਕਿ ਇਸ ਵਾਰੀ 31 ਅਗਸਤ ਤੱਕ 8112 ਕਰੋੜ ਰੁਪਏ ਹੀ ਹੋਈ ਹੈ।

ਇਸ ਤਰ੍ਹਾਂ ਨਾਲ ਸਿਰਫ 319 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਕਿ ਜੋ ਕਿ 4 ਫੀਸਦੀ ਬਣਦਾ ਹੈ। ਪੰਜਾਬ ਵਿਚ ਵੈਟ ਦੀ ਥਾਂ ਜੀ.ਐਸ.ਟੀ. ਦੀ ਵਸੂਲੀ ਪਹਿਲੀ ਜੁਲਾਈ ਤੋਂ ਸ਼ੁਰੂ ਹੋ ਗਈ ਸੀ ਤੇ ਇਸ ਨਵੀਂ ਕਰ ਪ੍ਰਣਾਲੀ ਅਧੀਨ ਰਾਜ ਸਰਕਾਰ ਦੇ ਖਜ਼ਾਨੇ ਵਿਚ 576 ਕਰੋੜ ਰੁਪਏ ਆਏ ਹਨ। ਕਰ ਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵਸੂਲੀ ਵੈਟ ਨਾਲੋਂ ਤਾਂ ਘੱਟ ਹੈ ਪਰ ਅੰਤਰਰਾਜੀ ਵਿਕਰੀ (ਆਈ.ਜੀ. ਐਸ.ਟੀ.) ਤੋਂ ਹੋਣ ਵਾਲੀ ਆਮਦਨ ਨਾਲ ਇਹ ਖੱਪਾ ਪੂਰੇ ਜਾਣ ਦੀ ਉਮੀਦ ਹੈ। ਆਈ.ਜੀ.ਐਸ.ਟੀ. ਤੋਂ ਹਾਲ ਦੀ ਘੜੀ 400 ਕਰੋੜ ਰੁਪਏ ਮਹੀਨਾ ਵਸੂਲੀ ਹੋਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਲਈ ਵਿੱਤੀ ਪੱਖ ਤੋਂ ਇਹ ਦੌਰ ਬੇਹੱਦ ਸੰਕਟ ਵਾਲਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੋ ਮਹੀਨੇ ਪਹਿਲਾਂ ਪੇਸ਼ ਕੀਤੇ ਬਜਟ ਦੌਰਾਨ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ, ਪੈਨਸ਼ਨਾਂ ਵਧਾਉਣ ਸਮੇਤ ਕਈ ਹੋਰਨਾਂ ਰਾਹਤਾਂ ਦਾ ਐਲਾਨ ਤਾਂ ਕੀਤਾ, ਪਰ ਇਨ੍ਹਾਂ ਨੂੰ ਅਮਲੀਜਾਮਾ ਪਹਿਨਾਏ ਜਾਣ ਸਬੰਧੀ ਸਵਾਲੀਆ ਨਿਸ਼ਾਨ ਲਗਦਾ ਜਾ ਰਿਹਾ ਹੈ।

ਪੰਜਾਬ ਸਰਕਾਰ ਨੂੰ ਦਰਪੇਸ਼ ਗੰਭੀਰ ਮਾਲੀ ਸੰਕਟ ਕਾਰਨ ਵਿਕਾਸ ਕਾਰਜਾਂ ਨੂੰ ਹੀ ਬਰੇਕਾਂ ਨਹੀਂ ਲੱਗੀਆਂ ਸਗੋਂ ਗਰੀਬਾਂ ਨੂੰ ਵੀ ਇਸ ਦੀ ਮਾਰ ਝੱਲਣੀ ਪੈ ਰਹੀ ਹੈ। ਅਸਿੱਧੇ ਕਰਾਂ ਬਾਰੇ ਪ੍ਰਬੰਧ ਜੀ.ਐਸ.ਟੀ. ਤੋਂ ਕਰਾਂ ਦੀ ਵਸੂਲੀ ਨੇ ਵੀ ਹਾਲ ਦੀ ਘੜੀ ਕੋਈ ਖਾਸ ਰੰਗ ਨਹੀਂ ਦਿਖਾਇਆ। ਕਿਸਾਨੀ ਕਰਜ਼ਿਆਂ 'ਤੇ ਲੀਕ ਮਾਰਨ ਲਈ ਜਿਥੇ 2 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਲੋੜੀਂਦੀ ਹੈ, ਉਥੇ ਬੁਢਾਪਾ, ਵਿਧਵਾ ਤੇ ਹੋਰਨਾਂ ਸਮਾਜ ਭਲਾਈ ਪੈਨਸ਼ਨਾਂ ਵਿਚ ਵਾਧੇ ਲਈ 750 ਕਰੋੜ ਰੁਪਏ ਵਾਧੂ ਲੋੜੀਂਦੇ ਹਨ। ਜੀ.ਐਸ.ਟੀ. ਭੰਬਲਭੂਸੇ ਕਰ ਕੇ ਐਤਕੀਂ ਮੁਲਾਜ਼ਮਾਂ ਨੂੰ ਤਨਖਾਹਾਂ ਵੀ ਸਮੇਂ ਸਿਰ ਨਹੀਂ ਦਿੱਤੀਆਂ ਜਾ ਸਕੀਆਂ। ਮੁਲਾਜ਼ਮ ਤਨਖਾਹਾਂ ਤੇ ਪੈਨਸ਼ਨਾਂ ਦੇ ਭੁਗਤਾਨ ਲਈ ਹਰ ਮਹੀਨੇ 2500 ਕਰੋੜ ਰੁਪਏ ਚਾਹੀਦੇ ਹਨ।

ਵਿੱਤ ਵਿਭਾਗ ਦੇ ਸੂਤਰਾਂ ਮੁਤਾਬਕ ਖਜ਼ਾਨੇ ਵਿਚ 5 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਬਿੱਲਾਂ ਦਾ ਭੁਗਤਾਨ ਰੁਕਿਆ ਪਿਆ ਹੈ। ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਕਰਾਂ ਵਿਚ ਮਹਿਜ਼ ਚਾਰ ਫੀਸਦੀ ਦਾ ਵਾਧਾ ਹੋਇਆ ਹੈ ਤੇ ਅੰਤਰਰਾਜੀ ਵਿਕਰੀ ਤੋਂ ਆਉਣ ਵਾਲੇ ਕਰਾਂ ਦੇ ਹਿੱਸੇ ਬਾਰੇ ਅਜੇ ਭੰਬਲਭੂਸਾ ਬਰਕਰਾਰ ਹੈ। ਸਰਕਾਰ ਨੇ ਭਲਾਈ ਸਕੀਮਾਂ ਲਈ ਪੈਸਾ ਜਾਰੀ ਕਰਨ 'ਤੇ ਜਬਾਨੀ ਰੋਕ ਲਗਾਈ ਹੋਈ ਹੈ। ਸੂਬੇ ਦੇ 19.87 ਲੱਖ ਪੈਨਸ਼ਨਰਾਂ ਨੂੰ ਫਰਵਰੀ ਮਹੀਨੇ ਤੋਂ ਪੈਨਸ਼ਨਾਂ ਦਾ ਭੁਗਤਾਨ ਨਹੀਂ ਕੀਤਾ ਗਿਆ। ਕੈਪਟਨ ਸਰਕਾਰ ਨੇ ਪੈਨਸ਼ਨਰਾਂ ਦੀ ਪੜਤਾਲ ਦੇ ਬਹਾਨੇ ਭੁਗਤਾਨ ਨਾ ਹੋਣ ਦਾ ਬਹਾਨਾ ਘੜਿਆ ਹੈ ਜਦਕਿ ਅਸਲੀਅਤ ਵਿਚ ਖਜ਼ਾਨਾ ਖਾਲੀ ਹੈ।



### ਅਕਾਲੀਆਂ ਦੀਆਂ ਗਲਤ ਨੀਤੀਆਂ ਜ਼ਿੰਮੇਵਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੀ ਵਿੱਤੀ ਮੰਦਹਾਲੀ ਲਈ ਅਕਾਲੀਆਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਮੌਜੂਦਾ ਵਿੱਤੀ ਡਾਵਾਂਡੋਲਤਾ ਸ਼੍ਰੋਮਣੀ ਅਕਾਲੀ ਦਲ ਭਾਜਪਾ ਸਰਕਾਰ ਦੀਆਂ ਗਲਤ ਤੇ ਭ੍ਰਿਸ਼ਟ ਨੀਤੀਆਂ ਦਾ ਨਤੀਜਾ ਹੈ। ਕੈਪਟਨ ਨੇ ਕਿਹਾ ਕਿ ਬਾਦਲਾਂ ਤੇ ਉਨ੍ਹਾਂ ਦੇ ਜੁੰਡੀਦਾਰਾਂ ਨੇ ਆਪਣੇ ਇਕ ਦਹਾਕੇ ਦੇ ਸ਼ਾਸਨ ਦੌਰਾਨ ਅੰਨ੍ਹੀ ਲੁੱਟ ਮਚਾਈ। ਇਸ ਨਾਲ ਸਰਕਾਰੀ ਖਜ਼ਾਨਾ ਵੱਡੇ ਕਰਜ਼ੇ ਦੇ ਬੋਝ ਹੇਠ ਰੀਂਘਣ ਲੱਗ ਪਿਆ।

### *ਕਰਜ਼ਾ ਲੈ ਕੇ ਔਖਾ ਸਮਾਂ ਕੱਢੇਗੀ ਸਰਕਾਰ*

**ਚੰਡੀਗੜ੍ਹ:** ਵਿੱਤੀ ਸੰਕਟ ਦੀ ਸ਼ਿਕਾਰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਦੂਜੇ ਜ਼ਰੂਰੀ ਸਰਕਾਰੀ ਬਿੱਲਾਂ ਦੀ ਅਦਾਇਗੀ ਲਈ ਬਾਜ਼ਾਰ ਵਿਚੋਂ 1200 ਕਰੋੜ ਦਾ ਕਰਜ਼ਾ ਚੁੱਕਣ ਦਾ ਫੈਸਲਾ ਲਿਆ ਗਿਆ, ਜੋ ਕਿ ਸਰਕਾਰ ਵੇਜ਼ ਐਂਡ ਮੀਨਜ਼ ਅਧੀਨ ਪ੍ਰਾਪਤ ਕਰ ਸਕਦੀ ਹੈ। ਕੇਂਦਰ ਤੋਂ ਜੀ.ਐਸ.ਟੀ. ਦਾ 761 ਕਰੋੜ ਦਾ ਹਿੱਸਾ ਹੁਣ ਰਾਜ ਸਰਕਾਰ ਨੂੰ 15 ਸਤੰਬਰ ਨੂੰ ਮਿਲਣ ਦੀ ਸੰਭਾਵਨਾ ਹੈ। ਰਾਜ ਸਰਕਾਰ ਜਿਸ ਲਈ ਆਪਣੇ ਕੋਈ ਸਾਢੇ 3 ਲੱਖ ਤੋਂ ਵੱਧ ਮੁਲਾਜ਼ਮਾਂ ਦੀ ਤਨਖਾਹ ਅਤੇ ਦੂਜੇ ਜ਼ਰੂਰੀ ਬਿੱਲਾਂ ਦੀ ਅਦਾਇਗੀ ਵੱਡੀ ਸਿਰਦਰਦੀ ਬਣੀ ਹੋਈ ਹੈ, ਨੂੰ 1200 ਕਰੋੜ ਕਰਜ਼ੇ ਅਤੇ ਕੇਂਦਰ ਤੋਂ 15 ਸਤੰਬਰ ਨੂੰ ਮਿਲਣ ਵਾਲੀ ਰਾਸ਼ੀ ਨਾਲ ਕੁਝ ਰਾਹਤ ਮਿਲ ਜਾਵੇਗੀ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੀ ਅਦਾਇਗੀ ਦਾ ਕੰਮ ਪੂਰਾ ਕਰ ਲਿਆ ਜਾਵੇਗਾ। ਯਾਦ ਰਹੇ ਕਿ ਰਾਜ ਦੇ ਮੁਲਾਜ਼ਮਾਂ ਦਾ ਤਨਖਾਹਾਂ ਦਾ ਮਹੀਨੇਵਾਰ ਬਿੱਲ ਕੋਈ 1900 ਕਰੋੜ ਦੇ ਕਰੀਬ ਹੈ।

# ਅਫੀਮ ਤੇ ਡੋਡਿਆਂ ਦੇ ਸ਼ੌਕੀ ਨੇ ਪੰਜਾਬ ਦੇ ਨਸ਼ਈ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦੇ ਆਦੀ ਸਭ ਤੋਂ ਵੱਧ ਅਫੀਮ ਤੇ ਡੋਡਿਆਂ ਦਾ ਨਸ਼ਾ ਪਸੰਦ ਕਰਦੇ ਹਨ। ਪੰਜਾਬ ਅੰਦਰ ਦੋ ਲੱਖ ਤੋਂ ਵੱਧ ਲੋਕ ਅਫੀਮ ਜਾਂ ਇਸ ਤੋਂ ਬਣਾਏ ਗਏ ਨਸ਼ਿਆਂ ਦੇ ਆਦੀ ਹਨ ਜਦਕਿ ਟੀਕੇ ਲਗਾਉਣ ਵਾਲਿਆਂ ਦੀ ਗਿਣਤੀ 70 ਹਜ਼ਾਰ ਹੈ। ਜਦ ਕਿ ਨਾਲ ਲੱਗਦੇ ਚੰਡੀਗੜ੍ਹ 'ਚ 14 ਹਜ਼ਾਰ ਦੇ ਕਰੀਬ ਲੋਕ ਸ਼ਰਾਬ ਦੇ ਆਦੀ ਹਨ ਅਤੇ 18 ਹਜ਼ਾਰ ਲੋਕ ਤੰਬਾਕੂ ਲੈਂਦੇ ਹਨ। ਇੰਡੀਅਨ ਕਾਸਲ ਆਫ ਮੈਡੀਕਲ ਰਿਸਰਚ ਦੀ ਦੇਖ-ਰੇਖ ਅਧੀਨ ਪੀ.ਜੀ.ਆਈ ਦੇ ਮਾਨਸਿਕ ਵਿਗਿਆਨ ਵਿਭਾਗ ਦੇ ਡਾ. ਅਜੀਤ ਅਵਸਥੀ ਦੀ ਟੀਮ ਵੱਲੋਂ ਨਸ਼ੇ ਦੇ ਆਦੀ ਲੋਕਾਂ 'ਤੇ ਇਕ ਸਰਵੇਖਣ ਕੀਤਾ ਗਿਆ।

ਇਹ ਸਰਵੇਖਣ ਪੰਜਾਬ ਅਤੇ ਚੰਡੀਗੜ੍ਹ ਵਿਚ ਨਸ਼ੇ ਦੇ ਆਦੀ ਲੋਕਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕੀਤਾ ਗਿਆ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕਿਹੜੇ-ਕਿਹੜੇ ਨਸ਼ਿਆਂ ਤੋਂ ਲੋਕ ਇਨ੍ਹਾਂ ਇਲਾਕਿਆਂ 'ਚ ਪ੍ਰਭਾਵਿਤ ਹਨ। ਇਸ ਸਰਵੇਖਣ ਦੇ ਅੰਕੜੇ ਪ੍ਰਭਾਵਿਤ ਕਰਨ ਵਾਲੇ ਹਨ ਕਿਉਂਕਿ ਇਸ ਸਰਵੇਖਣ ਵਿਚ 11 ਸਾਲ ਤੋਂ 60 ਸਾਲ ਉਮਰ ਦੇ ਵਿਅਕਤੀਆਂ ਦੀ ਜਾਂਚ ਕੀਤੀ ਗਈ ਹੈ। ਸਰਵੇਖਣ 'ਚ ਨੌਜਵਾਨ ਅਤੇ ਅਧਖੜ ਉਮਰ ਦੇ ਮਰਦਾਂ ਤੋਂ ਇਲਾਵਾ ਔਰਤਾਂ ਵੀ ਨਸ਼ੇ ਦੀ ਆਦਤ ਤੋਂ ਪੀੜਤ ਪਾਈਆਂ ਗਈਆਂ। ਪੀ.ਜੀ.ਆਈ 'ਚ ਵਿਭਾਗ ਦੇ ਡਾ. ਅਜੀਤ ਅਵਸਥੀ ਨੇ ਦੱਸਿਆ ਕਿ ਇਹ ਸਰਵੇਖਣ ਸਿੱਧੇ ਅਤੇ ਅਸਿੱਧੇ ਦੋਵੇਂ ਤਰ੍ਹਾਂ ਨਾਲ ਕੀਤਾ ਗਿਆ ਹੈ ਜਿਸ ਤਹਿਤ ਨਸ਼ੇ ਦੇ ਆਦੀਆਂ ਨਾਲ ਸਿੱਧੀ ਗੱਲਬਾਤ ਕੀਤੀ ਗਈ ਅਤੇ ਹੋਰਨਾਂ ਲੋਕਾਂ ਤੋਂ ਵੀ ਅਜਿਹੇ ਲੋਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਹੈ।

ਸਰਵੇਖਣ ਦਾ ਮੁੱਖ ਮਕਸਦ ਇਹ ਪਤਾ ਕਰਨਾ ਸੀ ਕਿ ਲੋਕ ਕਿਸ ਤਰ੍ਹਾਂ ਦੇ ਨਸ਼ਿਆਂ 'ਤੇ ਵਧੇਰੇ ਨਿਰਭਰ ਹਨ ਜਿਸ ਤਹਿਤ ਇਹ ਅੰਕੜੇ ਸਾਹਮਣੇ ਆਏ ਕੇ ਪੰਜਾਬ ਅੰਦਰ ਨਸ਼ਾ ਕਰਨ ਵਾਲੇ ਲੋਕ ਅਫੀਮ, ਸਮੈਕ, ਹੈਰੋਇਨ ਵਰਗੇ ਨਸ਼ਿਆਂ 'ਤੇ ਨਿਰਭਰ ਹਨ, ਜਦਕਿ ਚੰਡੀਗੜ੍ਹ ਵਿਚ ਸ਼ਰਾਬ, ਬਿਪਰੋਫਿਨ ਟੀਕੇ ਅਤੇ ਤੰਬਾਕੂ ਲੈਣ ਦੇ ਵਧੇਰੇ ਮਾਮਲੇ ਸਾਹਮਣੇ ਆਏ ਹਨ। ਇਸ ਸਰਵੇਖਣ 'ਚ 15 ਲੋਕਾਂ ਪਿੱਛੇ ਇਕ ਵਿਅਕਤੀ ਕਿਸੇ ਨਾ ਕਿਸੇ ਤਰ੍ਹਾਂ ਦਾ ਨਸ਼ਾ ਲੈਣ ਦਾ ਸ਼ੌਕੀਨ ਹੈ ਅਤੇ ਇਕ ਹਜ਼ਾਰ ਪਿੱਛੇ ਇਕ ਹੀ ਨਸ਼ੇੜੀ ਇਲਾਜ ਲਈ ਹਸਪਤਾਲ ਤੱਕ ਪਹੁੰਚਦਾ ਹੈ।

### ਪੰਜਾਬ ਵਿਚ ਨਸ਼ਾ ਛੱਡਣ ਦੇ ਇੱਛੁਕ ਵੱਧ

ਪੰਜਾਬ ਵਿਚ ਇਲਾਜ ਕਰਵਾਉਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ ਕਿਉਂਕਿ ਪੰਜਾਬ ਵਿਚ ਨਸ਼ਾ ਕਰਨ ਵਾਲੇ ਸੱਤ ਵਿਅਕਤੀਆਂ ਵਿਚੋਂ ਇਕ ਇਲਾਜ ਕਰਵਾਉਣ ਆਉਂਦਾ ਹੈ। ਡਾ. ਅਨੁਸਾਰ ਪੰਜਾਬ ਵਿਚ ਕੁਝ ਅਜਿਹੇ ਲੋਕ ਵੀ ਹਨ ਜੋ ਨਸ਼ੇ ਦੇ ਆਦੀ ਤਾਂ ਹਨ ਪਰ ਉਹ ਇਸ ਗੱਲ ਨੂੰ ਸਮਾਜਿਕ ਤੌਰ ਉਤੇ ਨਹੀਂ ਮੰਨਦੇ ਹਨ, ਜਿਸ ਕਾਰਨ ਅਜਿਹੇ ਲੋਕ ਆਮ ਲੋਕਾਂ ਵਿਚ ਲੁਕੇ ਹੋਏ ਹਨ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਮੈਡੀਕਲ ਐਮਰਜੈਂਸੀ ਦੌਰਾਨ ਕਈ ਵਾਰ ਅਜਿਹੇ ਲੋਕ ਸਾਹਮਣੇ ਆ ਜਾਂਦੇ ਹਨ।

# ਰਵਨੀਤ ਸਿੰਘ ਬਿੱਟੂ ਖਿਲਾਫ ਗੈਰ ਜ਼ਮਾਨਤੀ ਵਰੰਟ ਜਾਰੀ

**ਚੰਡੀਗੜ੍ਹ:** ਅਦਾਲਤ ਨੇ ਕਾਂਗਰਸੀ ਆਗੂ ਅਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਖਿਲਾਫ਼ ਗੈਰ-ਜ਼ਮਾਨਤੀ ਵਰੰਟ ਜਾਰੀ ਕੀਤੇ ਹਨ ਅਤੇ ਨਾਲ ਹੀ ਸਬੰਧਤ ਮਾਮਲੇ ਵਿਚ ਬਿੱਟੂ ਦੇ ਅਦਾਲਤ 'ਚ ਪੇਸ਼ ਨਾ ਹੋਣ 'ਤੇ ਉਸ ਦੀ ਜ਼ਮਾਨਤ ਨੂੰ ਵੀ ਖਾਰਜ ਕਰ ਦਿੱਤਾ ਗਿਆ ਹੈ। ਲੋਕ ਸਭਾ ਮੈਂਬਰ ਨੇ ਜੁਡੀਸ਼ੀਅਲ ਮਜਿਸਟਰੇਟ ਫਸਟ ਕਲਾਸ (ਜੇ.ਐਮ.ਆਈ.ਸੀ) ਰੇਖਾ ਚੌਧਰੀ ਦੀ ਅਦਾਲਤ ਵਿਚ ਇਸ ਤੋਂ ਪਹਿਲਾਂ ਤਿੰਨ ਵਾਰ ਪੇਸ਼ ਨਾ ਹੋਣ ਦੀ ਛੋਟ ਅਰਜ਼ੀ ਦਿੱਤੀ ਸੀ ਜਿਸ 'ਚ ਕਿਹਾ ਗਿਆ ਸੀ ਕਿ ਲੋਕ ਸਭਾ ਮੈਂਬਰਾਂ ਦੀਆਂ ਜ਼ਰੂਰੀ ਕਾਰਜਕਾਰੀ ਮੀਟਿੰਗਾਂ ਕਾਰਨ ਉਹ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦਾ ਹੈ।

ਬਿੱਟੂ ਦੇ ਪੱਖ ਵੱਲੋਂ ਕਿਹਾ ਗਿਆ ਸੀ ਕਿ ਉਹ 16 ਅਗਸਤ ਨੂੰ ਅਦਾਲਤ 'ਚ ਪੇਸ਼ ਹੋਵੇਗਾ ਪਰ ਅਜਿਹਾ ਨਹੀਂ ਹੋਇਆ ਅਤੇ 7 ਸਤੰਬਰ ਦੀ ਸੁਣਵਾਈ ਦੌਰਾਨ ਵੀ ਬਿੱਟੂ ਦੇ ਹਾਜ਼ਰ ਨਾ ਹੋਣ ਉਤੇ ਅਦਾਲਤ ਵੱਲੋਂ ਇਹ ਗੈਰ ਜ਼ਮਾਨਤੀ ਵਰੰਟ ਜਾਰੀ ਕੀਤੇ ਗਏ ਹਨ। ਸਬੰਧਤ ਮਾਮਲਾ ਸਾਲ 2011 ਦਾ ਹੈ ਜਿਸ ਤਹਿਤ ਚੰਡੀਗੜ੍ਹ ਪੁਲਿਸ ਨੇ ਰਵਨੀਤ ਸਿੰਘ ਬਿੱਟੂ ਖਿਲਾਫ਼ ਕੇਸ ਦਰਜ ਕੀਤਾ ਸੀ।







ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 16 ਸਤੰਬਰ 2017*

# ਹਿੰਦੂਤਵੀ ਮਾਹੌਲ ਦੀ ਹਿੰਸਾ

ਦਲੇਰ ਕੰਨੜ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਨਾਲ ਸਮੁੱਚਾ ਮੁਲਕ ਇਕ ਵਾਰ ਫਿਰ ਝੰਜੋੜਿਆ ਗਿਆ ਹੈ। ਸਭ ਧਿਰਾਂ ਵੱਲੋਂ ਇਸ ਕਤਲ ਨੂੰ ਤਰਕਸ਼ੀਲ ਅਤੇ ਪ੍ਰਗਤੀਸ਼ੀਲ ਆਗੂਆਂ ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ ਅਤੇ ਐਮ.ਐਮ. ਕਲਬੁਰਗੀ ਦੀਆਂ ਹੱਤਿਆਵਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕਈ ਸਾਲ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਸ਼ਖਸਾਂ ਦੇ ਕਾਤਲਾਂ ਨੂੰ ਅਜੇ ਤੱਕ ਲੱਭਿਆ ਨਹੀਂ ਜਾ ਸਕਿਆ ਹੈ। ਉਂਜ ਸਭ ਨੂੰ ਇਹ ਖਬਰ ਹੈ ਕਿ ਇਹ ਸਾਰੇ ਕਤਲ ਹਿੰਦੂ ਕੱਟੜਪੰਥੀਆਂ ਨੇ ਹੀ ਕੀਤੇ ਜਾਂ ਕਰਵਾਏ ਹਨ, ਪਰ ਕੇਂਦਰੀ ਸੱਤਾ ਕਿਉਂਕਿ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿਚ ਹੈ, ਇਸ ਲਈ ਜਾਂਚ ਕਰ ਰਹੀਆਂ ਏਜੰਸੀਆਂ ਹੱਥ ਉਤੇ ਹੱਥ ਧਰੀ ਬੈਠੀਆਂ ਹਨ। ਇਸੇ ਤਰ੍ਹਾਂ ਦੀ ਇਕ ਮਿਸਾਲ ਹਾਲ ਹੀ ਵਿਚ ਹਰਿਆਣਾ ਵਿਚ ਹੋਏ ਡੇਰਾ ਮੁਖੀ ਕਾਂਡ ਦੀ ਵੀ ਸਾਹਮਣੇ ਆਈ ਹੈ। ਹਰਿਆਣਾ ਵਿਚ ਵੀ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ। ਇਸ ਸਰਕਾਰ ਨੇ ਡੇਰੇ ਪ੍ਰਤੀ ਬਹੁਤ ਨਰਮੀ ਅਪਨਾਈ ਰੱਖੀ। ਪਹਿਲਾਂ ਤਾਂ ਡੇਰਾ ਮੁਖੀ ਨੂੰ ਸਜ਼ਾ ਸੁਣਾਉਣ ਮੌਕੇ ਪੰਚਕੂਲਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਡੇਰੇ ਦੇ ਸ਼ਰਧਾਲੂ ਇਕੱਠੇ ਹੋ ਲੈਣ ਦਿੱਤੇ ਗਏ। ਅਸਲ ਵਿਚ ਹਰਿਆਣਾ ਸਰਕਾਰ ਅਤੇ ਡੇਰੇ ਦੇ ਪ੍ਰਬੰਧਕਾਂ ਦੀ ਇਹੀ ਵਿਉਂਤਬੰਦੀ ਸੀ ਕਿ ਅਦਾਲਤ ਉਤੇ ਦਬਾਅ ਬਣਾ ਕੇ ਸਜ਼ਾ ਦਾ ਫੈਸਲਾ ਅਗਾਂਹ ਟਾਲਿਆ ਜਾ ਸਕਦਾ ਹੈ, ਪਰ ਜੱਜ ਦੀ ਸਖਤੀ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ ਅਤੇ ਇਸ ਮੌਕੇ ਭੜਕੀ ਹਿੰਸਾ ਵਿਚ 38 ਜਾਨਾਂ ਚਲੀਆਂ ਗਈਆਂ। ਇਸ ਤੋਂ ਬਾਅਦ ਡੇਰੇ ਦੀ ਤਲਾਸ਼ੀ ਲਈ ਵੀ ਸਰਕਾਰ ਨੇ ਕੁਝ ਨਹੀਂ ਕੀਤਾ। ਅਦਾਲਤ ਦੇ ਹੁਕਮਾਂ ਤੋਂ ਬਾਅਦ ਹੀ ਡੇਰੇ ਦੀ ਤਲਾਸ਼ੀ ਦਾ ਕੰਮ ਸ਼ੁਰੂ ਕੀਤਾ ਗਿਆ। ਸਿੱਟੇ ਵਜੋਂ ਇੰਨੇ ਸਮੇਂ ਦੇ ਵਕਫੇ ਦੌਰਾਨ ਡੇਰੇ ਦੇ ਪ੍ਰਬੰਧਕ ਇਤਰਾਜ਼ਯੋਗ ਸਮੱਗਰੀ ਇਧਰ-ਉਧਰ ਕਰਨ ਵਿਚ ਕਾਮਯਾਬ ਹੋ ਗਏ। ਇਸ ਦੌਰਾਨ ਡੇਰਾ ਮੁਖੀ ਦੀ ਕਥਿਤ ਗੁਫਾ ਅਤੇ ਸਾਧਵੀਆਂ ਦੀ ਰਿਹਾਇਸ਼ ਤੱਕ ਬਣਾਏ ਗੁਪਤ ਰਸਤੇ ਵਿਚ ਕੰਧ ਵੀ ਕੱਢ ਦਿੱਤੀ ਗਈ ਸੀ। ਫਿਰ ਵੀ ਤਲਾਸ਼ੀ ਦੌਰਾਨ ਬਹੁਤ ਕੁਝ ਅਜਿਹਾ ਮਿਲਿਆ ਹੈ ਜਿਸ ਨਾਲ ਡੇਰੇ 'ਤੇ ਸ਼ਿਕੰਜਾ ਕਸਿਆ ਜਾ ਸਕਦਾ ਹੈ, ਪਰ ਸਰਕਾਰ ਦੀ ਇਹ ਨੀਅਤ ਨਹੀਂ ਹੈ। ਇਹੀ ਹਾਲ ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ ਅਤੇ ਐਮ.ਐਮ. ਕਲਬੁਰਗੀ ਦੀਆਂ ਹੱਤਿਆਵਾਂ ਵਾਲੇ ਕੇਸਾਂ ਦਾ ਹੈ। ਇਨ੍ਹਾਂ ਕੇਸਾਂ ਵਿਚ ਉਸ ਤਰ੍ਹਾਂ ਪੈਰਵੀ ਨਹੀਂ ਕੀਤੀ ਜਾ ਰਹੀ ਜਿਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਸੀ। ਦਾਭੋਲਕਰ ਵਾਲੇ ਮਾਮਲੇ ਵਿਚ ਤਾਂ ਜਾਂਚ ਹਾਈਕੋਰਟ ਦੇ ਦਖਲ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਹੁਣ ਗੌਰੀ ਲੰਕੇਸ਼ ਦਾ ਕੇਸ ਵੀ ਇਸ ਲੜੀ ਵਿਚ ਜੁੜ ਗਿਆ ਹੈ। ਇਹ ਸੰਭਵ ਹੈ ਕਿ ਗੌਰੀ ਲੰਕੇਸ਼ ਦੇ ਕਾਤਲਾਂ ਦਾ ਕਦੀ ਵੀ ਪਤਾ ਨਾ ਲੱਗੇ, ਪਰ ਇਥੇ ਮੁਖ ਮਸਲਾ ਕਾਤਲਾਂ ਦੀ ਸ਼ਨਾਖਤ ਦਾ ਨਹੀਂ ਹੈ। ਅਸਲ ਵਿਚ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਸਰਕਾਰ ਬਣੀ ਹੈ, ਮਾਹੌਲ ਹੀ ਕੁਝ ਇਸ ਤਰ੍ਹਾਂ ਦਾ ਬਣਾਇਆ ਜਾ ਰਿਹਾ ਹੈ ਕਿ ਅਜਿਹੀਆਂ ਵਾਰਦਾਤਾਂ ਲਈ ਆਮ ਕਾਰਕੁਨਾਂ ਨੂੰ ਉਕਸਾਇਆ ਜਾ ਰਿਹਾ ਹੈ। ਪੂਣੇ ਵਿਚ ਮੁਸਲਮਾਨ ਨੌਜਵਾਨ ਦੀ ਹੱਤਿਆ ਤਾਂ ਨਰਿੰਦਰ ਮੋਦੀ ਦੀ ਤਾਜਪੋਸ਼ੀ ਤੋਂ ਡੇਢ ਹਫਤੇ ਬਾਅਦ ਹੀ ਹੋ ਗਈ ਸੀ। ਉਸ ਨੂੰ ਹਿੰਦੂ ਕੱਟੜਵਾਦੀਆਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪ੍ਰਧਾਨ ਮੰਤਰੀ ਮੋਦੀ ਵਲੋਂ ਉਸ ਵੇਲੇ ਧਾਰੀ ਖਾਮੋਸ਼ੀ ਅੱਜ ਤੱਕ ਜਾਰੀ ਹੈ। ਇਸ ਦੌਰਾਨ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ ਨਾਲ ਵਾਰ-ਵਾਰ ਵਧੀਕੀਆਂ ਹੋਈਆਂ। ਇਹ ਸਾਰੇ ਮਾਮਲੇ ਗਾਹੇ-ਬਗਾਹੇ ਮੀਡੀਆ ਵਿਚ ਸੁਰਖੀਆਂ ਬਣੇ, ਪਰ ਆਖਰਕਾਰ ਗੱਲ ਸਿਫਰ ਉਤੇ ਆਣ ਕੇ ਟਿਕ ਜਾਂਦੀ ਰਹੀ।

ਇਹੀ ਨੁਕਤਾ ਹੈ ਜਿਸ 'ਤੇ ਵਾਰ-ਵਾਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਆਰ.ਐਸ.ਐਸ. ਅਤੇ ਹੋਰ ਕੱਟੜਪੰਥੀ ਜਥੇਬੰਦੀਆਂ ਦੀ ਅਗਵਾਈ ਹੇਠ ਜਿਸ ਤਰ੍ਹਾਂ ਚੁਣ-ਚੁਣ ਕੇ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਮਸਲਾ ਇਨ੍ਹਾਂ ਵਧੀਕੀਆਂ ਖਿਲਾਫ ਆਵਾਜ਼ ਬੁਲੰਦ ਕਰਨ ਦਾ ਹੈ। ਦਰਅਸਲ, ਸੱਤਾ ਉਤੇ ਕਾਬਜ਼ ਹੋਣ ਕਰ ਕੇ ਇਹ ਜਥੇਬੰਦੀਆਂ ਫਿਲਹਾਲ ਕਿਸੇ ਦੀ ਪੇਸ਼ ਨਹੀਂ ਦੇਣ ਜਾ ਰਹੀਆਂ। ਹੋਰ ਤਾਂ ਹੋਰ, ਪੱਤਰਕਾਰਾਂ ਨੂੰ ਕੰਮ ਕਰਨਾ ਔਖਾ ਹੋਇਆ ਪਿਆ ਹੈ। ਫਰਜ਼ੀ ਖਬਰਾਂ ਦੇ ਸਹਾਰੇ ਇੰਨਾ ਝੂਠਾ ਪ੍ਰਚਾਰ ਵਿੱਢਿਆ ਗਿਆ ਹੈ ਕਿ ਮਾਹੌਲ ਵਿਚ ਲਗਾਤਾਰ ਕੁੜੱਤਣ ਅਤੇ ਨਫਰਤ ਫੈਲ ਰਹੀ ਹੈ। ਗੌਰੀ ਲੰਕੇਸ਼ ਵੀ ਇਸੇ ਜ਼ਹਿਰੀਲੇ ਪ੍ਰਚਾਰ ਦੀ ਸ਼ਿਕਾਰ ਹੋਈ ਹੈ। ਉਸ ਨੇ ਆਪਣੀ 15 ਰੋਜ਼ਾ ਅਖਬਾਰ 'ਗੌਰੀ ਲੰਕੇਸ਼ ਪੱਤ੍ਰਿਕੇ' ਵਿਚ ਜਿਹੜਾ ਆਖਰੀ ਸੰਪਾਦਕੀ ਲਿਖਿਆ ਸੀ, ਉਹ ਫਰਜ਼ੀ ਖਬਰਾਂ ਬਾਰੇ ਹੀ ਸੀ। ਉਸ ਨੇ ਆਪਣੀ ਇਸ ਲਿਖਤ ਵਿਚ ਤਫਸੀਲ ਨਾਲ ਚਰਚਾ ਕੀਤੀ ਸੀ ਕਿ ਹਿੰਦੂ ਕੱਟੜਪੰਥੀ ਜਥੇਬੰਦੀਆਂ ਕਿਸ ਤਰ੍ਹਾਂ ਲੋਕਾਂ ਨੂੰ ਗੁੰਮਰਾਹ ਕਰ ਕੇ ਉਕਸਾ ਰਹੀਆਂ ਹਨ। ਬੱਸ ਉਸ ਦਾ ਇਹੀ ਪੈਂਤੜਾ ਹੀ ਇਨ੍ਹਾਂ ਜਥੇਬੰਦੀਆਂ ਨੂੰ ਰਾਸ ਨਹੀਂ ਆਇਆ ਅਤੇ ਉਸ ਨੂੰ ਕਤਲ ਕਰ ਦਿੱਤਾ ਗਿਆ। ਹੁਣ ਐਨ.ਡੀ.ਟੀ.ਵੀ. ਦੇ ਮਸ਼ਹੂਰ ਪੱਤਰਕਾਰ ਰਵੀਸ਼ ਕੁਮਾਰ ਖਿਲਾਫ ਅਜਿਹਾ ਪ੍ਰਚਾਰ ਸ਼ੁਰੂ ਕੀਤਾ ਗਿਆ ਹੈ। ਇਹ ਜਥੇਬੰਦੀਆਂ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਇਸੇ ਤਰ੍ਹਾਂ ਕਿਸੇ ਖਾਸ ਸ਼ਖਸ, ਸੰਸਥਾ ਜਾਂ ਜਥੇਬੰਦੀਆਂ ਨੂੰ ਨਿਸ਼ਾਨੇ ਉਤੇ ਰੱਖਦੀਆਂ ਹਨ ਅਤੇ ਉਸ ਖਿਲਾਫ ਲਗਾਤਾਰ ਦੁਰ-ਪ੍ਰਚਾਰ ਕਰਦੀਆਂ ਹਨ। ਸਿੱਟੇ ਵਜੋਂ, ਮਾਹੌਲ ਵਿਚ ਹਿੰਸਾ-ਦਰ-ਹਿੰਸਾ ਭਰਦੀ ਜਾਂਦੀ ਹੈ ਅਤੇ ਇਹ ਜਥੇਬੰਦੀਆਂ ਦੂਰ ਬੈਠੀਆਂ ਤਮਾਸ਼ਾ ਦੇਖਦੀਆਂ ਰਹਿੰਦੀਆਂ ਹਨ। ਇਨ੍ਹਾਂ ਜਥੇਬੰਦੀਆ ਦਾ ਇਹ ਸਟਾਈਲ ਮੋਦੀ ਸਰਕਾਰ ਦੀ ਕਾਇਮੀ ਦੇ ਨਾਲ ਹੀ ਅਰੰਭ ਹੋ ਗਿਆ ਸੀ ਅਤੇ ਬਾਦਸਤੂਰ ਜਾਰੀ ਹੈ। ਉਂਜ ਗੌਰੀ ਲੰਕੇਸ਼ ਦੀ ਹੱਤਿਆ ਤੋਂ ਬਾਅਦ ਜਿਸ ਤਰ੍ਹਾਂ ਮੁਲਕ ਵਿਚ ਰੋਸ ਵਿਖਾਵਿਆਂ ਦੀ ਵੱਡੇ ਪੱਧਰ 'ਤੇ ਲੜੀ ਚੱਲੀ ਹੈ, ਉਸ ਨੂੰ ਹੋਰ ਅੱਗੇ ਤੱਕ ਲੈ ਕੇ ਜਾਣ ਦੀ ਜ਼ਰੂਰਤ ਹੈ ਤਾਂ ਕਿ ਵੱਧ ਤੋਂ ਵੱਧ ਲੋਕਾਂ ਨੂੰ ਚੇਤਨ ਕਰ ਕੇ ਲਾਮਬੰਦ ਕੀਤਾ ਜਾ ਸਕੇ। ਹਿੰਦੂ ਕੱਟੜਪੰਥੀਆਂ ਵੱਲੋਂ ਚਲਾਈ ਜਾ ਰਹੀ ਨਫਰਤ ਦੀ ਇਸ ਮੁਹਿੰਮ ਨੂੰ ਇਸੇ ਤਰ੍ਹਾਂ ਹੀ ਨੱਥ ਪਾਈ ਜਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਾਧ ਕਿ ਠੱਗ!*

ਸੰਤਾਂ-ਸਾਧੂਆਂ ਸੀ ਕਿਧਰੇ ਲਾਈ ਮੀਟਿੰਗ, ਕਹਿੰਦੇ ਸੰਕਟ ਦੇ ਵਿਚ ਆ ਧਰਮ ਭਾਈ।
ਉਹ ਵੀ ਸਾਧ ਦਾ ਰੂਪ ਕਈ ਧਾਰ ਨਿਕਲੇ, ਸਾਧਾਂ ਵਾਲਾ ਨਹੀਂ ਜਿਨ੍ਹਾਂ ਦਾ ਕਰਮ ਭਾਈ।
ਸਿਰਸੇ ਵਾਲਾ ਤਾਂ ਪੈ ਗਿਆ ਜੇਲ੍ਹ ਅੰਦਰ, ਹੋ ਗਿਆ ਸਾਰਾ ਮਾਹੌਲ ਆ ਗਰਮ ਭਾਈ।
ਕੀਤੇ ਪਾਪ ਹਨ ਇਹੋ ਜਿਹੇ ਸ਼ੋਹਦਿਆਂ ਨੇ, ਸਾਨੂੰ ਸਾਧਾਂ ਨੂੰ ਆਉਂਦੀ ਹੈ ਸ਼ਰਮ ਭਾਈ।
ਚੁਣ ਕੇ ਢੌਂਗੀਆਂ ਦੀ ਕੀਤੀ ਲਿਸਟ ਜਾਰੀ, ਕਈਆਂ ਠੱਗਾਂ ਦੇ ਦਰਜ ਹਨ ਨਾਂ ਭਾਈ।
ਸਿਰਸੇ ਵਾਲਾ ਹੈ ਠੱਗਾਂ ਦੇ ਵਿਚ ਲਿਖਿਆ, ਇਸ ਦੇ ਨਾਲ ਲਿਖ ਲਈ ਰਾਧੇ ਮਾਂ ਭਾਈ।

# ਸਿੱਖ ਡੇਰਿਆਂ ਵੱਲ ਕਿਉਂ ਗਏ?

ਸੁਖਦੇਵ ਸਿੰਘ ਪਟਵਾਰੀ

ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰਾ ਪ੍ਰੇਮੀਆਂ ਨੂੰ 'ਭੁੱਲੜ ਸਿੱਖ' ਕਰਾਰ ਦਿੰਦਿਆਂ ਉਨ੍ਹਾਂ ਨੂੰ ਘਰ ਵਾਪਸੀ ਦੀ ਅਪੀਲ ਕੀਤੀ ਹੈ। ਉਨ੍ਹਾਂ ਦੀ ਅਪੀਲ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸ਼੍ਰੋਮਣੀ ਕਮੇਟੀ ਉਨ੍ਹਾਂ ਲਈ ਰੁਜ਼ਗਾਰ ਤੇ ਬੱਚਿਆਂ ਦੀ ਪੜ੍ਹਾਈ ਲਈ ਸਕੂਲ ਕਾਲਜ, ਇਲਾਜ ਲਈ ਹਸਪਤਾਲ ਖੋਲ੍ਹਣ ਬਾਰੇ ਵੀ ਕਹਿਣ ਲੱਗੀ ਹੈ। ਗੱਲ ਕੀ, ਡੇਰਾ ਮੁਖੀ ਨੂੰ 20 ਸਾਲ ਦੀ ਸਜ਼ਾ ਤੋਂ ਬਾਅਦ ਘਬਰਾਹਟ ਤੇ ਸਦਮੇ ਵਿਚ ਆਏ ਪ੍ਰੇਮੀਆਂ ਨੂੰ ਭਰਮਾਉਣ ਲਈ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਇਉਂ ਪੇਸ਼ਕਸ਼ ਕਰ ਰਹੇ ਹਨ, ਜਿਵੇਂ ਕਿਧਰੇ ਇਹ 'ਭੁੱਲੜ' ਲੋਕ ਕਿਸੇ ਭੁਲੇਖੇ ਜਾਂ ਲਾਲਚ ਵਸ ਡੇਰੇ ਵੱਲ ਚਲੇ ਗਏ ਹੋਣ! ਗ਼ਰੀਬ ਲੋਕ ਸਿੱਖ ਧਰਮ, ਸਿੱਖੀ ਤੇ ਸਿੱਖ ਸੰਸਥਾਵਾਂ ਤੋਂ ਦੂਰ ਡੇਰੇ/ਡੇਰਿਆਂ ਵੱਲ ਕਿਉਂ ਗਏ? ਇਸ ਸਵਾਲ ਨੂੰ ਗਹਿਰਾਈ ਨਾਲ ਵਾਚਣਾ ਪਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਾਜਨਾ ਮੌਕੇ ਜਿਨ੍ਹਾਂ 5 ਪਿਆਰਿਆਂ ਦੀ ਚੋਣ ਕੀਤੀ ਸੀ ਉਨ੍ਹਾਂ ਵਿਚੋਂ ਬਹੁਤੇ ਨੀਵੀਆਂ ਜਾਤਾਂ ਨਾਲ ਸਬੰਧ ਰੱਖਦੇ ਸਨ। ਸ੍ਰੀ ਗੁਰੂ ਨਾਨਕ ਦੇਵ ਤੋਂ ਦਸਵੇਂ ਪਾਤਸ਼ਾਹ ਤਕ ਸਿੱਖ ਧਰਮ, ਸਿੱਖੀ ਤੇ ਸਿੱਖ ਸੰਸਥਾਵਾਂ ਵਿਚ ਮਾਲਕ ਭਾਗੋਆਂ ਦੀ ਥਾਂ ਭਾਈ ਲਾਲੋਆਂ ਲਈ ਵਿਸ਼ੇਸ਼ ਸਥਾਨ ਸੀ। ਬਾਬਾ ਬੰਦਾ ਬਹਾਦਰ ਨੇ 14 ਮਈ, 1710 ਨੂੰ ਸਰਹਿੰਦ ਫ਼ਤਿਹ ਕਰਨ ਮਗਰੋਂ ਸਾਰੇ ਜਗੀਰਦਾਰਾਂ ਦੀਆਂ ਜਗੀਰਾਂ ਜ਼ਬਤ ਕਰ ਕੇ ਜ਼ਮੀਨਾਂ ਮੁਜ਼ਾਹਰਿਆਂ ਵਿਚ ਵੰਡ ਦਿੱਤੀਆਂ ਤੇ ਪੰਚ ਪ੍ਰਧਾਨੀ ਰਾਜ ਦੀ ਸਥਾਪਨਾ ਕਰ ਕੇ ਖ਼ਾਲਸਾ ਰਾਜ ਦਾ ਐਲਾਨ ਕੀਤਾ ਸੀ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਵੀ ਸਰਬ ਧਰਮ ਤੇ ਭਗਤ ਰਵਿਦਾਸ, ਸਦਨਾ ਕਸਾਈ ਆਦਿ ਨੂੰ ਬਰਾਬਰ ਸਨਮਾਨ ਦਿੱਤਾ ਗਿਆ ਹੈ। ਸਿੱਖੀ ਦਸਾਂ ਨਹੁੰਆਂ ਦੀ ਕਿਰਤ ਕਰਨ ਤੇ ਕਿਰਤ ਦੀ ਕਮਾਈ ਨੂੰ ਵੰਡ ਕੇ ਛਕਣ ਵਿਚ ਰੂਪਮਾਨ ਹੁੰਦੀ ਹੈ। ਇਸੇ ਕਰ ਕੇ ਗੁਰੂ ਦੀ ਗੋਲਕ ਦਾ ਮੂੰਹ ਗਰੀਬ ਵੱਲ ਸੇਧਤ ਕੀਤਾ ਗਿਆ ਸੀ।

ਦਸਵੇਂ ਗੁਰੂ ਵੱਲੋਂ ਜਾਤ ਪਾਤ ਨੂੰ ਖਤਮ ਕਰ ਕੇ ਸਾਜਿਆ ਖ਼ਾਲਸਾ ਤੇ ਗੁਰੂ ਦੇ ਰੂਪ ਵਿਚ ਰੂਪਮਾਨ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਿੱਖਿਆ 'ਏਕ ਨੂਰ ਸੇ ਸਭ ਜੱਗ ਉਪਜਿਆ' ਨੂੰ ਵਿਸਾਰ ਕੇ ਅੱਜ ਵੀ ਜਾਤ ਪਾਤ ਕਾਇਮ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਜਾਤ ਆਧਾਰਿਤ ਗੁਰਦੁਆਰੇ ਤੇ ਸ਼ਮਸ਼ਾਨਘਾਟ ਹਨ। ਸਿਆਸੀ ਪੱਧਰ 'ਤੇ ਨੀਵੀਆਂ ਜਾਤਾਂ ਨੂੰ ਥੋੜ੍ਹੀ ਮੋਟੀ ਬਰਾਬਰੀ ਤਾਂ ਹੈ, ਪਰ ਸਮਾਜਿਕ ਰਿਸ਼ਤਿਆਂ ਵਿਚ ਅੱਜ ਵੀ ਉਹ ਉਚ ਜਾਤੀਆਂ ਤੋਂ ਨੀਵੇਂ ਹਨ। ਉਨ੍ਹਾਂ ਨਾਲ ਉਚ ਜਾਤੀਆਂ ਦੀ ਕੋਈ ਰਿਸ਼ਤੇਦਾਰੀ ਨਹੀਂ ਪੈ ਸਕਦੀ। ਆਰਥਿਕ ਖੇਤਰ ਵਿਚ ਵੀ ਬਹੁਤੀ ਦਲਿਤ ਵਸੋਂ ਆਰਥਿਕ ਸਾਧਨਾਂ ਤੋਂ ਵਿਰਵੀ ਹੈ। ਪੰਜਾਬ ਵਿਚ ਦਲਿਤਾਂ ਦਾ ਬਾਈਕਾਟ ਤੇ ਸਾਂਝੀਆਂ ਜ਼ਮੀਨਾਂ ਤੇ ਆਪਣੀ ਦਾਅਵੇਦਾਰੀ ਲਈ ਚਲਦੇ ਘੋਲ ਇਸ ਦੀਆਂ ਮਿਸਾਲਾਂ ਹਨ। ਉਨ੍ਹਾਂ ਨੂੰ ਬਰਾਬਰ ਦੇ ਬੰਦਿਆਂ ਵਾਲਾ ਮਾਨ ਸਨਮਾਨ ਨਹੀਂ ਮਿਲਦਾ। ਸਵੈਮਾਨ ਤੋਂ ਹੀਣਾ ਕੋਈ ਵੀ ਬੰਦਾ ਆਪਣੇ ਲਈ ਉਹ ਥਾਂ ਭਾਲੇਗਾ ਜਿਥੇ ਉਸ ਦੀ ਸ਼ਖਸੀਅਤ ਦਾ ਉਚਿਤ ਸਨਮਾਨ, ਮਾਨਸਿਕ ਸਕੂਨ, ਬਰਾਬਰੀ ਦਾ ਰੁਤਬਾ ਤੇ ਅੱਗੇ ਵਧਣ ਦੇ ਸਮਾਨ ਮੌਕੇ ਮਿਲਣ। ਸਮਾਜਿਕ ਦਾਬਾ ਤੇ ਆਰਥਿਕ ਪਛੜਾਪਣ ਹੀਣਤਾ ਤੇ ਗੁਲਾਮੀ ਦੀ ਜਿਲ੍ਹਣ ਦਾ ਅਹਿਸਾਸ ਕਰਾਉਂਦਾ ਹੈ ਤੇ ਅਜਿਹਾ ਵਰਤਾਅ ਕਰਨ ਵਾਲੇ ਲੋਕਾਂ ਤੋਂ ਕਿਨਾਰਾਕਸ਼ੀ ਕਰਕੇ ਸਕੂਨ ਭਾਲਣ ਲਈ ਫਿਰ ਅਜਿਹੇ ਡੇਰੇ ਉਨ੍ਹਾਂ ਲਈ ਬਰਾਬਰੀ ਦਾ ਅਹਿਸਾਸ ਕਰਵਾਉਂਦੇ ਹਨ ਜਿਥੇ ਉਨ੍ਹਾਂ ਨੂੰ ਢੁਕਵਾਂ ਸਨਮਾਨ, ਸਿੱਖਿਆ ਤੇ ਡਾਕਟਰੀ ਸਹੂਲਤਾਂ ਆਪਣੇ ਵੱਲ ਖਿੱਚਦੀਆਂ ਹਨ। ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜੋ ਇਨ੍ਹਾਂ ਨੂੰ ਸਿੱਖੀ ਤੋਂ ਦੂਰ ਕਰਨ ਵਾਲੇ ਕਾਰਨਾਂ ਨੂੰ ਖ਼ਤਮ ਕਰਨ ਲਈ ਸਿੱਖ ਸੰਸਥਾਵਾਂ, ਪਾਰਟੀਆਂ ਤੇ ਜਥੇਬੰਦੀਆਂ ਨੂੰ ਨਸੀਹਤ ਕੀਤੀ ਜਾਂਦੀ, ਇਹ ਗੱਲ ਤਾਂ ਠੀਕ ਹੋਣੀ ਸੀ, ਪਰ ਉਨ੍ਹਾਂ ਵੱਲੋਂ ਮੁੜ ਡੇਰਾ ਪ੍ਰੇਮੀਆਂ ਨੂੰ 'ਭੁੱਲੜ ਸਿੱਖ' ਕਹਿ ਕੇ ਘਰ ਵਾਪਸੀ ਦੀ ਗੱਲ ਕਰਨੀ ਉਨ੍ਹਾਂ ਦੀ ਹੱਤਕ ਕਰਨ ਬਰਾਬਰ ਹੈ। ਕੀ ਅੱਜ ਡੇਰਾ ਪ੍ਰੇਮੀ ਹੀ ਸਿੱਖ ਪੰਥ ਤੋਂ ਦੂਰ ਹਨ ਤੇ ਬਾਕੀ ਦੇ ਡੇਰਿਆਂ ਦੇ ਵਧਣ ਫੁੱਲਣ ਦਾ ਕਾਰਨ ਕੀ ਹੈ? ਉਨ੍ਹਾਂ ਨੂੰ ਇਹ ਅਪੀਲ ਕਿਉਂ ਨਹੀਂ ਕੀਤੀ ਗਈ?

ਵੱਖ ਵੱਖ ਪਾਰਟੀਆਂ ਦੇ ਵੱਡੇ ਲੀਡਰ ਇਨ੍ਹਾਂ ਡੇਰਿਆਂ ਨੂੰ ਵੋਟ ਬੈਂਕ ਵਜੋਂ ਵਰਤਦੇ ਆ ਰਹੇ ਹਨ ਜਿਸ ਦੀਆਂ ਦੋ ਮਿਸਾਲਾਂ ਦੇਣੀਆਂ ਉਚਿਤ ਹਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਮੁੱਖ ਮੰਤਰੀ ਹੁੰਦਿਆਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਵਾਂਦਰ ਕੈਲੇ ਦਾ ਨਾਂ ਬਦਲ ਕੇ ਡੇਰਾ ਮੁਖੀ ਦੀ ਮਾਤਾ ਨਸੀਬ ਕੌਰ ਦੇ ਨਾਂ 'ਤੇ ਨਸੀਬਪੁਰਾ ਅਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਹੁੰਦਿਆਂ ਇਸੇ ਜ਼ਿਲ੍ਹੇ ਦੇ ਪਿੰਡ ਕੋਟਲੀ ਖੁਰਦ ਦਾ ਨਾਂ ਪ੍ਰੇਮੀ ਕੋਟਲੀ ਰੱਖਿਆ ਗਿਆ। ਸਾਰੇ ਸਿਆਸੀ ਲੀਡਰਾਂ ਵੱਲੋਂ ਡੇਰਾ ਮੁਖੀ ਨਾਲ ਜਾ ਕੇ ਮੁਲਾਕਾਤਾਂ ਤੇ ਵੋਟ ਬਦਲੇ ਮਦਦ ਦੇ ਸੌਦੇ ਕਰਨਾ, ਅਕਾਲੀ ਦਲ ਦੇ ਦਬਾਅ ਅਧੀਨ ਜਥੇਦਾਰਾਂ ਵੱਲੋਂ ਡੇਰਾ ਮੁਖੀ ਨੂੰ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਵਾਪਿਸ ਲੈਣਾ ਆਦਿ ਸਭ ਡੇਰਾ ਭਗਤਾਂ ਨੂੰ ਡੇਰੇ ਨਾਲ ਜੁੜਨ ਲਈ ਉਤਸ਼ਾਹਿਤ ਕਰਨ ਵਾਲੀਆਂ ਕਾਰਵਾਈਆਂ ਹਨ।

ਸਿੱਖ ਧਾਰਮਿਕ ਤੇ ਸਿਆਸੀ ਲੀਡਰਾਂ ਨੂੰ ਸਿੱਖੀ ਤੇ ਪੰਥ ਦੀ ਹੋਂਦ ਨੂੰ ਖ਼ਤਰਾ ਵੀ ਉਦੋਂ ਹੀ ਦਿਸਦਾ ਹੈ ਜਦੋਂ ਇਨ੍ਹਾਂ ਦੀ ਗੱਦੀ ਨੂੰ ਖ਼ਤਰਾ ਹੋਵੇ। ਗੱਦੀ ਕਾਇਮ ਰੱਖਣ ਲਈ ਇਹ ਲੀਡਰ ਪੰਥ ਨੂੰ ਵੀ ਕੁਰਬਾਨ ਕਰਨ ਲੱਗਿਆਂ ਮਿੰਟ ਨਹੀਂ ਲਾਉਂਦੇ। 1936 ਵਿਚ ਡਾ. ਬੀ.ਆਰ. ਅੰਬੇਦਕਰ ਵੱਲੋਂ ਉਸ ਸਮੇਂ ਦੀ ਅਕਾਲੀ ਦਲ ਦੀ ਸਿਆਸੀ ਤੇ ਧਾਰਮਿਕ ਲੀਡਰਸ਼ਿਪ ਨੂੰ ਪੱਤਰ ਲਿਖ ਕੇ 6 ਕਰੋੜ ਦਲਿਤਾਂ ਦੇ ਸਿੱਖ ਧਰਮ ਵਿਚ ਸ਼ਾਮਲ ਹੋਣ ਦੀ ਗੱਲ ਕਹੀ ਗਈ ਸੀ, ਪਰ ਉਨ੍ਹਾਂ ਨੇਤਾਵਾਂ ਨੇ ਡਾ. ਅੰਬੇਦਕਰ ਨੂੰ ਕੋਈ ਢੁਕਵਾਂ ਜਵਾਬ ਨਹੀਂ ਦਿੱਤਾ ਜਿਸ ਕਾਰਨ ਆਖਿਰ ਉਹ ਬੁੱਧ ਧਰਮ ਵੱਲ ਚਲੇ ਗਏ। ਸਿਰਦਾਰ ਕਪੂਰ ਸਿੰਘ ਵੱਲੋਂ ਆਪਣੀ ਕਿਤਾਬ 'ਸਾਚੀ ਸਾਖੀ' ਵਿਚ ਇਹ ਦੋਸ਼ ਖੁੱਲ੍ਹ ਕੇ ਲਾਇਆ ਗਿਆ। ਇਹ ਕਿਤਾਬ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਹੀ ਛਾਪੀ ਗਈ ਹੈ। ਸਭ ਤੋਂ ਵੱਡਾ ਕਾਰਨ ਸਿਰਦਾਰ ਕਪੂਰ ਸਿੰਘ ਨੇ ਇਹ ਬਿਆਨਿਆਂ ਹੈ ਕਿ ਮਾਸਟਰ ਤਾਰਾ ਸਿੰਘ ਨੂੰ 6 ਕਰੋੜ ਦਲਿਤਾਂ ਦੇ ਆ ਜਾਣ ਨਾਲ ਆਪਣੀ ਲੀਡਰੀ ਖੁੱਸਦੀ ਦਿਸੀ ਤੇ ਉਹ ਘੇਸਲ ਮਾਰ ਗਏ। ਮਹਾਤਮਾ ਗਾਂਧੀ ਵੱਲੋਂ 22 ਅਗਸਤ 1936 ਤੇ ਫਿਰ 19 ਸਤੰਬਰ 1936 ਨੂੰ ਆਪਣੇ ਅਖ਼ਬਾਰ 'ਹਰੀਜਨ' ਵਿਚ 'ਖ਼ਤਰਨਾਕ ਪ੍ਰਸਤਾਵ' ਦੇ ਨਾਂ ਹੇਠ ਛਾਪੇ ਲੇਖ ਵਿਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ। ਬਾਅਦ ਵਿਚ ਸਿਕਲੀਗਰਾਂ ਤੇ ਵਣਜਾਰੇ ਸਿੱਖਾਂ ਪ੍ਰਤੀ ਵੀ ਸਿੱਖ ਲੀਡਰਸ਼ਿਪ ਦਾ ਅਜਿਹਾ ਹੀ ਰੋਲ ਝਲਕਦਾ ਆ ਰਿਹਾ ਹੈ।

# ਧਰਮ ਦੇ ਨਾਮ ਉਤੇ ਅਧਰਮ

ਅੱਜ ਸਾਧਾਂ ਸੰਤਾਂ ਦੇ ਅਨੇਕਾਂ ਡੇਰੇ ਸਰਕਾਰਾਂ ਦੇ ਬਰਾਬਰ ਆਪਣੀ ਹੋਂਦ ਸਥਾਪਿਤ ਕਰ ਰਹੇ ਹਨ। ਅਜਿਹੇ ਡੇਰੇ ਤੇ ਅਨੇਕਾਂ ਹੀ ਅਜੋਕੀਆਂ ਧਾਰਮਿਕ ਸੰਸਥਾਵਾਂ ਆਮ ਲੋਕਾਂ ਦੇ ਦਿਮਾਗ ਵਿਚ ਫਿਰਕੂ ਕੱਟੜਤਾ ਦੀਆਂ ਜੜ੍ਹਾਂ ਲਗਾਉਣ ਦੇ ਕੰਮ ਵਿਚ ਜੁਟੀਆਂ ਹੋਈਆਂ ਹਨ। ਵੱਡੇ ਪੱਧਰ 'ਤੇ ਦੇਸ਼ ਅਤੇ ਸਮਾਜ ਨੂੰ ਇਨ੍ਹਾਂ ਲੋਕਾਂ ਨੇ ਅੰਨ੍ਹੀ ਸ਼ਰਧਾ ਦੀ ਬਿਮਾਰੀ ਦਾ ਮਾਨਸਿਕ ਰੋਗੀ ਬਣਾ ਕੇ ਰੱਖ ਦਿੱਤਾ ਹੈ।

ਕੁਝ ਸ਼ਾਤਰ ਕਿਸਮ ਦੇ ਲੋਕ ਆਪਣੀਆਂ ਗੱਲਾਂ ਦੀ ਕਲਾ ਤੇ ਗੱਲਾਂ ਦੇ ਆਕਰਸ਼ਕ ਅੰਦਾਜ਼ ਨਾਲ ਲੱਖਾਂ ਦੀ ਭੀੜ ਦੀ ਮਾਨਸਿਕਤਾ ਨੂੰ ਬਦਲ ਕੇ ਬਿਨਾਂ ਸੋਚੇ ਸਮਝੇ ਮਰਨ ਮਾਰਨ ਲਈ ਆਪਣੇ ਮਗਰ ਤੋਰ ਲੈਂਦੇ ਹਨ, ਪਰ ਹੈਰਾਨੀ ਇਹ ਹੁੰਦੀ ਹੈ ਕਿ ਭਾਰਤ ਵਿਚ ਕਈ ਲਾਵਾਰਿਸ ਲੋਕ ਮਾਨਸਿਕ ਰੋਗੀ ਹੋ ਜਾਂਦੇ ਹਨ ਤੇ ਅਲਫ਼ ਨੰਗੇ ਹੋ ਕੇ ਘੁੰਮਦੇ ਅਤੇ ਲੋਕਾਂ ਨੂੰ ਅਕਸਰ ਇੱਟਾਂ ਰੋੜੇ ਮਾਰਨ ਲੱਗ ਜਾਂਦੇ ਹਨ, ਪਰ ਕੋਈ ਨਹੀਂ ਸੋਚਦਾ ਕਿ ਅਜਿਹੇ ਮਾਨਸਿਕ ਰੋਗੀਆਂ ਦਾ ਕਿਸੇ ਮੈਂਟਲ ਹਸਪਤਾਲ ਵਿਚ ਇਲਾਜ ਕਰਵਾ ਕੇ ਉਨ੍ਹਾਂ ਨੂੰ ਨਵੇਂ ਜੀਵਨ ਨਾਲ ਜੋੜਿਆ ਜਾਵੇ। ਇਸ ਦੇ ਉਲਟ ਇਨ੍ਹਾਂ ਦੇ ਪੈਰ ਛੋਹਣ ਲਈ ਲੋਕਾਂ ਦੀ ਭੀੜ ਜੁੜ ਜਾਂਦੀ ਹੈ। ਇਨ੍ਹਾਂ ਮਾਨਸਿਕ ਰੋਗੀਆਂ ਦੇ ਨਾਮ 'ਤੇ ਵੱਡੇ ਵੱਡੇ ਧਾਰਮਿਕ ਸਥਾਨ ਉਸਾਰੇ ਜਾਂਦੇ ਹਨ। ਅਸੀਂ ਪੜ੍ਹੇ ਲਿਖੇ ਲੋਕ ਵੀ ਇਨ੍ਹਾਂ ਤੋਂ ਆਸ਼ੀਰਵਾਦ ਲੈਣ ਲਈ ਕਤਾਰਾਂ ਵਿਚ ਲੱਗੇ ਹੁੰਦੇ ਹਾਂ। ਅਜਿਹੇ ਮਾਨਸਿਕ ਰੋਗੀਆਂ ਦੇ ਨਾਮ 'ਤੇ ਸਥਾਪਿਤ ਕਈ ਧਰਮ ਸਥਾਨਾਂ ਤੇ ਡੇਰਿਆਂ ਵਿਚ ਚਲਾਕ ਬਿਰਤੀ ਵਾਲੇ ਚੇਲੇ ਅਪਰਾਧਾਂ ਨਾਲ ਜੁੜਿਆ ਆਪਣਾ ਸਾਮਰਾਜ ਸਥਾਪਿਤ ਕਰ ਲੈਂਦੇ ਹਨ।

ਅੰਧ ਵਿਸ਼ਵਾਸ ਦੇ ਹਨੇਰੇ ਵਿਚ ਭਟਕਦੀ ਅਗਿਆਨੀ ਲੋਕਾਂ ਦੀ ਅਜਿਹੀ ਭੀੜ ਤੋਂ ਅਨੇਕਾਂ ਡੇਰਿਆਂ ਦੇ ਸੰਚਾਲਕ ਖੂਬ ਲਾਭ ਉਠਾਉਂਦੇ ਹਨ। ਲੋਕਾਂ ਦੇ ਪੈਸੇ ਤੇ ਇਸਤਰੀਆਂ ਦੀ ਇੱਜ਼ਤ ਲੁੱਟਦੇ ਹਨ। ਸੀ.ਬੀ.ਆਈ. ਅਦਾਲਤ ਦੇ ਫੈਸਲੇ ਨਾਲ ਸ਼ਿਕਾਇਤ ਕਰਨ ਤੋਂ 15 ਸਾਲ ਬਾਅਦ ਸੰਤ ਰਾਮ ਰਹੀਮ ਵੱਲੋਂ ਇਸਤਰੀਆਂ ਦੇ ਜਿਸਮਾਨੀ ਸ਼ੋਸ਼ਣ ਦੇ ਸੱਚ ਦੀ ਪੁਸ਼ਟੀ ਹੋਈ ਹੈ, ਭਾਵੇਂ ਇਸ ਤੋਂ ਪਹਿਲਾਂ ਵੀ ਦੇਸ਼ ਅੰਦਰ ਸਿਖਰਾਂ ਤਕ ਪ੍ਰਭਾਵਸ਼ਾਲੀ ਰਹੇ ਸੰਤ ਨਿਤਿਆ ਨੰਦ, ਬਾਪੂ ਆਸਾ ਰਾਮ, ਸੰਤ ਭੀਮਾ ਨੰਦ ਤੇ ਪ੍ਰੇਮਾ ਨੰਦ ਅਜੇ ਤਕ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਸੰਤਾਂ ਨੇ ਅਨੇਕਾਂ ਕੁੜੀਆਂ ਤੇ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ, ਪਰ ਬਲਾਤਕਾਰਾਂ ਦੀਆਂ ਸ਼ਿਕਾਰ ਹੋਈਆਂ ਇਨ੍ਹਾਂ ਪੀੜਤ ਇਸਤਰੀਆਂ ਦੇ ਬਹੁਤੇ ਪਰਿਵਾਰ ਅਜੇ ਵੀ ਉਪਰੋਕਤ ਸੰਤਾਂ ਲਈ ਹਉਕੇ ਭਰ ਰਹੇ ਹਨ। ਕਾਰਨ ਇਕੋ ਹੀ ਹੈ ਕਿ ਇਨ੍ਹਾਂ ਪਰਿਵਾਰਾਂ ਦੇ ਲੋਕ ਅੰਨ੍ਹੀ ਸ਼ਰਧਾ ਦੇ ਮਾਨਸਿਕ ਰੋਗ ਵਿਚ ਗ੍ਰਸਤ ਹਨ।

ਦੇਸ਼ ਦੀਆਂ ਸਰਕਾਰਾਂ ਚਲਾਉਣ ਵਾਲੇ ਰਾਜਨੀਤਕ ਆਗੂ ਸਾਧਾਂ ਸੰਤਾਂ ਦੇ ਡੇਰਿਆਂ ਤੇ ਡੇਰਿਆਂ ਖਾਤਰ ਦੇਸ਼ ਤੇ ਸਮਾਜ ਦਾ ਨੁਕਸਾਨ ਕਰਨ ਵਾਲੇ ਅੰਧ-ਵਿਸ਼ਵਾਸ ਦੇ ਹਨੇਰੇ ਵਿਚ ਭਟਕਦੇ ਅਗਿਆਨੀ ਸ਼ਰਧਾਲੂਆਂ ਨੂੰ ਕਦੇ ਆਂਚ ਨਹੀਂ ਆਉਣ ਦਿੰਦੇ, ਕਿਉਂਕਿ ਇਹ ਤਾਂ ਡੇਰਿਆਂ ਦੇ ਸੰਚਾਲਕਾਂ ਦੇ ਚਰਨਾਂ 'ਤੇ ਸਿਰ ਰੱਖ ਕੇ ਇਨ੍ਹਾਂ ਦੇ ਸ਼ਰਧਾਲੂਆਂ ਦੀਆਂ ਵੋਟਾਂ ਦੀ ਭੀਖ ਮੰਗਣ ਜਾਂਦੇ ਹਨ। ਕੁਝ ਸਾਲ ਪਹਿਲਾਂ ਜਲੰਧਰ ਜ਼ਿਲ੍ਹੇ ਦੇ ਪਿੰਡ ਬੱਲਾਂ ਦੇ ਡੇਰੇ ਨਾਲ ਸਬੰਧਿਤ ਸੰਤ ਰਾਮਾ ਨੰਦ ਦੀ ਆਸਟਰੀਆ ਦੇ ਸ਼ਹਿਰ ਵਿਆਨਾ ਵਿਚ ਕਿਸੇ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ, ਭਾਵੇਂ ਇਹ ਘਟਨਾ ਨਿੰਦਣਯੋਗ ਸੀ, ਪਰ ਇਸ ਵਿਚ ਪੰਜਾਬ ਅੰਦਰ ਵਸਦੇ ਲੋਕਾਂ ਦਾ ਕੋਈ ਕਸੂਰ ਨਹੀਂ ਸੀ। ਇਸ ਹੱਤਿਆ ਦੇ ਪ੍ਰਤੀਕਰਮ ਵਜੋਂ ਪੰਜਾਬ ਵਿਚ ਲੋਕਾਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ, ਖੋਖੇ ਜਲਾਏ ਗਏ, ਸਰਕਾਰੀ ਤੇ ਗ਼ੈਰ-ਸਰਕਾਰੀ ਜਾਇਦਾਦਾਂ ਦੀ ਸਾੜ ਫੂਕ ਕੀਤੀ ਗਈ।

ਉਦੋਂ ਵੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਰਕਾਰੀ ਅਤੇ ਗ਼ੈਰ-ਸਰਕਾਰੀ ਜਾਇਦਾਦ ਦੇ ਹੋਏ ਨੁਕਸਾਨ ਦਾ ਖ਼ਰਚਾ ਅੰਦੋਲਨਕਾਰੀਆਂ ਕੋਲੋਂ ਵਸੂਲ ਕਰਨ ਦੀ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ, ਪਰ ਸਰਕਾਰ ਵੱਲੋਂ ਇਸ 'ਤੇ ਅਮਲ ਕਰਨ ਦੇ ਉਲਟ ਉਦੋਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੁਕਮ 'ਤੇ ਸਰਕਾਰੀ ਖ਼ਰਚੇ 'ਤੇ ਹਵਾਈ ਜਹਾਜ਼ ਰਾਹੀਂ ਮਰਹੂਮ ਸੰਤ ਦੇ ਸਰੀਰ ਨੂੰ ਆਸਟਰੀਆ ਤੋਂ ਪੰਜਾਬ ਵਿਚ ਲਿਆਂਦਾ ਗਿਆ।

ਡੇਰਾ ਬੱਲਾਂ ਦੇ ਅੰਦੋਲਨ ਨਾਲ ਨਜਿੱਠਣ ਲਈ ਜਿਸ ਤਰ੍ਹਾਂ ਦਾ ਨਾਟਕ ਪੰਜਾਬ ਸਰਕਾਰ ਨੇ ਖੇਡਿਆ ਸੀ, ਇਸੇ ਤਰ੍ਹਾਂ ਦਾ ਨਾਟਕ ਹੁਣ ਹਰਿਆਣਾ ਸਰਕਾਰ ਨੇ ਪੰਚਕੂਲਾ ਦੀ ਘਟਨਾ ਵਿਚ ਖੇਡਿਆ ਹੈ। ਇਸ ਨਾਟਕ ਦਾ ਪਹਿਲਾ ਤੇ ਵੱਡਾ ਦ੍ਰਿਸ਼ ਸੀ ਦਫਾ 144 ਲਾ ਕੇ ਵੀ ਲੱਖਾਂ ਡੇਰਾ ਪ੍ਰੇਮੀਆਂ ਨੂੰ ਹਥਿਆਰਾਂ ਸਮੇਤ ਪੰਚਕੂਲਾ ਅਦਾਲਤ ਅੱਗੇ ਇਕੱਠੇ ਹੋਣ ਦੀ ਖੁੱਲ੍ਹ ਦੇਣ ਦਾ। ਪਹਿਲਾਂ ਤੋਂ ਮਿੱਥੇ ਅਨੁਸਾਰ ਹਰਿਆਣਾ ਸਰਕਾਰ ਦੀ ਢਿੱਲ ਦਾ ਫਾਇਦਾ ਉਠਾ ਕੇ ਇਹ ਇਕੱਠ ਹਿੰਸਾ 'ਤੇ ਉੱਤਰ ਆਇਆ।

ਇਹ ਦੁਖਾਂਤ ਵਾਪਰਨ ਦੇ ਨਾਲ ਹੀ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਤੁਰੰਤ ਬੁਲਾਈ ਆਪਣੀ ਕੈਬਨਿਟ ਮੀਟਿੰਗ ਵਿਚ ਆਖਿਆ ਕਿ ਇਸ ਘਟਨਾ ਵਿਚ ਕਿਸੇ ਡੇਰਾ ਪ੍ਰੇਮੀ ਦਾ ਕੋਈ ਹੱਥ ਨਹੀਂ ਬਲਕਿ ਡੇਰਾ ਪ੍ਰੇਮੀਆਂ ਦੇ ਇਕੱਠ ਵਿਚ ਸ਼ਰਾਰਤੀ ਅਨਸਰ ਆ ਗਏ ਸਨ। ਸੱਚ ਤਾਂ ਇਹ ਹੈ ਕਿ 2014 ਵਿਚ ਲੋਕ ਸਭਾ ਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਵਿਚ ਡੇਰਾ ਸੱਚਾ ਸੌਦਾ ਦੀ ਵੋਟਾਂ ਦੇ ਰੂਪ ਵਿਚ ਲਈ ਗਈ ਸਹਾਇਤਾ ਦੀ ਕੀਮਤ ਹਰਿਆਣਾ ਸਰਕਾਰ ਨੇ ਖ਼ੂਨੀ ਖੇਡ ਖੇਡਣ ਲਈ ਆਏ ਲੱਖਾਂ ਲੋਕਾਂ ਦੇ ਇਕੱਠ ਲਈ ਖੁੱਲ੍ਹ ਦੇ ਕੇ ਦੇ ਰੂਪ ਵਿਚ ਤਾਰੀ ਹੈ। *-ਮਹਿੰਦਰ ਸਿੰਘ ਦੋਸਾਂਝ*

# ਗੌਰੀ ਲੰਕੇਸ਼ ਦਾ ਕਤਲ ਤਾਂ ਸੰਦੇਸ਼ ਹੈ...

ਕੰਨੜ ਪੰਦਰਵਾੜੇ 'ਗੌਰੀ ਲੰਕੇਸ਼ ਪੱਤ੍ਰਿਕੇ' ਦੀ ਸੰਪਾਦਕ ਗੌਰੀ ਲੰਕੇਸ਼ ਦੀ ਹੱਤਿਆ ਪੰਜ ਸਤੰਬਰ ਨੂੰ ਬੰਗਲੌਰ ਵਿਚ ਉਸ ਦੇ ਘਰ ਦੇ ਬਾਹਰ ਗੋਲੀਆਂ ਮਾਰ ਕੇ ਕਰ ਦਿੱਤੀ ਗਈ। ਨਰਿੰਦਰ ਦਾਭੋਲਕਰ, ਗੋਵਿੰਦ ਪਾਨਸਰੇ, ਐਮ.ਐਮ.ਕਲਬੁਰਗੀ, ਤੇ ਹੁਣ ਗੌਰੀ ਲੰਕੇਸ਼, ਉਨ੍ਹਾਂ ਜ਼ਹੀਨ ਚਿੰਤਕਾਂ ਦੀ ਫ਼ਹਿਰਿਸਤ ਵਿਚ ਇਕ ਨਾਂ ਹੋਰ ਜੁੜ ਗਿਆ ਜਿਨ੍ਹਾਂ ਨੂੰ ਉਨ੍ਹਾਂ ਦੇ ਵਿਚਾਰਾਂ ਕਾਰਨ ਕਤਲ ਕੀਤਾ ਗਿਆ। ਪਹਿਲੀਆਂ ਤਿੰਨ ਸ਼ਖ਼ਸੀਅਤਾਂ ਦੇ ਕਤਲਾਂ ਦੀ ਸਹੀ ਜਾਂਚ ਨਾ ਹੋਣ ਦੇਣਾ ਅਤੇ ਮੁਸਲਮਾਨਾਂ ਤੇ ਹੋਰ ਆਮ ਲੋਕਾਂ ਦੇ ਕਾਤਲ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਰਾਜ ਸੱਤਾ ਦੀ ਤਾਕਤ ਦੇ ਜ਼ੋਰ ਅਦਾਲਤਾਂ ਕੋਲੋਂ ਜ਼ਮਾਨਤਾਂ ਅਤੇ ਕਲੀਨ ਚਿਟਾਂ ਦਿਵਾ ਕੇ ਉਨ੍ਹਾਂ ਦਾ ਸਰਕਾਰੀ ਮਾਣ-ਸਨਮਾਨ ਕਰਨਾ ਸੰਘ ਦੇ ਆਪਣੇ 'ਸਲੀਪਰ ਸੈਲਾਂ' (ਖ਼ੁਫ਼ੀਆ ਕਾਤਲ ਗਰੋਹਾਂ) ਨੂੰ ਗੁੱਝਾ ਇਸ਼ਾਰਾ ਸੀ। ਇਹ ਸਨਾਤਨ ਸੰਸਥਾ ਵਰਗੇ ਗਰੁੱਪਾਂ ਨੂੰ ਥਾਪੜਾ ਦੇਣਾ ਸੀ ਕਿ ਉਹ ਨਾਗਪੁਰ ਸਦਰ ਮੁਕਾਮ ਦੀ ਹਿੱਟ ਲਿਸਟ ਅਨੁਸਾਰ ਹੱਤਿਆਵਾਂ ਕਰਦੇ ਕਰਵਾਉਂਦੇ ਰਹਿਣ, ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ।

ਇਹ ਗੱਲ ਬਹੁਤੀ ਮਾਇਨੇ ਨਹੀਂ ਰੱਖਦੀ ਕਿ ਇਸ ਕਤਲ ਨੂੰ ਅੰਜਾਮ ਦੇਣ ਵਾਲੇ ਹਤਿਆਰੇ ਕੌਣ ਹਨ। ਵਧੇਰੇ ਮਹੱਤਵਪੂਰਨ ਹੈ ਇਸ ਕਤਲ ਦਾ ਹਿੰਦੂਤਵੀ ਹਲਕਿਆਂ ਵਲੋਂ ਸ਼ਰੇਆਮ ਜਸ਼ਨੀ ਸਵਾਗਤ ਜਿਸ ਤੋਂ ਇਸ ਕਤਲ ਪਿੱਛੇ ਕੰਮ ਕਰਦੇ ਮਨੋਰਥ ਨੂੰ ਸਾਫ਼ ਸਮਝਿਆ ਜਾ ਸਕਦਾ ਹੈ। ਇਹ ਤਮਾਮ ਲੇਖਕਾਂ, ਪੱਤਰਕਾਰਾਂ, ਚਿੰਤਕਾਂ, ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਫਾਸ਼ੀਵਾਦੀ ਸੰਦੇਸ਼ ਹੈ। ਇਸ ਦਾ ਠੋਸ ਇਜ਼ਹਾਰ ਕਰਨਾਟਕ ਤੋਂ ਭਾਜਪਾ ਵਿਧਾਇਕ ਡੀ.ਐਨ.ਜੀਵਾਰਾਜ ਦੀ ਟਿੱਪਣੀ ਦੇ ਰੂਪ ਵਿਚ ਸਾਹਮਣੇ ਆਇਆ ਹੈ। ਉਹਨੇ ਸਪਸ਼ਟ ਕਿਹਾ ਹੈ ਕਿ ਜੇ ਗੌਰੀ ਲੰਕੇਸ਼ ਆਰ.ਐਸ.ਐਸ. ਖ਼ਿਲਾਫ਼ ਨਾ ਲਿਖਦੀ ਤਾਂ ਅੱਜ ਜ਼ਿੰਦਾ ਹੁੰਦੀ। ਇਹ ਪਹਿਲੀ ਧਮਕੀ ਨਹੀਂ ਸੀ। ਗੌਰੀ ਲੰਕੇਸ਼ ਦੇ ਮਾਮਲੇ ਵਿਚ ਇਸ ਤੋਂ ਪਹਿਲਾਂ ਬਹੁਤ ਕੁਝ ਵਾਪਰ ਚੁੱਕਾ ਸੀ। ਪਿਛਲੇ ਸਾਲ ਜਦੋਂ ਕਰਨਾਟਕ ਤੋਂ ਭਾਜਪਾ ਸੰਸਦ ਮੈਂਬਰ ਪ੍ਰਹਿਲਾਦ ਜੋਸ਼ੀ ਵਲੋਂ ਕੀਤੇ ਮਾਨਹਾਨੀ ਦੇ ਮੁਕੱਦਮੇ ਵਿਚ ਅਦਾਲਤ ਵਲੋਂ ਗੌਰੀ ਲੰਕੇਸ਼ ਨੂੰ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਸੀ ਤਾਂ ਭਾਜਪਾ ਦੇ ਆਈ.ਟੀ. ਸੈਲ. ਦੇ ਮੁਖੀ ਅਮਿਤ ਮਾਲਵੀਆ ਨੇ ਉਮੀਦ ਜ਼ਾਹਿਰ ਕੀਤੀ ਸੀ ਕਿ ਬਾਕੀ ਪੱਤਰਕਾਰ ਹੁਣ ਚੁਕੰਨੇ ਹੋ ਜਾਣਗੇ, ਭਾਵ ਸੰਘ ਪਰਿਵਾਰ ਖ਼ਿਲਾਫ਼ ਲਿਖਣਾ ਛੱਡ ਦੇਣਗੇ, ਪਰ ਵਿਚਾਰਾਂ ਅਤੇ ਕਲਮ ਦੀ ਆਜ਼ਾਦੀ ਨੂੰ ਬੁਲੰਦ ਕਰਨ ਵਾਲਿਆਂ ਨੇ ਅਜਿਹੀਆਂ ਤਾਕਤਾਂ ਦੀ ਸ਼ਰਤ ਕਦੋਂ ਮਨਜ਼ੂਰ ਕੀਤੀ ਹੈ? ਵਿਚਾਰਾਂ ਅਤੇ ਕਲਮ ਦੀ ਆਜ਼ਾਦੀ ਦੀ ਰਾਖੀ ਦਾ ਮੁੱਲ ਗੌਰੀ ਲੰਕੇਸ਼ ਨੇ ਆਪਣੀ ਜਾਨ ਵਾਰ ਕੇ ਚੁਕਾਇਆ। ਉਸ ਦੇ ਕਤਲ ਦੇ ਖ਼ਿਲਾਫ਼ ਦੇਸ਼-ਵਿਦੇਸ਼ ਵਿਚ ਹੋ ਰਹੇ ਪ੍ਰਦਰਸ਼ਨ ਇਸ ਕਤਲ ਦੇ ਸਾਜ਼ਿਸ਼ਘਾੜਿਆਂ ਨੂੰ ਸਾਫ਼ ਮੋੜਵਾਂ ਸੁਨੇਹਾ ਹਨ: 'ਅਸੀਂ ਸਾਰੇ ਗੌਰੀ ਲੰਕੇਸ਼ ਹਾਂ'।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਸ ਕਤਲ ਬਾਰੇ ਜ਼ੁਬਾਨ ਨਹੀਂ ਖੋਲ੍ਹੀ। ਸਿਮ੍ਰਤੀ ਇਰਾਨੀ ਸਮੇਤ ਤੀਜੇ ਦਰਜੇ ਦੇ ਕੁਝ ਭਾਜਪਾ ਆਗੂਆਂ ਨੇ ਕਤਲ ਦੀ ਕੂਟਨੀਤਕ ਨਿਖੇਧੀ ਕਰ ਕੇ ਕਰਨਾਟਕ ਦੀ ਕਾਂਗਰਸ ਸਰਕਾਰ ਨੂੰ ਸਿਆਸੀ ਤੌਰ 'ਤੇ ਘੇਰਨ ਅਤੇ ਸੰਘ ਦੀ ਰਾਹਨੁਮਾਈ ਹੇਠ ਕੰਮ ਕਰਦੀਆਂ ਸੰਸਥਾਵਾਂ ਦੇ ਲਹੂ ਲਿੱਬੜੇ ਹੱਥਾਂ ਨੂੰ ਲੁਕੋਣ ਦਾ ਯਤਨ ਕੀਤਾ ਹੈ। ਦੂਜੇ ਪਾਸੇ, ਸੰਘ ਦੀ ਆਈ.ਟੀ. (ਇਨਫਰਮੇਸ਼ਨ ਟੈਕਨਾਲੋਜੀ) ਫ਼ੌਜ ਨੇ ਸੋਸ਼ਲ ਮੀਡੀਆ ਉਪਰ ਗਾਲ੍ਹਾਂ ਦੀ ਵਾਛੜ ਕਰ ਕੇ ਗੌਰੀ ਲੰਕੇਸ਼ ਦੀ ਕਿਰਦਾਰਕੁਸ਼ੀ ਨਾਲ ਕਤਲ ਨੂੰ ਅਸਿਧੇ ਢੰਗ ਨਾਲ ਜਾਇਜ਼ ਠਹਿਰਾਇਆ ਹੈ ਤੇ ਕਿਹਾ ਹੈ ਕਿ ਉਸ ਵਰਗੇ 'ਦੇਸ਼ ਧ੍ਰੋਹੀ' ਇਸੇ ਤਰ੍ਹਾਂ ਦੀ ਮੌਤ ਦੇ ਹੱਕਦਾਰ ਹਨ। ਜਾਗਰੂਕ ਲੋਕ ਜਾਣਦੇ ਹਨ ਕਿ ਸੰਘ ਦੇ ਵੱਖ-ਵੱਖ ਚਿਹਰੇ ਆਪਣੇ ਤੈਅਸ਼ੁਦਾ ਏਜੰਡੇ ਅਨੁਸਾਰ ਇਕੋ ਵਕਤ ਤਰ੍ਹਾਂ-ਤਰ੍ਹਾਂ ਦੀ ਭੂਮਿਕਾ ਨਿਭਾ ਰਹੇ ਹੁੰਦੇ ਹਨ। ਖ਼ਾਮੋਸ਼ ਰਹਿਣ ਵਾਲਿਆਂ ਤੋਂ ਲੈ ਕੇ ਗਾਲ੍ਹਾਂ ਕੱਢਣ ਵਾਲਿਆਂ ਤਕ ਹਰ ਚਿਹਰਾ ਆਪਣੀ ਭੂਮਿਕਾ ਨਿਭਾ ਰਿਹਾ ਹੈ। ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ ਅਤੇ ਸੱਚ ਲਿਖਣ ਵਾਲੀਆਂ ਕਲਮਾਂ ਨੂੰ ਖ਼ਾਮੋਸ਼ ਕਰਨਾ ਫ਼ਾਸ਼ੀਵਾਦ ਦੇ ਮੁੱਖ ਕੰਮਾਂ ਵਿਚੋਂ ਇਕ ਹੈ।

ਸੰਘ ਦੇ ਇਹ ਮਖੌਟੇ ਲਾਹੁਣ ਲਈ ਹੀ ਗੌਰੀ ਲੰਕੇਸ਼ ਕਲਮ ਅਤੇ ਸਰਗਰਮੀ ਦੇ ਮੋਰਚਿਆਂ ਉਪਰ ਬੇਖ਼ੌਫ਼ ਜੁਟੀ ਹੋਈ ਸੀ। ਜੋ ਸੰਪਾਦਕੀ ਉਸ ਦੀ ਆਖ਼ਰੀ ਟਿੱਪਣੀ ਸੀ, ਉਸ ਵਿਚ ਗੌਰੀ ਲੰਕੇਸ਼ ਨੇ ਸੰਘ ਦੀ ਝੂਠੀਆਂ ਖ਼ਬਰਾਂ ਫੈਲਾਉਣ ਵਾਲੀ ਮਸ਼ੀਨਰੀ ਦਾ ਠੋਸ ਤੱਥਾਂ ਸਹਿਤ ਪਰਦਾਫਾਸ਼ ਕੀਤਾ ਸੀ। ਬਦੀ ਖ਼ਿਲਾਫ਼ ਨੇਕੀ ਦੀ ਇਸ ਜੰਗ ਵਿਚ ਗੌਰੀ ਲੰਕੇਸ਼ ਦਾ ਜਿਸਮਾਨੀ ਕਤਲ ਆਖ਼ਰੀ ਕਤਲ ਨਹੀਂ ਅਤੇ ਉਸ ਦੇ ਕਤਲ ਨਾਲ ਇਹ ਜੰਗ ਖ਼ਤਮ ਨਹੀਂ ਹੋਵੇਗੀ। ਉਸ ਦੀ ਸ਼ਹਾਦਤ ਨਾਲ ਇਸ ਪਾਲਾਬੰਦੀ ਵਿਚ ਸਪਸ਼ਟ ਸਟੈਂਡ ਲੈਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ: ਇਸ ਜੰਗ ਵਿਚ ਤੁਸੀਂ ਕਿਸ ਧਿਰ ਨਾਲ ਹੋ?

-ਬੂਟਾ ਸਿੰਘ

ਗੌਰੀ ਲੰਕੇਸ਼ ਦਾ ਆਖਰੀ ਸੰਪਾਦਕੀ

# ਫੇਕ ਨਿਊਜ਼ ਦੇ ਜ਼ਮਾਨੇ ਵਿਚ

ਅਨੁਵਾਦ: ਬੂਟਾ ਸਿੰਘ

*'ਗੌਰੀ ਲੰਕੇਸ਼ ਪੱਤ੍ਰਿਕਾ' ਦਾ 13 ਸਤੰਬਰ ਦਾ ਅੰਕ ਗੌਰੀ ਲੰਕੇਸ਼ ਲਈ ਆਖਰੀ ਸਾਬਤ ਹੋਇਆ। ਪੱਤਰਕਾਰ ਰਵੀਸ਼ ਕੁਮਾਰ ਨੇ ਆਪਣੇ ਇਕ ਮਿੱਤਰ ਦੀ ਮਦਦ ਨਾਲ ਗੌਰੀ ਦੇ ਕੰਨੜ ਭਾਸ਼ਾ ਵਿਚ ਲਿਖੇ ਇਸ ਸੰਪਾਦਕੀ ਦਾ ਹਿੰਦੀ ਵਿਚ ਅਨੁਵਾਦ ਕਰਵਾਇਆ ਤਾਂ ਕਿ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਇਸ ਪੱਤਰਕਾਰ ਦੀ ਕਲਮ ਦੀ ਧਾਰ ਕਿਹੋ ਜਿਹੀ ਸੀ। ਹਰ ਅੰਕ ਵਿਚ ਗੌਰੀ 'ਕੰਡਾ ਹਾਗੇ' ਨਾਂ ਤਹਿਤ ਕਾਲਮ ਲਿਖਦੀ ਸੀ। 'ਕੰਡਾ ਹਾਗੇ' ਦਾ ਭਾਵ ਹੈ: ਜਿਵੇਂ ਮੈਂ ਦੇਖਿਆ। ਉਨ੍ਹਾਂ ਦਾ ਸੰਪਾਦਕੀ ਪੱਤ੍ਰਿਕਾ ਦੇ ਤੀਸਰੇ ਪੰਨੇ ਉਪਰ ਛਪਦਾ ਸੀ। ਇਸ ਵਾਰ ਦਾ ਸੰਪਾਦਕੀ ਫੇਕ ਨਿਊਜ਼ ਉਪਰ ਸੀ ਅਤੇ ਸਿਰਲੇਖ ਸੀ, 'ਫੇਕ ਨਿਊਜ਼ ਦੇ ਜ਼ਮਾਨੇ ਵਿਚ'। ਬੂਟਾ ਸਿੰਘ ਨੇ ਇਸ ਸੰਪਾਦਕੀ ਦਾ ਅਨੁਵਾਦ ਉਚੇਚਾ ਸਾਡੇ ਪਾਠਕਾਂ ਲਈ ਕੀਤਾ ਹੈ। -ਸੰਪਾਦਕ*

ਇਸ ਹਫਤੇ ਦੇ ਅੰਕ ਵਿਚ ਮੇਰੇ ਦੋਸਤ ਡਾ. ਵਾਸੂ ਨੇ ਗੋਇਬਲਜ਼ ਵਾਂਗ ਇੰਡੀਆ ਵਿਚ ਫੇਕ ਨਿਊਜ਼ ਬਣਾਉਣ ਦੀ ਫੈਕਟਰੀ ਬਾਰੇ ਲਿਖਿਆ ਹੈ। ਝੂਠ ਦੀਆਂ ਐਸੀਆਂ ਫੈਕਟਰੀਆਂ ਜ਼ਿਆਦਾਤਰ ਮੋਦੀ ਭਗਤ ਹੀ ਚਲਾਉਂਦੇ ਹਨ। ਝੂਠ ਦੀ ਫੈਕਟਰੀ ਨਾਲ ਜੋ ਨੁਕਸਾਨ ਹੋ ਰਿਹਾ ਹੈ, ਮੈਂ ਉਸ ਬਾਰੇ ਦੱਸਣ ਦਾ ਯਤਨ ਕਰਾਂਗੀ। ਅਜੇ ਪਰਸੋਂ ਹੀ ਗਣੇਸ਼ ਚਤੁਰਥੀ ਸੀ। ਉਸ ਦਿਨ ਸੋਸ਼ਲ ਮੀਡੀਆ ਵਿਚ ਝੂਠ ਫੈਲਾਇਆ ਗਿਆ। ਫੈਲਾਉਣ ਵਾਲੇ ਸੰਘ ਦੇ ਲੋਕ ਸਨ। ਇਹ ਝੂਠ ਕੀ ਸੀ? ਝੂਠ ਇਹ ਕਿ ਕਰਨਾਟਕ ਸਰਕਾਰ ਜਿਥੇ ਕਹੇਗੀ, ਗਣੇਸ਼ ਜੀ ਦੀ ਮੂਰਤੀ ਉਥੇ ਸਥਾਪਤ ਕਰਨੀ ਹੈ, ਉਸ ਤੋਂ ਪਹਿਲਾਂ ਦਸ ਲੱਖ ਡਿਪਾਜ਼ਿਟ ਕਰਨਾ ਹੋਵੇਗਾ। ਮੂਰਤੀ ਕਿੰਨੀ ਉਚੀ ਹੋਵੇਗੀ, ਇਸ ਬਾਰੇ ਸਰਕਾਰ ਤੋਂ ਮਨਜ਼ੂਰੀ ਲੈਣੀ ਪਵੇਗੀ। ਦੂਜੇ ਧਰਮ ਦੇ ਲੋਕ ਜਿਥੇ ਰਹਿੰਦੇ ਹਨ, ਉਨ੍ਹਾਂ ਰਸਤਿਆਂ ਤੋਂ ਜਲ ਪ੍ਰਵਾਹ ਕਰਨ ਲਈ ਨਹੀਂ ਲਿਜਾ ਸਕਦੇ। ਪਟਾਕੇ ਨਹੀਂ ਚਲਾ ਸਕਦੇ। ਸੰਘ ਦੇ ਲੋਕਾਂ ਨੇ ਇਹ ਝੂਠ ਏਨੇ ਜ਼ੋਰ ਨਾਲ ਫੈਲਾਇਆ ਕਿ ਕਰਨਾਟਕ ਦੇ ਪੁਲਿਸ ਮੁਖੀ ਆਰ.ਕੇ. ਦੱਤਾ ਨੂੰ ਪ੍ਰੈਸ ਕਾਨਫਰੰਸ ਵਿਚ ਸਫਾਈ ਦੇਣੀ ਪਈ ਕਿ ਸਰਕਾਰ ਨੇ ਐਸਾ ਕੋਈ ਨਿਯਮ ਨਹੀਂ ਬਣਾਇਆ, ਇਹ ਸਭ ਝੂਠ ਹੈ।

ਜਦੋਂ ਅਸੀਂ ਇਸ ਝੂਠ ਦਾ ਸਰੋਤ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਉਹ ਜਾ ਪਹੁੰਚਿਆ postcard.in ਨਾਂ ਦੀ ਵੈਬਸਾਈਟ 'ਤੇ, ਜੋ ਪੱਕੇ ਹਿੰਦੂਤਵਵਾਦੀਆਂ ਦੀ ਹੈ। ਇਸ ਦਾ ਕੰਮ ਆਏ ਦਿਨ ਫੇਕ ਨਿਊਜ਼ ਬਣਾ ਕੇ ਸੋਸ਼ਲ ਮੀਡੀਆ ਵਿਚ ਫੈਲਾਉਣਾ ਹੈ। 11 ਅਗਸਤ ਨੂੰ postcard.in 'ਚ ਇਕ ਹੈਡਿੰਗ ਸੀ: ਕਰਨਾਟਕ ਵਿਚ ਤਾਲਿਬਾਨ ਸਰਕਾਰ। ਇਸ ਹੈਡਿੰਗ ਦੇ ਸਹਾਰੇ ਝੂਠ ਫੈਲਾਉਣ ਦੀ ਕੋਸ਼ਿਸ਼ ਹੋਈ। ਸੰਘ ਦੇ ਲੋਕ ਇਸ 'ਚ ਸਫਲ ਵੀ ਹੋਏ। ਜੋ ਲੋਕ ਕਿਸੇ ਨਾ ਕਿਸੇ ਕਾਰਨ ਸਿਦਾਰਮੱਈਆ ਸਰਕਾਰ ਤੋਂ ਨਾਰਾਜ਼ ਰਹਿੰਦੇ ਹਨ, ਉਨ੍ਹਾਂ ਨੇ ਇਸ ਫੇਕ ਨਿਊਜ਼ ਨੂੰ ਹਥਿਆਰ ਬਣਾ ਲਿਆ। ਅਫਸੋਸ ਦੀ ਗੱਲ ਹੈ ਕਿ ਲੋਕਾਂ ਨੇ ਵੀ ਬਗੈਰ ਸੋਚੇ ਸਮਝੇ ਇਸ ਨੂੰ ਸਹੀ ਮੰਨ ਲਿਆ।

ਪਿਛਲੇ ਹਫਤੇ ਜਦੋਂ ਕੋਰਟ ਨੇ ਢੌਂਗੀ ਬਾਬੇ ਗੁਰਮੀਤ ਰਾਮ ਰਹੀਮ ਨੂੰ ਬਲਾਤਕਾਰ ਦੇ ਕੇਸ ਵਿਚ ਸਜ਼ਾ ਸੁਣਾਈ ਤਾਂ ਉਸ ਨਾਲ ਭਾਜਪਾ ਦੇ ਆਗੂਆਂ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ ਵਿਚ ਵਾਇਰਲ ਹੋਣ ਲੱਗੀਆਂ। ਇਸ ਢੌਂਗੀ ਬਾਬੇ ਨਾਲ ਮੋਦੀ ਦੇ ਨਾਲ-ਨਾਲ ਹਰਿਆਣਾ ਦੇ ਭਾਜਪਾ ਵਿਧਾਇਕਾਂ ਦੀਆਂ ਫੋਟੋਆਂ ਤੇ ਵੀਡੀਓ ਵਾਇਰਲ ਹੋਈਆਂ। ਇਸ ਨਾਲ ਭਾਜਪਾ ਅਤੇ ਸੰਘ ਪਰਿਵਾਰ ਪ੍ਰੇਸ਼ਾਨ ਹੋ ਗਏ। ਇਸ ਨੂੰ ਕਾਊਂਟਰ ਕਰਨ ਲਈ ਬਾਬੇ ਦੇ ਬਗਲ ਵਿਚ ਕੇਰਲ ਦੇ ਸੀ.ਪੀ.ਐਮ. ਆਗੂ ਤੇ ਮੁੱਖ ਮੰਤਰੀ ਪਿਨਰਾਈ ਵਿਜੇਅਨ ਦੇ ਬੈਠੇ ਹੋਣ ਦੀ ਤਸਵੀਰ ਵਾਇਰਲ ਕਰਵਾ ਦਿੱਤੀ ਗਈ। ਇਹ ਤਸਵੀਰ ਫੋਟੋਸ਼ਾਪ ਕੀਤੀ ਹੋਈ ਸੀ। ਅਸਲੀ ਤਸਵੀਰ ਵਿਚ ਕਾਂਗਰਸ ਦੇ ਆਗੂ ਓਮਨ ਚਾਂਡੀ ਬੈਠੇ ਹਨ, ਲੇਕਿਨ ਉਨ੍ਹਾਂ ਦੇ ਧੜ ਉਪਰ ਵਿਜੇਅਨ ਦਾ ਸਿਰ ਲਾ ਕੇ ਸੰਘ ਦੇ ਲੋਕਾਂ ਨੇ ਇਸ ਨੂੰ ਸੋਸ਼ਲ ਮੀਡੀਆ 'ਚ ਫੈਲਾ ਦਿੱਤਾ। ਸ਼ੁਕਰ ਹੈ, ਸੰਘ ਦਾ ਇਹ ਢੰਗ ਸਫਲ ਨਾ ਹੋਇਆ, ਕਿਉਂਕਿ ਕੁਝ ਲੋਕ ਤੁਰੰਤ ਅਸਲੀ ਫੋਟੋ ਕੱਢ ਲਿਆਏ ਅਤੇ ਸੋਸ਼ਲ ਮੀਡੀਆ 'ਚ ਸੱਚਾਈ ਪੇਸ਼ ਕਰ ਦਿੱਤੀ।

ਦਰਅਸਲ, ਪਿਛਲੇ ਸਾਲ ਤਕ ਰਾਸ਼ਟਰੀ ਸੋਇਮਸੇਵਕ ਸੰਘ ਦੇ ਫੇਕ ਨਿਊਜ਼ ਪ੍ਰਾਪੇਗੰਡਾ ਨੂੰ ਰੋਕਣ ਜਾਂ ਸਾਹਮਣੇ ਲਿਆਉਣ ਵਾਲਾ ਕੋਈ ਨਹੀਂ ਸੀ। ਹੁਣ ਬਹੁਤ ਸਾਰੇ ਲੋਕ ਇਸ ਕੰਮ ਵਿਚ ਜੁਟ ਗਏ ਹਨ ਜੋ ਚੰਗੀ ਗੱਲ ਹੈ। ਪਹਿਲਾਂ ਇਸ ਤਰ੍ਹਾਂ ਦੀਆਂ ਫੇਕ ਨਿਊਜ਼ ਹੀ ਚਲਦੀਆਂ ਰਹਿੰਦੀਆਂ ਸਨ, ਲੇਕਿਨ ਹੁਣ ਫੇਕ ਨਿਊਜ਼ ਦੇ ਨਾਲ-ਨਾਲ ਅਸਲੀ ਨਿਊਜ਼ ਵੀ ਆਉਣੀ ਸ਼ੁਰੂ ਹੋ ਗਈ ਹੈ।

ਮਿਸਾਲ ਵਜੋਂ, 15 ਅਗਸਤ ਵਾਲੇ ਦਿਨ ਜਦੋਂ ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਭਾਸ਼ਣ ਦਿੱਤਾ ਤਾਂ ਧਰੁਵ ਰਾਠੀ ਵੱਲੋਂ ਕੀਤਾ ਵਿਸ਼ਲੇਸ਼ਣ 17 ਅਗਸਤ ਨੂੰ ਖ਼ੂਬ ਵਾਇਰਲ ਹੋਇਆ। ਧਰੁਵ ਰਾਠੀ ਦੇਖਣ ਵਿਚ ਕਾਲਜ ਦੇ ਮੁੰਡੇ ਵਰਗਾ ਹੈ, ਲੇਕਿਨ ਉਹ ਪਿਛਲੇ ਕਈ ਮਹੀਨਿਆਂ ਤੋਂ ਮੋਦੀ ਦੇ ਝੂਠ ਦੀ ਪੋਲ ਸੋਸ਼ਲ ਮੀਡੀਆ ਵਿਚ ਖੋਲ੍ਹ ਦਿੰਦਾ ਹੈ। ਪਹਿਲਾਂ ਇਹ ਵੀਡੀਓ ਸਾਡੇ ਵਰਗੇ ਲੋਕਾਂ ਨੂੰ ਹੀ ਦਿਸ ਰਿਹਾ ਸੀ, ਆਮ ਆਦਮੀ ਤਕ ਨਹੀਂ ਸੀ ਪਹੁੰਚ ਰਿਹਾ ਸੀ, ਲੇਕਿਨ 17 ਅਗਸਤ ਦਾ ਵੀਡੀਓ ਇਕ ਦਿਨ ਵਿਚ ਇਕ ਲੱਖ ਤੋਂ ਜ਼ਿਆਦਾ ਲੋਕਾਂ ਤਕ ਪਹੁੰਚ ਗਿਆ (ਗੌਰੀ ਲੰਕੇਸ਼ ਅਕਸਰ ਮੋਦੀ ਨੂੰ 'ਬੂਸੀ ਬਸੀਆ' ਲਿਖਿਆ ਕਰਦੀ ਸੀ ਜਿਸ ਦਾ ਭਾਵ ਹੈ, ਜਦੋਂ ਵੀ ਮੂੰਹ ਖੋਲ੍ਹੇਗਾ, ਝੂਠ ਹੀ ਬੋਲੇਗਾ)। ਧਰੁਵ ਰਾਠੀ ਨੇ ਦੱਸਿਆ ਕਿ 'ਬੂਸੀ ਬਸੀਆ' ਦੀ ਸਰਕਾਰ ਨੇ ਰਾਜ ਸਭਾ 'ਚ ਮਹੀਨਾ ਪਹਿਲਾਂ ਕਿਹਾ ਕਿ 33 ਲੱਖ ਨਵੇਂ ਕਰਦਾਤਾ ਆਏ ਹਨ। ਉਸ ਤੋਂ ਪਹਿਲਾਂ ਵਿੱਤ ਮੰਤਰੀ ਜੇਤਲੀ ਨੇ 91 ਲੱਖ ਨਵੇਂ ਕਰਦਾਤਾਵਾਂ ਦੇ ਜੁੜਨ ਦੀ ਗੱਲ ਕਹੀ ਸੀ। ਅੰਤ ਵਿਚ ਆਰਥਿਕ ਸਰਵੇਖਣ ਵਿਚ ਕਿਹਾ ਗਿਆ ਕਿ ਸਿਰਫ 5 ਲੱਖ 40 ਹਜ਼ਾਰ ਨਵੇਂ ਕਰਦਾਤਾ ਜੁੜੇ ਹਨ। ਸੱਚ ਕੀ ਹੈ? ਇਹੀ ਸਵਾਲ ਧਰੁਵ ਰਾਠੀ ਨੇ ਆਪਣੇ ਵੀਡੀਓ 'ਚ ਉਠਾਇਆ ਹੈ।

ਅੱਜ ਦਾ ਮੁੱਖਧਾਰਾ ਮੀਡੀਆ ਕੇਂਦਰ ਸਰਕਾਰ ਅਤੇ ਭਾਜਪਾ ਦੇ ਅੰਕੜਿਆਂ ਨੂੰ ਹੂ-ਬ-ਹੂ ਵੇਦ ਦੇ ਸ਼ਲੋਕ ਵਾਂਗ ਫੈਲਾਉਂਦਾ ਹੈ। ਇਸ ਵਿਚ ਜੋ ਵੀ ਟੀ.ਵੀ. ਚੈਨਲ ਹਨ, ਉਹ ਇਸ ਕੰਮ ਵਿਚ ਦਸ ਕਦਮ ਅੱਗੇ ਹਨ; ਮਸਲਨ, ਜਦੋਂ ਰਾਮ ਨਾਥ ਕੋਵਿੰਦ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕੀ, ਉਸ ਦਿਨ ਬਹੁਤ ਸਾਰੇ ਅੰਗਰੇਜ਼ੀ ਟੀ.ਵੀ. ਚੈਨਲਾਂ ਨੇ ਖ਼ਬਰ ਚਲਾਈ ਕਿ ਸਿਰਫ ਇਕ ਘੰਟੇ ਵਿਚ ਟਵਿੱਟਰ ਉਪਰ ਰਾਸ਼ਟਰਪਤੀ ਕੋਵਿੰਦ ਦੇ ਫੌਲੋਅਰ ਦੀ ਗਿਣਤੀ 30 ਲੱਖ ਹੋ ਗਈ। ਉਨ੍ਹਾਂ ਦਾ ਮਕਸਦ ਇਹ ਦੱਸਣਾ ਸੀ ਕਿ ਕਿੰਨੇ ਲੋਕ ਕੋਵਿੰਦ ਦੀ ਸਪੋਰਟ ਕਰ ਰਹੇ ਹਨ। ਬਹੁਤ ਸਾਰੇ ਟੀ.ਵੀ. ਚੈਨਲ ਹੁਣ ਰਾਸ਼ਟਰੀ ਸੋਇਮਸੇਵਕ ਸੰਘ ਦੀ ਟੀਮ ਹੀ ਬਣ ਗਏ ਹਨ, ਜਦੋਂਕਿ ਸੱਚ ਇਹ ਸੀ ਕਿ ਉਸ ਦਿਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਦਾ ਸਰਕਾਰੀ ਅਕਾਊਂਟ ਨਵੇਂ ਰਾਸ਼ਟਰਪਤੀ ਦੇ ਨਾਮ ਹੋ ਗਿਆ। ਜਦੋਂ ਇਹ ਤਬਦੀਲੀ ਹੋਈ ਤਾਂ ਰਾਸ਼ਟਰਪਤੀ ਭਵਨ ਦੇ ਫੌਲੋਅਰ, ਕੋਵਿੰਦ ਦੇ ਫੌਲੋਅਰ ਹੋ ਗਏ ਸਨ। ਇਸ ਵਿਚ ਇਕ ਗੱਲ ਹੋਰ ਵੀ ਗ਼ੌਰ ਕਰਨ ਵਾਲੀ ਹੈ: ਪ੍ਰਣਬ ਮੁਖਰਜੀ ਨੂੰ ਵੀ ਤੀਹ ਲੱਖ ਤੋਂ ਜ਼ਿਆਦਾ ਲੋਕ ਟਵਿੱਟਰ ਉਪਰ ਫੌਲੋ ਕਰਦੇ ਸਨ!



ਗੌਰੀ ਲੰਕੇਸ਼

ਅੱਜ ਸੋਇਮਸੇਵਕ ਸੰਘ ਦੇ ਇੰਦਾਂ ਦੇ ਫੈਲਾਏ ਫੇਕ ਨਿਊਜ਼ ਦੀ ਸਚਾਈ ਸਾਹਮਣੇ ਲਿਆਉਣ ਲਈ ਬਹੁਤ ਸਾਰੇ ਲੋਕ ਸਾਹਮਣੇ ਆ ਚੁੱਕੇ ਹਨ। ਧਰੁਵ ਰਾਠੀ ਵੀਡੀਓ ਦੇ ਮਾਧਿਅਮ ਨਾਲ ਇਹ ਕੰਮ ਕਰ ਰਹੇ ਹਨ। ਪ੍ਰਤੀਕ altnews.in ਵੈਬਸਾਈਟ ਰਾਹੀਂ ਇਹ ਕੰਮ ਕਰ ਰਹੇ ਹਨ। ਹੋਕਸ ਸਲੇਅਰ, ਬੂਮ ਐਂਡ ਫੈਕਟ ਚੈਕ ਨਾਮ ਦੀਆਂ ਵੈਬਸਾਈਟ ਵੀ ਇਹੀ ਕੰਮ ਕਰ ਰਹੀਆਂ ਹਨ। thewire.in, scroll.in, newslaundry.com, thequint.com ਵਰਗੀਆਂ ਵੈਬਸਾਈਟਾਂ ਵੀ ਸਰਗਰਮ ਹਨ। ਮੈਂ ਜਿਨ੍ਹਾਂ ਲੋਕਾਂ ਦੇ ਨਾਂ ਦੱਸੇ ਹਨ, ਉਨ੍ਹਾਂ ਸਾਰਿਆਂ ਨੇ ਹਾਲ ਹੀ ਵਿਚ ਕਈ ਫੇਕ ਨਿਊਜ਼ ਦੀ ਸਚਾਈ ਉਜਾਗਰ ਕੀਤੀ ਹੈ। ਇਨ੍ਹਾਂ ਦੇ ਕੰਮ ਨਾਲ ਸੰਘ ਦੇ ਲੋਕ ਕਾਫ਼ੀ ਪ੍ਰੇਸ਼ਾਨ ਹੋ ਗਏ ਹਨ। ਇਸ ਵਿਚ ਹੋਰ ਵੀ ਮਹੱਤਵ ਦੀ ਗੱਲ ਇਹ ਹੈ ਕਿ ਇਹ ਲੋਕ ਪੈਸੇ ਲਈ ਕੰਮ ਨਹੀਂ ਕਰ ਰਹੇ ਹਨ। ਇਨ੍ਹਾਂ ਦਾ ਇਕ ਹੀ ਮਕਸਦ ਹੈ ਕਿ ਫਾਸ਼ਿਸਟਾਂ ਦੇ ਝੂਠ ਦੀ ਫੈਕਟਰੀ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ।

ਕੁਝ ਹਫ਼ਤੇ ਪਹਿਲਾਂ ਬੰਗਲੂਰੂ ਵਿਚ ਜ਼ੋਰਦਾਰ ਬਾਰਿਸ਼ ਹੋਈ। ਉਸ ਵਕਤ ਉਪਰ ਸੰਘ ਦੇ ਲੋਕਾਂ ਨੇ ਫੋਟੋ ਵਾਇਰਲ ਕੀਤਾ। ਕੈਪਸ਼ਨ ਵਿਚ ਲਿਖਿਆ ਸੀ: ਨਾਸਾ ਨੇ ਮੰਗਲ ਗ੍ਰਹਿ ਉਪਰ ਲੋਕਾਂ ਦੇ ਘੁੰਮਦੇ ਹੋਣ ਦਾ ਫ਼ੋਟੋ ਜਾਰੀ ਕੀਤਾ ਹੈ। ਬੰਗਲੂਰੂ ਨਗਰਪਾਲਿਕਾ ਬੀ.ਬੀ.ਐਮ.ਸੀ. ਨੇ ਬਿਆਨ ਦਿੱਤਾ ਕਿ ਇਹ ਮੰਗਲ ਗ੍ਰਹਿ ਦਾ ਫ਼ੋਟੋ ਨਹੀਂ ਹੈ। ਸੰਘ ਦਾ ਮਕਸਦ ਸੀ, ਮੰਗਲ ਗ੍ਰਹਿ ਦਾ ਦੱਸ ਕੇ ਬੰਗਲੂਰੂ ਦਾ ਮਜ਼ਾਕ ਉਡਾਉਣਾ, ਜਿਸ ਤੋਂ ਲੋਕ ਇਹ ਸਮਝਣ ਕਿ ਬੰਗਲੂਰੂ ਵਿਚ ਸਿਦਾਰਮੱਈਆ ਦੀ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ, ਇਥੋਂ ਦੇ ਰਸਤੇ ਖ਼ਰਾਬ ਹੋ ਗਏ ਹਨ। ਇਹ ਪ੍ਰਾਪੇਗੰਡਾ ਕਰ ਕੇ ਝੂਠੀ ਖ਼ਬਰ ਫੈਲਾਉਣਾ ਸੰਘ ਦਾ ਮਕਸਦ ਸੀ, ਲੇਕਿਨ ਇਹ ਉਨ੍ਹਾਂ ਨੂੰ ਮਹਿੰਗਾ ਪਿਆ ਸੀ, ਕਿਉਂਕਿ ਫ਼ੋਟੋ ਬੰਗਲੂਰੂ ਦੀ ਨਹੀਂ, ਮਹਾਰਾਸ਼ਟਰ ਦੀ ਸੀ ਜਿਥੇ ਭਾਜਪਾ ਦੀ ਸਰਕਾਰ ਹੈ!

ਪੱਛਮੀ ਬੰਗਾਲ ਵਿਚ ਜਦੋਂ ਦੰਗੇ ਹੋਏ ਤਾਂ ਆਰ.ਐਸ.ਐਸ.ਨੇ ਦੋ ਪੋਸਟਰ ਜਾਰੀ ਕੀਤੇ। ਇਕ ਪੋਸਟਰ ਦਾ ਕੈਪਸ਼ਨ ਸੀ: ਬੰਗਾਲ ਜਲ ਰਿਹਾ ਹੈ। ਇਸ ਵਿਚ ਪ੍ਰਾਪਰਟੀ ਸੜਨ ਦੀ ਤਸਵੀਰ ਸੀ। ਦੂਜੀ ਫ਼ੋਟੋ ਵਿਚ ਔਰਤ ਦੀ ਸਾੜ੍ਹੀ ਖਿੱਚੀ ਜਾ ਰਹੀ ਸੀ ਅਤੇ ਕੈਪਸ਼ਨ ਹੈ: ਬੰਗਾਲ ਵਿਚ ਹਿੰਦੂ ਔਰਤਾਂ 'ਤੇ ਜ਼ੁਲਮ ਹੋ ਰਿਹਾ ਹੈ। ਬਹੁਤ ਛੇਤੀ ਇਸ ਫ਼ੋਟੋ ਦਾ ਸੱਚ ਸਾਹਮਣੇ ਆ ਗਿਆ। ਪਹਿਲੀ ਤਸਵੀਰ 2002 ਦੇ ਗੁਜਰਾਤ ਦੰਗਿਆਂ ਦੀ ਸੀ, ਜਦੋਂ ਮੁੱਖ ਮੰਤਰੀ ਮੋਦੀ ਹੀ ਸੀ। ਦੂਜੀ ਤਸਵੀਰ ਵਿਚ ਭੋਜਪੁਰੀ ਫਿਲਮ ਦਾ ਕੋਈ ਸੀਨ ਸੀ।

ਸਿਰਫ਼ ਆਰ.ਐਸ.ਐਸ. ਹੀ ਨਹੀਂ, ਭਾਜਪਾ ਦੇ ਕੇਂਦਰੀ ਮੰਤਰੀ ਵੀ ਅਜਿਹੇ ਫ਼ੇਕ ਨਿਊਜ਼ ਫੈਲਾਉਣ ਵਿਚ ਮਾਹਰ ਹਨ। ਮਿਸਾਲ ਵਜੋਂ, ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਫ਼ੋਟੋ ਸ਼ੇਅਰ ਕੀਤੀ ਜਿਸ ਵਿਚ ਕੁਝ ਲੋਕ ਤਿਰੰਗੇ ਨੂੰ ਅੱਗ ਲਾ ਰਹੇ ਸਨ। ਫ਼ੋਟੋ ਦੀ ਕੈਪਸ਼ਨ ਸੀ: ਗਣਤੰਤਰ ਦੇ ਦਿਵਸ ਹੈਦਰਾਬਾਦ ਵਿਚ ਤਿਰੰਗੇ ਨੂੰ ਅੱਗ ਲਾਈ ਜਾ ਰਹੀ ਹੈ। ਹੁਣ ਗੂਗਲ ਇਮੇਜ ਸਰਚ 'ਤੇ ਨਵਾਂ ਐਪਲੀਕੇਸ਼ਨ ਆਇਆ ਹੈ, ਉਸ ਵਿਚ ਤੁਸੀਂ ਕੋਈ ਵੀ ਤਸਵੀਰ ਪਾ ਕੇ ਜਾਣ ਸਕਦੇ ਹੋ ਕਿ ਇਹ ਕਿਥੇ ਅਤੇ ਕਦੋਂ ਦੀ ਹੈ। ਪ੍ਰਤੀਕ ਸਿਨਹਾ ਨੇ ਇਹੀ ਕੰਮ ਕੀਤਾ ਅਤੇ ਉਸ ਐਪਲੀਕੇਸ਼ਨ ਦੇ ਜ਼ਰੀਏ ਗਡਕਰੀ ਦੀ ਸ਼ੇਅਰ ਕੀਤੀ ਫ਼ੋਟੋ ਦੀ ਸਚਾਈ ਉਜਾਗਰ ਕਰ ਦਿੱਤੀ। ਪਤਾ ਲੱਗਿਆ ਕਿ ਇਹ ਫ਼ੋਟੋ ਹੈਦਰਾਬਾਦ ਦੀ ਨਹੀਂ, ਪਾਕਿਸਤਾਨ ਦੀ ਹੈ ਜਿਥੇ ਕੋਈ ਪਾਬੰਦੀਸ਼ੁਦਾ ਕੱਟੜਪੰਥੀ ਜਥੇਬੰਦੀ ਭਾਰਤ ਖ਼ਿਲਾਫ਼ ਤਿਰੰਗਾ ਸਾੜ ਰਹੀ ਹੈ।

ਇਸੇ ਤਰ੍ਹਾਂ ਇਕ ਟੀ.ਵੀ. ਚੈਨਲ ਦੀ ਬਹਿਸ ਵਿਚ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਸਰਹੱਦ ਉਪਰ ਫ਼ੌਜੀਆਂ ਨੂੰ ਤਿਰੰਗਾ ਲਹਿਰਾਉਣ ਵਿਚ ਕਿੰਨੀਆਂ ਮੁਸ਼ਕਿਲਾਂ ਆਉਂਦੀਆਂ ਹਨ, ਫਿਰ ਜੇ.ਐਨ.ਯੂ. ਵਰਗੀਆਂ ਯੂਨੀਵਰਸਿਟੀਆਂ ਵਿਚ ਤਿਰੰਗਾ ਲਹਿਰਾਉਣ ਵਿਚ ਕੀ ਸਮੱਸਿਆ ਹੈ? ਇਹ ਸਵਾਲ ਪੁੱਛ ਕੇ ਸੰਬਿਤ ਨੇ ਇਕ ਤਸਵੀਰ ਦਿਖਾਈ। ਬਾਅਦ ਵਿਚ ਪਤਾ ਲੱਗਿਆ ਕਿ ਇਹ ਇਕ ਮਸ਼ਹੂਰ ਤਸਵੀਰ ਹੈ, ਪਰ ਇਸ ਵਿਚ ਭਾਰਤੀ ਨਹੀਂ, ਅਮਰੀਕੀ ਫ਼ੌਜੀ ਹਨ। ਦੂਜੇ ਸੰਸਾਰ ਯੁੱਧ ਦੌਰਾਨ ਅਮਰੀਕੀ ਫ਼ੌਜੀਆਂ ਨੇ ਜਦੋਂ ਜਪਾਨ ਦੇ ਇਕ ਦੀਪ ਉਪਰ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਆਪਣਾ ਝੰਡਾ ਲਹਿਰਾਇਆ ਸੀ, ਪਰ ਫ਼ੋਟੋਸ਼ਾਪ ਦੇ ਜ਼ਰੀਏ ਸੰਬਿਤ ਪਾਤਰਾ ਲੋਕਾਂ ਨੂੰ ਧੋਖਾ ਦੇ ਰਹੇ ਸਨ; ਲੇਕਿਨ ਇਹ ਉਨ੍ਹਾਂ ਨੂੰ ਕਾਫ਼ੀ ਮਹਿੰਗਾ ਪਿਆ। ਟਵਿੱਟਰ ਉਪਰ ਸੰਬਿਤ ਪਾਤਰਾ ਦਾ ਲੋਕਾਂ ਨੇ ਕਾਫ਼ੀ ਮਜ਼ਾਕ ਉਡਾਇਆ।

ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਹਾਲ ਹੀ ਵਿਚ ਇਕ ਤਸਵੀਰ ਸਾਂਝੀ ਕੀਤੀ। ਲਿਖਿਆ ਕਿ ਭਾਰਤ ਦੇ 50,000 ਕਿਲੋਮੀਟਰ ਰਸਤਿਆਂ ਉਪਰ ਸਰਕਾਰ ਨੇ ਤੀਹ ਲੱਖ ਐਲ.ਈ.ਡੀ. ਬਲਬ ਲਗਾ ਦਿੱਤੇ ਹਨ, ਪਰ ਜੋ ਤਸਵੀਰ ਉਨ੍ਹਾਂ ਨੇ ਲਾਈ, ਉਹ ਫੇਕ ਨਿਕਲੀ। ਇਹ ਭਾਰਤ ਦੀ ਨਹੀਂ, 2009 ਵਿਚ ਜਪਾਨ ਦੀ ਤਸਵੀਰ ਸੀ। ਇਸੇ ਗੋਇਲ ਨੇ ਪਹਿਲਾਂ ਵੀ ਟਵੀਟ ਕੀਤਾ ਸੀ ਕਿ ਕੋਲੇ ਦੀ ਸਪਲਾਈ ਵਿਚ ਸਰਕਾਰ ਨੇ 25,000 ਕਰੋੜ ਦੀ ਬਚਤ ਕੀਤੀ ਹੈ। ਉਸ ਟਵੀਟ ਦੀ ਤਸਵੀਰ ਵੀ ਝੂਠੀ ਨਿਕਲੀ ਸੀ।


ਛੱਤੀਸਗੜ੍ਹ ਦੇ ਪੀ.ਡਬਲਯੂ.ਡੀ. ਮੰਤਰੀ ਰਾਜੇਸ਼ ਮੂਣਤ ਨੇ ਪੁਲ ਦੀ ਫ਼ੋਟੋ ਸ਼ੇਅਰ ਕੀਤੀ, ਆਪਣੀ ਸਰਕਾਰ ਦੀ ਕਾਮਯਾਬੀ ਦੱਸੀ। ਇਸ ਟਵੀਟ ਨੂੰ 2000 ਲਾਈਕ ਮਿਲੇ। ਬਾਅਦ ਵਿਚ ਪਤਾ ਲੱਗਿਆ ਕਿ ਉਹ ਤਸਵੀਰ ਛੱਤੀਸਗੜ੍ਹ ਦੀ ਨਹੀਂ, ਵੀਅਤਨਾਮ ਦੀ ਹੈ।

ਐਸੇ ਫ਼ੇਕ ਨਿਊਜ਼ ਫੈਲਾਉਣ ਵਿਚ ਸਾਡੇ ਕਰਨਾਟਕ ਦੇ ਆਰ.ਐਸ.ਐਸ. ਅਤੇ ਭਾਜਪਾ ਆਗੂ ਘੱਟ ਨਹੀਂ ਹਨ। ਕਰਨਾਟਕ ਦੇ ਸੰਸਦ ਮੈਂਬਰ ਪ੍ਰਤਾਪ ਸਿਨਹਾ ਨੇ ਰਿਪੋਰਟ ਸ਼ੇਅਰ ਕੀਤੀ, ਕਿਹਾ ਕਿ ਇਹ 'ਟਾਈਮਜ਼ ਆਫ ਇੰਡੀਆ' ਵਿਚ ਆਈ ਹੈ। ਹੈਡਲਾਈਨ ਸੀ: ਮੁਸਲਮਾਨ ਨੇ ਹਿੰਦੂ ਕੁੜੀ ਨੂੰ ਚਾਕੂ ਮਾਰ ਕੇ ਹੱਤਿਆ ਕੀਤੀ। ਦੁਨੀਆਂ ਭਰ ਨੂੰ ਨੈਤਿਕਤਾ ਦਾ ਗਿਆਨ ਦੇਣ ਵਾਲੇ ਪ੍ਰਤਾਪ ਸਿਨਹਾ ਨੇ ਸਚਾਈ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਕਿਸੇ ਵੀ ਅਖ਼ਬਾਰ ਨੇ ਇਹ ਨਿਊਜ਼ ਨਹੀਂ ਛਾਪੀ ਸੀ, ਬਲਕਿ ਫ਼ੋਟੋਸ਼ਾਪ ਦੇ ਜ਼ਰੀਏ ਕਿਸੇ ਹੋਰ ਨਿਊਜ਼ ਵਿਚ ਹੈਡਲਾਈਨ ਲਗਾ ਦਿੱਤੀ ਗਈ ਸੀ ਅਤੇ ਹਿੰਦੂ ਮੁਸਲਿਮ ਰੰਗਤ ਦੇ ਦਿੱਤੀ ਗਈ ਅਤੇ ਇਸ ਕੰਮ ਲਈ 'ਟਾਈਮਜ਼ ਆਫ ਇੰਡੀਆ' ਦਾ ਨਾਮ ਇਸਤੇਮਾਲ ਕੀਤਾ ਗਿਆ। ਜਦੋਂ ਹੰਗਾਮਾ ਹੋਇਆ ਕਿ ਇਹ ਤਾਂ ਫੇਕ ਨਿਊਜ਼ ਹੈ, ਤਾਂ ਸੰਸਦ ਮੈਂਬਰ ਨੇ ਇਹ ਡਿਲੀਟ ਕਰ ਦਿੱਤੀ, ਪਰ ਮਾਫ਼ੀ ਨਹੀਂ ਮੰਗੀ ਅਤੇ ਫਿਰਕੂ ਝੂਠ ਫੈਲਾਉਣ ਉਪਰ ਕੋਈ ਪਛਤਾਵਾ ਵੀ ਨਹੀਂ ਕੀਤਾ।

ਜਿਵੇਂ ਮੇਰੇ ਦੋਸਤ ਵਾਸੂ ਨੇ ਇਸ ਵਾਰ ਦੇ ਕਾਲਮ ਵਿਚ ਲਿਖਿਆ ਹੈ, ਮੈਂ ਵੀ ਬਿਨਾਂ ਸਮਝੇ ਇਕ ਫ਼ੇਕ ਨਿਊਜ਼ ਸ਼ੇਅਰ ਕਰ ਦਿੱਤੀ। ਪਟਨਾ ਦੀ ਆਪਣੀ ਰੈਲੀ ਦੀ ਤਸਵੀਰ ਲਾਲੂ ਯਾਦਵ ਨੇ ਫ਼ੋਟੋਸ਼ਾਪ ਕਰ ਕੇ ਸਾਂਝੀ ਕਰ ਦਿੱਤੀ। ਥੋੜ੍ਹੀ ਦੇਰ ਵਿਚ ਦੋਸਤ ਸ਼ਸ਼ੀਧਰ ਨੇ ਦੱਸਿਆ ਕਿ ਇਹ ਫ਼ੋਟੋ ਫਰਜ਼ੀ ਹੈ। ਮੈਂ ਤੁਰੰਤ ਹਟਾ ਦਿੱਤੀ ਅਤੇ ਗ਼ਲਤੀ ਵੀ ਮੰਨੀ। ਇਹੀ ਨਹੀਂ, ਨਕਲੀ ਅਤੇ ਅਸਲੀ ਤਸਵੀਰ, ਦੋਵੇਂ ਇਕੱਠੀਆਂ ਛਾਪ ਕੇ ਟਵੀਟ ਕੀਤਾ। ਇਸ ਗਲਤੀ ਪਿੱਛੇ ਮਨਸ਼ਾ ਫਿਰਕੂ ਤੌਰ 'ਤੇ ਭੜਕਾਉਣ ਜਾਂ ਪ੍ਰਾਪੇਗੰਡਾ ਕਰਨ ਦੀ ਨਹੀਂ ਸੀ। ਫਾਸ਼ਿਸਟਾਂ ਦੇ ਖ਼ਿਲਾਫ਼ ਲੋਕ ਜੁੜ ਰਹੇ ਸਨ, ਇਸ ਦਾ ਸੰਦੇਸ਼ ਦੇਣਾ ਹੀ ਮੇਰਾ ਮਕਸਦ ਸੀ। ਫਾਈਨਲੀ, ਜੋ ਵੀ ਫ਼ੇਕ ਨਿਊਜ਼ ਨੂੰ ਐਕਸਪੋਜ਼ ਕਰਦੇ ਹਨ, ਉਨ੍ਹਾਂ ਨੂੰ ਸਲਾਮ। ਮੇਰੀ ਖ਼ਵਾਹਿਸ਼ ਹੈ ਕਿ ਇਹ ਗਿਣਤੀ ਹੋਰ ਜ਼ਿਆਦਾ ਹੋਵੇ।

# ਕਸ਼ਮੀਰ ਤੋਂ ਵੱਡਾ ਸਵਰਗ ਮੌਰਿਸ਼ਿਸ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਭਾਰਤ ਵਾਸੀ ਕਸ਼ਮੀਰ ਨੂੰ ਧਰਤੀ ਦਾ ਸਵਰਗ ਮੰਨਦੇ ਹਨ। ਉਹ ਨਹੀਂ ਜਾਣਦੇ ਕਿ ਮੌਰਿਸ਼ਿਸ ਦੀਪ ਸਮੂਹ ਕਈ ਗੱਲਾਂ ਵਿਚ ਕਸ਼ਮੀਰ ਨੂੰ ਮਾਤ ਪਾਉਂਦਾ ਹੈ। ਵਿਆਹ ਸ਼ਾਦੀਆਂ 'ਤੇ ਢੋਲ ਢਮੱਕਾ ਨਹੀਂ ਹੁੰਦਾ। ਦਾਜ ਦਹੇਜ ਦਾ ਸਵਾਲ ਹੀ ਨਹੀਂ। ਇੱਕ ਸਾਦੀ ਜਿਹੀ ਪਾਰਟੀ ਤੋਂ ਪਿੱਛੋਂ ਰਜਿਸਟੇਸ਼ਨ ਹੋ ਜਾਂਦੀ ਹੈ। ਅੱਧੀ ਤੋਂ ਵਧ ਵਸੋਂ ਹਿੰਦੂ ਹੋਣ ਦੇ ਬਾਵਜੂਦ ਸ਼ਿਵ ਜੀ ਦੇ ਪੂਜਕ ਹਨ ਤੇ ਜਾਤ-ਪਾਤ ਨਹੀਂ ਮੰਨਦੇ। ਕਸ਼ਮੀਰ ਵਾਸੀਆਂ ਵਾਂਗ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਸੈਲਾਨੀਆਂ ਉਤੇ ਨਿਰਭਰ ਹੈ। ਗਾਈਡ ਤੇ ਟੈਕਸੀ ਡਰਾਈਵਰ ਘੱਟੋ ਘਟ ਚਾਰ ਜ਼ੁਬਾਨਾਂ-ਅੰਗਰੇਜ਼ੀ, ਫਰਾਂਸੀਸੀ, ਹਿੰਦੀ ਤੇ ਭੋਜਪੁਰੀ ਬੋਲਦੇ ਤੇ ਸਮਝਦੇ ਹਨ। ਯਾਤਰੀ ਇਨ੍ਹਾਂ ਵਿਚੋਂ ਕੋਈ ਨਾ ਕੋਈ ਭਾਸ਼ਾ ਜਾਣਦੇ ਹਨ। ਉਹ ਖੁਦ ਦੇਸ਼ ਦੇ ਕਾਇਦੇ ਕਾਨੂੰਨ ਦਾ ਪਾਲਣ ਕਰਦੇ ਹਨ ਤੇ ਸ਼ਰਧਾਲੂ ਅਮਨ ਚੈਨ ਦਾ ਮਾਹੌਲ ਬਣਾਈ ਰੱਖਣ ਦਾ ਯਤਨ ਕਰਦੇ ਹਨ।



ਮੌਰਿਸ਼ਿਸ ਦੇ ਇਕ ਬਾਜ਼ਾਰ ਵਿਚ ਤਣੀਆਂ ਛਤਰੀਆਂ

**ਸੁਰ ਸਿੰਘ ਵਾਸੀ ਤੇ ਡੇਰਾ ਵਡਭਾਗ ਸਿੰਘ:** ਡੇਰਾ ਵਡਭਾਗ ਸਿੰਘ ਨੇੜੇ ਅੰਬ ਕਸਬੇ ਕੋਲ ਵਾਪਰੀ ਭਿਆਨਕ ਦੁਰਘਟਨਾ ਵਿਚ ਸੁਰ ਸਿੰਘ (ਅੰਮ੍ਰਿਤਸਰ) ਦੇ ਬਹੁਤ ਸਾਰੇ ਲੋਕਾਂ ਦੇ ਮਰਨ ਤੇ ਜ਼ਖਮੀ ਹੋਣ ਨੇ ਮੈਨੂੰ ਦੋਨੋਂ ਥਾਂਵਾਂ ਚੇਤੇ ਕਰਵਾ ਦਿੱਤੀਆਂ ਹਨ। ਡੇਰੇ ਵਾਲਾ ਕਿੱਸਾ ਦਿਲਚਸਪ ਹੈ। ਵਿਆਹ ਪਿੱਛੋਂ ਅਸੀਂ ਹਨੀਮੂਨ ਲਈ ਮਨਾਲੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਕਾਰ ਆਪਣੀ ਤੇ ਡਰਾਈਵਰ ਮੈਂ ਆਪ। ਕੋਈ ਰਸਤਾ ਜਾਂ ਟਿਕਾਣਾ ਨਹੀਂ ਮਿਥਿਆ। ਹਰ ਸ਼ਾਮ ਪੰਜ ਛੇ ਵਜੇ ਪੁੱਛਣ ਲਗ ਜਾਂਦੇ ਕਿ ਅਗਲਾ ਗੈਸਟ ਹਾਊਸ ਕਿਥੇ ਹੈ। ਸਰਕਟ ਹਾਊਸ, ਫਾਰੈਸਟ ਗੈਸਟ ਹਾਊਸ ਜਾਂ ਟੂਰਿਸਟ ਗੈਸਟ ਹਾਊਸ। 1966 ਦਾ ਮਾਰਚ ਮਹੀਨਾ ਸੀ। ਕਿਤੇ ਰੁਕਾਵਟ ਨਾ ਆਈ। ਜੇ ਆਉਂਦੀ ਤਾਂ 20-25 ਮੀਲ ਅੱਗੇ ਚਲੇ ਜਾਂਦੇ।

ਹਫਤਾ ਭਰ ਮਨਾਲੀ ਰਹਿਣ ਉਪਰੰਤ ਵਾਪਸੀ ਸਫਰ ਨਵੇਂ ਰਸਤੇ ਆਉਣ ਦਾ ਮਨ ਬਣਾ ਲਿਆ। ਇੱਕ ਦਿਨ ਕੋਈ ਟਿਕਾਣਾ ਖਾਲੀ ਨਾ ਮਿਲਿਆ। ਹਨੇਰਾ ਹੁੰਦਾ ਜਾਪਿਆ ਤਾਂ ਕਿਸੇ ਨੇ ਡੇਰਾ ਬਾਬਾ ਵਡਭਾਗ ਸਿੰਘ ਦੀ ਦੱਸ ਪਾ ਦਿੱਤੀ। ਉਥੇ ਪਹੁੰਚੇ ਤਾਂ ਇੱਕ ਨਿੱਕੇ ਜਿਹੇ ਕਮਰੇ ਵਿਚ ਪੁਰਾਣੀ ਮੰਜੀ ਉਤੇ ਰਾਤ ਕੱਟਣੀ ਪਈ।

ਸਵੇਰੇ ਮੱਥਾ ਟੇਕਣ ਗਏ ਤਾਂ ਹਰ ਕੋਈ ਇਹੀਓ ਪੁੱਛੇ ਕਿ ਅਸੀਂ ਵਗਦੀ ਨਦੀ ਵਿਚ ਇਸ਼ਨਾਨ ਕਰ ਆਏ ਜਾਂ ਨਹੀਂ। ਪੁੱਛਣ 'ਤੇ ਪਤਾ ਲੱਗਿਆ ਕਿ ਡੇਰੇ ਵਾਲੇ ਮਰਦ/ਔਰਤਾਂ ਦਾ ਖੇਲਣਾ ਬੰਦ ਕਰਾਉਣ ਦੀ ਜੁਗਤ ਜਾਣਦੇ ਸਨ। ਭਾਵ ਇਹ ਕਿ ਕੁੱਟ ਕੁੱਟ ਕੇ ਉਨ੍ਹਾਂ ਅੰਦਰ ਵੱਸਿਆ ਭੂਤ ਕਢਦੇ ਸਨ। ਇਸ ਪ੍ਰਕ੍ਰਿਆ ਪਿੱਛੋਂ ਉਨ੍ਹਾਂ ਨੇ ਵਗਦੀ ਨਦੀ ਦੇ ਠੰਢੇ ਪਾਣੀ ਵਿਚ ਨਹਾਉਣਾ ਹੁੰਦਾ ਸੀ। ਅਸੀਂ ਨਾਸ਼ਤਾ ਕੀਤੇ ਬਿਨਾ ਹੀ ਉਥੋਂ ਤੁਰ ਪਏ।

ਮੈਨੂੰ ਨਹੀਂ ਪਤਾ ਕਿ ਹਾਦਸੇ ਦਾ ਸ਼ਿਕਾਰ ਹੋਏ ਸ਼ਰਧਾਲੂ ਭੂਤ ਕਢਵਾ ਕੇ ਆਏ ਸਨ ਜਾਂ ਕੇਵਲ ਨਤਮਸਤਕ ਹੋ ਕੇ, ਪਰ ਟਰੱਕ ਵਾਲੇ ਦਾ 80 ਸਵਾਰੀਆਂ ਲੱਦਣਾ ਜਾਇਜ਼ ਨਹੀਂ ਸੀ। ਦੁਖ ਦੀ ਗੱਲ ਇਹ ਕਿ ਮਰਨ ਵਾਲਿਆਂ ਵਿਚ ਸੁਰ ਸਿੰਘ ਦੇ ਵਸਨੀਕ ਵੀ ਸਨ ਜਿਸ ਨੇ ਪੰਜਾਬੀ ਜਗਤ ਨੂੰ ਕਰਤਾਰ ਸਿੰਘ ਵਰਗੇ ਪਹਿਲਵਾਨ ਹੀ ਨਹੀਂ ਦਿੱਤੇ, ਵਰਿਆਮ ਸਿੰਘ ਸੰਧੂ ਵਰਗੇ ਸਾਹਿਤਕਾਰ ਵੀ ਦਿੱਤੇ ਹਨ। ਇਹ ਮਾੜੀ ਗੱਲ ਹੈ ਕਿ ਮੈਨੂੰ ਸੁਰ ਸਿੰਘ ਤੇ ਡੇਰਾ ਵਡਭਾਗ ਸਿੰਘ ਨੂੰ ਦੁਖਾਂਤਕ ਘਟਨਾ ਦੇ ਪ੍ਰਸੰਗ ਵਿਚ ਚੇਤੇ ਕਰਨਾ ਪਿਆ ਹੈ। ਮੇਰੀ ਮਰਨ ਵਾਲਿਆਂ ਨਾਲ ਹਮਦਰਦੀ ਹੈ।

**ਅੰਤਿਕਾ:** (ਅਮਰਜੀਤ ਕੌਰ ਅਮਰ)
ਕਿਵੇਂ ਸੜਕਾਂ 'ਤੇ ਅੱਜ ਕੱਲ
ਦੌੜਦੀ ਹੈ ਮੌਤ ਹਰ ਵੇਲੇ,
ਬੜੀ ਹੈ ਵਹਿਸ਼ੀਆਨਾ ਢੰਗ ਦੀ,
ਰਫਤਾਰ ਤੱਕਦੀ ਹਾਂ।

# ਗੁਰਬਤ ਦੀ ਜ਼ਿੰਦਗੀ ਜੀਅ ਰਿਹਾ ਨਾਮੀ ਗੀਤਕਾਰ ਦਾ ਪਰਿਵਾਰ

ਪੁਰਾਣੇ ਗੀਤਕਾਰਾਂ 'ਚੋਂ ਬਹੁਤੇ ਅਜਿਹੇ ਹੋਏ ਹਨ, ਜਿਨ੍ਹਾਂ ਦੇ ਪੱਲੇ ਸਿਰਫ ਫੋਕੀ ਬੱਲੇ ਬੱਲੇ ਹੀ ਪਈ। ਗਾਇਕਾਂ ਅਤੇ ਕੰਪਨੀਆਂ ਨੇ ਤਾਂ ਪੈਸਾ ਕਮਾਇਆ ਪਰ ਗੀਤਕਾਰਾਂ ਦੀ ਕਲਮ ਨੂੰ ਪੈਸੇ ਪੱਖੋਂ ਬਹੁਤਾ ਕੁਝ ਨਹੀਂ ਮਿਲਿਆ। ਅਜਿਹੇ ਹੀ ਗੀਤਕਾਰਾਂ 'ਚੋਂ ਇੱਕ ਹੈ, ਮੇਹਰ ਦੁਭਾਲੀ ਵਾਲਾ। ਬਹੁਤ ਘੱਟ ਲੋਕ ਇਸ ਨਾਂ ਤੋਂ ਜਾਣੂ ਹੋਣਗੇ ਜਦਕਿ ਮੇਹਰ ਦੇ ਲਿਖੇ ਗੀਤਾਂ ਤੋਂ ਉਸ ਨੂੰ ਹਰ ਕੋਈ ਜਾਣਦਾ ਹੈ। 'ਭਾਬੀਏ ਨੀਂ ਕਰੇ ਟਿੱਚਰਾਂ ਇਹ ਤਾਂ ਨਿੱਕਲ ਗਿਆ ਨੀਂ ਫੈਰ ਫੋਕਾ', 'ਰਾਤੀਂ ਮੇਰੇ ਵੱਸ ਨਾ ਰਿਹਾ ਵੇ ਮੈਂ ਖੰਡ ਦੇ ਭੁਲੇਖੇ ਗੁੜ ਚੱਟ ਗਈ' (ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ); 'ਡੁੱਬ ਜਾਣੀ ਦੇ ਬਰੇਕਾਂ ਝੱਟ ਲਾਉਂਦੇ' (ਕੁਲਦੀਪ ਪਾਰਸ-ਸੁਖਵੰਤ ਸੁੱਖੀ); 'ਬੋਲ ਸ਼ੀਸ਼ਿਆ ਵੇ ਹਾੜਾ ਬੋਲ ਸ਼ੀਸ਼ਿਆ' (ਸੁਰਜੀਤ ਖਾਨ); 'ਗਾਂਧੀ ਵਾਲੇ ਨੋਟ ਸਿਫਾਰਸ਼' (ਫੌਜੀ ਰਾਜਪੁਰੀ) ਆਦਿ ਅਨੇਕਾਂ ਹਿੱਟ ਗੀਤ ਮੇਹਰ ਦੁਭਾਲੀ ਵਾਲੇ ਦੀ ਪਛਾਣ ਹਨ।



ਸੁਰਜੀਤ ਜੱਸਲ
ਫੋਨ: 91-981460-7737

ਰਾਜਪੁਰੇ ਦੇ ਗਗਨ ਚੌਕ ਨੇੜੇ ਕਿਸੇ ਵਕਤ ਮੇਹਰ ਦਾ ਬੱਸਾਂ-ਟਰੱਕਾਂ ਦੇ ਟਾਇਰਾਂ ਨੂੰ ਪੈਂਚਰ ਲਾਉਣ ਦਾ ਖੋਖਾ ਹੁੰਦਾ ਸੀ। ਚੌਕ ਵਿਚੋਂ ਲੰਘਣ ਵਾਲੇ ਸੈਂਕੜੇ ਲੋਕਾਂ 'ਚੋਂ ਕੋਈ ਨਹੀਂ ਸੀ ਜਾਣਦਾ ਕਿ ਕੰਮ 'ਚ ਲਿਬੜਿਆ ਮਰੀਅਲ ਜਿਹਾ ਬੰਦਾ ਇੱਕ ਨਾਮੀ ਗੀਤਕਾਰ ਹੈ। ਪੰਜਾਬੀ ਗੀਤਕਾਰੀ ਦਾ ਇਹ ਵੱਡਾ ਦੁਖਾਂਤ ਹੈ ਕਿ ਚੜ੍ਹਦੀ ਉਮਰੇ ਗੀਤ ਲਿਖ ਕੇ ਨਾਮਣਾ ਖੱਟਣ ਵਾਲੇ ਗੀਤਾਂ ਦੇ ਵਣਜਾਰੇ ਪਿਛਲੀ ਉਮਰੇ ਤਰਸਯੋਗ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਜਾਂਦੇ ਹਨ। ਮੇਹਰ ਨਾਲ ਵੀ ਅਜਿਹਾ ਹੀ ਵਾਪਰਿਆ। ਉਸ ਦੇ ਗੀਤ ਗਾਉਣ ਵਾਲੇ ਤਾਂ ਕਾਰਾਂ ਕੋਠੀਆਂ ਦੇ ਮਾਲਕ ਬਣਦੇ ਗਏ ਪਰ ਮੇਹਰ ਆਪਣਾ ਪੈਂਚਰਾਂ ਵਾਲਾ ਖੋਖਾ ਪੱਕੀ ਦੁਕਾਨ 'ਚ ਨਾ ਬਦਲ ਸਕਿਆ ਤੇ ਨਾ ਹੀ ਘਰ ਦੀਆਂ ਚੋਂਦੀਆਂ ਛੱਤਾਂ ਪੱਕੀਆਂ ਕਰ ਸਕਿਆ।

ਰਾਜਪੁਰਾ-ਚੰਡੀਗੜ੍ਹ ਮਾਰਗ 'ਤੇ ਪੈਂਦੇ ਪਿੰਡ ਦੁਭਾਲੀ (ਨੇੜੇ ਢਕਾਨਸੂ) ਵਿਖੇ 13 ਨਵੰਬਰ 1956 ਨੂੰ ਪਿਤਾ ਦੌਲਤ ਰਾਮ ਤੇ ਮਾਤਾ ਰਤਨੀ ਦੇ ਘਰ ਜਨਮੇ ਮੇਹਰ ਨੂੰ ਗੀਤ-ਸੰਗੀਤ ਨਾਲ ਸਕੂਲ ਪੜ੍ਹਦਿਆਂ ਹੀ ਮੋਹ ਹੋ ਗਿਆ ਸੀ। ਸਕੂਲ ਸਮਾਗਮਾਂ ਵਿਚ ਉਹ ਲਾਲ ਚੰਦ ਯਮਲੇ ਦੇ ਗੀਤ ਗਾਉਂਦਾ। ਦਸਵੀਂ ਕਰਕੇ ਉਹ ਪਿੰਡ ਦੇ ਹੀ ਇੱਕ ਕਵੀਸ਼ਰੀ ਜਥੇ ਨਾਲ ਰਲ ਗਿਆ। ਕੰਮ ਕਾਰ ਦੀ ਤਲਾਸ਼ ਵਿਚ ਉਹ ਸਾਹਨੇਵਾਲ ਨੇੜੇ ਜੀ.ਟੀ. ਰੋਡ 'ਤੇ ਪੈਂਦੇ ਪਿੰਡ ਜੋਗੀਆਣਾ ਜਾ ਟਿਕਿਆ, ਜਿੱਥੇ ਉਸ ਨੇ ਕੁਝ ਸਾਲ ਟਾਇਰਾਂ ਨੂੰ ਪੈਂਚਰ ਲਾਉਣ ਦਾ ਕੰਮ ਕੀਤਾ। ਕਲਾਕਾਰੀ ਦਾ ਸ਼ੌਕ ਵੀ ਬਰਾਬਰ ਜਵਾਨ ਹੁੰਦਾ ਗਿਆ। ਜਦ ਵੀ ਮੇਹਰ ਨੂੰ ਮੌਕਾ ਮਿਲਦਾ, ਉਹ ਗਾਉਣ ਵਾਲਿਆਂ ਦੇ ਦਫਤਰਾਂ ਵਿਚ ਗੇੜਾ ਮਾਰਦਾ। ਇਥੇ ਹੀ ਉਸ ਦਾ ਮੇਲ ਗੀਤਕਾਰ ਮਿਰਜ਼ਾ ਸੰਗੋਵਾਲੀਆ ਨਾਲ ਹੋਇਆ ਜਿਸ ਤੋਂ ਪ੍ਰਭਾਵਿਤ ਹੋ ਕੇ ਗੀਤ ਲਿਖਣ ਲੱਗਿਆ। ਗੀਤਕਾਰੀ ਦੇ ਗੁਰ ਵੀ ਮੇਹਰ ਨੇ ਮਿਰਜ਼ੇ ਤੋਂ ਹੀ ਸਿੱਖੇ। ਗੀਤ ਦੇ ਵਿਸ਼ੇ ਮੁਤਾਬਕ ਸ਼ਬਦ-ਜੋੜ ਦਾ ਉਸ ਨੇ ਡੂੰਘਾ ਗਿਆਨ ਲਿਆ।



ਮੇਹਰ ਦੁਭਾਲੀ ਵਾਲਾ

ਜਦ ਮੇਹਰ ਆਪਣੇ ਗੀਤ ਲੈ ਕੇ ਪਹਿਲੀ ਵਾਰ ਸੁਰਿੰਦਰ ਛਿੰਦੇ ਕੋਲ ਗਿਆ ਤਾਂ ਉਥੇ ਇੱਕ ਦੋ ਹੋਰ ਕਲਾਕਾਰ ਵੀ ਬੈਠੇ ਸਨ ਜੋ ਮੇਹਰ ਦੇ ਬੇਢੰਗੇ ਕੱਪੜੇ ਵੇਖ ਕੇ ਹੈਰਾਨ ਹੋਏ। ਛਿੰਦੇ ਨੇ ਜਦ ਗੀਤ ਵੇਖੇ ਤਾਂ ਉਸ ਨੂੰ ਕਲਮ 'ਚ ਦਮ ਲੱਗਾ ਤੇ ਕੁਝ ਗੀਤ ਗਾਉਣ ਲਈ ਰੱਖ ਲਏ।

ਕੁਝ ਸਮੇਂ ਬਾਅਦ ਜਦ ਮੇਹਰ ਦਾ ਲਿਖਿਆ ਪਹਿਲਾ ਦੋਗਾਣਾ 'ਇਹ ਤਾਂ ਨਿੱਕਲ ਗਿਆ ਨੀਂ ਫੈਰ ਫੋਕਾ, ਭਾਬੀਏ ਨੀਂ ਕਰੇ ਟਿੱਚਰਾਂ' ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿਚ ਐਚ.ਐਮ.ਵੀ. ਦੇ ਤਵੇ 'ਤੇ ਰਿਕਾਰਡ ਹੋ ਕੇ ਸਪੀਕਰਾਂ 'ਤੇ ਵੱਜਣ ਲੱਗਾ ਤਾਂ ਉਸ ਤੋਂ ਚਾਅ ਨਾ ਚੱਕਿਆ ਜਾਵੇ। ਛੇਤੀ ਹੀ ਮੇਹਰ ਦਾ ਦੂਸਰਾ ਦੋਗਾਣਾ 'ਵੇ ਮੈਂ ਖੰਡ ਦੇ ਭੁਲੇਖੇ ਗੁੜ ਚੱਟ ਗਈ' ਵੀ ਇੱਕ ਸਾਂਝੇ ਐਲ.ਪੀ. ਰਿਕਾਰਡ ਵਿਚ ਆ ਗਿਆ। ਇਨ੍ਹਾਂ ਗੀਤਾਂ ਦੀ ਪ੍ਰਸਿੱਧੀ ਨੇ ਮੇਹਰ ਨੂੰ ਉਸ ਵੇਲੇ ਦੇ ਚਰਚਿਤ ਗੀਤਕਾਰਾਂ ਵਿਚ ਲਿਆ ਖੜ੍ਹਾਇਆ। ਗੀਤਾਂ ਵਿਚ ਜੇਠ-ਭਰਜਾਈ ਦੀ ਠੇਠ ਸ਼ਬਦਾਵਲੀ 'ਚ ਦਿਲਚਸਪ ਵਾਰਤਾਲਾਪ ਸੀ ਜਿਸ ਨੂੰ ਸੁਰਿੰਦਰ ਛਿੰਦਾ ਅਤੇ ਗੁਲਸ਼ਨ ਕੋਮਲ ਨੇ ਬਾ-ਕਮਾਲ ਗਾਇਆ। ਇਸ ਤੋਂ ਬਾਅਦ ਮੇਹਰ ਦੇ ਹੋਰ ਵੀ ਕਈ ਗੀਤ ਇਸ ਜੋੜੀ ਨੇ ਅਖਾੜਿਆਂ ਵਿਚ ਗਾਏ। ਛਿੰਦੇ ਦੇ ਚੇਲੇ ਕੁਲਦੀਪ ਪਾਰਸ ਨੇ ਵੀ ਮੇਹਰ ਦੇ ਅਨੇਕਾਂ ਗੀਤ ਰਿਕਾਰਡ ਕਰਵਾਏ। ਪਾਰਸ ਦੀ ਬੰਤ ਰਾਮਪੁਰੇ ਵਾਲੇ ਨਾਲ ਗੂੜ੍ਹੀ ਮਿੱਤਰਤਾ ਰਹੀ। ਉਹ ਜਦ ਵੀ ਬੰਤ ਕੋਲ ਰਾਮਪੁਰੇ (ਨੇੜੇ ਬਨੂੜ) ਜਾਂਦਾ ਤਾਂ ਮੇਹਰ ਕੋਲ ਪਿੰਡ ਦੁਭਾਲੀ ਵੀ ਜਾਂਦਾ। ਦੋਵੇਂ ਖਾਣ-ਪੀਣ ਦੇ ਸ਼ੌਕੀਨ ਸਨ।

ਮੇਹਰ ਦੇ ਗੀਤ ਉਕਤ ਨਾਮੀ ਕਲਾਕਾਰਾਂ ਤੋਂ ਇਲਾਵਾ ਰਾਜਪੁਰਾ ਇਲਾਕੇ ਦੇ ਨਵੇਂ ਕਲਾਕਾਰਾਂ ਤਰਲੋਕ ਚਹਿਲ-ਹਰਜੀਤ ਮੱਟੂ, ਸੁਖਵਿੰਦਰ ਸ਼ਿੰਮਾ, ਕਰਨੈਲ ਫੱਕਰ, ਮੇਵਾ ਰੌਣਕ, ਲੱਛਾ ਉਗਾਣਾ, ਬੂਟਾ ਚੌਹਾਨ, ਹਰਭਜਨ ਨੜਿਆਲੀ ਆਦਿ ਨੇ ਵੀ ਰਿਕਾਰਡ ਕਰਵਾਏ।

ਬਹੁਤ ਦੁੱਖ ਹੁੰਦਾ ਹੈ ਜਦ ਕੋਈ ਲਿਖਾਰੀ ਨਸ਼ਿਆਂ ਦੇ ਦਰਿਆ ਵਿਚ ਰੁੜ੍ਹਦਾ ਹੈ। ਨਿੱਕੀ ਉਮਰੇ ਹੱਡੀਂ ਰਚੇ ਐਬਾਂ ਕਰਕੇ ਚੰਦਰੀ ਮੌਤ ਨੇ ਛੇਤੀ ਹੀ ਮੇਹਰ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਮੇਹਰ ਦੇ ਮਗਰ ਹੀ ਉਸ ਦਾ ਜਵਾਨ ਪੁੱਤ ਵੀ ਕਬੀਲਦਾਰੀ ਦੇ ਬੋਝ ਹੇਠ ਆਇਆ ਆਤਮ ਹੱਤਿਆ ਕਰ ਗਿਆ। ਮੌਤਾਂ 'ਚ ਘਿਰਿਆ ਇਸ ਮਰਹੂਮ ਗੀਤਕਾਰ ਦਾ ਪਰਿਵਾਰ ਅੱਜ ਦੋ ਡੰਗ ਦੀ ਰੋਟੀ ਦਾ ਮੁਥਾਜ ਹੈ। ਮੇਹਰ ਦੀ ਮੌਤ ਵੇਲੇ ਜਦ ਕੁਝ ਨਾਮੀ ਗਾਇਕਾਂ ਅੱਗੇ ਇਸ ਪਰਿਵਾਰ ਨੇ ਮਦਦ ਦੀ ਗੁਹਾਰ ਲਾਈ ਤਾਂ ਉਨ੍ਹਾਂ ਪੂਰੀ ਮਦਦ ਕਰਨ ਦਾ ਭਰੋਸਾ ਦਿੱਤਾ ਪਰ ਅਫਸੋਸ ਅੱਜ ਤੱਕ ਕਿਸੇ ਵੀ ਗਾਇਕ ਕਲਾਕਾਰ ਨੇ ਮੇਹਰ ਦੇ ਪਰਿਵਾਰ ਦੀ ਸਾਰ ਨਹੀਂ ਲਈ।



ਮੇਹਰ ਦੁਭਾਲੀ ਵਾਲੇ ਦਾ ਪਰਿਵਾਰ

ਮੇਹਰ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਪੀਣ ਖਾਣ ਦਾ ਆਦੀ ਸੀ। ਉਸ ਦੀ ਇਸੇ ਕਮਜ਼ੋਰੀ ਦਾ ਗਾਉਣ ਵਾਲੇ ਫਾਇਦਾ ਲੈਂਦੇ ਰਹੇ। ਉਸ ਨੂੰ ਅਧੀਆ-ਪਊਆ ਪਿਆ ਕੇ ਗੀਤ ਲੈ ਲੈਂਦੇ। ਕੋਠੇ ਜਿੱਡੀਆਂ ਹੋਈਆਂ ਧੀਆਂ ਦੇ ਹੱਥ ਪੀਲੇ ਕਰਨ ਵੇਲੇ ਇਲਾਕੇ ਦੇ ਇੱਕ ਗਾਇਕ ਅਤੇ ਉਸ ਦੇ ਸ਼ਾਗਿਰਦ ਰਾਜੂ ਨਾਹਰ ਚੁੰਨੀ, ਜੱਸੀ ਧਮੋਲੀ, ਪਾਲੀ ਮਿਰਜਾਪੁਰੀਆ, ਮਲਕੀਤ ਸੇਹਰੇਵਾਲਾ, ਜੱਸੀ ਰਾਮਨਗਰੀਆ ਉਸ ਦੇ ਨਾਲ ਖੜ੍ਹੇ। ਉਸ ਵੇਲੇ ਵੀ ਕੋਈ ਨਾਮੀ ਕਲਾਕਾਰ ਉਸ ਦੀ ਮਦਦ ਲਈ ਅੱਗੇ ਨਾ ਆਇਆ।

ਮੇਹਰ ਦੀ ਗੀਤਕਾਰੀ ਅੱਜ ਉਸ ਦੇ ਪਰਿਵਾਰ ਨੂੰ ਸਰਾਪ ਲੱਗਦੀ ਹੈ ਕਿਉਂਕਿ ਉਸ ਦੇ ਗੀਤਾਂ ਨੇ ਪਰਿਵਾਰ ਦੇ ਪੱਲੇ ਕੁਝ ਨਹੀਂ ਪਾਇਆ, ਸਾਰੀ ਉਮਰ ਘਾਟਾ ਹੀ ਢੋਇਆ। ਅੱਜ ਉਸ ਦੇ ਪਰਿਵਾਰ ਦੀਆਂ ਔਰਤਾਂ ਘਰ ਦੇ ਗੁਜ਼ਾਰੇ ਲਈ ਲੋਕਾਂ ਦੇ ਘਰ ਕੰਮ ਕਰਨ ਜਾਂਦੀਆਂ ਹਨ। ਛੋਟਾ ਮੁੰਡਾ ਅੱਜ ਵੀ ਉਸੇ ਖੋਖੇ 'ਚ ਪੈਂਚਰ ਲਾਉਂਦਾ ਹੈ, ਜਿੱਥੇ ਕਿਸੇ ਵੇਲੇ ਦਿਨ ਢਲਦਿਆਂ ਹੀ ਗਾਉਣ ਵਾਲਿਆਂ ਦੀ ਮਹਿਫਿਲ ਜੁੜਦੀ ਸੀ ਪਰ ਹੁਣ ਕਿਸੇ ਗਾਉਣ ਵਾਲੇ ਦੀ ਗੱਡੀ ਉਥੇ ਨਹੀਂ ਰੁਕਦੀ।

## ਪਾਠਕ ਮੰਚ

# 'ਪੰਜਾਬ ਵਿਚ ਵਿਗੜਦੇ ਇਸਾਈ-ਸਿੱਖ ਸਬੰਧ'

**ਸਤਿਕਾਰਯੋਗ ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 12 ਅਗਸਤ ਦੇ ਅੰਕ ਵਿਚ ਛਪਿਆ ਡਾ. ਹਰਭਜਨ ਸਿੰਘ ਦਾ ਲੇਖ 'ਪੰਜਾਬ ਵਿਚ ਵਿਗੜਦੇ ਇਸਾਈ-ਸਿੱਖ ਸਬੰਧ' ਪੜ੍ਹਿਆ। ਮੈਂ ਸਭ ਤੋਂ ਪਹਿਲਾਂ ਇਹ ਦੱਸਣਾ ਚਾਹੁੰਦੀ ਹਾਂ ਕਿ ਮੈਂ ਇੱਕ ਕ੍ਰਿਸ਼ਚਨ ਲੜਕੀ ਹਾਂ। ਮੈਂ ਅਤੇ ਹੋਰ ਪੰਜਾਬੀ ਭਾਈ-ਭੈਣ ਬੜੀ ਰੀਝ ਨਾਲ ਤੁਹਾਡਾ ਪੇਪਰ ਪੜ੍ਹਦੇ ਹਾਂ। ਹਰ ਹਫਤੇ ਤੁਹਾਡੇ ਪੇਪਰ ਦਾ ਇੰਤਜ਼ਾਰ ਕਰਦੇ ਹਾਂ।

ਹੁਣ ਮੈਂ ਗੱਲ ਕਰਨ ਲੱਗੀ ਹਾਂ ਡਾ. ਹਰਭਜਨ ਸਿੰਘ ਦੇ ਲੇਖ ਬਾਰੇ। ਸਭ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪੈਸਾ-ਲਾਲਚ ਦੇ ਕੇ ਇਸਾਈ ਬਣਾਉਂਦੇ ਹਨ। ਫਿਰ ਉਨ੍ਹਾਂ ਨੇ ਹੀ ਇੱਕ ਅਫਸਰ ਦੀ ਗੱਲ ਦੱਸੀ ਜੋ ਇਸਾਈ ਬਣ ਗਿਆ ਸੀ। ਮੈਂ ਡਾ. ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿਸ ਅਫਸਰ ਦੀ ਉਹ ਗੱਲ ਕਰ ਰਹੇ ਹਨ, ਕੀ ਉਸ ਅਫਸਰ ਨੇ ਵੀ ਪੈਸੇ ਲਏ ਸਨ? ਉਹ ਤਾਂ ਖੁਦ ਅਫਸਰ ਸੀ।

ਹੁਣ ਮੈਂ ਤੁਹਾਨੂੰ ਇਥੇ ਅਮਰੀਕਾ ਵਿਚ ਹੀ ਇੱਕ ਲੜਕੀ ਦੀ ਹੱਡਬੀਤੀ ਦੱਸਣ ਲੱਗੀ ਹਾਂ ਜਿਸ ਨੂੰ ਉਸ ਦੇ ਸਹੁਰੇ ਨੇ ਘਰੋਂ ਕੱਢ ਦਿੱਤਾ। ਇਥੇ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਵੀ ਨਹੀਂ ਸੀ। ਉਸ ਲੜਕੀ ਨੇ ਦੱਸਿਆ ਕਿ ਕਿਸ ਤਰ੍ਹਾਂ ਉਸ ਨੇ ਆਪਣੇ ਦਿਨ ਗੁਜ਼ਾਰੇ, ਰਾਤ ਨੂੰ ਸੜਕਾਂ 'ਤੇ ਸੌਂਦੀ ਰਹੀ। ਸ਼ੈਲਟਰ ਵਿਚ ਰਹੀ। ਉਸ ਨੇ ਦੱਸਿਆ ਕਿ ਮੈਂ ਗੁਰਦੁਆਰੇ ਜਾ ਕੇ ਮਦਦ ਮੰਗੀ। ਪਰ ਕਿਸੇ ਨੇ ਵੀ ਮੇਰੀ ਮਦਦ ਨਾ ਕੀਤੀ, ਚਰਚ ਦੇ ਲੋਕਾਂ ਨੇ ਮੇਰੀ ਮਦਦ ਕੀਤੀ। ਜਦ ਤੱਕ ਮੈਂ ਪੂਰੀ ਤਰ੍ਹਾਂ ਕੰਮ ਕਰਨ ਦੇ ਯੋਗ ਨਹੀਂ ਹੋਈ, ਮੈਨੂੰ ਪੂਰੀ ਮਦਦ ਦਿੱਤੀ। ਮੇਰੇ ਵਿਛੜੇ ਬੱਚਿਆਂ ਨਾਲ ਮਿਲਵਾਇਆ।

ਮੈਂ ਡਾ. ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਹ ਭੈਣ ਤਾਂ ਅੱਜ ਵੀ ਸਰਦਾਰ ਆ। ਗੁਰਦੁਆਰੇ ਜਾਂਦੀ ਆ। ਉਸ ਨੂੰ ਤਾਂ ਕਿਸੇ ਨੇ ਨਹੀਂ ਕਿਹਾ ਕਿ ਤੂੰ ਪਹਿਲਾਂ ਇਸਾਈ ਬਣ, ਫਿਰ ਤੇਰੀ ਮਦਦ ਕਰਾਂਗੇ। ਪੈਸਾ ਦੇ ਕੇ ਕੋਈ ਕਿਸੇ ਦਾ ਧਰਮ ਤਬਦੀਲ ਨਹੀਂ ਕਰਵਾ ਸਕਦਾ, ਹਾਲਾਂਕਿ ਅਮਰੀਕਾ ਵਿਚ ਪੂਰੀ ਆਜ਼ਾਦੀ ਹੈ ਧਰਮ ਤਬਦੀਲ ਕਰਨ ਦੀ। ਅਸੀਂ ਕ੍ਰਿਸ਼ਚਨ ਜਦ ਕਿਸੇ ਦੀ ਮਦਦ ਕਰਦੇ ਹਾਂ, ਇਨਸਾਨੀਅਤ ਦੇ ਤੌਰ 'ਤੇ ਕਰਦੇ ਹਾਂ। ਜਦ ਕੋਈ ਗੋਰਾ ਇਸਾਈ ਧਰਮ ਛੱਡ ਕੇ ਸਿੱਖ ਬਣ ਜਾਂਦਾ ਹੈ, ਸਾਨੂੰ ਤਾਂ ਕੋਈ ਤਕਲੀਫ ਨਹੀਂ ਹੁੰਦੀ। ਹਰ ਇੱਕ ਇਨਸਾਨ ਨੂੰ ਆਜ਼ਾਦੀ ਹੈ, ਆਪਣੇ ਤਰੀਕੇ ਨਾਲ ਜ਼ਿੰਦਗੀ ਜਿਉਣ ਦੀ।

ਡਾ. ਸਾਹਿਬ ਨੇ ਫਿਰ ਨਾਂਵਾਂ ਦੀ ਗੱਲ ਕੀਤੀ। ਨਾਮ ਤਾਂ ਕੋਈ ਵੀ ਰੱਖ ਸਕਦਾ ਹੈ। ਨਾਮ ਉਤੇ ਕੋਈ ਕਾਪੀ ਰਾਈਟ ਨਹੀਂ। ਮੈਂ ਇਹੋ ਕਹਿਣਾ ਚਾਹੁੰਦੀ ਹਾਂ ਕਿ ਹਰ ਇਨਸਾਨ ਲਈ ਉਸ ਦਾ ਧਰਮ ਉਚਾ ਹੀ ਹੁੰਦਾ ਹੈ, ਚਾਹੇ ਉਹ ਕਿਸੇ ਵੀ ਧਰਮ ਨਾਲ ਵਾਸਤਾ ਰੱਖਦਾ ਹੋਵੇ। ਬਾਈਬਲ ਵਿਚ ਯਸੂ ਮਸੀਹ ਨੇ ਸਾਰੀ ਇਨਸਾਨ ਜਾਤੀ ਲਈ ਆਪਣੀ ਜਾਨ ਦਿੱਤੀ। ਸੋ, ਡਾ. ਸਾਹਿਬ ਨੂੰ ਮੈਂ ਕਹਿਣਾ ਚਾਹੁੰਦੀ ਹਾਂ ਕਿ ਅਜਿਹੀਆਂ ਗੱਲਾਂ ਨਾ ਲਿਖੋ ਜਿਸ ਨਾਲ ਕਿਸੇ ਨੂੰ ਤਕਲੀਫ ਹੋਵੇ।

ਧੰਨਵਾਦ ਸਹਿਤ।

-ਰੂਬੀ ਸਿੰਘ
ckse267@hotmail.com

# ਭਾਰਤੀ ਬਾਬਿਆਂ ਤੋਂ ਊਣੇ ਨਹੀਂ ਪਾਕਿਸਤਾਨੀ ਬਾਬੇ

**ਡੇਰਾ ਸਿਰਸਾ ਵਾਲੇ ਕਾਂਡ ਤੋਂ ਬਾਅਦ ਪਾਕਿਸਤਾਨ ਦੇ ਪ੍ਰਸਿੱਧ ਵਿਗਿਆਨੀ ਪਰਵੇਜ਼ ਹੁੱਦਭਾਈ ਨੇ ਇਸ ਮੁੱਦੇ ਬਾਰੇ ਲੇਖ ਲਿਖਿਆ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦਿਲਚਸਪ ਲੇਖ ਵਿਚ ਉਨ੍ਹਾਂ ਦੋਹਾਂ ਮੁਲਕਾਂ ਦੇ ਧਾਰਮਿਕ ਅਤੇ ਸਿਆਸੀ ਰਹਿਨੁਮਾਵਾਂ ਬਾਰੇ ਬੜੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਹੈ। -ਸੰਪਾਦਕ**



**ਪਰਵੇਜ਼ ਹੁੱਦਭਾਈ**

ਭਾਰਤ ਤੇ ਪਾਕਿਸਤਾਨ ਦੇ ਪ੍ਰਤੀ ਵਰਗ ਮੀਲ ਦਾਇਰੇ ਅੰਦਰ ਜਿੰਨੇ ਪ੍ਰਭਾਵਸ਼ਾਲੀ ਧਾਰਮਿਕ ਰਹਿਨੁਮਾ ਹਨ, ਉਨੇ ਹੋਰ ਕਿਤੇ ਨਹੀਂ। ਕੁਝ ਤਾਂ ਸਿਰਫ਼ ਅਮੀਰ ਹਨ, ਜਦੋਂਕਿ ਜ਼ਿਆਦਾਤਰ ਅਮੀਰ ਹੋਣ ਦੇ ਨਾਲ ਨਾਲ ਸ਼ਕਤੀਸ਼ਾਲੀ ਵੀ ਹਨ। ਕੋਈ ਸਮਾਂ ਹੁੰਦਾ ਸੀ, ਇਨ੍ਹਾਂ ਦੇ ਸ਼ਰਧਾਲੂ ਗ਼ਰੀਬ, ਅੰਧ-ਵਿਸ਼ਵਾਸੀ ਤੇ ਅਨਪੜ੍ਹ ਹੁੰਦੇ ਸਨ, ਪਰ ਦੋਹਾਂ ਦੇਸ਼ਾਂ ਅੰਦਰ ਧਰਮਾਂ ਵਿਚ ਭਾਰੀ ਪੁਨਰ-ਉਭਾਰ ਆਉਣ ਬਾਅਦ ਇਨ੍ਹਾਂ ਦਾ ਆਧਾਰ ਫੈਲਿਆ ਤੇ ਸ਼ਰਧਾਲੂਆਂ ਵਿਚ ਸਿਆਸਤਦਾਨ, ਫ਼ਿਲਮ, ਕ੍ਰਿਕਟ ਸਟਾਰ ਅਤੇ ਕਾਲਜਾਂ ਵਿਚ ਪੜ੍ਹੇ ਲੋਕ ਵੀ ਸ਼ਾਮਲ ਹੋ ਗਏ ਜਿਹੜੇ ਅੰਗਰੇਜ਼ੀ ਬੋਲਦੇ ਤੇ ਮਹਿੰਗੀਆਂ ਕਾਰਾਂ ਝੂਟਦੇ ਹਨ।

ਭਾਰਤ ਵਿਚ ਕੋਈ ਵਿਰਲੀ ਮਿਸਾਲ ਹੋਏਗੀ ਜਦੋਂ ਕਿਸੇ ਧਾਰਮਿਕ ਰਹਿਨੁਮਾ ਦੇ ਬੁਰੇ ਦਿਨ ਆਏ ਹੋਣ, ਪਰ ਹੁਣੇ ਜਿਹੇ ਅਜਿਹੀ ਇਕ ਘਟਨਾ ਵਾਪਰ ਗਈ ਹੈ। ਇਕ ਸਵੈ-ਘੋਸ਼ਿਤ ਰੱਬ ਦੇ ਦੂਤ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਮਰਥਕ ਨੂੰ ਹਰਿਆਣਾ ਦੇ ਸ਼ਹਿਰ ਪੰਚਕੂਲਾ ਵਿਚ ਅਦਾਲਤ ਨੇ ਇਕ ਕੇਸ ਵਿਚ ਸਜ਼ਾ ਸੁਣਾਉਣੀ ਸੀ, ਤਾਂ ਉਸ ਨਾਲ ਡੇਰੇ ਤੋਂ ਕਾਰਾਂ ਦਾ ਵੱਡਾ ਕਾਫ਼ਲਾ ਸੀ। ਉਹ ਆਪਣੇ ਪੰਜ ਤੋਂ ਛੇ ਕਰੋੜ ਸ਼ਰਧਾਲੂ ਹੋਣ ਦਾ ਦਾਅਵਾ ਕਰਦਾ ਹੈ। ਵੋਟਾਂ ਦੇ ਭੁੱਖੇ ਸਿਆਸਤਦਾਨ ਉਨ੍ਹਾਂ ਦੇ ਪੈਰ ਛੂੰਹਦੇ ਅਤੇ ਸੌਦੇਬਾਜ਼ੀਆਂ ਕਰਦੇ ਰਹੇ ਹਨ। ਜੱਜ ਵੱਲੋਂ ਉਸ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸ਼ਰਧਾਲੂਆਂ ਨੇ ਹਿੰਸਾ ਕੀਤੀ, ਆਪਣੇ ਰਹਿਨੁਮਾ ਨੂੰ ਸਾਜ਼ਿਸ਼ ਤਹਿਤ ਫਸਾਏ ਜਾਣ ਉਪਰ ਵਿਸ਼ਵਾਸ ਕੀਤਾ। ਇਸ ਹਿੰਸਾ ਦੌਰਾਨ 38 ਬੰਦੇ ਮਾਰੇ ਗਏ, ਸੈਂਕੜੇ ਜ਼ਖ਼ਮੀ ਹੋਏ ਅਤੇ ਸਰਕਾਰੀ ਇਮਾਰਤਾਂ ਨੂੰ ਅੱਗਾਂ ਲਾਈਆਂ ਗਈਆਂ।

ਇਹ ਰੱਬ ਦਾ ਦੂਤ ਭਾਵੇਂ ਵੱਡੇ ਧਾਰਮਿਕ ਰਹਿਨੁਮਾਵਾਂ ਵਿਚ ਗਿਣਿਆ ਜਾਂਦਾ ਹੈ, ਫਿਰ ਵੀ ਅਜੇ ਛੋਟਾ ਹੈ, ਕਿਉਂਕਿ ਉਹ ਨਜਿੱਠੇ ਜਾ ਸਕਣ ਦੇ ਯੋਗ ਹੈ। ਅਸਲੀ ਸ਼ਕਤੀਸ਼ਾਲੀ ਉਹ ਹਨ ਜਿਹੜੇ ਕੌਮੀ ਸਿਆਸਤ ਵਿਚ ਧਰਮ ਦੀ ਵਰਤੋਂ ਕਰਨਾ ਜਾਣਦੇ ਹਨ। ਭਾਰਤ ਇਸ ਵੇਲੇ ਗੋਵਲਕਰ ਤੇ ਸਾਵਰਕਰ ਦੀ ਇੰਤਹਾਪਸੰਦੀ ਹਿੰਦੂ ਵਿਚਾਰਧਾਰਾ ਅਤੇ ਨਾਲ ਹੀ ਸਰਕਾਰ ਦੇ ਅਜਿਹੇ ਮੁਖੀ ਜੋ ਹਿੰਦੂ ਗਲਬੇ ਲਈ ਖੁੱਲ੍ਹ ਕੇ ਵਚਨਬੱਧ ਹੈ, ਵਰਗਾ ਮਾਹੌਲ ਹੰਢਾਅ ਰਿਹਾ ਹੈ।

ਪਾਕਿਸਤਾਨ ਦੇ ਧਾਰਮਿਕ ਰਹਿਨੁਮਾਵਾਂ ਨੂੰ ਦੋ ਹਿੱਸਿਆਂ ਵਿਚ ਨਿਖੇੜਿਆ ਜਾ ਸਕਦਾ ਹੈ- ਪੀਰ ਤੇ ਮੌਲਵੀ। ਪੀਰਾਂ ਦੇ ਮੁਹਾਂਦਰੇ ਕੁਝ ਪੱਖਾਂ ਤੋਂ ਹਿੰਦੂ ਤੇ ਸਿੱਖ ਧਾਰਮਿਕ ਗੁਰੂ ਨਾਲ ਮਿਲਦੇ-ਜੁਲਦੇ ਹਨ। ਉਹ ਮੁਰੀਦਾਂ ਨੂੰ ਰੱਖ, ਨੁਸਖੇ ਤੇ ਆਸ਼ੀਰਵਾਦ ਦਿੰਦੇ ਹਨ- ਆਮ ਕਰ ਕੇ ਵੱਡੀ ਕੀਮਤ 'ਤੇ। ਕਿਹਾ ਜਾਂਦਾ ਹੈ ਕਿ ਪੀਰਾਂ ਕੋਲ ਜਾਦੂਈ ਛੋਹ ਸ਼ਕਤੀਆਂ ਹੁੰਦੀਆਂ ਹਨ। ਮਸਲਨ, ਬੇਨਜ਼ੀਰ ਭੁੱਟੋ (ਮਰਹੂਮ ਪ੍ਰਧਾਨ ਮੰਤਰੀ) ਹਰ ਗੱਲ ਨੂੰ ਪਹਿਲਾਂ ਹੀ ਜਾਣਨ ਦਾ ਦਾਅਵਾ ਕਰਨ ਵਾਲੇ ਪੀਰ ਪਗਾਰੋ ਦੀ ਮੁਰੀਦ ਹੁੰਦੀ ਸੀ। ਉਹ ਬੰਦਾ ਬਾਗਾਂ ਵਿਚ ਪਾਣੀ ਦੇ ਛਿੜਕਾਅ ਲਈ ਵਰਤੀ ਜਾਂਦੀ ਰਬੜ ਦੀ ਨਾਲੀ ਰਾਹੀਂ ਲੋਕਾਂ 'ਤੇ ਪਾਣੀ ਛਿੜਕ ਕੇ ਤੰਦਰੁਸਤ ਕਰਨ ਦਾ ਦਾਅਵਾ ਕਰਦਾ ਸੀ। ਬੇਨਜ਼ੀਰ ਦਾ ਪਤੀ, ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਆਪਣੇ ਪੀਰ ਦੇ ਕਹਿਣ 'ਤੇ ਰੋਜ਼ਾਨਾ ਕਾਲੀ ਬੱਕਰੀ ਦੀ ਬਲੀ ਦਿੰਦਾ ਸੀ, ਪਰ ਹੁਣ ਅਜਿਹੇ ਪੜ੍ਹੇ-ਲਿਖੇ ਮੁਸਲਮਾਨਾਂ ਦੀ ਗਿਣਤੀ ਵਧ ਰਹੀ ਹੈ ਜਿਹੜੇ ਮਰਜ਼ਾਂ ਦਾ ਇਸ ਤਰ੍ਹਾਂ ਇਲਾਜ ਕੀਤੇ ਜਾਣ ਉਪਰ ਵਿਸ਼ਵਾਸ ਨਹੀਂ ਕਰਦੇ ਅਤੇ ਇਸੇ ਕਰ ਕੇ ਪੀਰਾਂ ਦੀ ਅਹਿਮੀਅਤ ਘਟ ਰਹੀ ਹੈ।

ਪਾਕਿਸਤਾਨੀ ਧਾਰਮਿਕ ਰਹਿਨੁਮਾਵਾਂ ਦੀ ਦੂਜੀ ਕਿਸਮ ਮੁੱਲਾਂ ਦੇ ਰੂਪ ਵਿਚ ਹੈ। ਮੁਲਾਵਾਂ ਦਾ ਆਪਣਾ ਹੀ ਵੱਖਰਾ ਰਾਹ ਹੈ। ਇਨ੍ਹਾਂ ਦੀ ਕੇਵਲ ਜਨਾਜ਼ਿਆਂ ਅਤੇ ਜੁੰਮੇ ਦੀਆਂ ਨਮਾਜ਼ਾਂ ਸਮੇਂ ਲੋੜ ਪੈਂਦੀ ਹੈ। ਇਕ ਵਾਰੀ ਕੋਈ ਗ਼ਰੀਬ ਮੁਲਾਣਾ, ਜਿਹੜਾ ਬਹੁਤਿਆਂ ਲਈ ਮਜ਼ਾਕ ਦਾ ਪਾਤਰ ਸੀ, ਬੱਚਿਆਂ ਨੂੰ ਕੁਰਾਨ ਦੀ ਸਿੱਖਿਆ ਸਮਝਾ ਰਿਹਾ ਸੀ। ਅੱਲਾਮਾ ਇਕਬਾਲ ਨੇ ਉਸ ਨੂੰ ਬੁਰੀ ਤਰ੍ਹਾਂ ਝਾੜਦਿਆਂ ਕਿਹਾ: 'ਤੇਰੀ ਨਮਾਜ਼ ਮੇਂ ਬਾਕੀ ਜਲਾਲ ਹੈ ਨਾ ਜਮਾਲ (ਤੁਸੀਂ ਜਿਹੜੀ ਨਮਾਜ਼ ਸੁਣਾ ਰਹੇ ਹੋ, ਉਹ ਸ਼ਾਨ ਤੇ ਵਡਿਆਈ ਤੋਂ ਸੱਖਣੀ ਹੈ), ਤੇਰੀ ਆਜ਼ਾਨ ਮੇਂ ਨਹੀਂ ਮੇਰੀ ਸਹਿਰ ਕਾ ਪੱਯਾਮ (ਤੁਹਾਡੀ ਆਜ਼ਾਨ ਠੰਢੀ ਤੇ ਕਾਇਲ ਨਾ ਕਰ ਸਕਣ ਵਾਲੀ ਹੈ)।

ਪਰ 1979 ਵਿਚ ਅਫ਼ਗਾਨਿਸਤਾਨ ਉਪਰ ਸੋਵੀਅਤ ਸੰਘ ਵੱਲੋਂ ਧਾਵਾ ਬੋਲੇ ਜਾਣ ਬਾਅਦ ਮੁਲਾਣਿਆਂ ਦੀ ਕਿਸਮਤ ਬਦਲ ਗਈ। ਅਮਰੀਕਾ-ਪਾਕਿਸਤਾਨ-ਸਾਊਦੀ ਅਰਬ ਮਹਾਗੱਠਜੋੜ ਸਦਕਾ, ਕਿਸੇ ਸਮੇਂ ਤਰਸਯੋਗ ਹਾਲਤ ਵਿਚ ਵਿਚਰ ਰਹੇ ਮੁਲਾਣੇ, ਹੁਣ ਐਸ.ਯੂ.ਵੀ. ਵਾਹਨ ਝੂਟਦੇ, ਧਾਰਮਿਕ ਜਹਾਦੀਆਂ ਦੀ ਅਗਵਾਈ ਕਰਦੇ ਅਤੇ ਸ਼ੋਰੀਲੀ ਆਵਾਜ਼ ਵਾਲੇ ਲਾਊਡ ਸਪੀਕਰਾਂ ਰਾਹੀਂ ਭੜਕੀਲੇ ਭਾਸ਼ਣ ਦਿੰਦੇ ਦੇਖੇ-ਸੁਣੇ ਜਾ ਸਕਦੇ ਹਨ। ਆਖ਼ਰਕਾਰ ਕੁਝ ਜ਼ਮੀਨਾਂ ਉਪਰ ਨਾਜਾਇਜ਼ ਕਬਜ਼ੇ ਕਰਨ ਵਾਲੇ, ਵਾਹਨਾਂ ਦੇ ਡੀਲਰ ਤੇ ਸ਼ੱਕੀ ਕਾਰੋਬਾਰੀ ਬਣ ਗਏ ਹਨ। ਕੁਝ ਪਾਕਿਸਤਾਨੀ ਮੌਲਾਨਾ ਡੀਜ਼ਲ, ਮੌਲਾਨਾ ਵਿਸਕੀ, ਮੌਲਾਣਾ ਡਿਸਕੋ ਦੀਆਂ ਪਛਾਣਾਂ ਹੀ ਨਹੀਂ ਕਰ ਸਕਣਗੇ।



*ਮੌਲਾਣਾ ਅਜ਼ੀਜ਼ ਜੋ ਲਾਲ ਮਸਜਿਦ ਕਾਂਡ ਤੋਂ ਬਾਅਦ ਵੀ ਬਰੀ ਹੋ ਗਿਆ।*

9/11 ਵਾਪਰਨ ਬਾਅਦ ਮੁੱਲਾ ਤੇ ਸਰਕਾਰ ਵਿਚ ਗੰਭੀਰ ਟਕਰਾਅ ਦੇਖਣ ਨੂੰ ਮਿਲਿਆ। ਜਨਰਲ ਪਰਵੇਜ਼ ਮੁਸ਼ੱਰਫ ਦੇ ਇਕ ਤਰ੍ਹਾਂ ਨਾਲ ਅਮਰੀਕਾ ਅੱਗੇ ਗੋਡੇ ਟੇਕਣ ਨੇ ਮੁੱਲਾ ਦਾ ਗੁੱਸਾ ਸਿਖ਼ਰ 'ਤੇ ਪਹੁੰਚਾ ਦਿੱਤਾ। ਪਾਕਿਸਤਾਨ ਦੀ ਰਾਜਧਾਨੀ ਦੇ ਦਿਲ ਵਿਚ ਇਕ ਸਰਕਾਰੀ ਇਮਾਰਤ ਉਪਰ ਲਾਲ ਮਸਜਿਦ ਤੇ ਜਾਮੀਆ ਹਾਫਸਾ ਦੇ ਕੁਝ ਹਥਿਆਰਬੰਦ ਗਰੁੱਪਾਂ ਨੇ ਜਨਵਰੀ 2007 ਵਿਚ ਕਬਜ਼ਾ ਕਰ ਲਿਆ। ਉਨ੍ਹਾਂ ਨੇ ਆਮ ਨਾਗਰਿਕਾਂ ਤੇ ਪੁਲਿਸ ਮੁਲਾਜ਼ਮਾਂ ਨੂੰ ਅਗਵਾ ਕਰ ਕੇ, ਪਾਕਿਸਤਾਨੀ ਫ਼ੌਜ ਨਾਲ ਲੜ ਰਹੇ ਕਬਾਇਲੀ ਅਤਿਵਾਦੀਆਂ ਦੀਆਂ ਮੰਗਾਂ ਦੁਹਰਾਈਆਂ। ਆਪਣੇ ਐਫ.ਐਮ. ਰੇਡੀਓ ਸਟੇਸ਼ਨ ਰਾਹੀਂ ਇਹ ਸੁਨੇਹਾ ਪ੍ਰਸਾਰਿਤ ਕੀਤਾ: "ਸਾਡੇ ਕੋਲ ਹਥਿਆਰ, ਗ੍ਰਨੇਡ ਹਨ ਅਤੇ ਅਸੀਂ ਬੰਬ ਬਣਾਉਣ ਵਿਚ ਮਾਹਿਰ ਹਾਂ। ਅਸੀਂ ਮਰਨ ਤੋਂ ਨਹੀਂ ਡਰਦੇ।" ਇਸਲਾਮਾਬਾਦ ਜੰਗੀ ਖੇਤਰ ਵਿਚ ਬਦਲ ਚੁੱਕਿਆ ਸੀ ਤੇ ਆਖਰਕਾਰ ਇਸ ਅਰਾਜਕਤਾ ਦਾ ਅੰਤ ਕਰ ਦਿੱਤਾ ਗਿਆ, 150-200 ਜਾਨਾਂ ਸਰਕਾਰ ਦੀ ਜੁਆਬੀ ਕਾਰਵਾਈ ਵਿਚ ਚਲੀਆਂ ਗਈਆਂ।

ਪਾਕਿਸਤਾਨੀ ਅਦਾਲਤਾਂ ਸਾਡੇ ਅਜਿਹੇ ਧਾਰਮਿਕ ਆਗੂਆਂ ਅਤੇ ਔਰਤਾਂ ਨੂੰ ਦੋਸ਼ੀ ਕਰਾਰ ਦੇਣ ਵਿਚ ਅਸਫਲ ਰਹੀਆਂ। ਉਦਾਹਰਣ ਵਜੋਂ ਮੌਲਾਣਾ ਅਜ਼ੀਜ਼ ਅਤੇ ਉਮੇ ਹਸਨ (ਉਸ ਦੀ ਪਤਨੀ ਤੇ ਜਾਮੀਆ ਹਾਫਸਾ ਦੀ ਮੁਖੀ) ਬਰੀ ਕਰਾਰ ਦੇ ਦਿੱਤੇ ਗਏ ਤੇ ਉਹ ਹੁਣ ਆਮ ਵਾਂਗ ਆਪਣੇ ਕਾਰਜ ਕਰ ਰਹੇ ਹਨ। ਅਦਾਲਤ ਨੇ ਫ਼ੈਸਲੇ ਵਿਚ ਲਿਖਿਆ ਕਿ ਮੁਲਜ਼ਮਾਂ ਕੋਲੋਂ ਭਾਰੇ ਹਥਿਆਰ ਮਿਲਣੇ ਸਾਬਤ ਨਹੀਂ ਹੋ ਸਕੇ। ਅਦਾਲਤ ਨੇ ਉਨ੍ਹਾਂ ਟੀ.ਵੀ. ਫੁਟੇਜ ਨੂੰ ਵੀ ਸਬੂਤ ਮੰਨਣ ਤੋਂ ਨਾਂਹ ਕਰ ਦਿੱਤੀ, ਜਿਨ੍ਹਾਂ ਵਿਚ ਅਜ਼ੀਜ਼ ਦੇ ਵਿਦਿਆਰਥੀ ਗੈਸ ਮਾਸਕ ਪਹਿਨ ਕੇ ਕਲਾਸ਼ਨੀਕੋਵ ਰਾਈਫਲਾਂ ਨਾਲ ਗੋਲੀਆਂ ਚਲਾਉਂਦੇ ਦਿਖਾਏ ਗਏ ਸਨ। ਫ਼ੌਜ ਵੱਲੋਂ ਉਨ੍ਹਾਂ ਕੋਲੋਂ ਬਰਾਮਦ ਕੀਤੇ ਹਥਿਆਰ, ਜੋ ਪੁਲਿਸ ਦੇ ਮਾਲਖਾਨੇ ਵਿਚ ਰੱਖੇ ਗਏ ਸਨ, ਭੇਤ-ਭਰੇ ਢੰਗ ਨਾਲ ਗਾਇਬ ਕਰ ਦਿੱਤੇ ਗਏ। ਪਾਕਿਸਤਾਨ ਦੀ ਇਸ ਕਾਰਵਾਈ ਦੌਰਾਨ ਐਸ.ਐਸ.ਜੀ. ਦੇ 10 ਕਮਾਂਡੋ ਮਾਰੇ ਗਏ ਸਨ। ਫ਼ੌਜ, ਜਿਹੜੀ ਬਲੋਚਿਸਤਾਨ ਵਿਚ ਤੁਰੰਤ ਕਾਰਵਾਈ ਕਰਨ ਵਜੋਂ ਜਾਣੀ ਜਾਂਦੀ ਹੈ, ਨੇ ਵੀ ਕੇਸ ਦਾ ਪਿੱਛਾ ਨਹੀਂ ਕੀਤਾ।

ਅਸੀਂ ਭਾਰਤੀ ਤੇ ਪਾਕਿਸਤਾਨੀ ਸਹਿਣਸ਼ੀਲ ਬਣ ਗਏ ਹਾਂ- ਸਮਰਥਕ-ਧਾਰਮਿਕ ਰਹਿਨੁਮਾ, ਭਾਵੇਂ ਰੂਹਾਨੀ ਜਾਂ ਸਿਆਸੀ ਕਿਸਮ ਦਾ ਹੋਵੇ? ਜਿਹੜੇ ਸੱਤਾ ਦੇ ਖਾਹਿਸ਼ਮੰਦ ਹਨ, ਉਹ ਧਰਮ ਦੀ ਵਰਤੋਂ ਆਪਣੇ ਵੋਟਰਾਂ ਨੂੰ ਪ੍ਰੇਰਨ ਲਈ ਕਰਨ ਵਿਚ ਐਨੇ ਸਫਲ ਕਿਉਂ ਹੋ ਰਹੇ ਹਨ? ਆਖਰਕਾਰ, ਇਹ 21ਵੀਂ ਸਦੀ ਹੈ, 12ਵੀਂ ਸਦੀ ਨਹੀਂ।

ਅਪਰਾਧੀ ਦਾ ਆਧੁਨਿਕੀਕਰਨ ਹੋ ਸਕਦਾ ਹੈ। ਤਕਨਾਲੋਜੀ ਨੇ ਜਿਊਣ ਦੇ ਰਵਾਇਤੀ ਢੰਗਾਂ ਤੋਂ ਦੂਰ ਲਿਜਾ ਕੇ ਅਤੇ ਨਵੇਂ, ਅਨਿਸ਼ਚਿਤ ਤੇ ਹਮੇਸ਼ਾ ਬਦਲਦੀ ਰਹਿਣ ਵਾਲੀ ਦੁਨੀਆਂ ਵਿਚ ਲਿਆ ਕੇ ਮਨੁੱਖ ਉਪਰ ਭਾਰੀ ਮਨੋਵਿਗਿਆਨਕ ਕਸ਼ਟ ਵਧਾ ਦਿੱਤੇ ਹਨ। ਸਾਂਝੇ ਪਰਿਵਾਰਾਂ ਤੇ ਪੇਂਡੂ ਭਾਈਚਾਰਿਆਂ ਵਰਗੀਆਂ ਪੁਰਾਣੀਆਂ ਇਕਾਈਆਂ ਲੋਪ ਹੋ ਗਈਆਂ ਹਨ। ਜੀਵਨ ਹਾਲਾਤ ਨਿਘਰ ਗਏ ਹਨ, ਪ੍ਰਦੂਸ਼ਣ ਵਧ ਗਿਆ ਹੈ, ਹਰ ਪਾਸੇ ਕਰੂਪਤਾ ਹੈ, ਨੌਕਰੀਆਂ ਸੁਰੱਖਿਅਤ ਨਹੀਂ ਹਨ। ਇਹ ਸਚਾਈ ਹੈ, ਬਹੁਤ ਸਾਰੇ ਸ਼ਹਿਰੀ ਵਸਨੀਕਾਂ ਦੀ। ਇਹੀ ਕਾਰਨ ਹੈ ਕਿ ਲੋਕ ਅਜੋਕੇ ਗੁੰਝਲਦਾਰ ਸਵਾਲਾਂ ਦੇ ਸਾਦੇ ਜੁਆਬ ਧਾਰਮਿਕ ਰਹਿਨੁਮਾਵਾਂ ਕੋਲੋਂ ਲੱਭਦੇ ਹਨ। ਜਿਵੇਂ ਹਿੰਦੂਤਵ ਭਾਰਤੀ ਹਿੰਦੂਆਂ ਨੂੰ 'ਸ਼ੁੱਧ' ਭਾਰਤ ਦੇ ਸੁਪਨੇ ਦਿਖਾ ਰਿਹਾ ਹੈ, ਮੁਸਲਿਮ ਮੁਲਾਣੇ ਆਪਣੇ ਸ਼ਰਧਾਲੂਆਂ ਨੂੰ ਇਸਲਾਮ ਦਾ ਪੁਰਾਤਨ ਜਲਾਲ ਮੁੜ ਲਿਆਉਣ ਦੇ ਸੁਪਨੇ ਦਿਖਾ ਰਹੇ ਹਨ।

ਪਰ ਇਹ ਤਾਂ ਕੱਖ-ਕਾਨ ਇਕੱਠਾ ਕਰਨ ਵਾਂਗ ਹੈ। ਜਦੋਂ ਧਰਮ ਨੂੰ ਸਿਆਸਤ ਵਿਚ ਮਿਲਾਇਆ ਜਾਂਦਾ ਹੈ ਤਾਂ ਇਹ ਬਹੁਤ ਖ਼ਰਾਬ ਹੋ ਜਾਂਦਾ ਹੈ। ਜਿਹੜੇ ਧਾਰਮਿਕ ਰਹਿਨੁਮਾਵਾਂ ਨੂੰ ਅੰਨ੍ਹੀ ਸ਼ਰਧਾ ਤੇ ਬਗੈਰ ਕਿਸੇ ਸਵਾਲ ਕੀਤਿਆਂ ਮੰਨਦੇ ਹਨ, ਉਨ੍ਹਾਂ ਲਈ ਇਹ ਜ਼ਹਿਰ ਤੇ ਧਮਾਕਾਖੇਜ਼ ਸਮੱਗਰੀ ਦੇ ਰਲੇਵੇਂ ਵਰਗਾ ਹੁੰਦਾ ਹੈ। ਲੋਕਾਂ ਨੂੰ ਹੋਰ ਵੰਡੇ ਬਗੈਰ, ਭਾਵੇਂ ਕੌਮੀ ਸਰਹੱਦਾਂ ਦੇ ਅੰਦਰ ਹੋਣ ਜਾਂ ਬਾਹਰ, ਦੱਖਣੀ ਏਸ਼ੀਅਨ ਦੇਸ਼ਾਂ ਨੂੰ ਧਰਮ, ਜਾਤ ਤੇ ਨਸਲ ਦੇ ਵਿਤਕਰੇ ਦੂਰ ਕਰਕੇ ਸਰਬ-ਵਿਆਪੀ ਵਿਸ਼ਵ ਸਮਾਜ ਦਾ ਹਿੱਸਾ ਬਣਨ ਦਾ ਟੀਚਾ ਮਿਥਣਾ ਚਾਹੀਦਾ ਹੈ।

# ਬਾਬਾ ਸਿਆਸਤ ਦੀ ਪ੍ਰਫੁਲਤਾ ਦੇ ਕਾਰਨ

**ਰਣਜੀਤ ਸਿੰਘ ਘੁੰਮਣ (ਡਾ.)**

ਲੋਕਾਂ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਸਮੱਸਿਆਵਾਂ ਜਿਵੇਂ ਜਿਵੇਂ ਵਧਦੀਆਂ ਜਾਂਦੀਆਂ ਹਨ ਅਤੇ ਰਾਜਨੀਤਿਕ ਨੇਤਾਵਾਂ ਤੇ ਸਰਕਾਰਾਂ ਕੋਲੋਂ ਉਨ੍ਹਾਂ ਦਾ ਹੱਲ ਨਹੀਂ ਹੁੰਦਾ, ਲੋਕ ਡੇਰੇ ਵਾਲੇ ਬਾਬਿਆਂ ਦੀ ਸ਼ਰਨ ਵਿਚ ਜਾ ਪਹੁੰਚਦੇ ਹਨ। 1991 ਵਿਚ ਸ਼ੁਰੂ ਹੋਏ ਆਰਥਿਕ ਸੁਧਾਰਾਂ ਤੋਂ ਅਜਿਹਾ ਵਰਤਾਰਾ ਵਧ ਗਿਆ ਹੈ ਅਤੇ ਰਾਜਨੀਤਿਕ ਪਾਰਟੀਆਂ, ਸਰਕਾਰਾਂ ਤੇ ਬਾਬਿਆਂ ਵਿਚ ਨੇੜਤਾ ਗੂੜ੍ਹੀ ਹੋਈ ਹੈ। ਬਾਬੇ ਲੋਕਾਂ ਨੂੰ ਤਰਕ ਆਧਾਰਿਤ ਸੋਚ ਤੋਂ ਦੂਰ ਰੱਖਣ ਵਿਚ ਕਾਮਯਾਬ ਹਨ। ਸਰਕਾਰਾਂ ਚਾਹੁੰਦੀਆਂ ਹਨ ਕਿ ਲੋਕ ਆਪਣੇ ਮਸਲਿਆਂ ਨੂੰ ਲੈ ਕੇ ਉਨ੍ਹਾਂ ਲਈ ਮੁਸੀਬਤਾਂ ਪੈਦਾ ਨਾ ਕਰਨ ਅਤੇ ਬਾਬੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਜਿਹੜਾ ਰਾਹ ਦਿਖਾਉਂਦੇ ਹਨ, ਉਹ ਸਰਕਾਰਾਂ ਨੂੰ ਬਹੁਤ ਭਾਉਂਦਾ ਹੈ। ਵੋਟਾਂ ਦੀ ਲੋੜ ਨੇ ਸਿਆਸਤਦਾਨਾਂ ਲਈ ਬਾਬਿਆਂ ਦੀ ਮਹੱਤਤਾ ਹੋਰ ਵਧਾ ਦਿੱਤੀ ਹੈ।

ਮਸਲਾ ਗੰਭੀਰ ਅਤੇ ਟੇਢਾ ਹੈ। ਸ਼ਾਇਦ ਹੀ ਕੋਈ ਸਮਾਜ ਹੋਵੇ ਜਿਥੇ ਬਾਬੇ ਨਾ ਹੋਣ। ਪੰਜਾਬ ਵਿਚ ਵੱਡੀ ਗਿਣਤੀ ਧਾਰਮਿਕ ਬਾਬੇ ਹਰ ਰੋਜ਼ ਹਜ਼ਾਰਾਂ ਦੁਖੀਆਂ ਦਾ 'ਕਲਿਆਣ' ਕਰ ਰਹੇ ਹਨ, ਖਾਸ ਕਰ ਕੇ ਐਤਵਾਰ ਨੂੰ ਇਨ੍ਹਾਂ ਡੇਰਿਆਂ ਉਪਰ ਖਾਸ ਰੌਣਕਾਂ ਹੁੰਦੀਆਂ ਹਨ। ਇਥੋਂ ਤਕ ਕਿ ਡੇਰਿਆਂ ਦੇ ਪ੍ਰਬੰਧਕਾਂ ਨੇ ਆਪਣੇ ਸੇਵਾਦਾਰਾਂ ਦੀ ਡਿਊਟੀ ਜੀ.ਟੀ. ਰੋਡ ਵਰਗੀਆਂ ਮਹੱਤਵਪੂਰਨ ਸੜਕਾਂ ਉਤੇ ਆਵਾਜਾਈ ਦੇ ਪ੍ਰਬੰਧ ਲਈ ਲਾਈ ਹੁੰਦੀ ਹੈ। ਸ਼ਰਧਾਲੂਆਂ ਵਿਚ ਰਾਜਸੀ ਨੇਤਾ, ਵੱਡੇ ਛੋਟੇ ਅਫਸਰ, ਗਰੀਬ, ਅਮੀਰ, ਕਿਸਾਨ, ਮਜ਼ਦੂਰ, ਪੜ੍ਹੇ ਲਿਖੇ, ਅਨਪੜ੍ਹ, ਛੋਟੇ ਦੁਕਾਨਦਾਰ ਤੇ ਵੱਡੇ ਵਪਾਰੀ, ਉਦਯੋਗਪਤੀ, ਸਭ ਹੁੰਦੇ ਹਨ।

ਸਵਾਲ ਹੈ ਕਿ ਜੇ ਸਮਾਜ ਦੇ ਹਰ ਵਰਗ ਦੇ ਵੱਡੀ ਗਿਣਤੀ ਲੋਕ ਇਨ੍ਹਾਂ ਬਾਬਿਆਂ ਦੇ ਡੇਰਿਆਂ ਵਿਚ ਹਾਜ਼ਰੀ ਭਰਦੇ ਹਨ ਤਾਂ ਉਥੇ ਕੁਝ ਨਾ ਕੁਝ ਤਾਂ ਅਜਿਹਾ ਹੁੰਦਾ ਹੀ ਹੋਵੇਗਾ ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਵਕਤ ਕੱਢ ਲੈਂਦੇ ਹਨ। ਇਹ ਲੋਕ ਕਿਸੇ ਇਕ ਧਰਮ ਦੇ ਪੈਰੋਕਾਰ ਨਹੀਂ ਹੁੰਦੇ ਹਨ। ਉਹ ਡੇਰਿਆਂ ਤੋਂ ਸੁਖ, ਸ਼ਾਂਤੀ ਅਤੇ ਦੁੱਖਾਂ ਕਲੇਸ਼ਾਂ ਦੀ ਨਵਿਰਤੀ ਭਾਲਦੇ ਹਨ। ਆਖ਼ਰ ਕਿਉ? ਇਹ ਪਰੰਪਰਾ ਲੰਮੇ ਸਮੇਂ ਤੋਂ ਸਮਾਜ ਵਿਚ ਚਲ ਰਹੀ ਹੈ। ਉਂਜ, ਇਕ ਗੱਲ ਜ਼ਰੂਰ ਹੈ ਕਿ ਜਦੋਂ ਵੀ ਸਮਾਜ/ਧਰਮ ਵਿਚ ਵਿਗਾੜ ਪੈਦਾ ਹੋਏ ਹਨ, ਕੋਈ ਨਾ ਕੋਈ ਸੁਧਾਰ ਲਹਿਰ ਸ਼ੁਰੂ ਹੁੰਦੀ ਰਹੀ ਹੈ। ਉਮੀਦ ਹੈ, ਹੁਣ ਵੀ ਅਜਿਹਾ ਜ਼ਰੂਰ ਹੋਵੇਗਾ।

ਪੰਜਾਬ ਅਜ ਅਜਿਹੀ ਹੀ ਹਨੇਰੀ ਗਲੀ ਦੇ ਮੋੜ 'ਤੇ ਖੜ੍ਹਾ ਹੈ। ਬਾਬਿਆਂ ਕਾਰਨ ਉਭਰੇ ਮਸਲਿਆਂ ਕਾਰਨ ਲੋਕ ਮਸਲੇ ਦੱਬਦੇ ਜਾ ਰਹੇ ਹਨ। ਹੁਣ ਵਰਗੇ ਵਰਤਾਰੇ ਕਾਰਨ ਲੋਕ ਮਸਲੇ, ਲੋਕ ਲਹਿਰਾਂ ਅਤੇ ਵਿਚਾਰੇ ਲੋਕ ਫਿਰ ਸਿਫ਼ਰ 'ਤੇ ਪਹੁੰਚ ਜਾਂਦੇ ਹਨ। ਇਸ ਵਿਚੋਂ ਕੁਝ ਅਜਿਹੇ ਸਵਾਲ ਉਭਰਦੇ ਹਨ ਜਿਨ੍ਹਾਂ ਦਾ ਜਵਾਬ ਲੱਭਣਾ ਤੇ ਦੱਸਣਾ ਮੁਸ਼ਕਲ ਜਾਪਦਾ ਹੈ।

ਮਨੁੱਖ ਨੇ ਆਪਣੇ ਜੀਵਨ ਨੂੰ ਨਿਯਮਬੱਧ ਕਰਨ ਲਈ ਹੋਰ ਵਿਵਸਥਾਵਾਂ ਤੋਂ ਇਲਾਵਾ ਧਰਮ ਦੀ ਉਤਪਤੀ ਕੀਤੀ। ਧਰਮ ਜੀਵਨ ਜਾਚ ਬਣ ਗਿਆ, ਪਰ ਸੱਤਾ ਦੀ ਸਿਆਸਤ ਨੇ ਇਸ ਨੂੰ ਨਿਜ ਤਕ ਸੀਮਤ ਨਹੀਂ ਰਹਿਣ ਦਿੱਤਾ। ਆਪਣੇ ਸੁਆਰਥਾਂ ਦੀ ਪੂਰਤੀ ਲਈ ਇਸ ਨੂੰ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਕੌਣ ਨਹੀਂ ਜਾਣਦਾ ਕਿ ਰਾਜ ਅਤੇ ਧਰਮ ਦਾ ਮੁੱਢ ਕਦੀਮ ਤੋਂ ਡੂੰਘਾ ਰਿਸ਼ਤਾ ਰਿਹਾ ਹੈ। ਦੋਵੇਂ ਇਕ ਦੂਸਰੇ ਦੀ ਮਦਦ ਕਰਦੇ ਰਹੇ ਹਨ, ਕਰ ਰਹੇ ਹਨ ਅਤੇ ਕਰਦੇ ਰਹਿਣਗੇ। ਅੱਜ ਵੀ ਸੱਤਾ 'ਤੇ ਕਾਬਜ਼ ਹੋਣ ਅਤੇ ਕਾਬਜ਼ ਰਹਿਣ ਲਈ ਧਰਮ ਦਾ ਸਹਾਰਾ ਲਿਆ ਜਾ ਰਿਹਾ ਹੈ।

ਬਾਬਾ ਪ੍ਰਥਾ ਦੀ ਲੋਕਪ੍ਰਿਯਤਾ ਦੀ ਜੜ੍ਹ ਆਰਥਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਮਸਲਿਆਂ ਵਿਚ ਹੈ । ਨਿਤ ਵਧ ਰਹੀ ਬੇਰੁਜ਼ਗਾਰੀ, ਗਰੀਬੀ, ਤੰਗੀ-ਤੁਰਸ਼ੀ, ਆਰਥਿਕ ਨਾ-ਬਰਾਬਰੀ ਅਤੇ ਭੁੱਖ ਮਰੀ ਦੇ ਹੱਲ ਲੋਕ ਬਾਬਿਆਂ ਦੇ ਡੇਰਿਆਂ ਤੋਂ ਲੱਭਦੇ ਹਨ। ਐਲੋਪੈਥੀ ਦੇ ਮਹਿੰਗੇ ਇਲਾਜ ਕਰਵਾ ਸਕਣ ਦੀ ਸਮਰੱਥਾ ਨਾ ਹੋਣ ਕਾਰਨ ਲੋਕ ਬਾਬਿਆਂ ਵੱਲੋਂ ਦਿੱਤੀ ਸੁਆਹ ਦੀ ਚੁਟਕੀ ਉਪਰ ਭਰੋਸਾ ਕਰਨ ਲਈ ਮਜਬੂਰ ਹਨ । ਅਨਪੜ੍ਹਤਾ, ਚੇਤਨਾ ਦਾ ਨੀਵਾਂ ਪੱਧਰ, ਸਹੀ ਸਿੱਖਿਆ ਦੀ ਘਾਟ, ਪਰਿਵਾਰਕ ਕਲੇਸ਼ ਆਦਿ ਬਾਬਿਆਂ ਦੀ ਹੋਂਦ ਅਤੇ ਪ੍ਰਫੁਲਤਾ ਦੇ ਸਮਾਜਿਕ ਕਾਰਨ ਹਨ। ਧਾਰਮਿਕ ਸੰਸਕਾਰ, ਅੰਧ-ਵਿਸ਼ਵਾਸ, ਸਵਰਗ ਦੀ ਲਾਲਸਾ ਅਤੇ ਨਰਕ ਦਾ ਡਰ, ਅਗਲਾ ਜਨਮ ਸੁਆਰਨ ਦਾ ਲਾਰਾ, ਗ਼ੈਬੀ ਸ਼ਕਤੀਆਂ ਦੀ ਹੋਂਦ ਵਿਚ ਵਿਸ਼ਵਾਸ, ਰਾਸ਼ੀ ਫਲ ਆਦਿ ਬਾਬਿਆਂ ਦੀ ਮਹਾਨਤਾ ਦੇ ਧਾਰਮਿਕ ਕਾਰਨ ਹਨ। ਸਿਆਸੀ ਪਾਰਟੀਆਂ ਅਤੇ ਨੇਤਾਵਾਂ ਵਲੋਂ ਸਮਾਜ ਦੀ ਧਰਮ, ਜਾਤ, ਬੋਲੀ, ਰੰਗ ਰੂਪ ਅਤੇ ਲਿੰਗ ਦੇ ਆਧਾਰ 'ਤੇ ਵੰਡ ਇਸ ਦੇ ਰਾਜਨੀਤਕ ਕਾਰਨ ਹਨ। ਜੇ ਕਿਸੇ ਬੰਦੇ ਜਾਂ ਸੰਸਥਾ ਵੱਲੋਂ ਬਾਬਿਆਂ ਦੀਆਂ ਸਰਗਰਮੀਆਂ ਉਜਾਗਰ ਕਰ ਕੇ ਲੋਕਾਂ ਨੂੰ ਜਾਗਰੂਕ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਤਾਂ ਉਸ ਆਵਾਜ਼ ਨੂੰ ਵਿੰਗੇ-ਟੇਢੇ ਤਰੀਕੇ ਅਪਣਾ ਕੇ ਦਬਾਉਣ ਦੇ ਯਤਨ ਕੀਤੇ ਜਾਂਦੇ ਹਨ। ਇਥੋਂ ਤਕ ਕਿ ਮੌਕੇ ਦੀਆਂ ਸਰਕਾਰਾਂ ਜਾਂ ਰਾਜਨੀਤਕ ਪਾਰਟੀਆਂ ਚੁੱਪ ਰਹਿਣਾ ਬਿਹਤਰ ਸਮਝਦੀਆਂ ਹਨ। ਲੋਕ ਲਹਿਰਾਂ ਦੀ ਘਾਟ ਵੀ ਅਜਿਹੇ ਵਰਤਾਰੇ ਲਈ ਜ਼ਿੰਮੇਵਾਰ ਹੈ।

ਲੋਕਾਂ ਦੇ ਅਸਲ ਮਸਲੇ ਕਿਸੇ ਵੀ ਰਾਜਨੀਤਕ ਪਾਰਟੀ ਨੇ ਸੰਜੀਦਗੀ ਨਾਲ ਆਪਣੇ ਏਜੰਡੇ ਵਿਚ ਸ਼ਾਮਲ ਨਹੀਂ ਕੀਤੇ ਹੁੰਦੇ। ਹੁਣ ਸਿਆਸਤ ਲੋਕਾਂ ਦੀ ਸੇਵਾ ਲਈ ਨਹੀਂ, ਆਪਣੇ ਹਿੱਤਾਂ ਲਈ ਕੀਤੀ ਜਾਂਦੀ ਹੈ। ਸਰਕਾਰਾਂ ਦਾ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੰਬੇ ਸਮੇਂ ਦੀਆਂ ਲੋੜਾਂ ਪ੍ਰਤੀ ਅਵੇਸਲਾਪਣ, ਰਿਸ਼ਵਤਖੋਰੀ, ਪ੍ਰਸ਼ਾਸਕੀ ਬਦ-ਇੰਤਜ਼ਾਮੀ, ਲਾਪ੍ਰਵਾਹੀ ਆਦਿ ਬਾਬਿਆਂ ਦੀ ਮਾਨਤਾ ਵਧਾਉਣ ਵਿਚ ਯੋਗਦਾਨ ਬਣ ਰਹੇ ਹਨ।

ਲੋਕਾਂ ਸਾਹਮਣੇ ਚਾਰ ਜਾਂ ਪੰਜ ਬਦਲ ਹਨ: ਇਕ, ਬਾਬਿਆਂ ਦਾ ਓਟ-ਆਸਰਾ ਭਾਲਣਾ; ਦੂਜਾ, ਬੇਵਸੀ ਨਾਲ ਦਿਨ ਕਟੀ ਕਰੀ ਜਾਣਾ; ਤੀਜਾ, ਮਜਬੂਰ ਹੋ ਕੇ ਖ਼ੁਦਕੁਸ਼ੀ ਦਾ ਰਾਹ ਚੁਣਨਾ; ਚੌਥਾ, ਹਿੰਸਾ ਦਾ ਰਾਹ ਅਪਣਾ ਲੈਣਾ ਅਤੇ ਪੰਜਵਾਂ, ਲੋਕ ਲਹਿਰਾਂ ਰਾਹੀਂ ਰਾਜਨੀਤੀ ਵਿਚ ਨਵੀਆਂ ਉਸਾਰੂ ਪਿਰਤਾਂ ਪਾਉਂਦਿਆਂ ਇਸ ਨੂੰ ਸਰਬੱਤ ਦੇ ਭਲੇ ਲਈ ਵਰਤਣਾ।

ਸਭਿਆ ਸਮਾਜ ਵਿਚ ਪਹਿਲੇ ਚਾਰ ਬਦਲਾਂ ਦੀ ਕੋਈ ਥਾਂ ਨਹੀਂ, ਪਰ ਹਾਲਾਤ ਇੰਨੇ ਦੁੱਭਰ ਹੋ ਚੁੱਕੇ ਹਨ ਕਿ ਸਿਆਸਤਦਾਨ, ਧਾਰਮਿਕ ਆਗੂ ਤੇ ਬੁੱਧੀਜੀਵੀ ਪਹਿਲੇ ਚਾਰੇ ਬਦਲਾਂ ਤੋਂ ਨਹੀਂ ਘਬਰਾਉਂਦੇ ਅਤੇ ਇਨ੍ਹਾਂ ਪ੍ਰਤੀ ਫਿਕਰਮੰਦ ਵੀ ਨਹੀਂ। ਜੇ ਇਹ ਘਬਰਾਉਂਦੇ ਹਨ ਤਾਂ ਕੇਵਲ ਪੰਜਵੇਂ ਬਦਲ ਤੋਂ, ਕਿਉਂਕਿ ਚੇਤਨ ਲੋਕ ਸ਼ਕਤੀ ਤੋਂ ਇਨ੍ਹਾਂ ਨੂੰ ਆਪਣੀ ਪ੍ਰਭੁਤਾ ਲਈ ਖ਼ਤਰਾ ਮਹਿਸੂਸ ਹੁੰਦਾ ਹੈ। ਹੁਣ ਇਕ ਪਾਸੇ ਸਮਾਜ ਲਈ ਰਹਿਣਯੋਗ ਥਾਂ ਬਣਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮਸਲਿਆਂ ਨੂੰ ਸੁਲਝਾਉਣ ਦਾ ਸਵਾਲ ਹੈ, ਦੂਜੇ ਪਾਸੇ ਇਸ ਵਰਤਾਰੇ ਨਾਲ ਨਜਿੱਠਣ ਦਾ ਮਸਲਾ। ਇਸ ਸਾਰੇ ਵਰਤਾਰੇ ਵਿਚ ਇਹ ਬਿਲਕੁਲ ਨਹੀਂ ਸਮਝ ਲੈਣਾ ਚਾਹੀਦਾ ਕਿ ਧਰਮ ਅਤੇ ਰਾਜਨੀਤੀ ਲੋਕਾਂ ਦੇ ਮਸਲਿਆਂ ਦੇ ਉਲਟ ਹਨ। ਧਰਮ ਅਤੇ ਰਾਜਨੀਤੀ ਨੂੰ ਅੰਨ੍ਹੇਵਾਹ ਨਿੰਦਣਾ ਵੀ ਠੀਕ ਨਹੀਂ। ਧਰਮ ਜੀਵਨ ਜਾਚ ਸਿਖਾਉਂਦਾ ਹੈ ਅਤੇ ਇਹ ਹਰ ਬੰਦੇ ਦਾ ਨਿਜੀ ਮਾਮਲਾ ਹੈ, ਪਰ ਇਸ ਨੂੰ ਦੂਜੇ ਧਰਮਾਂ ਜਾਂ ਬੰਦਿਆਂ ਨੂੰ ਨੀਵਾਂ ਦਿਖਾਉਣ ਜਾਂ ਦੂਜੇ ਧਰਮ ਦੇ ਪੈਰੋਕਾਰਾਂ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਨਹੀਂ ਵਰਤਣਾ ਚਾਹੀਦਾ ਅਤੇ ਨਾ ਹੀ ਕਿਸੇ ਨੂੰ ਇਕ ਹਥਿਆਰ ਦੇ ਰੂਪ ਵਿਚ ਵਰਤਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

# ਪੰਜਾਬੀ ਸਭਿਆਚਾਰ ਅਤੇ ਬੋਲੀ ਨੂੰ ਖੁਦ ਪੰਜਾਬੀਆਂ ਤੋਂ ਹੀ ਖਤਰਾ

**ਫਰਿਜ਼ਨੋ (ਬਿਊਰੋ):** ਪੰਜਾਬੀ ਸੱਭਿਆਚਾਰ ਅਤੇ ਬੋਲੀ ਵਿਚ ਆ ਰਹੀਆਂ ਤ੍ਰੇੜਾਂ ਦਾ ਜ਼ਿਕਰ ਕਰਦਿਆਂ ਪਿਛਲੇ ਦਿਨੀਂ ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਕਰਵਾਈ ਗਈ ਗੋਸ਼ਟੀ ਵਿਚ ਬਹੁਤੇ ਬੁਲਾਰਿਆਂ ਨੇ ਇਸ ਦਾ ਠੁਣਾ ਪੰਜਾਬੀਆਂ ਦੀ ਅਲਗਰਜ਼ੀ ਸਿਰ ਭੰਨਦਿਆਂ ਭਾਈਚਾਰੇ ਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਸੱਦਾ ਦਿੱਤਾ।

ਸੈਲਮਾ ਦੇ ਅਸ਼ੋਕਾ ਹੋਟਲ ਵਿਚ ਕਰਵਾਏ ਗਏ ਇਸ ਸਮਾਗਮ ਵਿਚ ਸੈਂਟਰਲ ਵੈਲੀ ਦੇ ਸੌ ਦੇ ਲਗਭਗ ਲੇਖਕਾਂ, ਕਵੀਆਂ ਅਤੇ ਉਦਮੀਆਂ ਨੇ ਹਿੱਸਾ ਲਿਆ। ਸਮਾਗਮ ਦੀ ਅਹਿਮੀਅਤ ਬਾਰੇ ਬੋਲਦਿਆਂ ਮੀਡੀਆ ਸ਼ਖਸੀਅਤ ਸਿੱਧੂ ਦਮਦਮੀ ਨੇ ਕਿਹਾ ਕਿ ਇਹ ਬਹੁਤ ਵੱਡਾ ਉਪਰਾਲਾ ਹੈ ਅਤੇ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸਿਰਫ ਪੰਜਾਬੀ ਹੀ ਨਹੀਂ, ਬਾਕੀ ਭਾਸ਼ਾਵਾਂ ਦਾ ਸ਼ਾਬਦਿਕ ਭੰਡਾਰ ਵੀ ਸੁੰਗੜ ਰਿਹਾ ਹੈ। ਇਸ ਲਈ ਬੋਲੀ ਦਾ ਭਵਿੱਖ ਬੋਲਣ ਵਾਲਿਆਂ ਦੇ ਉਤਸ਼ਾਹ ਅਤੇ ਲਗਾਓ 'ਤੇ ਨਿਰਭਰ ਕਰਦਾ ਹੈ।

ਇਸੇ ਤੱਥ ਦੀ ਪੁਸ਼ਟੀ ਕਰਦਿਆਂ ਕਹਾਣੀਕਾਰ ਕਰਮ ਸਿੰਘ ਮਾਨ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਤੇ ਬੋਲੀ ਨੂੰ ਬਾਹਰੋਂ ਨਹੀਂ, ਅੰਦਰੋਂ ਪੰਜਾਬੀਆਂ ਤੋਂ ਹੀ ਖਤਰਾ ਹੈ। ਇਸ ਦੀ ਪੁਸ਼ਟੀ ਵਜੋਂ ਉਨ੍ਹਾਂ ਚੜ੍ਹਦੇ ਪੰਜਾਬ ਦੇ ਪਬਲਿਕ ਸਕੂਲਾਂ ਵਿਚ ਪ੍ਰਬੰਧਕਾਂ ਵੱਲੋਂ ਪੰਜਾਬੀ ਵਿਚ ਗੱਲਬਾਤ ਕਰਦੇ ਵਿਦਿਆਰਥੀਆਂ ਨੂੰ ਸਜ਼ਾ ਦੇਣ, ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੂੰ ਵੀ ਪੰਜਾਬੀ



ਬੋਲਣ ਲੱਗਿਆਂ ਸੰਗ ਲੱਗਣ ਦਾ ਹਵਾਲਾ ਦਿੱਤਾ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੇ ਸਕੱਤਰ ਹਰਜਿੰਦਰ ਕੰਗ ਨੇ ਪੰਜਾਬੀਆਂ ਦੀ ਇਸ ਅਲਗਰਜ਼ੀ ਦੀ ਪੈੜ ਨੱਪਦਿਆਂ ਕਿਹਾ ਕਿ ਪੰਜਾਬੀਆਂ ਦਾ ਇਤਿਹਾਸ ਮੁਹਿੰਮਾਂ ਦਾ ਇਤਿਹਾਸ ਰਿਹਾ ਹੈ ਅਤੇ ਇਨ੍ਹਾਂ ਨੂੰ ਨਿੱਠ ਕੇ ਆਪਣੇ ਸੱਭਿਆਚਾਰ ਅਤੇ ਬੋਲੀ ਬਾਰੇ ਸੋਚਣਾ ਕਦੇ ਨਸੀਬ ਨਹੀਂ ਹੋਇਆ।

ਚੀਨ ਵਿਚ ਅੰਗਰੇਜ਼ੀ ਦੇ ਅਧਿਆਪਕ ਰਹੇ ਜਰਨੈਲ ਸਿੰਘ ਚੰਦੀ ਨੇ ਕਿਹਾ ਕਿ ਪੰਜਾਬੀ ਦਾ ਭਵਿੱਖ ਬਹੁਤਾ ਆਸਵੰਦ ਨਹੀਂ ਹੈ ਕਿਉਂਕਿ ਹਰ ਭਾਸ਼ਾ ਦਾ ਵਿਕਾਸ ਉਸ ਨਾਲ ਜੁੜੇ ਰੁਜਗਾਰ ਨਾਲ ਜੁੜਿਆ ਹੁੰਦਾ ਹੈ।

ਸਿੱਖ ਕੌਂਸਲ ਦੇ ਬੁਲਾਰੇ ਪਿਸ਼ੌਰਾ ਸਿੰਘ ਢਿੱਲੋਂ ਦਾ ਕਹਿਣਾ ਸੀ ਕਿ ਪੰਜਾਬੀ ਸਿਰਫ ਪੰਜਾਬੀਆਂ ਦੀ ਭਾਸ਼ਾ ਨਹੀਂ ਰਹੀ, ਇਸ ਨੂੰ ਹੋਰ ਕੌਮੀਅਤਾਂ ਦੇ ਲੋਕ ਵੀ ਅਪਨਾ ਰਹੇ ਹਨ। ਕਰਦਰ ਦੇ ਸਕੂਲ ਵਿਚ ਮੈਕਸੀਕਨ ਵਿਦਿਆਰਥੀ ਦੇ ਪੰਜਾਬੀ ਵਿਚ ਫਸਟ ਆਉਣ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਵਿਚ ਅਗਲੇ ਸ਼ੈਸ਼ਨ ਵਿਚ ਸਿੱਖ ਇਤਿਹਾਸ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਜਾ ਰਿਹਾ ਹੈ।

ਇਸ ਚਰਚਾ ਵਿਚ ਉਦਮੀ ਚਰਨਜੀਤ ਬਾਠ, ਸਾਬਕਾ ਵਿਧਾਇਕ ਮਲਕੀਤ ਸਿੰਘ ਦਾਖਾ, ਰਾਜ ਬਰਾੜ ਨੇ ਵੀ ਲਿਆ। ਸਮਾਗਮ ਵਿਚ ਹਾਜ਼ਰ ਸ਼ਾਇਰ ਅਸ਼ਰਫ ਗਿੱਲ, ਸੁੱਖੀ ਧਾਲੀਵਾਲ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਸ਼ਾਇਰਾ ਗੁਰਿੰਦਰ ਨੱਤ ਅਤੇ ਰਮਨ ਵਿਰਕ ਨੇ ਆਪਣੀਆਂ ਕਵਿਤਾਵਾਂ ਨਾਲ ਹਾਜਰੀ ਲੁਆਈ।

ਨਾਵਲਕਾਰ ਗੁਰਦਿਆਲ ਸਿੰਘ, ਨਾਟਕਕਾਰ ਅਜਮੇਰ ਔਲਖ ਅਤੇ ਕਵੀ ਇਕਬਾਲ ਰਾਮੂਵਾਲੀਆ ਨੂੰ ਸਮਰਪਿਤ ਇਸ ਸਮਾਗਮ ਵਿਚ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆ ਗਿਆ। ਬੇਕਰਜ਼ਫੀਲਡ ਤੋਂ ਆਏ ਸ਼ਿਆਰਾ ਸਿੰਘ ਢੀਂਡਸਾ ਨੇ ਇਸ ਦੀ ਵੀਡੀਓ ਰਿਕਾਰਡਿੰਗ ਕੀਤੀ।

ਸਮਾਗਮ ਵਿਚ ਹੋਰ ਮੋਹਤਬਰਾਂ ਤੋਂ ਇਲਾਵਾ ਸਭਾ ਦੇ ਨੁਮਾਇੰਦਿਆਂ ਨਿੰਦੀ ਸੰਧੂ, ਸਾਧੂ ਸੰਘਾ, ਜੁਗਰਾਜ ਭੰਗੂ, ਅਜਮੇਰ ਨਾਹਲ, ਸੁਖਜੀਤ ਭੁੱਲਰ, ਦੀਪ ਮਾਨ, ਭੁਪਿੰਦਰ ਔਜਲਾ, ਸੁਰਿੰਦਰ ਗੋਂਦਾਰਾ, ਅਵਤਾਰ ਗੋਂਦਾਰਾ, ਤਿਰਲੋਕ ਮਿਨਹਾਸ, ਗੁਰਨੇਕ ਰਾਏ, ਰਾਣਾ ਚਾਹਿਲ, ਨਿਰਮਲ ਧਨੌਲਾ, ਮਨਜੀਤ ਕੁਲਾਰ, ਰਣਜੀਤ ਗਿੱਲ, ਸਤਵੰਤ ਵਿਰਕ ਨੇ ਹਿੱਸਾ ਲਿਆ। ਸੰਚਾਲਨ ਸਾਧੂ ਸਿੰਘ ਸੰਘਾ ਨੇ ਬਾਖੂਬੀ ਕੀਤਾ।

ਹਾਜਰ ਸਰੋਤਿਆਂ ਦਾ ਧੰਨਵਾਦ ਕਰਦਿਆਂ ਸਭਾ ਦੇ ਪੈਟਰਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਭਰੋਸਾ ਦਿੱਤਾ ਕਿ ਐਸੋਸੀਏਸ਼ਨ ਪੰਜਾਬੀ ਸਰੋਕਾਰਾਂ ਨਾਲ ਸਬੰਧਤ ਮੁੱਦਿਆਂ 'ਤੇ ਲਗਾਤਾਰ ਕੰਮ ਕਰਦੀ ਰਹੇਗੀ।

# ਪ੍ਰੋ. ਸੁਖਵਿੰਦਰ ਕੰਬੋਜ ਦੀ ਨਵ-ਪ੍ਰਕਾਸ਼ਿਤ ਕਾਵਿ ਪੁਸਤਕ 'ਜੰਗ, ਜਸ਼ਨ ਤੇ ਜੁਗਨੂੰ' ਰਿਲੀਜ਼

**ਨਿਊਆਰਕ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਬੇ-ਏਰੀਆ ਇਕਾਈ ਨੇ ਨਾਮੀ ਪੰਜਾਬੀ ਕਵੀ ਸੁਖਵਿੰਦਰ ਕੰਬੋਜ ਦਾ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਿਹ 'ਜੰਗ, ਜਸ਼ਨ ਤੇ ਜੁਗਨੂੰ' ਦਾ ਰਿਲੀਜ਼ ਸਮਾਗਮ ਅਤੇ ਨਾਲ ਹੀ ਇਸ 'ਤੇ ਗੋਸ਼ਟੀ ਦਾ ਆਯੋਜਨ ਕੀਤਾ। ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਲੇਖਕ ਤੇ ਆਲੋਚਕ ਡਾ. ਜਸਵਿੰਦਰ ਸਿੰਘ, ਪ੍ਰਸਿੱਧ ਚਿੰਤਕ ਡਾ. ਧਨਵੰਤ ਕੌਰ, ਨਾਮੀ ਸ਼ਾਇਰ ਦਰਸ਼ਨ ਬੁਲੰਦਵੀ ਅਤੇ ਚਰਚਿਤ ਗਜ਼ਲਗੋ ਸੁਰਿੰਦਰ ਸੀਰਤ ਸੁਸ਼ੋਭਿਤ ਸਨ।

ਸ਼ਾਇਰਾ ਨੀਲਮ ਸੈਣੀ ਨੇ ਮੋਹਨਜੀਤ ਰਚਿਤ ਸੁਖਵਿੰਦਰ ਕੰਬੋਜ ਦੇ ਰੇਖਾ ਚਿੱਤਰ 'ਦਿਨ ਸੰਵਾਦ ਇਸ ਕਵਿਤਾ ਦਾ ਸ਼ਾਨਦਾਰ ਹਾਸਲ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹੀ ਪ੍ਰੋ. ਜਸਵਿੰਦਰ ਸਿੰਘ ਨੇ ਸੁਖਵਿੰਦਰ ਕੰਬੋਜ ਦੀ ਸ਼ਾਇਰੀ ਨੂੰ ਅਮਰੀਕੀ ਹਕੀਕਤਾਂ ਅਤੇ ਮਾਹੌਲ ਨੂੰ ਨਿੱਗਰ ਅਤੇ ਜੀਵੰਤ ਬਿੰਬਾਂ ਵਿਚ ਢਾਲਣ ਵਾਲੀ ਕਵਿਤਾ ਆਖਿਆ। ਉਨ੍ਹਾਂ ਕਿਹਾ ਕਿ ਸੁਖਵਿੰਦਰ ਕੰਬੋਜ ਨਪੀੜੀ ਅਮਰੀਕੀ ਲੋਕਾਈ ਵਿਸ਼ੇਸ਼ ਕਰ ਪਰਵਾਸੀ ਦੀ ਪੀੜ ਵੇਦਨਾ ਅਤੇ ਚਾਹਤਾਂ ਦੇ ਭੇੜ ਨੂੰ ਨਵੇਂ ਕਾਵਿ ਚਿੰਨ੍ਹਾਂ-ਬਿੰਬਾਂ ਰਾਹੀਂ ਪਰਗਟ ਕਰਨ ਵਾਲਾ ਮਾਹਿਰ ਸ਼ਾਇਰ ਹੈ। ਇਸ ਕਵਿਤਾ ਵਿਚ ਭਾਰਤ-ਪੰਜਾਬ ਬਾਰੇ ਸੁਚੱਜੀ ਫਿਕਰਮੰਦੀ ਅਤੇ ਚੰਗੇਰੀ ਤਬਦੀਲੀ ਦੀ ਚਾਹਤ ਹੈ। ਇਹ ਪੁਸਤਕ

ਕੁਲਵਿੰਦਰ ਨੇ ਆਪਣੀ ਤਾਜ਼ਾ ਗਜ਼ਲ ਦੇ ਦੋ ਸ਼ਿਅਰ ਸੁਣਾ ਕੇ ਭਰਵੀਂ ਦਾਦ ਲਈ। ਸੁਰਿੰਦਰ ਸੀਰਤ, ਜਗਜੀਤ ਨੌਸ਼ਹਿਰਵੀ, ਨੀਲਮ ਸੈਣੀ, ਗੁਲਸ਼ਨ ਦਿਆਲ, ਹਰਪ੍ਰੀਤ ਧੂਤ, ਤਾਰਾ ਸਾਗਰ, ਮੱਖਣ ਲੁਹਾਰ, ਹਰਭਜਨ ਢਿੱਲੋਂ, ਮਾਸਟਰ ਕੁੰਦਨ ਲਾਲ, ਕਮਲ ਦੇਵ ਪਾਲ ਤੇ ਬਲਵੀਰ ਸਿੰਘ ਸੰਘੇੜਾ ਨੇ ਆਪਣੀਆਂ ਤਾਜ਼ਾ ਰਚਨਾਵਾਂ ਨਾਲ ਕਾਵਿਕ ਮਾਹੌਲ ਸਿਰਜਿਆ। ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਸੁਖਵਿੰਦਰ ਕੰਬੋਜ ਦੀ ਇਕ ਨਜ਼ਮ ਦਾ ਗਾਇਨ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ।

ਪ੍ਰੋ. ਕੰਬੋਜ ਨੇ ਧੰਨਵਾਦੀ ਸ਼ਬਦ ਬੋਲਦਿਆਂ ਆਪਣੇ ਜੀਵਨ ਤੇ ਕਾਵਿ ਸਫਰ ਦੇ ਵੰਨ-ਸੁਵੰਨੇ



ਬੇਲੇ ਸ਼ਾਮੀਂ ਪੱਤਣਾਂ 'ਤੇ' ਦਾ ਜ਼ਿਕਰ ਕਰਦਿਆਂ ਸਮਾਗਮ ਦੀ ਸ਼ੁਰੂਆਤ ਕੀਤੀ। ਸੁਰਿੰਦਰ ਸੀਰਤ ਨੇ ਆਪਣੇ ਪੇਪਰ ਵਿਚ ਇਸ ਪੁਸਤਕ ਨੂੰ ਸਾਮਰਾਜੀ ਸਭਿਆਚਾਰ ਦੀ ਅਸਲ ਤਸਵੀਰ ਦਸਦਿਆਂ ਆਖਿਆ ਕਿ ਇਸ ਵਿਚ ਮਨੁੱਖਾਂ ਲਈ ਬੰਬ ਅਤੇ ਕੁੱਤਿਆਂ ਲਈ ਪਿਆਰ ਹੀ ਹੁੰਦਾ ਹੈ। ਉਚੇਚੇ ਤੌਰ 'ਤੇ ਇੰਗਲੈਂਡ ਤੋਂ ਪਹੁੰਚੇ ਵਿਸ਼ੇਸ਼ ਮਹਿਮਾਨ ਦਰਸ਼ਨ ਬੁਲੰਦਵੀ ਨੇ ਸੁਖਵਿੰਦਰ ਕੰਬੋਜ ਨਾਲ ਆਪਣੀਆਂ ਵਿਦਿਆਰਥੀ ਜੀਵਨ ਦੀਆਂ ਪੀਡੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਸੁਖਵਿੰਦਰ ਕੰਬੋਜ ਦੇ ਮੁੱਖ ਕਾਵਿ ਸਰੋਕਾਰਾਂ ਨੂੰ ਉਭਾਰਿਆ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰੋਫੈਸਰ ਡਾ. ਧਨਵੰਤ ਕੌਰ ਨੇ ਇਸ ਪੁਸਤਕ ਦੀ ਸ਼ਾਇਰੀ ਨੂੰ ਮੌਜੂਦਾ ਅਮਰੀਕੀ ਸਿਆਸੀ, ਸਮਾਜੀ, ਆਰਥਿਕ ਧਿਰਬੰਦੀ ਦੀ ਖੂਬਸੂਰਤ ਪੇਸ਼ਕਾਰੀ ਦੱਸਦਿਆਂ ਆਖਿਆ ਕਿ ਇਸ ਕਵਿਤਾ ਦੀ ਸੰਬੋਧਨੀ ਸੁਰ ਨਿੱਗਰ ਸਨੇਹਾ ਤੇ ਜੀਵੰਤ ਪਰਵਾਸੀ ਕਾਵਿ ਧਾਰਾ ਵਿਚ ਹੀ ਨਹੀਂ, ਸਮੁੱਚੀ ਪੰਜਾਬੀ ਕਾਵਿ ਧਾਰਾ ਵਿਚ ਨਿੱਗਰ ਵਾਧਾ ਹੈ।

ਸਟੇਜ ਦੀ ਜ਼ਿੰਮੇਵਾਰੀ ਕਮਲ ਦੇਵ ਪਾਲ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਵਿਚ ਸੁਖਵਿੰਦਰ ਕੰਬੋਜ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪ੍ਰਸਿੱਧ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਨੇ ਸ਼ਿਕਰਤ ਕਰ ਕੇ ਇਸ ਨੂੰ ਜਸ਼ਨਾਵੀ ਮਾਹੌਲ ਪ੍ਰਦਾਨ ਕੀਤਾ।

ਸਮਾਗਮ ਦੇ ਦੂਸਰੇ ਸੈਸ਼ਨ ਵਿਚ ਪ੍ਰਸਿੱਧ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਪ੍ਰਸਿੱਧ ਲੇਖਕਾ ਅਮਰਜੀਤ ਪੰਨੂੰ, ਗੁਲਸ਼ਨ ਦਿਆਲ, ਨੀਲਮ ਸੈਣੀ ਅਤੇ ਹਰਪ੍ਰੀਤ ਧੂਤ ਸ਼ਾਮਿਲ ਹੋਏ। ਦਰਸ਼ਨ ਬੁਲੰਦਵੀ ਨੇ ਆਪਣੀ ਪ੍ਰਸਿੱਧ ਨਜ਼ਮ 'ਪਹਿਚਾਣ' ਸੁਣਾਈ। ਵਿਸ਼ੇਸ਼ ਸੱਦੇ 'ਤੇ ਸਾਲਟ ਲੇਕ ਸਿਟੀ ਤੋਂ ਆਏ ਬਲਦੇਵ ਬਾਵਾ ਨੇ ਆਪਣੀਆਂ ਦੋ ਨਜ਼ਮਾਂ 'ਦਰਵੇਸ਼ ਕਵਿਤਾ' ਤੇ 'ਸ਼ਬਦ' ਰਾਹੀਂ ਸਰੋਤਿਆਂ ਨੂੰ ਕੀਲਿਆ। ਨਾਮੀ ਗਜ਼ਲਗੋ

ਅਨੁਭਵ ਸਾਂਝੇ ਕੀਤੇ ਤੇ ਆਪਣੀ ਸ਼ਾਇਰੀ ਦੇ ਸਿਰਜਣਾਤਮਕ ਸਰੋਤਾਂ ਨਾਲ ਸਾਂਝ ਪੁਆਈ। ਅੰਤ ਵਿਚ ਉਸ ਨੇ ਆਪਣੀਆਂ ਦੋ ਚਰਚਿਤ ਨਜ਼ਮਾਂ 'ਇਕ ਸੰਵਾਦ' ਅਤੇ 'ਸਟੋਰ ਮਾਲਕ' ਆਪਣੇ ਮਖਸੂਸ ਅੰਦਾਜ਼ ਵਿਚ ਸੁਣਾਈਆਂ।

## ਸੂਫੀ ਸ਼ਾਇਰ ਦੀਵਾਨਾ ਜਹਾਨੋਂ ਰੁਖਸਤ

**ਆਦਮਪੁਰ ਦੋਆਬਾ:** ਸੂਫ਼ੀ ਸ਼ਾਇਰ ਆਰ.ਪੀ ਦੀਵਾਨਾ ਦਿਲ ਦੀ ਬਿਮਾਰੀ ਕਾਰਨ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਗਏ। ਆਪਣੇ ਜੀਵਨ ਦੇ 9 ਦਹਾਕੇ ਪੂਰੇ ਕਰਦਿਆਂ 91 ਵਰ੍ਹੇ ਦੀ ਜ਼ਿੰਦਗੀ ਵਿਚ ਉਨ੍ਹਾਂ ਨੇ ਸੈਂਕੜੇ ਸੂਫੀ ਕਲਾਮ, ਕਵਾਲੀਆਂ, ਭੇਟਾ, ਗਜ਼ਲਾਂ, ਗੀਤ ਲਿਖੇ, ਜਿਨ੍ਹਾਂ ਨੂੰ ਵਡਾਲੀ ਬ੍ਰਦਰਜ਼, ਫਿਰੋਜ਼ ਖ਼ਾਨ, ਰਣਜੀਤ ਰਾਣਾ, ਬੂਟਾ ਮੁਹੰਮਦ, ਸਾਬਰ ਕੋਟੀ ਸਮੇਤ ਕਈ ਹੋਰ ਪ੍ਰਸਿੱਧ ਗਾਇਕਾਂ ਨੇ ਗਾਇਆ।

## ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ

**ਫਰਿਜ਼ਨੋ (ਬਿਊਰੋ):** ਪੰਜਾਬ ਅੰਦਰ ਕਾਲੇ ਦੌਰ ਦੌਰਾਨ ਸੈਂਕੜੇ ਬੇਦੋਸ਼ੇ ਨੌਜਵਾਨਾਂ ਨੂੰ ਪੁਲਿਸ ਵਲੋਂ ਝੂਠੇ ਮੁਕਾਬਲੇ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤੇ ਜਾਣ ਵਿਰੁਧ ਡਟਣ ਵਾਲੇ ਮਨੁੱਖੀ ਅਧਿਕਾਰਾਂ ਦੇ ਆਲੰਬਰਦਾਰ ਅਤੇ ਇਨ੍ਹਾਂ ਖਾਤਰ ਜਾਨ ਕੁਰਬਾਨ ਕਰਨ ਵਾਲੇ





ਸ. ਜਸਵੰਤ ਸਿੰਘ ਖਾਲੜਾ ਦਾ ਸ਼ਹੀਦੀ ਦਿਹਾੜਾ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਲੰਘੇ ਐਤਵਾਰ ਸ਼ਰਧਾ ਨਾਲ ਮਨਾਇਆ ਗਿਆ।

ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਗੁਰਦੁਆਰਾ ਸਾਹਿਬ ਪਹੁੰਚ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ। ਰਾਗੀ ਭਾਈ ਸਰਬਜੀਤ ਸਿੰਘ ਸੁੰਦਰ ਨਗਰ ਦੇ ਜਥੇ ਨੇ ਰੱਬੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਮਲਕੀਤ ਸਿੰਘ ਨੇ ਗੁਰਬਾਣੀ ਦੀ ਰੌਸ਼ਨੀ ਵਿਚ ਸ਼ਹੀਦ ਖਾਲੜਾ ਦੇ ਜੀਵਨ 'ਤੇ ਚਾਨਣਾ ਪਾਇਆ। ਅਕਾਲੀ ਦਲ (ਅੰਮ੍ਰਿਤਸਰ) ਦੇ ਸੱਦੇ 'ਤੇ ਖਾਸ ਤੌਰ 'ਤੇ ਕਰਨਾਟਕਾ ਤੋਂ ਪਹੁੰਚੇ ਬਾਵਨ ਮਹੇਸ਼ ਨੇ ਘੱਟਗਿਣਤੀਆਂ ਤੇ ਦਲਿਤਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਹਿੰਦੂਤਵ ਦੇ ਭਗਵੇਂਕਰਨ ਵਿਰੁਧ ਡਟਣ ਲਈ ਬੇਨਤੀ ਕਰਦਿਆਂ ਸ਼ਹੀਦ ਖਾਲੜਾ ਨੂੰ ਇਨਸਾਨੀਅਤ ਲਈ ਕੁਰਬਾਨ ਹੋਣ ਵਾਲਾ ਮਹਾਨ ਪੁਰਖ ਗਰਦਾਨਿਆ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਦੇ ਨਵੇਂ ਅਹੁਦੇਦਾਰਾਂ ਦੀ ਚੋਣ

**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੇ ਪੁਰਾਣੇ ਅਹੁਦੇਦਾਰਾਂ ਨੇ ਸੇਵਾ ਦੌਰਾਨ ਹੋਈਆਂ ਭੁਲਾਂ ਬਖਸ਼ਾਉਂਦਿਆਂ ਗੁਰੂ ਘਰ ਦੀਆਂ ਸਾਰੀਆਂ ਸੇਵਾਵਾਂ ਤੋਂ ਛੁਟੀ ਲੈ ਲਈ। ਪੁਰਾਣੇ ਅਹੁਦੇਦਾਰਾਂ ਵਿਚ ਪ੍ਰਮੁੱਖ ਬਲਵੀਰ ਸਿੰਘ ਖੋਸਾ ਦੇ ਅਸਤੀਫੇ ਬਾਅਦ ਚੁਣੇ ਗਏ ਨਵੇਂ ਅਹੁਦੇਦਾਰਾਂ ਵਿਚ ਦਲਵੀਰ ਸਿੰਘ ਸੰਧਰ (ਟਰਲਕ), ਦਲਬੀਰ ਸਿੰਘ ਪੱਡਾ (ਮਨਟੀਕਾ), ਮੇਜਰ ਸਿੰਘ (ਫਰਿਜ਼ਨੋ), ਨਛੱਤਰ ਸਿੰਘ ਧਾਲੀਵਾਲ, ਜਤਿੰਦਰ ਸਿੰਘ (ਫਰਿਜ਼ਨੋ) ਆਦਿ ਸ਼ਾਮਲ ਹਨ।

ਡਾ. ਬੂਟਾ ਸਿੰਘ ਨੇ ਗੁਰੂਘਰ ਵਿਚ ਬਹੁਤ ਲੰਮਾ ਅਰਸਾ ਬਤੌਰ ਮੋਢੀ ਸੇਵਾਦਾਰ ਸੇਵਾਵਾਂ ਨਿਭਾਈਆਂ, ਪਰ ਸਮੇਂ ਦੀ ਘਾਟ ਅਤੇ ਕੰਮ ਦੇ ਰੁਝੇਵਿਆਂ ਕਰਕੇ ਉਨ੍ਹਾਂ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਲੈ ਲਈ। ਸੰਗਤ ਨੂੰ ਸੰਬੋਧਨ ਕਰਦਿਆਂ ਡਾ. ਬੂਟਾ ਸਿੰਘ ਨੇ ਕਿਹਾ ਕਿ ਦਮਦਮੀ ਟਕਸਾਲ ਜਥਾ ਭਿੰਡਰਾਂ ਦੀ ਬ੍ਰਾਂਚ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਦਾ ਅਰੰਭ ਕੋਈ 17 ਸਾਲ ਪਹਿਲਾਂ ਹੋਇਆ ਸੀ। ਉਦੋਂ ਤੋਂ ਉਹ ਤਨ-ਮਨ-ਧਨ ਨਾਲ ਆਪਣੀਆਂ ਜ਼ਿੰਮੇਵਾਰੀਆਂ ਸੰਗਤ ਦੇ ਪੂਰਨ ਸਹਿਯੋਗ ਨਾਲ ਨਿਭਾਉਂਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸੇਵਾ ਨਿਭਾਉਂਦਿਆਂ ਬੇਅੰਤ ਭੁੱਲਾਂ ਵੀ ਹੋਈਆਂ ਹੋਣਗੀਆਂ, ਸੰਗਤ ਬਖਸ਼ਣਹਾਰ ਹੈ। ਉਨ੍ਹਾਂ ਕਿਹਾ ਕਿ ਉਹ ਅਤੇ ਬਲਵੀਰ ਸਿੰਘ ਖੋਸਾ ਗੁਰੂ ਘਰਾਂ ਦੀਆਂ ਸਾਰੀਆਂ ਡਿਊਟੀਆਂ ਤੋਂ ਸੇਵੀ ਮੁਕਤੀ ਦੇ ਬਾਵਜੂਦ ਨਵੇਂ ਬਣੇ ਪੰਜੇ ਅਹੁਦੇਦਾਰਾਂ ਨੂੰ ਪੂਰਾ ਸਹਿਯੋਗ ਦਿੰਦੇ ਰਹਿਣਗੇ।

ਇਸ ਸਮੇਂ ਗੁਰੂ ਘਰ ਵੱਲੋਂ ਨਵੇਂ ਪੁਰਾਣੇ ਅਹੁਦੇਦਾਰਾਂ ਨੂੰ ਸਿਰੋਪਾਓ ਦੇ ਕੇ ਮਾਣ ਬਖਸ਼ਿਆ ਗਿਆ।

# ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਘੋਰ ਨਿੰਦਾ

**ਫਰੀਮਾਂਟ (ਬਿਊਰੋ):** ਕੁਝ ਫਿਰਕਾਪ੍ਰਸਤ ਤੇ ਸਵਾਰਥੀ ਤੰਗਨਜ਼ਰ ਤਾਕਤਾਂ ਵਲੋਂ ਕਰਨਾਟਕਾ ਵਿਚ ਅਖਬਾਰ 'ਲੰਕੇਸ਼' ਦੀ ਮੁੱਖ ਸੰਪਾਦਕ ਗੌਰੀ ਲੰਕੇਸ਼ ਦਾ ਜ਼ਾਲਿਮਾਨਾ ਕਤਲ ਭਾਰਤੀ ਲੋਕਤੰਤਰ ਦਾ ਕਤਲ ਹੈ ਜਿਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੱਥੇ ਲੇਕ ਐਲਿਜ਼ਬੈਥ ਪਾਰਕ ਵਿਚ ਪੰਜਾਬੀ ਜਰਨਲਿਸਟ ਐਸੋਸੀਏਸ਼ਨ ਕੈਲੀਫੋਰਨੀਆ ਵਲੋਂ ਗੌਰੀ ਲੰਕੇਸ਼ ਦੀ ਯਾਦ ਵਿਚ ਕੀਤੇ ਗਏ ਇਕ ਕੈਂਡਲ ਲਾਈਟ ਵਿਜ਼ਲ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕੀਤਾ।

ਬੁਲਾਰਿਆਂ ਨੇ ਇਸ ਕਤਲ ਨੂੰ ਲੋਕਰਾਜ ਦੇ ਚੌਥੇ ਥੰਮ੍ਹ ਮੀਡੀਆ 'ਤੇ ਵੱਡਾ ਹਮਲਾ ਦੱਸਿਆ ਤੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਅਰਸੇ ਦੌਰਾਨ ਸੱਚ ਦੀ ਆਵਾਜ਼ ਉਠਾਉਣ ਵਾਲੇ ਪੱਤਰਕਾਰਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ, ਇਹ ਨਾ ਸਿਰਫ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ।

ਇਸ ਸ਼ੋਕ ਸਭਾ ਵਿਚ ਨਾ ਸਿਰਫ ਪੰਜਾਬੀ ਭਾਈਚਾਰੇ ਦੇ ਲੋਕ ਸ਼ਾਮਿਲ ਹੋਏ ਸਗੋਂ ਭਾਰਤ ਦੇ ਦੱਖਣੀ ਸੂਬਿਆਂ-ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲਾ ਅਤੇ ਤੇਲੰਗਾਨਾ ਤੋਂ ਵੀ ਗੌਰੀ ਲੰਕੇਸ਼ ਪ੍ਰਤੀ ਦਰਦ ਪ੍ਰਗਟਾਉਣ ਲਈ ਔਰਤਾਂ ਤੇ ਮਰਦਾਂ ਨੇ ਵੀ ਸ਼ਿਰਕਤ ਕੀਤੀ।

ਇਸ ਮੌਕੇ ਤੇ ਬੋਲਦਿਆਂ ਪੱਤਰਕਾਰ ਤੇ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਨੇ ਕਿਹਾ ਕਿ ਜਿਸ ਭਾਰਤ ਵਿਚ ਬਹੁਗਿਣਤੀ ਲੋਕਾਂ ਲਈ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਲੀਦਾਨ ਦਿੱਤਾ, ਉਸੇ ਵਰਗ ਦੇ ਲੋਕ ਹੁਣ ਘੱਟ ਗਿਣਤੀਆਂ 'ਤੇ ਹਮਲੇ ਕਰਕੇ ਉਨ੍ਹਾਂ ਅੰਦਰ ਅਸੁਰੱਖਿਆ ਤੇ ਚਿੰਤਾ ਵਾਲੀਆਂ ਭਾਵਨਾਵਾਂ ਪੈਦਾ ਕਰ ਰਹੇ ਹਨ। ਗੌਰੀ ਲੰਕੇਸ਼ ਦਾ ਕਤਲ ਦੇਸ਼ ਦੀ ਸੰਸਕ੍ਰਿਤੀ 'ਤੇ ਇਕ ਵੱਡਾ ਹਮਲਾ ਹੈ।

ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਸਾਬਕਾ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਪੱਤਰਕਾਰਾਂ ਤੇ ਘੱਟ ਗਿਣਤੀਆਂ 'ਤੇ ਹੋ ਰਹੇ ਲਗਾਤਾਰ ਹਮਲੇ ਘੱਟਗਿਣਤੀਆਂ ਨੂੰ ਦਬਾਉਣ ਦੀ ਇਕ ਕੋਝੀ ਸਾਜਿਸ਼ ਹੈ ਜਿਸ ਲਈ ਸਰਕਾਰ ਨੂੰ ਅਤਿ ਗੰਭੀਰ ਹੋਣ ਦੀ ਲੋੜ ਹੈ। ਉਨ੍ਹਾਂ ਗੌਰੀ ਲੰਕੇਸ਼ ਦੇ ਕਤਲ ਨੂੰ ਪ੍ਰੈਸ ਦੀ ਆਜ਼ਾਦੀ 'ਤੇ ਵੱਡਾ ਹਮਲਾ ਕਰਾਰ ਦਿੱਤਾ। ਆਂਧਰਾ ਪ੍ਰਦੇਸ਼ ਦੀ ਵਾਲੀ ਬਿਨਦਾਨਾ ਨੇ ਗੌਰੀ ਲੰਕੇਸ਼ ਦੇ ਕਤਲ 'ਤੇ ਹੰਝੂ ਵਹਾਉਂਦਿਆਂ ਕਿਹਾ ਕਿ ਇਕ ਮਹਿਲਾ ਪੱਤਰਕਾਰ ਜੋ ਨਾ ਸਿਰਫ ਆਪਣੀ ਸਮਾਜਿਕ ਜਿੰਮੇਵਾਰੀ ਨਿਭਾ ਰਹੀ ਸੀ, ਦਾ ਕਤਲ ਭਾਰਤੀ ਲੋਕਤੰਤਰ ਦੇ ਮੱਥੇ 'ਤੇ ਇਕ ਕਲੰਕ ਹੈ ਅਤੇ ਇਹ ਇਕ ਸ਼ਰਮਨਾਕ ਵਰਤਾਰਾ ਹੈ।



ਅਖਬਾਰ 'ਅੰਮ੍ਰਿਤਸਰ ਟਾਈਮਜ਼' ਦੇ ਸੰਚਾਲਕ ਸ. ਜਸਜੀਤ ਸਿੰਘ ਨੇ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਨਿੰਦਾ ਕਰਦਿਆਂ, ਉਸ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਤੇ ਕਿਹਾ ਕਿ ਜਿਸ ਤਰ੍ਹਾਂ ਦੇ ਹਾਲਾਤ ਬਣਦੇ ਜਾ ਰਹੇ ਹਨ, ਉਸ ਨਾਲ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਭਾਰਤ ਵਿਚ ਲੋਕਤੰਤਰ ਨਾਂ ਦੀ ਕੋਈ ਚੀਜ਼ ਨਹੀਂ ਤੇ ਘੱਟਗਿਣਤੀਆਂ ਨੂੰ ਦਬਾ ਕੇ ਸੌੜੀ ਸੋਚ ਵਾਲੀਆਂ ਤਾਕਤਾਂ ਸੱਚ ਦੀ ਆਵਾਜ਼ ਦਾ ਗਲਾ ਘੁੱਟਣ 'ਤੇ ਤੁਲੀਆਂ ਹੋਈਆਂ ਹਨ। ਧਾਰਮਿਕ ਕੱਟੜ ਜਨੂੰਨੀਆਂ ਵਲੋਂ ਗੌਰੀ ਲੰਕੇਸ਼ ਦਾ ਕਤਲ ਭਾਰਤ ਸੰਵਿਧਾਨ ਦੇ ਇਸ ਦਾਅਵੇ ਨੂੰ ਝੁਠਲਾਉਂਦਾ ਹੈ ਕਿ ਮੀਡੀਆ ਲੋਕਰਾਜ ਦਾ ਚੌਥਾ ਥੰਮ੍ਹ ਹੈ।

ਪੱਤਰਕਾਰ, ਲੇਖਕ ਅਤੇ ਸ਼ੋਕ ਸਭਾ ਦੇ ਆਯੋਜਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਨਰਿੰਦਰ ਦਾਭੋਲਕਰ, ਗੋਵਿੰਦ ਪਨਸਾਰੇ, ਐਮ. ਐਨ. ਕੁਲਵਰਗੀ ਅਤੇ ਰਾਮ ਚੰਦਰ ਛਤਰਪਤੀ ਤੋਂ ਬਾਅਦ ਗੌਰੀ ਲੰਕੇਸ਼ ਦੀ ਹੱਤਿਆ ਨਾ ਸਿਰਫ ਚਿੰਤਾ ਹੀ ਪੈਦਾ ਕਰਦੀ ਹੈ ਸਗੋਂ ਕਾਤਲਾਂ ਨੂੰ ਸਖਤ ਸਜ਼ਾਵਾਂ ਨਾ ਦੇਣੀਆਂ ਤੇ ਸ਼ੋਸ਼ਲ ਮੀਡੀਏ 'ਤੇ ਭੈੜੇ ਸ਼ਬਦਾਂ ਨਾਲ ਇਸ ਕਤਲ ਦੀ ਖਿੱਲ੍ਹੀ ਉਡਾਉਣਾ, ਆਉਣ ਵਾਲੇ ਸਮੇਂ ਵਿਚ ਪੱਤਰਕਾਰਾਂ ਦੇ ਦਲੇਰੀ ਨਾਲ ਕੰਮ ਕਰਨ ਦੇ ਰਸਤੇ ਵਿਚ ਵੱਡਾ ਰੋੜਾ ਬਣੇਗਾ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਕਾਤਲਾਂ ਨੂੰ ਗ੍ਰਿਫਤਾਰ ਕਰਕੇ ਕਟਹਿਰੇ 'ਚ ਖੜ੍ਹਾ ਕਰੇ ਤਾਂ ਜੋ ਪੱਤਰਕਾਰਾਂ ਅੰਦਰ ਪੈਦਾ ਹੋ ਰਹੀ ਅਸੁਰੱਖਿਆ ਭਾਵਨਾ ਨੂੰ ਖਤਮ ਕੀਤਾ ਜਾ ਸਕੇ।

ਸ਼ੋਕ ਸਭਾ ਨੂੰ ਸੰਤੋਸ਼ ਐਡਾਗੂਲਾ, ਜਸਵੰਤ ਸਿੰਘ ਹੋਠੀ, ਬਲਵੀਰ ਸਿੰਘ ਐਮ. ਏ., ਡਾ. ਜਗਵਿੰਦਰ ਸਿੰਘ ਅਤੇ ਡਾ. ਇਕਵਿੰਦਰ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ।

ਗੌਰੀ ਲੰਕੇਸ਼ ਦੀ ਤਸਵੀਰ ਅੱਗੇ ਮੋਮਬੱਤੀਆਂ ਜਗਾ ਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਭਾਰਤ ਸਰਕਾਰ ਨੂੰ ਚੁਕੰਨਿਆਂ ਹੋਣ ਦੀ ਅਪੀਲ ਕੀਤੀ ਗਈ। ਉਨ੍ਹਾਂ ਦੇ ਹੱਥਾਂ ਵਿਚ ਫੜੇ ਹੋਏ ਬੈਨਰਾਂ 'ਤੇ 'ਪ੍ਰੈਸ ਅਤੇ ਵਿਚਾਰਾਂ ਦੀ ਆਜ਼ਾਦੀ 'ਤੇ ਹਮਲੇ ਬੰਦ ਕਰੋ' ਇਸੇ ਦਾ ਸੰਕੇਤ ਸੀ। ਸਭਾ ਵਿਚ ਮਨਜਿੰਦਰ ਸੰਧੂ, ਤੇਜਪਾਲ ਸਿੰਘ, ਅਨਵੇਗਾਂਤਰ, ਹਰਮਿੰਦਰ ਸਿੰਘ, ਪ੍ਰਭਾਤ ਸ਼ਰਮਾ, ਮਾਇਆ ਵਿਸ਼ਕਰਮਾ, ਸੁਖਮੀਤ ਕੌਰ, ਸਵਾਥੀ ਜੇਰਾਨ, ਰਮਨਪਾਲ ਸਿੰਘ, ਪ੍ਰੀਤਮ ਚੱਕਰਵਰਤੀ, ਰਾਜਵੰਤ ਕੌਰ, ਪ੍ਰਮਿੰਦਰ ਸਿੰਘ, ਮਿੱਕੀ ਸਰਾਂ, ਮਨਵੀਰ ਭੌਰਾ, ਸੁਖਵਿੰਦਰ ਸਿੰਘ, ਬਲਜੀਤ ਸਿੰਘ, ਸਿਮਰਜੋਤ ਸਿੰਘ, ਮਹਿੰਗਾ ਸਿੰਘ, ਅਮਰਜੀਤ ਜੌਹਲ, ਰਵਿੰਦਰ ਸਿੰਘ, ਅਵਤਾਰ ਸਿੰਘ ਮਿਸ਼ਨਰੀ, ਹਰਸਿਮਰਤ ਕੌਰ ਖਾਲਸਾ, ਗੁਰਮੀਤ ਸਿੰਘ ਬਰਸਾਲ, ਜਗਮੋਹਨ ਕੌਰ ਗਿੱਲ, ਅਨਮੋਲ ਭੌਰਾ, ਹਰਬੰਸ ਸਿੰਘ ਆਦਿ ਨੇ ਵੀ ਗੌਰੀ ਲੰਕੇਸ਼ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

**Bright Tax Consultants**
BRIGHT TAX CONSULTANTS
613 N. O'Connor Road, #29, Irving, TX 75062
Ph: 562-409-5560, 469-565-2610
Email: brighttaxconsultants1@gmail.com
Web: www.brighttaxconsultants.webs.com
Individual and Corporate Tax Returns
Reasonable rates & Timely File with IRS.
ਇੰਡੀਜੁਅਲ ਤੇ ਕਾਰਪੋਰਟੇ ਟੈਕਸ ਰਿਟਰਨ ਭਰਨ ਲਈ ਭਰੋਸੇਯੋਗ ਨਾਂ
Contact us today! Appointment Required.
1040, 1040A, 1040EZ. W-2, 1099 Misc.
*We speak: Punjabi, Hindi, English.*
Mailing Address: 401 N. Carroll Ave, #133, Southlake, TX 76092






## ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ

# ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਕਬੱਡੀ ਟੀਮ ਨੇ ਜਿੱਤ ਦੇ ਝੰਡੇ ਗੱਡੇ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਕਈ ਦਿਨਾਂ ਦੀ ਬੱਦਲਵਾਈ ਪਿਛੋਂ ਅਸਮਾਨ ਪੂਰੀ ਤਰ੍ਹਾਂ ਨਿੱਖਰਿਆ ਹੋਇਆ ਸੀ ਅਤੇ ਨਿੱਖਰੇ ਅਸਮਾਨ ਦੀ ਤਰ੍ਹਾਂ ਹੀ ਮੇਲਾ ਵੇਖਣ ਆ ਰਹੇ ਦਰਸ਼ਕਾਂ ਦੇ ਚਿਹਰੇ ਦਮਕ ਰਹੇ ਸਨ; ਸ਼ਿਕਾਗੋਲੈਂਡ ਤੋਂ ਇਲਾਵਾ ਮਿਡਵੈਸਟ ਦੀਆਂ ਸਟੇਟਾਂ-ਇੰਡੀਆਨਾ, ਵਿਸਕਾਨਸਿਨ, ਮਿਸ਼ੀਗਨ, ਓਹਾਇਓ, ਆਇਓਵਾ ਆਦਿ ਤੋਂ ਪਹੁੰਚੇ ਹੋਏ ਦਰਸ਼ਕਾਂ ਦੀਆਂ ਕਾਰਾਂ ਘੋਰਨੇ (ਪਾਰਕਿੰਗ) ਲੱਭਣ ਲਈ ਕਾਹਲੀਆਂ ਸਨ; ਕਬੱਡੀ ਖਿਡਾਰੀ ਡੌਲੇ ਫਰਕਾ ਰਹੇ ਤੇ ਬੈਠਕਾਂ ਮਾਰ ਰਹੇ ਸਨ; ਫਿਜ਼ਾ ਵਿਚ ਘੁਲੀ ਜਲੇਬੀਆਂ ਤੇ ਪਕੌੜਿਆਂ ਦੀ ਮਹਿਕ ਦਰਸ਼ਕਾਂ ਨੂੰ 'ਆ ਜੋ, ਆ ਜੋ' ਆਖ ਰਹੀ ਸੀ-ਇਹ ਸੀ ਦ੍ਰਿਸ਼ ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਇਥੋਂ ਦੀ ਸਬਰਬ ਐਲਕ ਗਰੂਵ ਵਿਲੇਜ ਦੇ ਫਾਰੈਸਟ ਪ੍ਰੀਜ਼ਰਵ ਵਿਚ ਲੇਬਰ ਡੇਅ ਵੀਕਐਂਡ 'ਤੇ ਐਤਵਾਰ ਨੂੰ ਕਰਵਾਏ ਗਏ ਖੇਡ ਤੇ ਸਭਿਆਚਾਰਕ ਮੇਲੇ ਦਾ।

ਮੇਲੇ ਦੀ ਸ਼ੁਰੂਆਤ ਗੁਰਦੁਆਰਾ ਪੈਲਾਟਾਈਨ ਦੇ ਰਾਗੀ ਭਾਈ ਅਮਰੀਕ ਸਿੰਘ ਵਲੋਂ ਗੁਰੂ ਚਰਨਾਂ ਵਿਚ ਅਰਦਾਸ ਨਾਲ ਹੋਈ। ਉਪਰੰਤ ਰਸਮੀ ਤੌਰ 'ਤੇ ਰੰਗ ਬਿਰੰਗੇ ਗੁਬਾਰੇ ਛੱਡੇ ਗਏ। ਮੈਦਾਨ 'ਚ ਰੰਗ ਬਿਰੰਗੇ ਝੰਡਿਆਂ ਦੇ ਨਾਲ ਅਮਰੀਕਾ ਤੇ ਇੰਡੀਆ ਦੇ ਝੰਡੇ ਝੂਲ ਰਹੇ ਸਨ।

ਕਬੱਡੀ ਮੁਕਾਬਲੇ ਵਿਚ ਕੁਲ ਚਾਰ ਟੀਮਾਂ ਭਿੜੀਆਂ। ਪਹਿਲਾ ਮੈਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਤੇ ਯੂਬਾ ਬ੍ਰਦਰਜ਼ ਕੈਲੀਫੋਰਨੀਆ ਵਿਚਾਲੇ ਹੋਇਆ ਅਤੇ ਕੈਲੀਫੋਰਨੀਆ ਦੀ ਟੀਮ ਨੇ ਸ਼ਿਕਾਗੋ ਨੂੰ 43 ਦੇ ਮੁਕਾਬਲੇ ਸਾਢੇ 25 ਅੰਕਾਂ ਨਾਲ ਹਰਾਇਆ। ਦੂਜੇ ਮੈਚ ਵਿਚ ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਤੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੀਆਂ ਟੀਮਾਂ ਦੇ ਸਿੰਗ ਫਸੇ ਅਤੇ ਨਾਰਥ ਕੈਰੋਲਾਈਨਾ ਦੀ ਟੀਮ ਨੇ ਸਿਆਟਲ ਨੂੰ ਸਾਢੇ 40-32 ਦੇ ਅੰਤਰ ਨਾਲ ਮਾਤ ਦਿੱਤੀ। ਦਲਜੀਤ, ਪਰਸਰਾਮ ਜੱਸਾ, ਚੰਨ,



ਕੀਪਾ ਸੈਦੋਵਾਲ ਤੇ ਗੋਰੀ ਨੇ ਵਧੀਆ ਰੇਡ ਪਾ ਕੇ ਅਤੇ ਰਣਜੀਤ, ਜਿੰਦਰ ਤੇ ਨਵੀ ਜੌਹਲ ਨੇ ਵਧੀਆ ਜੱਫੇ ਲਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ।

ਤੀਜੇ ਮੈਚ ਵਿਚ ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਦਾ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਨਾਲ ਪੰਜਾ ਫਸਿਆ। ਨਾਰਥ ਕੈਰੋਲਾਈਨਾ ਦੀ ਟੀਮ 25 ਦੇ ਮੁਕਾਬਲੇ ਸਾਢੇ 37 ਨੰਬਰਾਂ ਨਾਲ ਜੇਤੂ ਰਹੀ। ਇਸ ਮੈਚ ਵਿਚ ਜੋਨੀ, ਹੈਪੀ ਨਕੋਦਰੀਆ, ਅਮਰਿੰਦਰ ਕਿਸ਼ਨਪੁਰੀਆ, ਕਾਲੋ ਅਤੇ ਤੇਜੀ ਪੁਨੀਆਂਵਾਲਾ ਨੇ ਵਧੀਆ ਖੇਡ ਦਿਖਾਈ।

ਚੌਥਾ ਮੈਚ ਪੰਜਾਬ ਸਪੋਰਟਸ ਕਲੱਬ ਸਿਆਟਲ ਤੇ ਯੂਬਾ ਬ੍ਰਦਰਜ਼ ਕੈਲੀਫੋਰਨੀਆ ਵਿਚਾਲੇ ਹੋਇਆ ਜਿਸ ਵਿਚ ਸਿਆਟਲ ਨੇ 18 ਦੇ ਮੁਕਾਬਲੇ ਸਾਢੇ 26 ਅੰਕ ਲੈ ਕੇ ਯੂਬਾ ਬ੍ਰਦਰਜ਼ ਕੈਲੀਫੋਰਨੀਆ ਨੂੰ ਚਿੱਤ ਕੀਤਾ।

ਫਾਈਨਲ ਮੈਚ ਪੰਜਾਬ ਸਪੋਰਟਸ ਕਲੱਬ ਸਿਆਟਲ ਅਤੇ ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਵਿਚਾਲੇ ਹੋਇਆ। ਸਿਆਟਲ ਦੀ ਟੀਮ ਨੇ ਸ਼ੁਰੂ ਵਿਚ ਹੀ ਤਿੰਨ ਜੱਫੇ ਇਕੱਠੇ ਲਾ ਕੇ ਦਬਦਬਾ ਕਾਇਮ ਕਰ ਲਿਆ। ਕੀਪੇ ਸੈਦੋਵਾਲ, ਵਿਕਰਮਜੀਤ, ਵਿੱਕੀ ਘਨੌਰ ਅਤੇ ਜੀਵਨ ਨੇ ਆਪਣੀਆਂ ਟੀਮਾਂ ਲਈ ਵਾਹਵਾ ਜੋਰ ਅਜ਼ਮਾਈ ਕੀਤੀ। ਰਾਜਪੁਰ ਭਾਈਆਂ ਤੇ ਬੰਟੀ ਦੇ ਵੀ ਆਪੋ ਵਿਚ ਚੰਗੇ ਪੰਜੇ ਫਸੇ। ਵਿੱਕੀ ਤੇ ਹਰਜਿੰਦਰ ਵੀ ਚੰਗੇ ਭਿੜੇ। ਕਹਾਣੀਕਾਰ ਦਲੀਪ ਕੌਰ ਟਿਵਾਣਾ ਦੇ ਪਿੰਡ ਦੇ ਖਿਡਾਰੀ ਹਰਵਿੰਦਰ ਰਬੂ ਨੇ ਕਈ ਅੰਕ ਹਾਸਿਲ ਕੀਤੇ। ਅਖੀਰ ਸਿਆਟਲ ਨੇ ਸਾਢੇ 43 ਅੰਕ ਲੈ ਕੇ ਜਿੱਤ ਦੇ ਝੰਡੇ ਗੱਡੇ। ਨਾਰਥ ਕੈਰੋਲਾਈਨਾ ਦੀ ਟੀਮ ਨੂੰ 33 ਅੰਕ ਹਾਸਲ ਕਰ ਕੇ ਦੂਜੇ ਇਨਾਮ 'ਤੇ ਸਬਰ ਕਰਨਾ ਪਿਆ।



ਪਹਿਲਾ ਇਨਾਮ ਹਾਸਲ ਕਰਨ ਵਾਲੀ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ

ਮੈਚ ਕਾਫੀ ਫਸਵਾਂ ਸੀ। ਸੰਦੀਪ ਨੇ ਵਧੀਆ ਰੇਡਾਂ ਪਾ ਕੇ ਬੱਲੇ-ਬੱਲੇ ਕਰਵਾਈ। ਪਾਲਾ ਜਲਾਲਪੁਰੀਆ ਨੇ ਚੰਗੇ ਜੱਫੇ ਮਾਰ ਕੇ ਚੰਗੇ ਸਟਾਪਰ ਦਾ ਸਿੱਕਾ ਜਮਾਇਆ। ਨਵੀ ਜੌਹਲ ਨੇ ਕਈ ਵਧੀਆ ਜੱਫੇ ਲਾ ਕੇ ਵਿਰੋਧੀ ਧਾਵੀਆਂ ਦੀ ਬਾਂ ਬੁਲਾ ਦਿੱਤੀ। ਹਰਜਿੰਦਰ ਨੇ ਕਈ ਰੋਪੜੀ ਜਿੰਦੇ ਲਾ ਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਰੇਡਰਾਂ-ਜੱਸੇ ਪਰਸਰਾਮ, ਕੀਪੇ ਤੇ ਦਲਜੀਤ ਨੇ ਵੀ ਵਧੀਆ ਰੇਡਾਂ ਪਾਈਆਂ।



ਅਗਲੇ ਸਾਲ ਲਈ ਚੁਣਿਆ ਗਿਆ ਪ੍ਰਧਾਨ ਦਰਸ਼ਨ ਸਿੰਘ ਪੰਮਾ

ਸੰਦੀਪ ਸੁਰਖਪੁਰੀਆ ਨੇ 16 'ਚੋਂ 16 ਸਫਲ ਧਾਵੇ ਲਾ ਕੇ ਬੈਸਟ ਰੇਡਰ ਦਾ ਖਿਤਾਬ ਹਾਸਲ ਕੀਤਾ। ਬੈਸਟ ਸਟਾਪਰ ਐਲਾਨੇ ਗਏ ਪਾਲਾ ਜਲਾਲਪੁਰ ਨੇ 12 'ਚੋਂ 6 ਜੱਫੇ ਲਾਏ।

ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਸਨ-ਅੰਮ੍ਰਿਤਪਾਲ ਗਿੱਲ ਤੇ ਐਡਵੋਕੇਟ ਐਮ. ਆਰ. ਦੂਬੇ ਪਟਿਆਲਾ ਜਦੋਂਕਿ ਦੂਜਾ ਇਨਾਮ ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ ਨੇ ਸਪਾਂਸਰ ਕੀਤਾ।

ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਦੇ ਸਪਾਂਸਰ ਮਨਮੋਹਨ ਸਿੰਘ ਗਰੇਵਾਲ, ਬਰੈਟੀ ਗਿੱਲ, ਸੰਦੀਪ ਮਾਣਕ ਮਾਜਰਾ ਤੇ ਮਾਹਣਾ ਸਨ ਜਦਕਿ ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਦੀ ਟੀਮ ਕਾਬਲ ਗਿੱਲ ਤੇ ਕੀਪਾ ਟਾਂਡਾ ਅਤੇ ਯੂਬਾ ਬ੍ਰਦਰਜ਼ ਕੈਲੀਫੋਰਨੀਆ ਦੀ ਟੀਮ ਹੈਪੀ ਨਿੱਜਰ ਤਿਆਰ ਕਰ ਕੇ ਲਿਆਏ।



ਬਲਜੀਤ ਮਾਲਵਾ



ਜੈਸੀ ਸਿੰਘ

ਕੁਮੈਂਟੇਟਰ ਮੱਖਣ ਅਲੀ ਨੇ ਸ਼ੇਅਰੋ ਸ਼ਾਇਰੀ ਨਾਲ ਪਰੋਏ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੁਮੈਂਟਰੀ ਕਰ ਕੇ ਮੈਚਾਂ ਦੇ ਸਵਾਦ ਨੂੰ ਕਈ ਗੁਣਾ ਵਧਾਈ ਰੱਖਿਆ। ਉਸ ਦੇ ਕੁਝ ਟੋਟਕੇ ਸਨ-ਸਿੰਗ ਫਸ ਗਏ ਕੁੰਡੀਆਂ ਦੇ, ਬਹਿ ਜਾਈਂ ਗੋਡੀ ਲਾ ਕੇ; ਕੋਈ ਸਿੱਧੀ ਕੈਂਚੀ, ਕੋਈ ਪੁੱਠੀ, ਕੋਈ ਬਗਲ ਭਰ ਕੇ ਕੈਂਚੀ ਲਾਉਂਦਾ ਏ, ਕੋਈ ਭੱਜ ਕੇ ਗਿੱਟਾ ਫੜਦਾ ਏ, ਕੋਈ ਲੱਕ 'ਤੇ ਜੱਫੇ ਲਾਉਂਦਾ ਏ; ਖੇਡਣ ਜੋਰਾਂ ਨਾਲ ਪੁੱਤ ਸਰਦਾਰਾਂ ਦੇ; ਰੇਡ ਖਰੀ ਕਬੱਡੀ ਵਿਚ ਤਾਂ ਪੈਂਦੀ, ਹੋਵੇ ਫੁਰਤੀ ਜੇ ਪਿੰਡੇ ਵਿਚ ਬਾਜ ਵਰਗੀ; ਕਬੱਡੀ ਨਾਲ ਪੰਜਾਬੀਆਂ ਨੂੰ ਇਸ਼ਕ ਡਾਢਾ, ਜਿਵੇਂ ਮੱਕੀ ਦੀ ਰੋਟੀ ਨਾਲ ਮੱਖਣ ਤੇ ਸਾਗ ਦਾ ਏ।

ਰੈਫਰੀ ਦੀ ਜਿੰਮੇਵਾਰੀ ਰਾਣਾ ਭੰਡਾਲ, ਦਵਿੰਦਰ ਸਿੰਘ, ਬਿੱਕੀ ਸੰਮੀਪੁਰੀਆ ਤੇ ਰਾਜਾ ਤਲ੍ਹਣ ਚਮਕੌਰ ਸਾਹਿਬ ਵਾਲੇ ਨੇ ਨਿਭਾਈ। ਟੀਮਾਂ ਦੇ ਅੰਕਾਂ ਦਾ ਲੇਖਾ-ਜੋਖਾ ਰੱਖਣ ਵਿਚ ਦਿਲਬਾਗ ਸਿੰਘ ਹੋਠੀ ਨੇ ਹੱਥ ਵਟਾਇਆ।

ਇਸ ਮੌਕੇ ਕਬੱਡੀ ਕੋਚ ਪਰਮਜੀਤ ਸਿੰਘ ਪੰਮੀ, ਜਿਨ੍ਹਾਂ ਨੇ ਵਿਸ਼ਵ ਪੱਧਰ ਦੇ ਕਈ ਕਬੱਡੀ ਖਿਡਾਰੀਆਂ ਨੂੰ ਕੋਚਿੰਗ ਦਿੱਤੀ, ਦਾ ਵਿਸ਼ੇਸ ਮਾਣ ਸਨਮਾਨ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਨੇ ਪਲੈਕ ਦੇ ਕੇ ਕੀਤਾ। ਇਸ ਮੌਕੇ ਉਨ੍ਹਾਂ ਪਾਸੋਂ ਸਿੱਖੇ ਬਲਜਿੰਦਰ ਨੀਲੋਂ, ਕਾਲਾ ਨੀਲੋਂ, ਕਾਲਾ ਪੱਡਾ, ਰਾਜਾ ਤੱਲ੍ਹਣ, ਰਾਣਾ ਭੰਡਾਲ ਤੇ ਕੀਪਾ ਟਾਂਡੇਵਾਲ ਵੀ ਹਾਜ਼ਰ ਸਨ। ਲੇਖਕ ਜਗਰੂਪ ਸਿੰਘ ਜਰਖੜ ਵਿਸ਼ੇਸ਼ ਤੌਰ 'ਤੇ ਭਾਰਤ ਤੋਂ ਪੁੱਜੇ।

ਵਾਲੀਬਾਲ ਮੁਕਾਬਲਿਆਂ ਵਿਚ ਪਹਿਲਾ ਇਨਾਮ ਫਸਟ ਗੈਸ ਟਰਾਂਸਪੋਟਰਜ਼ ਮੈਡੀਸਨ ਸਪੋਰਟਸ ਕਲੱਬ ਦੀ ਟੀਮ ਨੇ ਹਾਸਿਲ ਕੀਤਾ। ਲਖਬੀਰ ਸਿੰਘ ਢੀਂਡਸਾ, ਜੋ ਵਾਲੀਬਾਲ ਕੱਪ ਦੇ ਸਪਾਂਸਰ ਅਮਰਜੀਤ ਸਿੰਘ ਢੀਂਡਸਾ ਦੇ ਭਤੀਜੇ ਹਨ, ਪ੍ਰਭ ਟਿਵਾਣਾ, ਰਾਜ ਸੰਘਾ, ਲੱਕੀ ਅਤੇ ਅਮਨਦੀਪ ਸਿੰਘ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ। ਦੂਜੇ ਨੰਬਰ 'ਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਰਹੀ ਜਿਸ ਦੇ ਖਿਡਾਰੀਆਂ ਟੋਨੀ ਸੰਘੇੜਾ, ਸ਼ਾਨ ਸੰਘੇੜਾ, ਮਿੰਦਰ ਬੰਦੇਸ਼ਾ, ਅਲੀ ਰਾਜਾ, ਰਾਮ ਸਰੂਪ, ਸੋਨੂੰ ਸਹੋਤਾ ਤੇ ਪਿੰਦਾ ਰਾਏ ਨੇ ਵਧੀਆ ਖੇਡ ਦਿਖਾਈ। ਟੋਨੀ ਸੰਘੇੜਾ ਦੀ ਟੀਮ ਨੇ ਆਪਣੀ ਟਰਾਫੀ ਮੌਕੇ 'ਤੇ ਹੀ ਸੈਨਵੀਰ ਬੰਦੇਸ਼ਾ ਨੂੰ ਸਮਰਪਿਤ ਕਰ ਦਿੱਤੀ ਜਿਨ੍ਹਾਂ ਨੇ ਵਾਲੀਬਾਲ ਗੇਮਾਂ ਵਿਚ ਬਹੁਤ ਮਦਦ ਕੀਤੀ। ਵਾਲੀਬਾਲ ਦਾ ਪਹਿਲਾ ਅਤੇ ਦੂਜਾ ਇਨਾਮ ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ ਨੇ ਆਪਣੇ ਪਿਤਾ ਮਿਹਰ ਸਿੰਘ ਢੀਂਡਸਾ ਦੀ ਯਾਦ ਵਿਚ ਸਪਾਂਸਰ ਕੀਤਾ।

(ਅਗਲੇ ਸਫੇ 'ਤੇ ਜਾਰੀ)



ਮੈਂ ਵੀ ਗਾਊਂ...ਮੈਂ ਕਿਸੇ ਤੋਂ ਘੱਟ ਨਹੀਂ





# ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਖੇਡ ਤੇ ਸਭਿਆਚਾਰਕ ਮੇਲਾ

*(ਪਿਛਲੇ ਸਫੇ ਦੀ ਬਾਕੀ)*

ਮੇਲੇ ਦੀ ਖਾਸ ਗੱਲ ਇਹ ਰਹੀ ਕਿ ਖੇਡ ਮੁਕਾਬਲਿਆਂ ਦੁਆਲੇ ਦਰਸ਼ਕਾਂ ਦੀ ਭੀੜ ਚੋਖੀ ਸੀ ਅਤੇ ਏਧਰ-ਓਧਰ ਰੁੱਖਾਂ ਦੀ ਛਾਂਵੇਂ ਬੈਠਣ ਜਾਂ ਕਾਰਾਂ ਦੀਆਂ ਡਿੱਕੀਆਂ ਖੋਲ੍ਹਣ ਵਾਲਿਆਂ ਦੀ ਗਿਣਤੀ ਘੱਟ ਸੀ।



ਗੀਤ-ਸੰਗੀਤ ਦੇ ਦੌਰ ਵਿਚ ਸਥਾਨਕ ਗਾਇਕ ਜਗਮੀਤ ਸਿੰਘ (ਰੀਮੈਕਸ) ਨੇ ਗੀਤ 'ਭਾਬੀ ਯਾਰਾਂ ਦੇ ਵਿਆਹ 'ਚ ਪਾ ਪਾ ਭੰਗੜਾ ਦਿਉਰ ਤਾਂ ਮਲੰਗ ਹੋ ਗਿਆ' ਪੇਸ਼ ਕਰਕੇ ਕਈਆਂ ਦੇ ਪੈਰ ਥਿਰਕਣ ਲਾਏ।

ਲੋਕ ਗਾਇਕ ਬਲਜੀਤ ਮਾਲਵਾ ਨੇ ਆਪਣੇ ਗਾਇਕੀ ਦੇ ਪਿੜ ਦੀ ਸ਼ੁਰੂਆਤ ਰਵਾਇਤੀ ਤੌਰ 'ਤੇ ਧਾਰਮਿਕ ਗੀਤ 'ਬਾਜਾਂ ਵਾਲਿਆ ਬਾਜ ਨੂੰ ਭੇਜ ਮੁੜ ਕੇ, ਤਿੱਤਰ ਪਏ ਉਡਾਰੀਆਂ ਮਾਰਦੇ ਨੇ' ਨਾਲ ਕੀਤੀ। ਪਰਦੇਸੀਂ ਆ ਵੱਸੇ ਪੰਜਾਬੀਆਂ ਦੇ ਪੰਜਾਬ ਪ੍ਰਤੀ ਹੇਰਵੇ ਨੂੰ ਉਸ ਕੁਝ ਇਸ ਤਰ੍ਹਾਂ ਪੇਸ਼ ਕੀਤਾ, 'ਸੁਣ ਓ ਪਰਦੇਸੀ ਯਾਰਾ, ਜਿਹੜਾ ਨਿੱਕੇ ਹੁੰਦੇ ਛੱਡ ਆਏ, ਉਹ ਪੰਜਾਬ ਨਹੀਂ ਲੱਭਣਾ।' ਉਸ ਨੇ ਜਿਹੜੇ ਹੋਰ ਗੀਤ ਪੇਸ਼ ਕੀਤੇ, ਉਨ੍ਹਾਂ ਵਿਚੋਂ ਕੁਝ ਸਨ-ਦੋ ਨਸ਼ੇ ਲਾਏ ਜੱਟ ਨੇ, ਇਕ ਬੋਤਲ ਤੇ ਦੂਜਾ ਤੇਰੀ ਅੱਖ ਦਾ; ਮਾਣਕ ਦੀ ਕਲੀ ਵਰਗੀ ਸੋਹਣੀ ਮੁਟਿਆਰ, ਕਈਆਂ ਦਿਲ ਹਾਰ'ਤਾ, ਚਮਕੀਲੇ ਦੇ ਗੀਤਾਂ ਵਾਂਗ ਹਾਟ ਬੜੀ ਲੱਗਦੀ, ਅੱਖ ਉਹਦੀ ਮਿੱਤਰੋ ਤਕੀਲਾ ਸ਼ਾਟ ਲੱਗਦੀ; ਉਹ ਮੌਜਾਂ ਭੁੱਲਣੀਆਂ ਨਹੀਂ, ਜੋ ਬਾਪੂ ਦੇ ਸਿਰ 'ਤੇ ਕਰੀਆਂ; ਦਿੱਤੀ ਸੀ ਨਿਸ਼ਾਨੀ ਤੈਨੂੰ ਲੌਂਗ ਘੜਵਾ ਕੇ ਅਤੇ ਆਹ ਲੈ ਫੜ੍ਹ ਲੈ ਗੱਡੀ ਦੀ ਚਾਬੀ, ਜੱਟ ਹੋ ਗਿਆ ਸ਼ਰਾਬੀ।

ਮਰਹੂਮ ਗਾਇਕ ਸੁਰਜੀਤ ਬਿੰਦਰਖੀਏ ਨੂੰ ਚੇਤੇ ਕਰਦਿਆਂ ਬਲਜੀਤ ਮਾਲਵੇ ਨੇ ਕਿਹਾ ਕਿ ਉਹ ਮੇਰਾ ਕਰੀਬੀ ਦੋਸਤ ਵੀ ਸੀ ਤੇ ਮੇਰੇ ਤੋਂ ਸੀਨੀਅਰ ਵੀ। ਗੌਰਮਿੰਟ ਕਾਲਜ, ਰੋਪੜ ਵਿਚ ਅਸੀਂ ਇਕੱਠੇ ਬੋਲੀਆਂ ਪਾਉਂਦੇ ਰਹੇ। ਉਸ ਨੇ ਸ਼ਰਧਾਂਜਲੀ ਵਜੋਂ ਬਿੰਦਰਖੀਏ ਦੇ ਗਾਏ ਗੀਤ ਪੇਸ਼ ਕੀਤੇ-ਤੂੰ ਨਹੀਂ ਬੋਲਦੀ ਰਕਾਨੇ, ਤੇਰੇ 'ਚ ਤੇਰਾ ਯਾਰ ਬੋਲਦਾ ਅਤੇ ਦੁਪੱਟਾ ਤੇਰਾ ਸੱਤ ਰੰਗ ਦਾ।

ਸੰਗੀਤ ਕੈਲੀਫੋਰਨੀਆ ਤੋਂ ਉਘੇ ਸੰਗੀਤਕਾਰ ਨਰਿੰਦਰ ਬੱਗਾ ਦਾ ਸੀ।

ਮੇਲੇ ਦੇ ਮੁੱਖ ਮਹਿਮਾਨ ਮੇਜਰ ਗੁਰਚਰਨ ਸਿੰਘ ਝੱਜ ਸਨ। ਕਲੱਬ ਵਲੋਂ ਮੇਜਰ ਝੱਜ ਅਤੇ ਵਿਸ਼ੇਸ਼ ਮਹਿਮਾਨ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਦਾ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਆਦਰ-ਮਾਣ ਕੀਤਾ ਗਿਆ। ਕਲੱਬ ਦੇ ਚੇਅਰਮੈਨ ਦੀਦਾਰ ਸਿੰਘ ਧਨੋਆ ਦਾ ਕਲੱਬ ਵਲੋਂ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਐਡਵੋਕੇਟ ਐਮ. ਆਰ. ਦੂਬੇ ਅਤੇ ਕੁਮੈਂਟੇਟਰ ਮੱਖਣ ਅਲੀ ਦਾ ਵੀ ਪਲੈਕ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਸਿੱਖ ਜਥੇਬੰਦੀ ਸਿੱਖਸ ਪੈਕ ਦੇ ਆਗੂ ਗੁਰਿੰਦਰ ਸਿੰਘ ਖਾਲਸਾ ਨੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੂੰ ਇਹ ਮੇਲਾ ਕਰਵਾਉਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀਆਂ ਨੂੰ ਆਪਸ ਵਿਚ ਮਿਲ ਬਹਿਣ ਦਾ ਮੌਕਾ ਦੇਣ ਅਤੇ ਨਵੀਂ ਪੀੜ੍ਹੀ ਨੂੰ ਖੇਡਾਂ ਵੱਲ ਰੁਚਿਤ ਕਰਨ ਦਾ ਇਹ ਵਧੀਆ ਉਪਰਾਲਾ ਹੈ। ਉਨ੍ਹਾਂ ਇੰਡੀਆਨਾ ਦੇ ਡਿਸਟ੍ਰਿਕਟ 4 ਤੋਂ ਕਾਂਗਰਸ ਲਈ ਰਿਪਬਲਿਕ ਪਾਰਟੀ ਦੇ ਉਮੀਦਵਾਰ ਡਿਐਗੋ ਮੋਰੇਲਜ਼ ਦੀ ਜਾਣ ਪਹਿਚਾਣ ਕਰਾਈ।

ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਡਿਐਗੋ ਮੋਰੇਲਜ਼ ਨੇ ਕਿਹਾ ਮੈਂ ਪੰਜਾਬੀ ਭਾਈਚਾਰੇ ਲਈ ਅਜਨਬੀ ਨਹੀਂ ਹਾਂ, ਮੇਰੀ ਉਨ੍ਹਾਂ ਨਾਲ ਡੂੰਘੀ ਸਾਂਝ ਹੈ। ਉਨ੍ਹਾਂ ਪੰਜਾਬੀਆਂ ਦੇ ਅਮਰੀਕਾ ਵਿਚ ਪਾਏ ਯੋਗਦਾਨ ਦੀ ਰਜਵੀਂ ਪ੍ਰਸ਼ੰਸਾ ਕੀਤੀ। ਸ਼ੇਰੇ ਪੰਜਾਬ ਕਲੱਬ ਨੇ ਡਿਐਗੋ ਮੋਰੇਲਜ਼ ਦਾ ਪਲੈਕ ਦੇ ਕੇ ਸਨਮਾਨ ਕੀਤਾ।



ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਕਾਰ ਸੇਵਾ ਪ੍ਰਾਜੈਕਟ ਦੇ ਕਨਵੀਨਰ ਸ. ਸਤਨਾਮ ਸਿੰਘ ਔਲਖ ਨੇ ਸਾਰਾਗੜ੍ਹੀ ਦੀ ਜੰਗ ਵਿਚ ਸਿੱਖ ਸੂਰਮਿਆਂ ਵਲੋਂ ਦਿਖਾਈ ਗਈ ਬਹਾਦਰੀ ਬਾਰੇ ਜਾਣਕਾਰੀ ਸਾਂਝੀ ਕੀਤੀ।

ਯੂ. ਆਈ. ਸੀ. ਸ਼ਿਕਾਗੋ ਦੀ ਸਿੱਖ ਐਸੋਸੀਏਸ਼ਨ ਦੇ ਵਿਦਿਆਰਥੀ ਵੀ ਮੈਚ ਤੇ ਮੇਲਾ ਦੇਖਣ ਆਏ। ਰਾਈਡ ਚਾਏ ਮੋਟਰ ਬਾਈਕ ਵਾਲਿਆਂ ਦਾ ਕਾਫਲਾ ਦਵਿੰਦਰ ਸਿੰਘ ਡੈਨੀ ਦੀ ਅਗਵਾਈ ਵਿਚ ਮੇਲੇ ਦੀ ਰੌਣਕ ਵਧਾਉਣ ਪੁੱਜਾ। ਬਹੁਤ ਸਾਰੇ ਅਮਰੀਕਨ ਗੋਰੇ ਵੀ ਬੜੀ ਦਿਲਚਸਪੀ ਨਾਲ ਕਬੱਡੀ ਮੈਚ ਦੇਖ ਰਹੇ ਸਨ। ਰਾਕੀ ਨਾਂ ਦਾ ਇਕ ਬਿਜਨਸਮੈਨ ਪੰਜਾਬੀ ਗੀਤਾਂ 'ਤੇ ਖੁੱਲ੍ਹ ਕੇ ਭੰਗੜਾ ਪਾ ਕੇ ਮੇਲੇ ਦਾ ਅਨੰਦ ਮਾਣ ਰਿਹਾ ਸੀ। ਹਮੇਸ਼ਾ ਦੀ ਤਰ੍ਹਾਂ ਹਰ ਪੰਜਾਬੀ ਮੇਲੇ ਵਿਚ ਆਪਣੇ ਵੱਖਰੇ ਅੰਦਾਜ਼ ਨਾਲ ਭੰਗੜਾ ਪਾਉਣ ਵਾਲੇ ਦਵਿੰਦਰ ਸਿੰਘ ਡੈਨੀ ਨੇ ਇਸ ਮੇਲੇ ਵਿਚ ਵੀ ਆਪਣਾ ਕਮਾਲ ਦਿਖਾਇਆ।

ਚਾਹ-ਪਕੌੜਿਆਂ ਅਤੇ ਜਲੇਬੀਆਂ ਦੀ ਸੇਵਾ ਕਾਰ ਸੇਵਾ ਗਰੁਪ ਗੁਰਦੁਆਰਾ ਸਾਹਿਬ ਪੈਲਾਟਾਈਨ ਨੇ ਕੀਤੀ। ਕੜੀ ਚੌਲ, ਨਾਨ ਛੋਲੇ ਤੇ ਚਿਕਨ ਆਦਿ ਖਾਣਾ ਕੇ. ਕੇ. ਪੰਮਾ ਦਾ ਸੀ। ਇਸ ਮੌਕੇ ਕਲੱਬ ਦਾ ਅਗਲਾ ਪ੍ਰਧਾਨ ਦਰਸ਼ਨ ਸਿੰਘ ਪੰਮਾ ਨੂੰ ਬਣਾਏ ਜਾਣ ਦਾ ਐਲਾਨ ਕੀਤਾ ਗਿਆ। ਮੇਲੇ ਨੂੰ ਕਾਮਯਾਬ ਕਰਨ ਲਈ ਕਲੱਬ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਨੇ ਸਿਰ ਜੋੜ ਕੇ ਪੂਰੀ ਤਨਦੇਹੀ ਨਾਲ ਕੰਮ ਕੀਤਾ।

**ਤਸਵੀਰਾਂ: ਏਸ਼ੀਅਨ ਮੀਡੀਆ**






## TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.
Minneapolis , MN 55426

# ਗੌਹਰ ਜਾਨ ਕਲਕੱਤੇ ਵਾਲੀ



## ਕਲਾ ਪਰਿਕਰਮਾ

ਸੰਸਾਰ ਭਰ ਵਿਚ ਆਵਾਜ਼ ਨੂੰ ਭਵਿਖ ਲਈ ਸਾਂਭਣ ਵਾਲੀ ਮਸ਼ੀਨ 19ਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਹੋਂਦ ਵਿਚ ਆ ਚੁੱਕੀ ਸੀ। ਭਾਰਤ ਵਿਚ ਇੰਗਲੈਂਡ ਦੀ ਕੰਪਨੀ 'ਦਿ ਗ੍ਰਾਮੋਫੋਨ ਕੰਪਨੀ ਲਿਮਟਿਡ' ਨੇ 1902 ਵਿਚ ਕਲਕੱਤੇ ਤੋਂ ਰਿਕਾਰਡਿੰਗ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਜਿਸ ਆਵਾਜ਼ ਨੂੰ ਰਿਕਾਰਡ ਕੀਤਾ ਗਿਆ, ਇਹ ਆਵਾਜ਼ ਸੀ ਕਲਕੱਤੇ ਦੀ ਗਾਇਕਾ ਗੌਹਰ ਜਾਨ ਦੀ, ਜੋ ਗੌਹਰ ਜਾਨ 'ਕਲਕੱਤੇ ਵਾਲੀ' ਕਰ ਕੇ ਮਸ਼ਹੂਰ ਹੋਈ। 1902 ਵਿਚ ਫ੍ਰੈਡਰਿਕ ਵਿਲੀਅਮ ਗਿਆਸਵਰਗ ਨੇ ਉਸ ਦੀ ਆਵਾਜ਼ ਨੂੰ ਕਲਕੱਤੇ ਵਿਖੇ ਰਿਕਾਰਡ ਕੀਤਾ ਜੋ 1903 ਵਿਚ ਜਰਮਨੀ ਤੋਂ ਤਵਿਆਂ ਵਿਚ ਭਰ ਕੇ ਆਈ। ਇਨ੍ਹਾਂ ਸਿੰਗਲ ਸਾਈਡ



**ਹਰਦਿਆਲ ਸਿੰਘ ਥੂਹੀ**
**ਫੋਨ: +91-84271-00341**

ਤਵਿਆਂ 'ਤੇ 'ਮੇਡ ਇਨ ਜਰਮਨੀ' ਉਕਰਿਆ ਹੋਇਆ ਸੀ।

ਗੌਹਰ ਜਾਨ ਮੂਲ ਰੂਪ ਵਿਚ ਭਾਰਤੀ ਮੁਸਲਮਾਨ ਨਹੀਂ ਸੀ। ਉਸ ਦਾ ਪਿਛੋਕੜ ਯੂਰਪੀ ਮੂਲ ਦਾ ਸੀ। ਉਸ ਦਾ ਅਸਲ ਨਾਂ ਏਂਜਲੀਨਾ ਇਓਵਰਡ ਸੀ। ਉਸ ਦਾ ਜਨਮ 1873 ਵਿਚ ਅਲਾਹਬਾਦ ਵਿਖੇ ਹੋਇਆ। ਉਸ ਦੀ ਮਾਂ ਦਾ ਨਾਂ ਵਿਕਟੋਰੀਆ ਹੈਮਿੰਗਜ਼ ਸੀ ਅਤੇ ਪਿਤਾ ਦਾ ਨਾਂ ਵਿਲੀਅਮ ਰੌਬਰਟ ਇਓਵਰਡ ਸੀ ਜੋ ਕਲਕੱਤਾ ਦੀ ਕਿਸੇ ਵੱਡੀ ਫਰਮ ਵਿਚ ਕੰਮ ਕਰਦਾ ਸੀ। ਏਂਜਲੀਨਾ ਦੇ ਜਨਮ ਤੋਂ ਕੁਝ ਸਾਲਾਂ ਬਾਅਦ ਹੀ ਉਸ ਦੇ ਮਾਤਾ ਪਿਤਾ ਦਾ ਤਲਾਕ ਹੋ ਗਿਆ। ਉਸ ਦੀ ਮਾਂ ਉਸਨੂੰ ਲੈ ਕੇ ਬਨਾਰਸ ਆ ਗਈ। ਨੱਚਣ-ਗਾਉਣ ਦੇ ਸ਼ੌਕ ਨੇ ਵਿਕਟੋਰੀਆ ਨੂੰ ਕੋਠੇ ਵਾਲੀ ਬਾਈ ਬਣਨ ਲਈ ਮਜਬੂਰ ਕਰ ਦਿੱਤਾ। ਇਸ ਲਈ ਉਹ ਧਰਮ ਬਦਲ ਕੇ ਵਿਕਟੋਰੀਆ ਤੋਂ 'ਮਲਕਾ ਜਾਨ' ਬਣ ਗਈ ਅਤੇ ਆਪਣੀ ਧੀ ਦਾ ਨਾਂ 'ਗੌਹਰ ਜਾਨ' ਰੱਖਿਆ। ਮਲਕਾ ਜਾਨ ਨੇ ਗਾਉਣਾ ਤੇ ਨੱਚਣਾ ਸਿੱਖ ਕੇ ਜਲਦੀ ਹੀ 'ਤਵਾਇਫ਼' ਮਲਕਾ ਜਾਨ ਚੁਲਬੁਲੇ ਵਾਲੀ ਵਜੋਂ ਪ੍ਰਸਿੱਧੀ ਹਾਸਲ ਕਰ ਲਈ।

ਗੌਹਰ ਜਾਨ ਨੇ ਸੰਗੀਤ ਅਤੇ ਨਾਚ ਦੀ ਮੁੱਢਲੀ ਸਿੱਖਿਆ ਆਪਣੀ ਮਾਂ ਪਾਸੋਂ ਪ੍ਰਾਪਤ ਕੀਤੀ। ਬਾਅਦ ਵਿਚ ਉਸ ਨੇ ਵੱਖ-ਵੱਖ ਸਮੇਂ ਵੱਖ-ਵੱਖ ਉਸਤਾਦਾਂ ਤੋਂ ਤਾਲੀਮ ਹਾਸਲ ਕੀਤੀ। ਇਨ੍ਹਾਂ ਉਸਤਾਦਾਂ ਵਿਚ ਬੇਲੂ ਮਿਸਰਾ ਬਨਾਰਸ, ਸ਼ਿਵ ਪ੍ਰਸ਼ਾਦ ਮਿਸਰਾ, ਬਈਆ ਗਨਪਤ ਰਾਓ, ਮੌਜੂਦੀਨ ਖ਼ਾਨ, ਕਾਲੇ ਖ਼ਾਨ ਪਟਿਆਲਾ, ਨਜ਼ੀਰ ਖ਼ਾਨ ਰਾਮਪੁਰ ਅਤੇ ਪਿਆਰੇ ਸਾਹਿਬ ਸ਼ਾਮਲ ਸਨ। ਕੱਥਕ ਉਸ ਨੇ ਅਲੀ ਬਖ਼ਸ਼ ਹੁਰਾਂ ਪਾਸੋਂ ਸਿੱਖਿਆ। ਉਸ ਦੇ ਪ੍ਰੋਗਰਾਮ ਦੀ ਪਹਿਲੀ ਪੇਸ਼ਕਾਰੀ 1887 ਵਿਚ ਦਰਭੰਗਾ ਦੇ ਮਹਾਰਾਜੇ ਦੇ ਦਰਬਾਰ ਵਿਚ ਹੋਈ। ਇਸ ਤੋਂ ਬਾਅਦ ਉਸ ਨੇ ਆਪਣਾ ਪੱਕਾ ਟਿਕਾਣਾ ਕਲਕੱਤੇ ਬਣਾ ਲਿਆ ਅਤੇ ਪ੍ਰੋਗਰਾਮਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਉਂ ਗੌਹਰ ਜਾਨ ਨੇ ਜਲਦੀ ਹੀ ਆਪਣੇ ਹੁਸਨ ਤੇ ਕਲਾ ਦਾ ਜਾਦੂ ਪੂਰੇ ਕਲਕੱਤੇ ਵਿਚ ਬਿਖੇਰ ਦਿੱਤਾ। ਕੁਝ ਹੀ ਸਮੇਂ ਵਿਚ ਉਸ ਦੀ ਚਰਚਾ ਭਾਰਤੀ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ ਅਤੇ ਨਵਾਬਾਂ ਤਕ ਹੋ ਗਈ। ਉਨੀਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਵੱਲੋਂ ਕਰਵਾਈਆਂ ਜਾਂਦੀਆਂ ਸੰਗੀਤ ਮਹਿਫ਼ਲਾਂ ਦਾ ਉਹ ਸ਼ਿੰਗਾਰ ਸੀ।

ਵੱਖ-ਵੱਖ ਰਿਆਸਤਾਂ ਵਿਚ ਪ੍ਰੋਗਰਾਮ ਪੇਸ਼ ਕਰਨ ਕਾਰਨ ਉਸ ਨੇ ਕਈ ਭਾਰਤੀ ਤੇ ਗ਼ੈਰ ਭਾਰਤੀ ਭਾਸ਼ਾਵਾਂ ਸਿੱਖੀਆਂ ਤੇ ਉਨ੍ਹਾਂ ਵਿਚ ਗਾਇਆ। ਉਹ ਚੰਗੀ ਕਵਿਤਰੀ ਵੀ ਸੀ। 1898 ਵਿਚ ਗ੍ਰਾਮੋਫੋਨ ਨੇ ਲੰਡਨ ਵਿਖੇ ਰਿਕਾਰਡਿੰਗ ਸ਼ੁਰੂ ਕੀਤੀ। 1902 ਵਿਚ ਕੰਪਨੀ ਨੇ ਆਪਣੇ ਨੁਮਾਇੰਦੇ ਐਫ.ਡਬਲਯੂ. ਗਿਆਸਵਰਗ ਨੂੰ ਰਿਕਾਰਡਿੰਗ ਲਈ ਭਾਰਤ ਭੇਜਿਆ। ਉਸ ਨੇ ਵੱਖ ਵੱਖ ਥਾਵਾਂ 'ਤੇ ਪਹੁੰਚ ਕੇ ਗਾਇਕ ਕਲਾਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਭ ਤੋਂ ਪਹਿਲਾਂ ਉਹਨੇ ਗੌਹਰ ਜਾਨ ਦੀ ਆਵਾਜ਼ ਰਿਕਾਰਡ ਕੀਤੀ। 1903 ਵਿਚ ਹੈਨੋਵਰ (ਜਰਮਨੀ) ਤੋਂ ਤਵੇ ਬਣ ਕੇ ਆਏ। ਇਹ ਸਿਲਸਿਲਾ 1907 ਤਕ ਜਾਰੀ ਰਿਹਾ। 1908 ਵਿਚ ਕੰਪਨੀ ਨੇ ਸੈਲਦਾ (ਕਲਕੱਤੇ) ਵਿਖੇ ਹੀ ਆਪਣਾ ਪਲਾਂਟ ਸਥਾਪਿਤ ਕਰ ਲਿਆ ਅਤੇ ਇਥੇ ਹੀ ਤਵੇ ਬਣਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਤਵਿਆਂ 'ਤੇ 'ਮੇਡ ਇਨ ਕਲਕੱਤਾ' ਲਿਖਿਆ ਜਾਣ ਲੱਗ ਪਿਆ। ਗੌਹਰ ਜਾਨ ਦੇ ਜਿੰਨੇ ਤਵੇ 1908 ਤੋਂ ਪਹਿਲਾਂ ਜਰਮਨੀ ਤੋਂ ਬਣੇ ਸਨ, ਉਹ ਦੁਬਾਰਾ ਕਲਕੱਤੇ ਤੋਂ ਵੀ ਬਣਾਏ ਗਏ। ਇਸੇ ਤਰ੍ਹਾਂ 1915 ਤਕ ਗੌਹਰ ਜਾਨ ਦੇ ਜਿੰਨੇ ਤਵੇ ਭਰੇ ਗਏ, ਉਹਾ ਫੇਰ ਦੁਬਾਰਾ 1916 ਵਿਚ ਐਚ.ਐਮ.ਵੀ. ਨਾਲ ਕੁੱਤੇ ਅਤੇ ਗ੍ਰਾਮੋਫੋਨ ਲੋਗੋ ਸਮੇਤ ਭਰੇ ਗਏ। ਕੁੱਤੇ ਅਤੇ ਗ੍ਰਾਮੋਫੋਨ ਦਾ ਚਿੰਨ੍ਹ ਭਾਵੇਂ ਤਵਿਆਂ 'ਤੇ ਪਹਿਲਾਂ ਹੀ ਲੱਗਦਾ ਸੀ, ਪਰ ਇਸ ਨਾਲ ਐਚ.ਐਮ.ਵੀ. 1916 ਤੋਂ ਲਿਖਿਆ ਜਾਣ ਲੱਗਾ। ਇਸ ਕੰਪਨੀ ਵਿਚ ਗੌਹਰ



ਜਾਨ ਦੀ ਰਿਕਾਰਡਿੰਗ ਵੱਖ-ਵੱਖ ਭਾਸ਼ਾਵਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਹੋਈ ਜੋ 1928 ਤਕ ਚੱਲਦੀ ਰਹੀ। ਇਨ੍ਹਾਂ ਵਿਚੋਂ ਕੁਝ ਸਪੈਸ਼ਲ ਤਵੇ 1931 ਵਿਚ ਐਚ.ਐਮ.ਵੀ. ਦੀ ਸਹਾਇਕ ਕੰਪਨੀ 'ਦਿ ਟਵਿਨ' ਵੱਲੋਂ ਵੀ ਜਾਰੀ ਕੀਤੇ ਗਏ।

'ਦਿ ਗ੍ਰਾਮੋਫੋਨ ਕੰਪਨੀ ਲਿਮਟਿਡ' (ਐਚ.ਐਮ.ਵੀ. ਗਰੁਪ) ਤੋਂ ਇਲਾਵਾ ਗੌਹਰ ਜਾਨ ਦੀ ਕੁਝ ਹੋਰ ਰਿਕਾਰਡਿੰਗ ਕੰਪਨੀਆਂ ਵਿਚ ਵੀ ਰਿਕਾਰਡਿੰਗ ਹੋਈ ਜਿਨ੍ਹਾਂ ਵਿਚ ਨਿਕੋਲ ਰਿਕਾਰਡ, ਜੇਮਜ਼ ਓਪੇਰਾ ਰਿਕਾਰਡ, ਸਨ ਡਿਸਕ ਰਿਕਾਰਡ, ਪਾਥੇ ਫੋਨ ਰਿਕਾਰਡ, ਸਿੰਗਰ ਰਿਕਾਰਡ ਆਦਿ ਸ਼ਾਮਲ ਹਨ।

ਗੌਹਰ ਜਾਨ ਨੇ ਬੰਗਾਲੀ, ਮਰਾਠੀ, ਗੁਜਰਾਤੀ, ਮਦਰਾਸੀ, ਬਰਮੀ, ਪੇਸ਼ਾਵਰੀ, ਸੰਸਕ੍ਰਿਤ, ਪੰਜਾਬੀ, ਫ਼ਾਰਸੀ, ਉਰਦੂ, ਸਪੈਨਿਸ਼, ਫਰਾਂਸੀਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਗਾਇਆ। ਉਸ ਦੀ ਸਭ ਤੋਂ ਵੱਧ ਰਿਕਾਰਡਿੰਗ ਹਿੰਦੁਸਤਾਨੀ ਵਿਚ ਹੋਈ। ਉਸ ਨੇ ਰਾਬਿੰਦਰ ਨਾਥ ਟੈਗੋਰ ਦੇ ਲਿਖੇ ਗੀਤ ਅਤੇ ਗ਼ਜ਼ਲਾਂ 'ਹਮਦਮ' ਨਾਂ ਹੇਠ ਗਾਈਆਂ। ਸੁਸਾਇਟੀ ਆਫ ਰਿਕਾਰਡ ਕੁਲੈਕਟਰਜ਼, ਮੁੰਬਈ ਦੇ ਜਨਰਲ 'ਦਿ ਰਿਕਾਰਡ ਨਿਊਜ਼' ਵਿਚ ਛਪੇ ਜਨਵਰੀ 1993 ਦੇ 'ਡਿਸਕੋਗ੍ਰਾਫੀ ਆਫ ਗੌਹਰ ਜਾਨ' ਅਨੁਸਾਰ ਗੌਹਰ ਜਾਨ ਦੇ ਵੱਖ-ਵੱਖ ਕੰਪਨੀਆਂ ਵਿਚ ਰਿਕਾਰਡ ਹੋਏ ਤਵਿਆਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਇਨ੍ਹਾਂ ਵਿਚ ਇਕਾ ਦੁਕਾ ਪੰਜਾਬੀ ਤਵਿਆਂ ਦਾ ਵੀ ਜ਼ਿਕਰ ਹੈ।

ਗੌਹਰ ਦੇ ਹੁਸਨ ਤੇ ਕਲਾ ਬਾਰੇ ਲੋਕਧਾਰਾ ਦੇ ਵਿਦਵਾਨ ਬਲਬੀਰ ਸਿੰਘ ਕੰਵਲ ਆਪਣੀ ਪੁਸਤਕ 'ਪੰਜਾਬ ਦੇ ਪ੍ਰਸਿਧ ਰਾਗੀ ਰਬਾਬੀ' ਵਿਚ ਪਟਿਆਲਾ ਰਿਆਸਤ ਨਾਲ ਜੁੜੀ ਘਟਨਾ ਰਾਹੀਂ ਇੰਜ ਬਿਆਨ ਕਰਦੇ ਹਨ: '9 ਮਾਰਚ 1908 ਨੂੰ ਮਹਾਰਾਜਾ ਭੁਪਿੰਦਰ ਸਿੰਘ (1891-1938) ਦੀ ਸ਼ਾਦੀ ਜੀਂਦ ਦੇ ਸਰਦਾਰ ਗੁਰਨਾਮ ਸਿੰਘ ਦੀ ਧੀ ਬਖ਼ਤਾਵਰ ਕੌਰ ਨਾਲ ਹੋਣੀ ਤੈਅ ਹੋ ਗਈ ਸੀ। ਮਹਾਰਾਜਾ ਇਹ ਚਾਹੁੰਦੇ ਸਨ ਕਿ ਦੇਸ਼ ਭਰ ਦੀ ਬਹੁ-ਚਰਚਿਤ ਗਾਇਕਾ ਗੌਹਰ ਜਾਨ ਪਟਿਆਲਾ ਆਵੇ ਅਤੇ ਸ਼ਾਦੀ ਦੇ ਜਸ਼ਨਾਂ ਵਿਚ ਜਲਵਾਗਰ ਹੋਵੇ। ਉਨ੍ਹਾਂ ਸਮਿਆਂ ਅਨੁਸਾਰ ਰਿਆਸਤੀ ਕਲਾਕਾਰਾਂ ਦਾ ਆਦਾਨ ਪ੍ਰਦਾਨ ਦੂਜੀਆਂ ਰਿਆਸਤਾਂ ਨਾਲ ਆਮ ਜਿਹਾ ਕਰਮ ਸੀ, ਪਰ ਜਦ ਹੀ ਗੌਹਰ ਨੂੰ ਇਸ ਗੱਲ ਲਈ ਪਹੁੰਚ ਕੀਤੀ ਗਈ ਤਾਂ ਉਨ੍ਹਾਂ ਦਿਨਾਂ ਵਿਚ ਕਲਕੱਤਾ ਵਿਖੇ ਬਹੁਤ ਵੱਡੀ ਸੰਗੀਤ ਕਾਨਫਰੰਸ ਹੋ ਰਹੀ ਹੈ, ਉਸ ਨੇ ਇਸ ਦਾ ਬਹਾਨਾ ਪਾ ਕੇ ਪਟਿਆਲਾ ਆਉਣ ਤੋਂ ਸਾਫ਼ ਨਾਂਹ ਕਰ ਦਿੱਤੀ। ਇਸ ਥਾਂ, ਦੇਸ਼ ਦੀ ਉਸ ਬਹੁਤ ਵੱਡੀ ਗਾਇਕਾ ਬਾਰੇ ਥੋੜ੍ਹਾ ਜਿਹਾ ਦੱਸ ਦੇਣਾ ਗ਼ੈਰਵਾਜਬ ਨਹੀਂ ਹੋਵੇਗਾ ਕਿ ਉਹ ਅਜਿਹੀ ਟਹਿਕਦਾਰ ਤ੍ਰੀਮਤ ਸੀ ਜਿਸ ਨੂੰ ਰੱਬ ਨੇ ਹੁਸਨ ਝੋਲੀਆਂ ਭਰ ਭਰ ਕੇ ਦਿੱਤਾ ਹੋਇਆ ਸੀ। ਪੂਰੇ ਲੱਛੇ, ਠੱਸੇ ਨਾਲ ਨ੍ਰਿਤ ਕਰਦੀ ਤਾਂ ਵੀ ਤਬਾਹੀਆਂ ਮਚਾ ਦਿੰਦੀ। ਆਪਣੇ ਪ੍ਰੋਗਰਾਮ ਦੇ ਅੰਤ ਵਿਚ ਜਦੋਂ ਉਹ ਕੋਈ ਇਹੋ ਜਿਹੀ ਹਲਕੀ ਫੁਲਕੀ ਚੀਜ਼ ਸਿੰਧੀ ਕਾਫ਼ੀ ਵਿਚ ਢਾਲਦੀ ਤਾਂ ਦਿਲ-ਫੈਂਕ ਰਾਜੇ ਮਹਾਰਾਜੇ ਉਸ ਉਤੇ ਡੁੱਲ੍ਹ-ਡੁੱਲ੍ਹ ਪੈਂਦੇ, ਕੀਮਤੀ ਹਾਰਾਂ ਨਾਲ ਵਾਰਨੇ ਕਰਦੇ:

*ਕਿਆ ਜਾਨੋ, ਨਾਦਾਨ ਹੋ ਇਨ ਬਾਤੋਂ ਕੋ,*
*ਹਮ ਆਂਖ ਮਿਲਾ ਕਰ ਜਾਨ ਲੀਆ ਕਰਤੇ ਹੈਂ।*
*ਤੁਮ ਲਾਖ ਬਹਾਨਾ ਕਰੋ ਵਹਾਂ ਜਾਨੇ ਕਾ,*
*ਇਕ ਨਜ਼ਰ ਮੇਂ ਹਮ ਪਹਿਚਾਨ ਲੀਆ ਕਰਤੇ ਹੈਂ।*
*ਤਸਵੀਰ ਸਾਮਨੇ ਰੱਖ ਕਰ ਤੁਮਹਾਰੀ ਪਿਆਰੇ,*
*ਸੂਰਤ ਪੈ ਤਸਦੀਕ ਜਾਨ ਦੀਆ ਕਰਤੇ ਹੈਂ।*
*ਹਮ ਖ਼ੁਸ਼ ਕਰਤੇ ਹੈਂ, ਨਾਮ ਮਿਰਾ ਹੈ ਗੌਹਰ,*
*ਰਾਜੋਂ ਸੇ ਸਦਾ ਇਨਾਮ ਲੀਆ ਕਰਤੇ ਹੈਂ।*

ਮਾੜੇ ਧੀੜੇ ਦੀ ਉਸ ਤਕ ਰਸਾਈ ਤਾਂ ਕੀ ਹੋਣੀ ਸੀ, ਉਹ ਚੰਗਿਆਂ ਭਲਿਆਂ ਨੂੰ ਵੀ ਕਿਸੇ ਆਗਤ ਜਮਾਂ ਵਿਚ ਨਾ ਰੱਖਦੀ।'

ਲੇਖਕ ਦੱਸਦਾ ਹੈ ਕਿ ਉਸ ਸਮੇਂ ਦੇ ਪ੍ਰਸਿਧ ਸੰਗੀਤਕਾਰ ਮਹੰਤ ਗੱਜਾ ਸਿੰਘ ਦੇ ਯਤਨਾਂ ਸਦਕਾ ਗੌਹਰ ਜਾਨ ਇਸ ਸ਼ਾਦੀ ਵਿਚ ਸ਼ਾਮਲ ਹੋਣ ਲਈ ਰਜ਼ਾਮੰਦ ਹੋਈ। 1928 ਦੇ ਅਖ਼ੀਰ ਵਿਚ ਸਮਝੌਤੇ ਤਹਿਤ ਗੌਹਰ ਜਾਨ ਨਵਾਬ ਮੈਸੂਰ ਦੇ ਦਰਬਾਰ ਦੀ ਸ਼ਾਹੀ ਗਾਇਕਾ ਬਣ ਕੇ ਮੈਸੂਰ ਚਲੀ ਗਈ। ਮੈਸੂਰ ਉਸਨੂੰ ਰਾਸ ਨਾ ਆਇਆ। ਆਪਣੀ ਕਰਮ ਭੂਮੀ ਕਲਕੱਤੇ ਦੇ ਹੇਰਵੇ ਕਾਰਨ ਉਸ ਦੀ ਸਿਹਤ ਢਿੱਲੀ ਰਹਿਣ ਲੱਗ ਪਈ। ਅਖ਼ੀਰ 1930 ਵਿਚ ਉਸ ਦਾ ਇੰਤਕਾਲ ਹੋ ਗਿਆ। ਉਹ ਅੱਜ ਭਾਵੇਂ ਇਸ ਸੰਸਾਰ ਵਿਚ ਨਹੀਂ, ਪਰ ਉਸ ਦੀ ਆਵਾਜ਼ ਸਦਾ ਲਈ ਅਮਰ ਰਹੇਗੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਸਤੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-291



*ਕੌਣ ਜਾਣੇ ਇਸ ਲੰਮੇਰੀ ਯਾਤਰਾ 'ਤੇ ਕੌਣ ਹੈ?*
*ਕਿਸ ਦੀਆਂ ਰੀਝਾਂ 'ਤੇ ਛਮ ਛਮ ਵਰ੍ਹਨਾ ਸਾਉਣ ਹੈ!*
*ਕਿਸ ਦੀਆਂ ਮੰਨਤਾਂ ਨੇ ਪਾਉਣਾ ਹੈ ਲਿਬਾਸਾ ਸੱਚ ਦਾ?*
*ਖੌਰੇ ਕਿਥੇ ਪੁੱਜ ਕੇ ਜੁੜਨਾ ਹੈ, ਸ਼ੀਸ਼ਾ ਕੱਚ ਦਾ!*

## ਕੈਪਸ਼ਨ ਮੁਕਾਬਲਾ-289



ਬਾਰਾਂ ਵਿਚ ਮਘੋਰੇ ਹੋ ਗਏ
ਨੀਂਹਾਂ ਨੰਗੀਆਂ ਹੁੰਦੀਆਂ ਜਾਵਣ।
ਬੇਵਸ ਬਚਪਨ ਖੜ੍ਹਾ ਉਡੀਕੇ
ਕਦ ਮਾਪੇ ਘਰ ਆਵਣ।
ਭੋਰਾ-ਚੋਰਾ ਜੋ ਵੀ ਮਿਲ ਜੇ
ਉਸ ਨਾਲ ਭੁੱਖ ਮਿਟਾਵਣ।
ਇਹ ਹਾਲਤ ਹੋ ਜਾਵੇ ਜਿੱਥੇ
ਭੁਚਾਲ ਆਉਣ ਨੂੰ ਦੇਰ ਨਾ ਲਾਵਣ।
**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਟੁੱਟੇ ਦਰਵਾਜ਼ਿਆਂ 'ਚੋਂ ਝਾਕਣ ਬੱਚੇ
ਸ਼ਾਇਦ ਪੀੜਾਂ ਪੱਲੇ ਪੈ ਗਈਆਂ।
ਚੜ੍ਹ ਗਿਆ ਭੇਟ ਦਹਿਸ਼ਤਗਰਦੀ ਦੀ
ਕੁਝ ਯਾਦਾਂ ਸਹਿਮ ਕੇ ਰਹਿ ਗਈਆਂ।
ਪਾਕਿ, ਅਫਗਾਨ, ਇਰਾਕ ਤੇ ਸੀਰੀਆ
ਜੋ ਅਤਿਵਾਦ ਦੀ ਭੱਠੀ 'ਚ ਨੇ ਸੜਦੇ।
ਨਿੱਤ ਵਰ੍ਹੇ ਮੀਂਹ ਬੰਬ-ਗੋਲੀਆਂ ਦਾ
ਲੋਕੀਂ ਧਰਮ ਦੇ ਨਾਮ 'ਤੇ ਨੇ ਲੜਦੇ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**
**ਫੋਨ: 408-912-3438**

---

ਘਰ ਤੇ ਦਰਵਾਜ਼ਿਆਂ ਦੀ ਬਣਤਰ ਦੱਸੇ
ਕਸ਼ਮੀਰ ਦੇ ਪੇਂਡੂ ਖੇਤਰ 'ਚ ਦੂਰ ਦੇ ਨੇ।
ਗੜਬੜ ਵਾਲੇ ਇਲਾਕੇ ਵਿਚ ਰੋਜ਼ ਹੀ ਪੰਗਾ
ਬੱਚੇ ਸ਼ੱਕ ਦੀ ਨਿਗਾਹ ਨਾਲ ਘੂਰਦੇ ਨੇ।
ਐਸੇ ਹਾਲਾਤ 'ਚ ਰੁਲਦਾ ਬੁਢਾਪਾ ਤੇ ਬਚਪਨ
ਤ੍ਰੀਮਤਾਂ ਲੁੱਕ ਲੁੱਕ ਖਾਵੰਦ ਉਡੀਕਦੀਆਂ ਨੇ।
ਅਤਿਵਾਦੀਆਂ-ਸੁਰੱਖਿਆ ਕਰਮੀਆਂ ਵਿਚਾਲੇ
ਦੁੱਖਾਂ ਦੀਆਂ ਚੱਕੀਆਂ ਪੀਸਦੀਆਂ ਨੇ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**

---

ਸੋਚਾਂ ਦੇ ਵਿਚ ਪਲਿਆ ਬਚਪਨ
ਕੁਦਰਤ ਨੇ ਕੀ ਕਹਿਰ ਹੈ ਢਾਹਿਆ।
ਚਾਰੇ ਪਾਸੇ ਦਿਸੇ ਹਨੇਰਾ
ਸਭ ਕੁਝ ਲੱਗੇ ਪਰਾਇਆ।
ਖੇਡਣ ਦੇ ਦਿਨ ਚਾਰ ਸੀ ਜਿਹੜੇ
ਸਮੇਂ ਨੇ ਉਹ ਪੱਲਾ ਵੀ ਨਾ ਫੜ੍ਹਾਇਆ।
ਗੁਰਬਤ ਦੀ ਅੰਦਰੋਂ ਝਾਤ ਪਈ,
ਦਰਵਾਜ਼ਾ ਜਦੋਂ ਖਟਖਟਾਇਆ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਖੋਲਿਆਂ ਦੇ ਵਿਚ ਜੀਵਨ ਬੀਤੇ,
ਟੁੱਟੇ ਟੀਨ-ਫੱਟਿਆਂ ਦੀ ਓਟ।
ਕਾਗਜ਼ ਲੋਹਾ ਚੁਗਣ ਨੂੰ ਮਾਪੇ ਤੁਰ'ਗੇ,
ਬੱਚੇ ਝਾਕਣ ਏਦਾਂ ਜਿਉਂ ਆਲ੍ਹਣੇ 'ਚੋਂ ਬੋਟ।
ਇਸ ਦਲਿੱਦਰ 'ਚੋਂ ਕਿਉਂ ਕੋਈ ਕੱਢੂ,
ਜਦੋਂ ਹਾਕਮਾਂ ਦੇ ਮਨ 'ਚ ਵੋਟ ਦਾ ਖੋਟ।
**-ਦਵਿੰਦਰ ਕੌਰ**

---

ਕੱਚਾ ਢਾਰਾ ਟੁੱਟਿਆ ਫੁੱਟਿਆ ਦਰ
ਹਕੀਕਤ ਦਰਸਾਉਂਦੀ ਘੋਰ ਗਰੀਬੀ।
ਪੱਲੇ ਜੰਮਦਿਆਂ ਪੈ ਗਈ ਫਿਕਰਾਂ ਦੀ ਪੰਡ
ਚਾਨਣਾ ਲਈ ਨ੍ਹੇਰਿਆਂ 'ਚੋਂ ਲੰਘਣਾ ਪੈਂਦਾ।
ਸਬਕ ਸਿਰੜ ਮੰਗਦੀ ਹੈ ਅਭਿਆਸ
ਭਵਿੱਖ ਦਾ ਬੂਹਾ ਰਹੂ ਖੁੱਲ੍ਹਾ
ਜੇ ਹੈ ਇਹਦੇ 'ਚ ਚੇਤੰਨਤਾ।
ਭਾਰ ਦੁਸ਼ਵਾਰੀਆਂ ਨਾਲ ਹੋ ਗਏ ਜੇ ਨਿੰਮੋਝੂਣੇ
ਕਰੋਗੇ ਨੁਕਸਾਨ ਆਪਣੀ ਹੀ ਸਿਹਤ ਦਾ।
ਗੁਲਾਬ ਦਾ ਫੁੱਲ ਤੋੜਨ ਲਈ
ਕੰਡਿਆਂ ਨਾਲ ਮੁਕਾਬਲਾ ਕਰਨਾ ਪੈਂਦਾ।
**-ਦਰਸ਼ਨਪਾਲ ਦੋਸਾਂਝ**

---

ਗਰੀਬੀ ਦੀ ਮਾਰ ਦਰਸਾਉਂਦਾ ਏ
ਅੱਧਾ ਬੰਦ ਤੇ ਅੱਧਾ ਖੁੱਲ੍ਹਿਆ ਦਰਵਾਜ਼ਾ।
ਤਰਸਦੀਆਂ ਅੱਖਾਂ ਵੇਖਣ ਬਾਹਰ
ਗਲੀ 'ਚ ਖਿਡੌਣਿਆਂ ਵਾਲਾ ਲਾਵੇ ਆਵਾਜ਼ਾ।
ਗਰੀਬੀ ਹੱਥੋਂ ਮਜਬੂਰ ਦਰ ਨਹੀਂ ਟੱਪਦੇ
ਉਦਾਸ ਚਿਹਰੇ, ਲੱਗਦਾ ਨਾ ਹੋਣੇ ਹੱਸਦੇ।
ਜਦੋਂ ਤੱਕ ਨੇਤਾ ਬੇਈਮਾਨ, ਉਦੋਂ ਤੱਕ
ਰੱਜ ਕੇ ਨਾ ਸੌਣਗੇ ਗਰੀਬ ਦੇ ਨਿਆਣੇ।
ਮੋਦੀ ਸਾਬ੍ਹ ਦੇ ਅੱਛੇ ਦਿਨ ਭਾਰਤ ਵਿਚ
ਪਤਾ ਨਹੀਂਓਂ ਕਦੋਂ ਹਨ ਆਉਣੇ!
**-ਗੋਰਾ ਪ੍ਰਜਾਪਤ, ਨਿਊ ਯਾਰਕ**
**ਫੋਨ: 718-690-8403**

# ਨਰਮਾ ਪੱਟੀ ਲਈ ਮੋਦੀ ਸਰਕਾਰ ਨੇ ਰਾਹਤ ਦੀ ਥਾਂ ਭੇਜੇ ਮਸ਼ਵਰੇ

**ਬਠਿੰਡਾ:** ਪੰਜਾਬ ਦੀ ਨਰਮਾ ਪੱਟੀ ਕੇ ਕਿਸਾਨਾਂ ਨੂੰ ਕੇਂਦਰ ਤੋਂ ਕੁਝ ਰਾਹਤ ਦੀ ਥਾਂ ਸਲਾਹ-ਮਸ਼ਵਰੇ ਹੀ ਆਏ ਹਨ। ਨਰਮਾ ਪੱਟੀ ਦਾ ਦੌਰਾ ਕਰ ਕੇ ਗਈ ਕੇਂਦਰ ਸਰਕਾਰ ਦੀ ਟੀਮ ਨੇ ਖੇਤੀ ਮੰਤਰਾਲੇ ਨੂੰ ਦਿੱਤੀ ਰਿਪੋਰਟ ਵਿਚ 'ਸਭ ਠੀਕ ਠਾਕ' ਦੱਸਿਆ ਹੈ। ਰਿਪੋਰਟ ਮਗਰੋਂ ਹੁਣ ਪੰਜਾਬ ਸਰਕਾਰ ਨੂੰ ਭਵਿੱਖ ਲਈ ਸਲਾਹ ਮਸ਼ਵਰਾ ਭੇਜਿਆ ਹੈ। ਮੰਤਰਾਲੇ ਦੀ ਟੀਮ ਨੇ 17 ਤੋਂ 19 ਅਗਸਤ ਤੱਕ ਜ਼ਿਲ੍ਹਾ ਮਾਨਸਾ, ਬਠਿੰਡਾ, ਮੁਕਤਸਰ ਤੇ ਫਾਜ਼ਿਲਕਾ ਦੇ ਚਿੱਟੀ ਮੱਖੀ ਤੋਂ ਪ੍ਰਭਾਵਿਤ ਖੇਤ ਵੇਖੇ ਸਨ। ਹਾਲਾਂਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਕਈ ਕਿਸਾਨਾਂ ਨੂੰ ਚਿੱਟੀ ਮੱਖੀ ਕਰ ਕੇ ਫਸਲ ਵਾਹੁਣੀ ਪਈ ਹੈ।

ਕੇਂਦਰੀ ਟੀਮ ਨੇ ਖੇਤੀ ਮੰਤਰਾਲੇ ਦੇ ਸੰਯੁਕਤ ਸਕੱਤਰ ਨੂੰ ਰਿਪੋਰਟ ਸੌਂਪੀ ਸੀ, ਜਿਸ ਦੇ ਆਧਾਰ 'ਤੇ ਕੇਂਦਰ ਸਰਕਾਰ ਨੇ ਖੇਤੀ ਵਿਭਾਗ ਪੰਜਾਬ ਨੂੰ ਕੁਝ ਸਿਫਾਰਸ਼ਾਂ ਭੇਜੀਆਂ ਹਨ। ਕੇਂਦਰੀ ਰਿਪੋਰਟ ਅਨੁਸਾਰ ਖੇਤੀ ਮਾਹਿਰਾਂ ਨੇ ਨਰਮਾ ਪੱਟੀ ਵਿਚ ਤਕਰੀਬਨ 38 ਨਰਮੇ ਦੇ ਖੇਤ ਵੇਖੇ, ਜਿਨ੍ਹਾਂ ਵਿਚੋਂ 10 ਖੇਤਾਂ ਵਿਚ ਚਿੱਟੀ ਮੱਖੀ ਦਾ ਹਮਲਾ ਦਿੱਸਿਆ। ਕੇਂਦਰੀ ਰਿਪੋਰਟ ਵਿਚ ਤਿੰਨ ਕਾਰਨ ਦੱਸੇ ਗਏ ਹਨ, ਜਿਨ੍ਹਾਂ ਵਿਚ ਕਿਸਾਨਾਂ ਦੀ ਬੇਧਿਆਨੀ, ਪਾਣੀ ਦੀ ਸਮੱਸਿਆ ਅਤੇ ਪੌਦਿਆਂ ਦੀ ਘੱਟ ਗਿਣਤੀ ਸ਼ਾਮਲ ਹੈ। ਮਾਹਿਰਾਂ ਨੇ ਰਿਪੋਰਟ ਵਿਚ ਆਖਿਆ ਕਿ ਪੰਜਾਬ ਵਿਚ ਚਿੱਟੀ ਮੱਖੀ ਕਾਰਨ ਕੋਈ ਨੁਕਸਾਨ ਵਾਲੀ ਗੱਲ ਨਹੀਂ ਹੈ। ਦੱਸਣਯੋਗ ਹੈ ਕਿ ਪੰਜਾਬ ਵਿਚ ਐਤਕੀਂ 3.82 ਲੱਖ ਹੈਕਟੇਅਰ ਰਕਬੇ ਵਿਚ ਨਰਮੇ ਕਪਾਹ ਦੀ ਬਿਜਾਂਦ ਹੈ, ਜੋ ਪਿਛਲੇ ਵਰ੍ਹੇ 2.85 ਲੱਖ ਹੈਕਟੇਅਰ ਸੀ। ਮੁੱਢਲੇ ਪੜਾਅ 'ਤੇ ਨਰਮਾ ਪੱਟੀ ਵਿਚ ਚਿੱਟੀ ਮੱਖੀ ਨੇ ਜ਼ੋਰਦਾਰ ਹੱਲਾ ਬੋਲਿਆ ਸੀ, ਜਿਸ ਦੇ ਨਤੀਜੇ ਵਜੋਂ ਇਨ੍ਹਾਂ ਜ਼ਿਲ੍ਹਿਆਂ ਵਿਚ ਕਈ ਕਿਸਾਨਾਂ ਨੇ ਚਿੱਟੀ ਮੱਖੀ ਅੱਗੇ ਹਥਿਆਰ ਸੁੱਟ ਦਿੱਤੇ ਸਨ।

ਮੁੱਖ ਮੰਤਰੀ ਨੇ ਨਰਮਾ ਪੱਟੀ ਦਾ ਦੌਰਾ ਕਰ ਕੇ ਚਿੱਟੀ ਮੱਖੀ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਵੀ ਲਿਆ ਸੀ। ਫਸਲਾਂ ਵਾਹੁਣ ਵਾਲੇ ਕਿਸਾਨਾਂ ਨੂੰ ਉਮੀਦ ਸੀ ਕਿ ਮੁੱਖ ਮੰਤਰੀ ਮੁਆਵਜ਼ੇ ਦਾ ਐਲਾਨ ਕਰਨਗੇ ਪਰ ਉਨ੍ਹਾਂ ਤਾਂ ਗਿਰਦਾਵਰੀ ਦੇ ਹੁਕਮ ਵੀ ਨਹੀਂ ਕੀਤੇ। ਖੇਤੀ ਮਹਿਕਮੇ ਨੇ ਆਪਣੀ ਸਰਕਾਰੀ ਰਿਪੋਰਟ ਵਿਚ ਨਰਮਾ ਪੱਟੀ ਵਿਚ ਚਿੱਟੀ ਮੱਖੀ ਕਰ ਕੇ ਸਿਰਫ 45 ਏਕੜ ਨਰਮਾ ਵਾਹੁਣ ਦੀ ਗੱਲ ਆਖੀ ਸੀ। ਹਕੀਕਤ ਇਹ ਹੈ ਕਿ ਐਤਕੀਂ ਚਿੱਟੀ ਮੱਖੀ ਨੇ ਕਿਸਾਨਾਂ ਦੇ ਲਾਗਤ ਖਰਚੇ ਵਧਾਏ ਹਨ ਅਤੇ ਚਿੱਟੀ ਮੱਖੀ ਕੰਟਰੋਲ ਕਰਨ ਖਾਤਰ ਕਈ ਕਈ ਛਿੜਕਾਓ ਕਰਨੇ ਪਏ ਹਨ।

### ਕੇਂਦਰੀ ਟੀਮ ਨੇ ਰਿਪੋਰਟ 'ਚ 'ਸਭ ਠੀਕ-ਠਾਕ' ਦੱਸਿਆ



### ਕਿਸਾਨ ਜਥੇਬੰਦੀਆਂ ਹੋਈਆਂ ਔਖੀਆਂ

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦਾ ਕਹਿਣਾ ਹੈ ਕਿ ਕੇਂਦਰੀ ਟੀਮ ਦੀ ਰਿਪੋਰਟ ਤਾਂ 'ਸਰਕਾਰੀ' ਹੀ ਨਿਕਲੀ, ਜਦੋਂ ਕਿ ਹਕੀਕਤ ਸਭ ਨੂੰ ਪਤਾ ਹੈ ਕਿ ਨਰਮਾ ਪੱਟੀ ਵਿਚ ਚਿੱਟੀ ਮੱਖੀ ਦੇ ਹਮਲੇ ਮਗਰੋਂ ਕਿੰਨੇ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਕੇਂਦਰ ਜਾਂ ਪੰਜਾਬ ਸਰਕਾਰ ਨੂੰ ਚਿੱਟੀ ਮੱਖੀ ਕਾਰਨ ਹੋਏ ਨੁਕਸਾਨ ਦੀ ਪੂਰਤੀ ਕਰਨੀ ਚਾਹੀਦੀ ਹੈ।

# ਸਿੱਖਾਂ ਬਾਰੇ ਟਿੱਪਣੀਆਂ 'ਤੇ ਤਾੜਨਾ

**ਅੰਮ੍ਰਿਤਸਰ:** ਨਿੱਤ ਦਿਨ ਸੋਸ਼ਲ ਮੀਡੀਆ 'ਤੇ ਸਿੱਖ ਧਰਮ ਬਾਰੇ ਗਲਤ ਟਿੱਪਣੀਆਂ, ਵੀਡੀਓ ਜਾਂ ਫਿਰ ਤਸਵੀਰਾਂ ਅਪਲੋਡ ਕਰਨ ਵਾਲੇ ਸ਼ਰਾਰਤੀ ਲੋਕਾਂ ਨੂੰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਅਜਿਹੇ ਸ਼ਰਾਰਤੀ ਲੋਕ ਸਿੱਖਾਂ ਦਾ ਮਜ਼ਾਕ ਉਡਾਉਣ ਲਈ ਸ਼ੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਵੀਡੀਓ ਪਾ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। ਸਿੱਖਾਂ ਲਈ ਇਸ ਨੂੰ ਬਰਦਾਸ਼ਤ ਕਰਨਾ ਔਖਾ ਹੋ ਗਿਆ ਹੈ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਿਆਂ ਸਿੱਖਾਂ ਨੂੰ ਦਿਨ-ਬ-ਦਿਨ ਮਜਬੂਰ ਕਰ ਰਹੇ ਹਨ ਕਿ ਕਿਵੇਂ ਨਾ ਕਿਵੇਂ ਕੋਈ ਅਣਸੁਖਾਵੀਂ ਘਟਨਾ ਵਾਪਰੇ। ਇਸ ਤਰ੍ਹਾਂ ਦੇ ਲੋਕ ਸਿੱਖ ਇਤਿਹਾਸ ਤੋਂ ਬਿਲਕੁਲ ਅਣਜਾਣ ਹਨ। ਹੁਣ ਇਕ ਨਵੀਂ ਵੀਡੀਓ ਕਲਿੱਪ ਸ਼ਾਕਸ਼ੀ ਭਾਰਦਵਾਜ ਵੱਲੋਂ ਪਾਈ ਗਈ ਹੈ।

ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿੱਖ ਗੁਰੂ ਸਾਹਿਬਾਨ ਤੇ ਸਿੱਖਾਂ ਦੇ ਕਕਾਰਾਂ ਸਬੰਧੀ ਇਤਰਾਜਯੋਗ ਭਾਸ਼ਾ ਵਰਤੀ ਗਈ ਹੈ। ਇਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਸ਼ਾਕਸ਼ੀ ਨੂੰ ਆਪਣੇ ਬਜ਼ੁਰਗਾਂ ਪਾਸੋਂ ਸਿੱਖ ਇਤਿਹਾਸ ਬਾਰੇ ਪੁੱਛ ਲੈਣਾ ਚਾਹੀਦਾ ਹੈ ਕਿ ਨੌਵੇਂ ਪਾਤਸ਼ਾਹ ਜੀ ਨੇ ਆਪਣਾ ਬਲੀਦਾਨ ਕਿਸ ਲਈ ਦਿੱਤਾ ਸੀ। ਇਸ ਕੇਸ ਸਬੰਧੀ ਜੰਮੂ-ਕਸ਼ਮੀਰ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਨੂੰ ਕਿਹਾ ਗਿਆ ਹੈ ਕਿ ਉਹ ਇਕਮੁੱਠ ਹੋ ਕੇ ਇਸ ਸ਼ਾਕਸ਼ੀ ਭਾਰਦਵਾਜ 'ਤੇ ਸਖਤ ਤੋਂ ਸਖਤ ਪ੍ਰਸ਼ਾਸਨਿਕ ਕਾਰਵਾਈ ਕਰਵਾਉਣ।

# ਕਿਤੇ ਵੱਡੇ ਨੇ ਖੁਦਕੁਸ਼ੀ ਪੀੜਤਾਂ ਦੇ ਦਰਦ

**ਸੰਗਰੂਰ:** ਖੁਦਕੁਸ਼ੀ ਪੀੜਤ ਪਰਿਵਾਰ ਪੰਜਾਬ ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਅੱਗੇ ਆਪਣੇ ਅੱਥਰੂ ਨਾ ਰੋਕ ਸਕੇ। ਖੇਤੀ ਕਰਜ਼ਿਆਂ ਕਾਰਨ ਆਪਣਿਆਂ ਨੂੰ ਗੁਆਉਣ ਵਾਲੀਆਂ ਕਿਸਾਨ ਬੀਬੀਆਂ ਘਰ ਦੇ ਹਾਲਾਤ ਦਾ ਜ਼ਿਕਰ ਕਰਦੀਆਂ ਭਾਵੁਕ ਹੋ ਗਈਆਂ। ਕਮੇਟੀ ਨੇ ਮਾਲਵੇ ਦੇ ਸੈਂਕੜੇ ਪਿੰਡਾਂ ਦਾ ਦੌਰਾ ਕੀਤਾ। ਇਨ੍ਹਾਂ ਪਰਿਵਾਰਾਂ ਵਿਚ ਮੁਆਵਜ਼ਾ ਪ੍ਰਾਪਤ ਕਰਨ ਵਾਲੇ, ਰੱਦ ਹੋਏ ਕੇਸਾਂ ਵਾਲੇ ਤੇ ਮੁਆਵਜ਼ੇ ਨੂੰ ਉਡੀਕ ਰਹੇ ਪਰਿਵਾਰ ਸ਼ਾਮਲ ਸਨ।

ਕਮੇਟੀ ਨੇ ਪਿੰਡ ਉਭਾਵਾਲ ਵਿਚ ਦਸ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਨੇ ਦੱਸਿਆ ਕਿ ਮੁਆਵਜ਼ਾ ਤਾਂ ਦੂਰ ਦੀ ਗੱਲ, ਉਹ ਆਟਾ-ਦਾਲ ਵਾਲੇ ਕਾਰਡਾਂ ਤੇ ਪੈਨਸ਼ਨ ਦੀ ਸਹੂਲਤ ਨੂੰ ਵੀ ਤਰਸ ਰਹੇ ਹਨ। ਕਮੇਟੀ ਚੇਅਰਮੈਨ ਸੁੱਖ ਸਰਕਾਰੀਆ ਨੇ ਕਿਹਾ ਕਿ ਉਹ ਪੰਜਾਬ ਦਾ ਦੌਰਾ ਕਰਨ ਪਿਛੋਂ ਰਿਪੋਰਟ ਵਿਧਾਨ ਸਭਾ ਨੂੰ ਦੇ ਦੇਣਗੇ। ਇਸ ਮੌਕੇ 'ਆਪ' ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੇ ਕਿਹਾ ਕਿ ਕਰਜ਼ੇ ਤੋਂ ਇਲਾਵਾ ਖੁਦਕੁਸ਼ੀਆਂ ਦਾ ਵੱਡਾ ਕਾਰਨ ਸਰਕਾਰੀ ਵਿਭਾਗਾਂ ਵਿਚਲਾ ਭ੍ਰਿਸ਼ਟਾਚਾਰ ਤੇ ਕਿਸਾਨਾਂ ਦੀ ਸੁਣਵਾਈ ਨਾ ਹੋਣਾ ਵੀ ਹੈ। ਨਵੰਬਰ ਤੱਕ ਮੁਕੰਮਲ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ।

ਉਭਾਵਾਲ ਦੀ ਸ਼ਿੰਦਰ ਕੌਰ ਖੁਦਕੁਸ਼ੀ ਕਰ ਗਏ ਪੁੱਤ ਨੂੰ ਯਾਦ ਕਰਦਿਆਂ ਹੰਝੂ ਨਾ ਰੋਕ ਸਕੀ। ਉਸ ਨੇ ਦੱਸਿਆ ਕਿ ਉਨ੍ਹਾਂ ਕੋਲ ਸਿਰਫ ਦੋ ਏਕੜ ਜ਼ਮੀਨ ਹੈ। ਪੁੱਤਰ ਨੇ ਕਾਲਜ ਦੀ ਪੜ੍ਹਾਈ ਪੂਰੀ ਕਰ ਕੇ ਕੋਰਸ ਵੀ ਕੀਤਾ, ਪਰ ਨੌਕਰੀ ਨਾ ਮਿਲਣ ਕਾਰਨ ਉਸ ਨੇ ਮੌਤ ਨੂੰ ਗਲੇ ਲਾ ਲਿਆ।

ਉਨ੍ਹਾਂ ਨੇ ਮਕਾਨ ਬਣਾਉਣ ਲਈ ਅੱਠ ਲੱਖ ਦਾ ਕਰਜ਼ਾ ਲਿਆ ਸੀ। ਨਾ ਮਕਾਨ ਬਣਿਆ ਤੇ ਨਾ ਕਰਜ਼ਾ ਉਤਰਿਆ, ਕਿਉਂਕਿ ਅੱਠ ਲੱਖ ਵਿਚੋਂ ਛੇ ਲੱਖ ਪੁੱਤ ਦੇ ਇਲਾਜ ਉਤੇ ਖਰਚ ਹੋ ਗਿਆ, ਫਿਰ ਵੀ ਜਾਨ ਨਾ ਬਚ ਸਕੀ। ਹੁਣ ਪਰਿਵਾਰ ਸਿਰ 14 ਲੱਖ ਰੁਪਏ ਕਰਜ਼ਾ ਹੈ। ਉਨ੍ਹਾਂ ਨੂੰ ਨਾ ਮੁਆਵਜ਼ਾ, ਨਾ ਨੀਲਾ ਕਾਰਡ ਤੇ ਨਾ ਹੀ ਪੈਨਸ਼ਨ ਦੀ ਸਹੂਲਤ ਮਿਲੀ। ਚਰਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਚਮਕੌਰ ਸਿੰਘ 9 ਮਹੀਨੇ ਪਹਿਲਾਂ ਖੁਦਕੁਸ਼ੀ ਕਰ ਗਿਆ ਸੀ, ਜਿਸ ਸਿਰ ਪੰਜ ਲੱਖ ਰੁਪਏ ਕਰਜ਼ਾ ਸੀ। ਇੰਨਾ ਕਹਿੰਦਿਆਂ ਉਹ ਭਾਵੁਕ ਹੋ ਗਈ ਤੇ ਅੱਗੇ ਗੱਲ ਨਾ ਕਰ ਸਕੀ। ਬਲਵੀਰ ਕੌਰ ਦਾ ਪਤੀ ਸੁਖਦੇਵ ਸਿੰਘ 2014 ਵਿਚ ਖੁਦਕੁਸ਼ੀ ਕਰ ਗਿਆ ਸੀ, ਜੋ ਮਜ਼ਦੂਰੀ ਕਰਦਾ ਸੀ। ਤਿੰਨ ਧੀਆਂ ਤੇ ਦੋ ਪੁੱਤਾਂ ਦੀ ਮਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਮਿਲਿਆ।


ਬੇਲਾਗ, ਬੇਬਾਕ ਅਤੇ ਜਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ ਪੰਜਾਬ ਟਾਈਮਜ਼


Ad space available
Please call
Ph: 847-359-0746
ਪੰਜਾਬ ਟਾਈਮਜ਼
ਆਮ ਆਦਮੀ ਪਾਰਟੀ ਨੇ ਫਿਰ ਖਾਧੀ ਮਾਤ

ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।

ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

*Advertisement in Punjab Times, Support Punjab Times.*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ। ਪੇਸ਼ੇਵਰ ਤੇ ਮਿਆਰੀ ਪੱਤਰਕਾਰੀ, ਨਾ ਕਿ ਬਾਂਹ ਮਰੋੜ ਤੇ ਵਿਕਾਊ ਪੱਤਰਕਾਰੀ।

ਫੋਨ: 847-359-0746 Email: punjabtimes1@gmail.com www.punjabtimesusa.com

# ਸਾਰਾਗੜ੍ਹੀ ਜੰਗ ਦੇ ਯੋਧਿਆਂ ਨੂੰ ਸਿਜਦਾ

**ਅੰਮ੍ਰਿਤਸਰ:** ਕਿਲ੍ਹਾ ਸਾਰਾਗੜ੍ਹੀ ਵਿਚ 120 ਵਰ੍ਹੇ ਪਹਿਲਾਂ 12 ਸਤੰਬਰ, 1897 ਨੂੰ ਹੋਈ ਇਤਿਹਾਸਕ ਤੇ ਅਸਾਵੀਂ ਜੰਗ ਵਿਚ ਹਵਲਦਾਰ ਈਸ਼ਰ ਦੀ ਅਗਵਾਈ ਵਿਚ ਬਹਾਦਰੀ ਨਾਲ ਲੜਦਿਆਂ ਸ਼ਹਾਦਤਾਂ ਦੇ ਜਾਮ ਪੀ ਜਾਣ ਵਾਲੇ 36 ਸਿੱਖ ਬਟਾਲੀਅਨ ਦੇ 21 ਸਿੱਖ ਸੂਰਬੀਰ ਸ਼ਹੀਦ ਸੈਨਿਕਾਂ ਨੂੰ ਯਾਦ ਕੀਤਾ ਗਿਆ। ਸ਼ਹੀਦ ਸੈਨਿਕਾਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵਿਰਾਸਤੀ ਮਾਰਗ ਵਿਚ ਨਵੇਂ ਬਣਾਏ ਸਾਰਾਗੜ੍ਹੀ ਨਿਵਾਸ ਦੀ ਰਿਸੈਪਸ਼ਨ ਵਿਚ ਫੋਟੋ ਗੈਲਰੀ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੱਲੋਂ ਜੈਕਾਰਿਆਂ ਦੀ ਗੂੰਜ 'ਚ ਕੀਤਾ ਗਿਆ। ਇਸ ਮੌਕੇ ਸਾਰਾਗੜ੍ਹੀ ਸਾਕੇ ਦੇ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਸਾਰਾਗੜ੍ਹੀ ਜੰਗ ਨੂੰ ਰੂਪਮਾਨ ਕਰਦੇ ਕਿਲ੍ਹਾ ਸਾਰਾਗੜ੍ਹੀ ਦੇ ਸਥਾਪਤ ਕੀਤੇ ਵਿਸ਼ੇਸ਼ ਮਾਡਲ ਤੋਂ ਪਰਦਾ ਉਠਾਇਆ ਗਿਆ।

ਸਮਾਗਮ 'ਚ ਇੰਗਲੈਂਡ ਅਤੇ ਫਰਾਂਸ ਤੋਂ ਫੌਜ ਦੀਆਂ ਉਚ ਸ਼ਖਸੀਅਤਾਂ ਵੱਡੀ ਗਿਣਤੀ 'ਚ ਹਾਜ਼ਰ ਸਨ। ਪ੍ਰੋ. ਬਡੂੰਗਰ ਨੇ ਕਿਹਾ ਕਿ ਸਾਰਾਗੜ੍ਹੀ ਜੰਗ ਦੁਨੀਆਂ ਦੀਆਂ ਮਹਾਨ ਜੰਗਾਂ ਵਿਚ ਸ਼ਾਮਲ ਹੈ, ਜਿਸ ਵਿਚ ਕੌਮ ਦੇ 21 ਸਿੱਖ ਯੋਧਿਆਂ ਨੇ ਹਿੰਮਤ, ਦ੍ਰਿੜ੍ਹਤਾ ਅਤੇ ਦਲੇਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰ ਕੇ ਇਕ ਨਵਾਂ ਅਧਿਆਏ ਸਿਰਜਿਆ। ਹਵਲਦਾਰ ਈਸ਼ਰ ਸਿੰਘ ਦੀ ਅਗਵਾਈ 'ਚ ਲੜਨ ਵਾਲੇ ਇਹ ਮਹਾਨਾਇਕ ਕੌਮ ਦਾ



ਸਰਮਾਇਆ ਹਨ, ਜਿਨ੍ਹਾਂ ਨੇ ਅਗਲੀਆਂ ਪੀੜ੍ਹੀਆਂ ਲਈ ਪੂਰਨੇ ਪਾਏ ਹਨ। ਇਹ ਗੈਲਰੀ ਵਰਤਮਾਨ ਅਤੇ ਭਵਿੱਖ ਦੀ ਪੀੜੀ ਨੂੰ ਸਾਰਾਗੜ੍ਹੀ ਜੰਗ ਸਬੰਧੀ ਇਤਿਹਾਸਕ ਜਾਣਕਾਰੀ ਦੇਣ ਲਈ ਮੀਲ ਪੱਥਰ ਸਾਬਤ ਹੋਵੇਗੀ।

ਇਸ ਮੌਕੇ ਉਨ੍ਹਾਂ ਕਿਹਾ ਕਿ 1971 ਦੀ ਹਿੰਦ ਪਾਕਿ- ਜੰਗ ਦੇ ਨਾਇਕ ਸਿੱਖ ਜਨਰਲ ਜਗਜੀਤ ਸਿੰਘ ਅਰੋੜਾ ਦੀ ਤਸਵੀਰ ਵੀ ਕੇਂਦਰੀ ਸਿੱਖ ਅਜਾਇਬ ਘਰ ਵਿਚ ਜਲਦੀ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲੀ ਤੇ ਦੂਜੀ ਸੰਸਾਰ ਜੰਗਾਂ ਤੋਂ ਇਲਾਵਾ 1962, 1965, 1971 ਤੇ 1999 ਦੀ ਕਾਰਗਿਲ ਜੰਗਾਂ ਵਿਚ ਵੀ ਸਿੱਖਾਂ ਨੇ ਬਹਾਦਰੀ ਦਾ ਪ੍ਰਦਰਸ਼ਨ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ, ਜਿਨ੍ਹਾਂ ਉਤੇ ਕੌਮ ਨੂੰ ਫਖ਼ਰ ਹੈ। ਇਸ ਮੌਕੇ ਜਨਰਲ ਜੇ.ਜੇ. ਸਿੰਘ ਅਤੇ ਮਿਸਟਰ ਡੰਨਕੈਨ ਕੈਂਪਸ ਨੇ ਸਾਰਾਗੜ੍ਹੀ ਜੰਗ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਇਨ੍ਹਾਂ ਸ਼ਹੀਦਾਂ 'ਤੇ ਮਾਣ ਹੈ ਅਤੇ ਸਾਨੂੰ ਇਸ ਜੰਗ ਦੇ ਇਤਿਹਾਸ ਨੂੰ ਆਪਣੀਆਂ ਆਉਣ ਵਾਲੀਆਂ ਪੀੜੀਆਂ ਤੱਕ ਲਿਜਾਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਗੁਰਦੁਆਰੇ ਦੀ ਪ੍ਰਧਾਨਗੀ ਲਈ ਖ਼ੂਨੀ ਟਕਰਾਅ

**ਮੋਗਾ:** ਪਿੰਡ ਸੱਦਾ ਸਿੰਘ ਵਾਲਾ ਵਿਚ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਤ ਗੁਰਦੁਆਰਾ ਮੰਜੀ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦਾ ਢਾਈ ਮਹੀਨੇ ਤੋਂ ਚੱਲ ਰਿਹਾ ਰੇੜਕਾ ਖ਼ੂਨੀ ਰੂਪ ਧਾਰ ਗਿਆ। ਦੋ ਧਿਰਾਂ ਦਰਮਿਆਨ ਹੋਈ ਝੜਪ ਵਿਚ ਪੱਗਾਂ ਲੱਥ ਗਈਆਂ। ਇਸ ਝੜਪ 'ਚ ਇਕ ਔਰਤ ਸਮੇਤ ਸੱਤ ਜਣੇ ਜ਼ਖ਼ਮੀ ਹੋਏ ਹਨ। ਗੁਰਦੁਆਰੇ ਦੀ ਪ੍ਰਧਾਨਗੀ ਲਈ ਦੋ ਧੜਿਆਂ ਵਿਚ ਤਕਰੀਬਨ ਢਾਈ ਮਹੀਨੇ ਤੋਂ ਟਕਰਾਅ ਚੱਲ ਰਿਹਾ ਹੈ। 23 ਜੁਲਾਈ ਨੂੰ ਦੋਵੇਂ ਧਿਰਾਂ ਨੇ ਗੁਰਦੁਆਰੇ ਦੀ ਗੋਲਕ ਨੂੰ ਜਿੰਦਰਾ ਲਾ ਦਿੱਤਾ ਸੀ।

ਅਸਲ ਵਿਚ, ਕਾਂਗਰਸੀ ਹਲਕਾ ਵਿਧਾਇਕ ਡਾ. ਹਰਜੋਤ ਕਮਲ ਸਿੰਘ ਇਸ ਮਸਲੇ 'ਤੇ ਸੁਲ੍ਹਾ ਕਰਵਾਉਣ ਆਇਆ ਸੀ। ਉਹ ਦੋਵਾਂ ਧਿਰਾਂ ਨੂੰ ਸਮਝਾ ਕੇ ਗੁਰਦੁਆਰੇ ਵਿਚੋਂ ਬਾਹਰ ਹੀ ਨਿਕਲਿਆ ਸੀ ਕਿ ਗਾਲੀ ਗਲੋਚ ਤੋਂ ਬਾਅਦ ਘਸੁੰਨ-ਮੁੱਕੀ ਅਤੇ ਤਲਵਾਰਾਂ ਚੱਲ ਗਈਆਂ। ਪੁਲਿਸ ਮੌਕੇ 'ਤੇ ਮੌਜੂਦ ਨਾ ਹੁੰਦੀ ਤਾਂ ਕਾਫੀ ਖ਼ੂਨ ਖਰਾਬਾ ਹੋ ਸਕਦਾ ਸੀ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਗੁਰਦੁਆਰੇ ਦੀ ਪੁਰਾਣੀ ਪ੍ਰਬੰਧਕ ਕਮੇਟੀ



ਆਗੂ ਵੱਲੋਂ ਸੇਵਾ ਛੱਡਣ ਦਾ ਹੋਕਾ ਦਿਵਾਏ ਜਾਣ ਬਾਅਦ ਪਿੰਡ ਦੋ ਧੜਿਆਂ 'ਚ ਵੰਡਿਆ ਗਿਆ। ਦੋਵਾਂ ਧਿਰਾਂ ਨੇ ਆਪੋ ਆਪਣੀ ਪ੍ਰਬੰਧਕ ਕਮੇਟੀ ਬਣਾ ਲਈ ਤੇ 23 ਜੁਲਾਈ ਨੂੰ ਦੋਵਾਂ ਧਿਰਾਂ ਨੇ ਗੋਲਕ ਨੂੰ ਤਾਲੇ ਲਗਾ ਦਿੱਤੇ।

ਪੁਰਾਣੀ ਕਮੇਟੀ ਆਗੂ ਗੁਰਭੇਜ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਗਰਮ ਖਿਆਲੀ ਪਿੰਡ ਦਾ ਮਾਹੌਲ ਖਰਾਬ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਿੰਡ ਦੀ ਸੰਗਤ ਤੇ ਹੋਰ ਮੋਹਤਬਰਾਂ ਨੇ ਨਵੀਂ ਕਮੇਟੀ ਪ੍ਰਧਾਨ ਗੁਰਪ੍ਰੀਤ ਸਿੰਘ ਨੂੰ ਰੱਦ ਕਰ ਦਿੱਤਾ ਹੈ, ਪਰ ਉਹ ਪ੍ਰਧਾਨਗੀ ਲਈ ਬਜ਼ਿੱਦ ਹੈ।

# ਅੰਮ੍ਰਿਤਸਰ 'ਚ ਸਭ ਤੋਂ ਵੱਧ ਏਡਜ਼ ਪੀੜਤ

**ਅੰਮ੍ਰਿਤਸਰ:** ਗੁਰੂਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਅੰਮ੍ਰਿਤਸਰ ਸ਼ਹਿਰ ਹੁਣ ਸੂਬੇ ਵਿਚ ਸਭ ਤੋਂ ਵੱਧ ਏਡਜ਼ ਪੀੜਤ ਮਰੀਜ਼ਾਂ ਦੀ ਗਿਣਤੀ ਵਾਲਾ ਸ਼ਹਿਰ ਬਣ ਗਿਆ ਹੈ। ਇਹ ਖੁਲਾਸਾ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੀ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ।

ਸੁਸਾਇਟੀ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਸੂਬੇ ਵਿਚ ਏਡਜ਼ ਦੇ ਸਭ ਤੋਂ ਵੱਧ ਮਰੀਜ਼ਾਂ ਦੀ ਗਿਣਤੀ ਅੰਮ੍ਰਿਤਸਰ ਵਿਚ ਹੈ, ਜਦਕਿ ਜਲੰਧਰ ਅਤੇ ਤਰਨ ਤਾਰਨ ਦੂਜੇ ਤੇ ਤੀਜੇ ਨੰਬਰ ਉਤੇ ਹਨ। ਅੰਮ੍ਰਿਤਸਰ ਦੇ ਸਰਹੱਦੀ ਖੇਤਰਾਂ ਵਿਚ ਨਸ਼ੇ ਦੀ ਲਪੇਟ ਵਿਚ ਆਏ ਲੋਕਾਂ ਕਰ ਕੇ ਇਹ ਗਿਣਤੀ ਵਧੀ ਹੈ ਜਿਸ ਨੇ ਹਰ ਕਿਸੇ ਨੂੰ ਹੈਰਾਨ ਹੋਣ ਉਤੇ ਮਜਬੂਰ ਕੀਤਾ ਹੈ। ਏਡਜ਼ ਕੰਟਰੋਲ ਸੁਸਾਇਟੀ ਮੁਤਾਬਕ ਰਾਜ ਭਰ ਦੇ 42 ਲੱਖ 81 ਹਜ਼ਾਰ 62 ਸ਼ੱਕੀ ਮਰੀਜ਼ਾਂ ਵਿਚੋਂ 56 ਹਜ਼ਾਰ 975 ਮਰੀਜ਼




ਪਾਜ਼ੀਟਿਵ ਪਾਏ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਿਰਫ ਅੰਮ੍ਰਿਤਸਰ ਦੇ 5 ਲੱਖ 57 ਹਜ਼ਾਰ 599 ਸ਼ੱਕੀ ਮਰੀਜ਼ਾਂ ਵਿਚੋਂ 14 ਹਜ਼ਾਰ 309 ਮਰੀਜ਼ ਪਾਜ਼ੀਟਿਵ ਪਾਏ ਗਏ ਹਨ, ਜੋਕਿ ਪੰਜਾਬ ਵਿਚ ਸਭ ਤੋਂ ਵੱਧ ਹਨ।

# ਸਿੱਖ ਮਸਲਿਆਂ ਦੇ ਹੱਲ ਲਈ ਰਾਜਪਾਲ ਕੋਲ ਪਹੁੰਚ

**ਅੰਮ੍ਰਿਤਸਰ**: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਚ ਪੱਧਰੀ ਵਫਦ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨਾਲ ਮੁਲਾਕਾਤ ਕਰ ਕੇ ਸਿੱਕਮ ਸਥਿਤ ਇਤਿਹਾਸਕ ਗੁਰਦੁਆਰੇ ਦੀ ਹੋਂਦ ਬਰਕਰਾਰ ਰੱਖਣ ਸਮੇਤ ਹੋਰ ਅਹਿਮ ਸਿੱਖ ਮਸਲਿਆਂ ਨੂੰ ਤੁਰਤ ਹੱਲ ਕਰਵਾਉਣ ਦੀ ਮੰਗ ਕੀਤੀ ਹੈ।

ਵਫਦ ਵੱਲੋਂ ਰਾਜਪਾਲ ਨੂੰ ਦਿੱਤੇ ਗਏ ਯਾਦ ਪੱਤਰ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਗੁਰਦੁਆਰਾ ਗੁਰੂ ਡਾਂਗਮਾਰ ਅਤੇ ਗੁਰਦੁਆਰਾ ਚੁੰਗਥਾਂਗ ਦੀ ਹੋਂਦ ਖਤਮ ਕਰਨ ਦੀ ਸਾਜ਼ਿਸ਼ ਉਤੇ ਰੋਸ ਪ੍ਰਗਟ ਕਰਦਿਆਂ ਇਸ ਨੂੰ ਸੁਰੱਖਿਅਤ ਰੱਖਣ ਦੀ ਮੰਗ ਕੀਤੀ।

ਉਨ੍ਹਾਂ ਸਿੱਖ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ 1516 ਈਸਵੀ ਵਿਚ ਆਪਣੀ ਤੀਸਰੀ ਪ੍ਰਚਾਰ ਯਾਤਰਾ ਦੌਰਾਨ ਸਿੱਕਮ ਵਿਖੇ ਗਏ ਸਨ, ਜਿਸ ਦੀ ਯਾਦ ਵਿਚ ਇਹ ਗੁਰਦੁਆਰੇ ਬਣੇ ਹੋਏ ਹਨ ਪਰ ਸਥਾਨਕ ਪ੍ਰਸ਼ਾਸਨ ਵੱਲੋਂ ਪੱਖਪਾਤ ਕਰਦਿਆਂ ਉਥੋਂ ਦੇ




ਬੋਧੀਆਂ ਰਾਹੀਂ ਇਸ ਦੀ ਇਤਿਹਾਸਿਕਤਾ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਵੱਖਰੇ ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਚਾਰ ਹੋਰ ਅਹਿਮ ਮਸਲੇ ਉਠਾਏ ਗਏ, ਜਿਨ੍ਹਾਂ ਵਿਚ ਚੰਡੀਗੜ੍ਹ ਸਥਿਤ ਗੁਰਦੁਆਰਾ ਸ੍ਰੀ ਕਲਗੀਧਰ ਨਿਵਾਸ ਨੂੰ ਲਗਾਏ ਗਏ ਜੁਰਮਾਨੇ ਤੇ ਪ੍ਰਾਪਰਟੀ ਟੈਕਸ ਦੀ ਰਕਮ ਵਾਪਸ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਨਾਲ ਪੰਜਾਬੀ ਯੂਨੀਵਰਸਿਟੀ ਵੱਲੋਂ ਅਨੁਵਾਦਕ ਖੋਜ ਕਾਰਜ ਸਮੇਂ ਕੀਤੀ ਛੇੜ-ਛਾੜ ਦਾ ਮਾਮਲਾ ਉਠਾਉਂਦਿਆਂ ਇਸ ਦੀ ਪੜਤਾਲ ਕਰਵਾਉਣ ਦੀ ਮੰਗ ਕੀਤੀ।

# ਜਾਮੀਆ ਦੁਨੀਆਂ ਭਰ ਦੀਆਂ ਹਜ਼ਾਰ ਉਘੀਆਂ ਸੰਸਥਾਵਾਂ 'ਚ ਸ਼ਾਮਲ

**ਨਵੀਂ ਦਿੱਲੀ:** ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਨੇ ਪਹਿਲੀ ਵਾਰ ਪ੍ਰਸਿੱਧ 'ਟਾਈਮਜ਼ ਹਾਇਰ ਐਜੂਕੇਸ਼ਨ (ਟੀ.ਐਚ.ਈ.) ਵਰਲਡ ਯੂਨੀਵਰਸਿਟੀ ਰੈਂਕਿੰਗ' ਵਿਚ ਸਥਾਨ ਹਾਸਲ ਕੀਤਾ ਹੈ।

ਸਾਲ 2018 ਲਈ ਵਿਸ਼ਵ ਰੈਂਕਿੰਗ 'ਚ ਜਾਮੀਆ ਨੂੰ 1102 ਸਿੱਖਿਆ ਸੰਸਥਾਵਾਂ ਵਿਚੋਂ 800 ਤੋਂ 1000 ਦੇ ਵਿਚਕਾਰਲਾ ਸਥਾਨ ਪ੍ਰਾਪਤ ਹੋਇਆ ਹੈ। ਟੀ.ਐਚ.ਈ. ਨੇ ਆਪਣੇ ਐਲਾਨ 'ਚ ਕਿਹਾ ਕਿ ਜਾਮੀਆ ਦਾ ਮੁਲਾਂਕਣ ਕਰਦੇ ਸਮੇਂ ਉਸ ਦਾ ਸਿੱਖਿਆ ਸਬੰਧੀ ਯੋਗਦਾਨ ਸਭ ਤੋਂ ਮਜ਼ਬੂਤ ਪੱਖ ਵਜੋਂ ਸਾਹਮਣੇ ਆਇਆ ਹੈ। ਉਂਜ 2018 ਦੀ ਰੈਂਕਿੰਗ ਵਿਚ ਭਾਰਤ ਦੀਆਂ 42 ਸਿੱਖਿਆ ਸੰਸਥਾਵਾਂ ਵਿਚੋਂ ਜਾਮੀਆ 18ਵੇਂ ਸਥਾਨ ਉਤੇ ਹੈ।

# ਸਕੂਲ ਵਿਚ ਦੂਜੀ ਜਾਮਤ ਦੇ ਬੱਚੇ ਦਾ ਗਲਾ ਵੱਢਿਆ

**ਗੁਰੂਗ੍ਰਾਮ:** ਰਿਆਨ ਇੰਟਰਨੈਸ਼ਨਲ ਸਕੂਲ ਵਿਚ ਸੱਤ ਸਾਲਾ ਬੱਚੇ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ। ਇਹ ਕਾਰਾ ਸਕੂਲ ਦੇ ਬੱਸ ਕੰਡਕਟਰ ਨੇ ਬੱਚੇ ਨਾਲ ਬਦਫੈਲੀ ਕਰਨ ਦੀ ਕੋਸ਼ਿਸ਼ ਵਿਚ ਨਾਕਾਮ ਰਹਿਣ ਪਿੱਛੋਂ ਕੀਤਾ। ਮੁਲਜ਼ਮ ਅਸ਼ੋਕ ਕੁਮਾਰ ਪੁਲਿਸ ਹਿਰਾਸਤ ਵਿਚ ਹੈ। ਅਸ਼ੋਕ ਨੇ ਜੁਰਮ ਦਾ ਇਕਬਾਲ ਕਰ ਲਿਆ ਹੈ। ਪੁਲਿਸ ਮੁਤਾਬਕ ਮੁਲਜ਼ਮ ਨੇ ਦੂਜੀ ਜਮਾਤ ਦੇ ਵਿਦਿਆਰਥੀ ਨਾਲ ਬਦਫੈਲੀ ਦੀ ਕੋਸ਼ਿਸ਼ ਕੀਤੀ ਪਰ ਜਦੋਂ ਬੱਚੇ ਨੇ ਵਿਰੋਧ ਕੀਤਾ ਤੇ ਰੌਲਾ ਪਾਇਆ ਤਾਂ ਮੁਲਜ਼ਮ ਨੇ ਚਾਕੂ ਨਾਲ ਉਸ ਦਾ ਗਲਾ ਵੱਢ ਦਿੱਤਾ। ਜ਼ਿਲ੍ਹਾ ਕੁਲੈਕਟਰ ਨੇ ਸਕੂਲ ਦੀਆਂ ਕੁਤਾਹੀਆਂ ਬਾਰੇ ਰਿਪੋਰਟ ਤਿਆਰ ਕਰਨ ਲਈ ਕਮੇਟੀ ਕਾਇਮ ਕੀਤੀ, ਜਦੋਂ ਕਿ ਹਰਿਆਣਾ ਦੇ ਸਿੱਖਿਆ ਮੰਤਰੀ ਰਾਮਬਿਲਾਸ ਸ਼ਰਮਾ ਨੇ ਭਰੋਸਾ ਦਿੱਤਾ ਕਿ ਮੁਲਜ਼ਮ ਨੂੰ ਛੱਡਿਆ ਨਹੀਂ ਜਾਵੇਗਾ। ਬਾਲ ਅਧਿਕਾਰਾਂ ਦੀ ਰਾਖੀ ਬਾਰੇ ਕੌਮੀ ਕਮਿਸ਼ਨ ਨੇ ਵੀ ਇਸ ਮਾਮਲੇ ਉਤੇ ਚਿੰਤਾ ਪ੍ਰਗਟਾਈ।

# ਨਸ਼ਾ ਤਸਕਰੀ: ਕੈਨੇਡਾ 'ਚ ਤਿੰਨ ਪੰਜਾਬੀ ਕਾਬੂ

**ਵੈਨਕੂਵਰ:** ਐਬਟਸਫੋਰਡ ਪੁਲਿਸ ਦੇ ਡਰੱਗ ਅਤੇ ਗੈਂਗ ਹਿੰਸਾ ਵਿਰੋਧੀ ਦਲ ਨੇ ਤਿੰਨ ਪੰਜਾਬੀ ਨੌਜਵਾਨ ਗ੍ਰਿਫਤਾਰ ਕੀਤੇ ਹਨ, ਜਿਨ੍ਹਾਂ ਤੋਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਤੇ ਨਾਜਾਇਜ਼ ਅਸਲਾ ਬਰਾਮਦ ਕੀਤਾ ਗਿਆ ਹੈ।

ਪੁਲਿਸ ਮੁਤਾਬਕ ਸੁਖਜੀਤ ਮੱਲ੍ਹੀ, ਨਵਪਰੀਤ ਧਾਲੀਵਾਲ ਤੇ ਇਸ਼ਾਨ ਮੁਟਨੇਜਾ (ਤਿੰਨਾਂ ਦੀ ਉਮਰ 19 ਸਾਲ) ਦੀਆਂ ਕਾਰਵਾਈਆਂ 'ਤੇ ਪੁਲਿਸ ਨੇ ਨਜ਼ਰ ਰੱਖੀ ਹੋਈ ਸੀ। ਇਸ ਤੋਂ ਪਹਿਲਾਂ ਵੀ ਇਨ੍ਹਾਂ 'ਤੇ ਅਜਿਹੇ ਦੋਸ਼ ਲੱਗੇ ਸਨ ਪਰ ਇਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ। ਇਹ ਨੌਜਵਾਨ ਸਕੂਲ ਵਿਚ ਵੀ ਇਕੱਠੇ ਪੜ੍ਹਦੇ ਸਨ ਤੇ ਉਦੋਂ ਹੀ ਨਸ਼ਾ ਤਸਕਰਾਂ ਦੇ ਸੰਪਰਕ ਵਿਚ ਆ ਗਏ ਸਨ।

# ਹੁਣ ਬਲੂ ਵ੍ਹੇਲ ਖੇਡ ਦੀ ਲਪੇਟ ਵਿਚ ਆਇਆ ਪੰਜਾਬ

**ਬਠਿੰਡਾ:** ਪੰਜਾਬ ਵਿਚ ਮੌਤ ਦੀ ਖੇਡ 'ਬਲੂ ਵ੍ਹੇਲ' ਦੀ ਇੰਟਰਨੈੱਟ ਉਤੇ ਭਾਲ ਵਿਚ ਪਠਾਨਕੋਟ ਪਹਿਲੇ ਨੰਬਰ ਉਤੇ ਹੈ ਅਤੇ ਖੰਨਾ ਸ਼ਹਿਰ ਦਾ ਦੂਜਾ ਨੰਬਰ ਹੈ। ਲੰਘੇ ਇਕ ਹਫਤੇ ਦੇ ਰੁਝਾਨ ਮੁਤਾਬਕ ਇਹ ਖੇਡ ਲੱਭਣ ਵਿਚ ਪੰਜਾਬ ਦਾ ਦੇਸ਼ ਵਿਚੋਂ 19ਵਾਂ ਨੰਬਰ ਹੈ, ਜਦੋਂ ਕਿ ਪਿਛਲੇ ਇਕ ਮਹੀਨੇ ਦੌਰਾਨ ਪੰਜਾਬ ਦਾ 20ਵਾਂ ਨੰਬਰ ਸੀ। ਇਸ ਖੇਡ ਬਾਰੇ ਪਤਾ ਲੱਗਣ ਉਤੇ ਪਠਾਨਕੋਟ ਵਿਚ ਇਕ ਬੱਚੇ ਨੂੰ ਮਾਪਿਆਂ ਨੇ ਬਚਾਅ ਲਿਆ ਸੀ, ਜਦੋਂ ਕਿ 20 ਹੋਰ ਬੱਚੇ ਇਸ ਖੇਡ ਵਿਚ ਫਸੇ ਹੋਣ ਦੀ ਗੱਲ ਸਾਹਮਣੇ ਆਈ ਹੈ। ਇਹ ਅਜਿਹੀ ਖੇਡ ਹੈ, ਜਿਸ ਨੂੰ ਖੇਡਣ ਲਈ 50 ਟੀਚੇ ਹੁੰਦੇ ਹਨ, ਜਿਨ੍ਹਾਂ ਦਾ ਆਖਰੀ ਟੀਚਾ ਖੁਦਕੁਸ਼ੀ ਦੇ ਤਰੀਕਿਆਂ ਬਾਰੇ ਹੈ।

'ਗੂਗਲ ਟਰੈਂਡਜ਼' ਵਿਚ ਜੋ ਤੱਥ ਉਭਰੇ ਹਨ, ਉਨ੍ਹਾਂ ਮੁਤਾਬਕ ਪਿਛਲੇ ਇਕ ਮਹੀਨੇ ਦੌਰਾਨ ਪੰਜਾਬ ਵਿਚ ਇੰਟਰਨੈੱਟ ਉਤੇ ਇਹ ਖੇਡ



ਲੱਭਣ ਸਬੰਧੀ ਲੁਧਿਆਣਾ ਪਹਿਲੇ ਅਤੇ ਦੇਸ਼ ਵਿਚੋਂ 17ਵੇਂ ਨੰਬਰ ਉਤੇ ਸੀ ਪਰ ਪਿਛਲੇ ਇਕ ਹਫਤੇ ਵਿਚ ਸੂਬੇ ਵਿਚੋਂ ਪਠਾਨਕੋਟ ਸਿਖਰ ਉਤੇ ਪੁੱਜ ਗਿਆ ਹੈ। ਪਿਛਲੇ ਦਿਨਾਂ ਵਿਚ ਲੁਧਿਆਣਾ ਵਿਚ ਇਸ ਨਾਲ ਸਬੰਧਤ ਇਕ ਦੋ ਕੇਸ ਸਾਹਮਣੇ ਵੀ ਆਏ ਹਨ। ਹੁਣ ਮਾਪੇ ਕਾਫੀ ਡਰੇ ਹੋਏ ਹਨ ਅਤੇ ਸਕੂਲ ਅਧਿਆਪਕ ਵੀ ਵਿਦਿਆਰਥੀਆਂ 'ਤੇ ਨਜ਼ਰ ਰੱਖ ਰਹੇ ਹਨ। ਦੇਸ਼ ਵਿਚ ਪਿਛਲੇ ਇਕ ਹਫਤੇ ਦੇ ਰੁਝਾਨ ਅਨੁਸਾਰ ਜੰਮੂ-ਕਸ਼ਮੀਰ ਪਹਿਲੇ ਨੰਬਰ ਉਤੇ ਹੈ ਅਤੇ ਚੰਡੀਗੜ੍ਹ ਦਾ ਨੰਬਰ 20ਵਾਂ ਹੈ। ਜੇ ਪੰਜਾਬ ਦੇ ਸ਼ਹਿਰਾਂ ਦਾ ਇਕ ਹਫਤੇ ਦਾ ਰੁਝਾਨ ਦੇਖੀਏ ਤਾਂ ਪਠਾਨਕੋਟ, ਖੰਨਾ ਤੋਂ ਬਾਅਦ ਬਟਾਲਾ ਤੀਜੇ ਨੰਬਰ ਉਤੇ ਹੈ ਅਤੇ ਮੁਕਤਸਰ ਦਾ ਚੌਥਾ ਨੰਬਰ ਹੈ। ਗੋਬਿੰਦਗੜ੍ਹ ਸ਼ਹਿਰ ਪੰਜਵੇਂ, ਜ਼ੀਰਕਪੁਰ ਛੇਵੇਂ ਅਤੇ ਖਰੜ ਸੱਤਵੇਂ ਨੰਬਰ ਉਤੇ ਹੈ। ਪਿਛਲੇ ਇਕ ਦਿਨ ਦੇ ਰੁਝਾਨ ਮੁਤਾਬਕ ਪੰਜਾਬ ਦੇਸ਼ ਵਿਚੋਂ 15ਵੇਂ ਨੰਬਰ ਉਤੇ ਪੁੱਜ ਗਿਆ ਹੈ।

## ਹਾਈ ਕੋਰਟ ਕੋਲੋਂ ਰੋਕ ਲਾਉਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਲੋਕਹਿੱਤ ਪਟੀਸ਼ਨ ਦਾਖਲ ਕਰ ਕੇ ਬਲੂ ਵੇਲ੍ਹ ਗੇਮ ਉਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਹ ਇਕ ਖਤਰਨਾਕ ਖੇਡ ਹੈ ਜਿਸ ਵਿਚ ਅੱਗੇ ਲੰਘਣ ਦੀ ਹੋੜ 'ਚ ਨੌਜਵਾਨਾਂ ਵਿਚ ਉਤਾਵਲਾਪਣ ਦਿੱਸ ਰਿਹਾ ਹੈ ਅਤੇ ਹੁਣ ਤੱਕ ਲਗਭਗ 100 ਨੌਜਵਾਨਾਂ ਵੱਲੋਂ ਖੁਦਕੁਸ਼ੀ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ।

# ਭਾਰਤ ਵਿਚ ਸੜਕ ਹਾਦਸਿਆਂ ਨਾਲ ਰੋਜ਼ਾਨਾ ਹੁੰਦੀਆਂ ਹਨ 417 ਮੌਤਾਂ

**ਨਵੀਂ ਦਿੱਲੀ:** ਭਾਰਤ ਵਿਚ ਪਿਛਲੇ ਸਾਲ ਹਰ ਘੰਟੇ ਵਿਚ 55 ਸੜਕ ਹਾਦਸੇ ਹੋਏ। ਇਨ੍ਹਾਂ ਵਿਚ 17 ਲੋਕਾਂ ਦੀ ਮੌਤ ਹੋਈ। ਮਤਲਬ ਰੋਜ਼ਾਨਾ 1317 ਹਾਦਸੇ ਤੇ 417 ਮੌਤਾਂ। ਸੜਕ ਆਵਾਜਾਈ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਰਿਪੋਰਟ 'ਚ ਇਹ ਖੁਲਾਸੇ ਹੋਏ ਹਨ।

ਰਿਪੋਰਟ ਵਿਚ 2015 ਮੁਕਾਬਲੇ ਸੜਕ ਹਾਦਸੇ ਘਟੇ ਹਨ ਪਰ ਮਰਨ ਵਾਲਿਆਂ ਦੀ ਗਿਣਤੀ ਵਧੀ ਹੈ। 2016 ਵਿਚ ਦੇਸ਼ ਭਰ ਵਿਚ 4,80,652 ਸੜਕ ਹਾਦਸੇ ਹੋਏ। ਇਨ੍ਹਾਂ ਵਿਚ 1,50,785 ਲੋਕਾਂ ਨੇ ਆਪਣੀ ਜਾਨ ਗੁਆਈ। ਹਰ ਸਾਢੇ ਤਿੰਨ ਮਿੰਟ ਵਿਚ ਕਿਸੇ ਇਨਸਾਨ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ।

ਹਾਦਸਿਆਂ ਵਿਚ 4,94,624 ਲੋਕ ਜ਼ਖਮੀ ਵੀ ਹੋਏ। ਚੰਗੀ ਗੱਲ ਇਹ ਹੈ ਕਿ 2015 ਦੇ ਮੁਕਾਬਲੇ 2016 ਵਿਚ ਸੜਕ ਹਾਦਸਿਆਂ 'ਚ 4.1 ਫੀਸਦੀ ਦੀ ਕਮੀ ਹੋਈ ਹੈ ਪਰ ਬੁਰੀ ਗੱਲ ਇਹ ਹੈ ਕਿ ਹਾਦਸੇ ਤਾਂ ਘਟੇ ਪਰ ਮਰਨ ਵਾਲਿਆਂ ਦੀ ਗਿਣਤੀ ਵਧੀ ਹੈ। 2015 ਵਿਚ ਜਿਥੇ ਹਰ 100 ਹਾਦਸਿਆਂ ਵਿਚ 29 ਲੋਕ ਮਰੇ ਉਥੇ 2016 ਵਿਚ 100 ਹਾਦਸਿਆਂ ਪਿੱਛੇ 31 ਲੋਕਾਂ ਦੀ ਜਾਨ ਗਈ।

## ਪਿਛਲੇ ਵਰ੍ਹੇ ਡੇਢ ਲੱਖ ਲੋਕ ਹਾਦਸਿਆਂ ਦੀ ਭੇਟ ਚੜ੍ਹੇ



ਨੈਸ਼ਨਲ ਹਾਈਵੇ 'ਤੇ ਇਕ ਸਾਲ ਵਿਚ 1,42,359 ਹਾਦਸੇ ਹੋਏ। ਇਨ੍ਹਾਂ 52,075 ਲੋਕਾਂ ਦੀ ਮੌਤ ਹੋਈ। ਰਿਪੋਰਟ ਮੁਤਾਬਕ ਸੜਕਾਂ ਉਤੇ ਬਣੇ ਮੋੜਾਂ 'ਤੇ ਵੱਧ ਹਾਦਸੇ ਹੋਏ।

ਟੀ-ਪੁਆਇੰਟ ਤੇ ਵਾਈ ਪੁਆਇੰਟ 'ਤੇ ਸਭ ਤੋਂ ਵੱਧ ਹਾਦਸੇ ਹੋਏ। ਇਨ੍ਹਾਂ ਮੋੜਾਂ ਉਤੇ 37 ਫੀਸਦੀ ਹਾਦਸੇ ਹੋਏ। ਇਸ ਤੋਂ ਇਲਾਵਾ ਰੇਲਵੇ ਕ੍ਰਾਸਿੰਗ 'ਤੇ ਪਿਛਲੇ ਸਾਲ 3316 ਹਾਦਸਿਆਂ ਵਿਚ 1326 ਲੋਕਾਂ ਦੀ ਜਾਨ ਗਈ।

ਉਂਜ ਸਭ ਤੋਂ ਵੱਧ ਅਬਾਦੀ ਵਾਲਾ ਸੂਬਾ ਉਤਰ ਪ੍ਰਦੇਸ਼ ਹਾਦਸਿਆਂ ਵਿਚ ਵੀ ਨੰਬਰ ਇਕ 'ਤੇ ਹੈ। ਹਾਦਸਿਆਂ ਦੇ ਮਾਮਲੇ 'ਚ ਤਾਂ ਛੇਵੇਂ ਨੰਬਰ ਉਤੇ ਪਰ ਮੌਤਾਂ ਵਿਚ ਪਹਿਲੇ ਉਤੇ। ਯੂ.ਪੀ. ਵਿਚ 35,612 ਹਾਦਸੇ ਹੋਏ ਤੇ 19,320 ਮੌਤਾਂ। ਦੂਜੇ 'ਤੇ ਤਮਿਲਨਾਡੂ ਤੇ ਮਹਾਰਾਸ਼ਟਰ ਤੀਜੇ ਨੰਬਰ ਉਤੇ ਹੈ। ਮੈਟਰੋ ਸ਼ਹਿਰਾਂ 'ਚ ਦਿੱਲੀ ਦੇ ਹਾਲਾਤ ਸਭ ਤੋਂ ਖਰਾਬ ਹਨ। 2016 'ਚ ਇਥੇ 1591 ਲੋਕਾਂ ਦੀ ਮੌਤ ਹੋਈ ਜਦਕਿ ਚੇਨਈ ਵਿਚ 1183 ਮੌਤਾਂ, ਮੁੰਬਈ 'ਚ 562 ਤੇ ਕੋਲਕਾਤਾ ਵਿਚ 407 ਦਾ ਅੰਕੜਾ ਹੈ।

## ਸੜਕ ਸੁਰੱਖਿਆ ਦੀ ਅਣਦੇਖੀ

ਸੁਪਰੀਮ ਕੋਰਟ ਨੇ ਹਾਈਵੇਅ ਉਤੇ ਚੱਲਣ ਵਾਲੇ ਕਮਰਸ਼ਲ ਵਾਹਨਾਂ ਲਈ ਵੱਧ ਤੋਂ ਵੱਧ ਗਤੀ ਸੀਮਾ 80 ਕਿਲੋਮੀਟਰ ਪ੍ਰਤੀ ਘੰਟਾ ਨਿਰਧਾਰਤ ਕੀਤੀ ਹੋਈ ਹੈ। ਇਹ ਰਫਤਾਰ ਯਕੀਨੀ ਬਣਾਉਣ ਲਈ ਹੀ ਸਪੀਡ ਗਵਰਨਰ ਫਿੱਟ ਕੀਤੇ ਜਾਂਦੇ ਹਨ ਤਾਂ ਜੋ ਗੱਡੀ 80 ਕਿਲੋਮੀਟਰ ਦੀ ਰਫਤਾਰ ਤੋਂ ਅੱਗੇ ਨਾ ਜਾ ਸਕੇ, ਪਰ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਸੜਕ ਸੁਰੱਖਿਆ ਸਬੰਧੀ ਸੁਪਰੀਮ ਕੋਰਟ ਦੀ ਕਮੇਟੀ ਦੀਆਂ ਸੋਧਾਂ ਵੱਲ ਧਿਆਨ ਨਾ ਦੇਣ ਦਾ ਰਾਹ ਚੁਣਿਆ ਹੋਇਆ ਹੈ। ਕਮੇਟੀ ਨੇ ਇਕੱਲੇ ਪੰਜਾਬ ਵਿਚ ਹਾਦਸਿਆਂ ਦੇ ਗੰਭੀਰ ਖਤਰੇ ਵਾਲੀਆਂ 350 'ਕਾਲੀਆਂ' ਥਾਵਾਂ ਦੀ ਨਿਸ਼ਾਨਦੇਹੀ ਕੀਤੀ ਸੀ, ਪਰ ਇਨ੍ਹਾਂ ਥਾਵਾਂ ਉਤੇ ਵੀ ਸੜਕਾਂ ਵਿਚ ਢੁਕਵੀਆਂ ਸੋਧਾਂ ਨਹੀਂ ਕੀਤੀਆਂ ਗਈਆਂ।

## ਤਮਿਲਨਾਡੂ ਤੇ ਯੂ.ਪੀ. ਸਭ ਤੋਂ ਅੱਗੇ

ਪੂਰੇ ਸਾਲ 'ਚ ਹੋਏ ਹਾਦਸਿਆਂ ਵਿਚ 86.5 ਫੀਸਦੀ ਹਾਦਸੇ ਤਾਂ 13 ਸੂਬਿਆਂ ਵਿਚ ਹੀ ਹੋਏ ਹਨ। 13 ਸੂਬਿਆਂ ਵਿਚ ਸਭ ਤੋਂ ਵੱਧ ਹਾਦਸੇ 4,15,734 ਤਮਿਲਨਾਡੂ ਵਿਚ ਹੋਏ। ਕੁੱਲ ਮੌਤਾਂ ਦਾ 83 ਫੀਸਦੀ ਇਥੇ ਹੀ ਮਰੇ। ਮੱਧ ਪ੍ਰਦੇਸ਼ 53,972 ਹਾਦਸਿਆਂ ਨਾਲ ਦੂਜੇ ਤੇ ਕਰਨਾਟਕ 44,403 ਹਾਦਸਿਆਂ ਨਾਲ ਤੀਜੇ ਨੰਬਰ 'ਤੇ ਹੈ।

## ਭਾਰਤੀ ਮੂਲ ਦਾ ਨੌਜਵਾਨ ਬਣਿਆ ਸਭ ਤੋਂ ਛੋਟੀ ਉਮਰ ਦਾ ਪਾਇਲਟ

**ਦੁਬਈ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿਚ ਰਹਿਣ ਵਾਲਾ 14 ਸਾਲਾ ਭਾਰਤੀ ਮੂਲ ਦਾ ਨੌਜਵਾਨ ਮੰਸੂਰ ਅਨੀਸ ਸਭ ਤੋਂ ਛੋਟੀ ਉਮਰ ਦਾ ਪਾਇਲਟ ਬਣ ਗਿਆ ਹੈ। ਅਨੀਸ ਨੇ ਇਹ ਉਪਲਬਧੀ ਕੈਨੇਡਾ 'ਚ ਇਕ ਇੰਜਣ ਵਾਲੇ ਜਹਾਜ਼ ਨੂੰ ਉਡਾ ਕੇ ਪ੍ਰਾਪਤ ਕੀਤੀ। ਉਸ ਨੇ ਤਕਰੀਬਨ 10 ਮਿੰਟ ਤੱਕ ਜਹਾਜ਼ ਉਡਾਇਆ। 9ਵੀਂ ਜਮਾਤ 'ਚ ਪੜ੍ਹਨ ਵਾਲੇ ਅਨੀਸ ਨੂੰ ਪਿਛਲੇ ਹਫਤੇ ਕੈਨੇਡਾ ਏ.ਏ.ਏ. ਏਵੀਏਸ਼ਨ ਫਲਾਈਟ ਅਕੈਡਮੀ 'ਚ ਇਸ ਉਪਲਬਧੀ ਦਾ ਪ੍ਰਮਾਣ ਪੱਤਰ ਦਿੱਤਾ ਗਿਆ।

ਪ੍ਰਮਾਣ ਪੱਤਰ 'ਚ ਲਿਖਿਆ ਹੈ ਕਿ ਅਨੀਸ ਨੇ 14 ਸਾਲ ਦੀ ਉਮਰ ਵਿਚ ਲੇਂਗਲੇ ਰੀਜਨਲ ਹਵਾਈ ਅੱਡੇ ਤੋਂ ਸਫਲਤਾ ਪੂਰਵਕ ਜਹਾਜ਼ ਉਡਾ ਕੇ ਆਪਣੀ ਪਹਿਲੀ ਸਿੰਗਲ ਉਡਾਣ ਪੂਰੀ ਕੀਤੀ ਹੈ। ਇਸ ਉਪਲਬਧੀ ਤੋਂ ਬਾਅਦ ਯੂ.ਏ.ਈ. ਵਾਪਸ ਪਰਤੇ ਅਨੀਸ ਨੇ ਦਾਅਵਾ ਕੀਤਾ ਕਿ ਉਸ ਨੇ ਸਭ ਤੋਂ ਘੱਟ ਸਮੇਂ (25 ਘੰਟੇ) ਦੀ ਸਿਖਲਾਈ ਤੋਂ ਬਾਅਦ ਇਹ ਕਾਰਨਾਮਾ ਕੀਤਾ ਹੈ। ਸਭ ਤੋਂ ਘੱਟ ਉਮਰ ਦੇ ਪਾਇਲਟ ਦੇ ਮਾਮਲੇ 'ਚ ਅਨੀਸ ਨੇ ਅਮਰੀਕਾ ਅਤੇ ਜਰਮਨੀ ਦੇ ਪਾਇਲਟਾਂ ਦਾ ਰਿਕਾਰਡ ਤੋੜਿਆ, ਜਿਨ੍ਹਾਂ ਨੇ 34 ਘੰਟੇ ਦੀ ਸਿਖਲਾਈ ਤੋਂ ਬਾਅਦ ਜਹਾਜ਼ ਉਡਾਇਆ।

# ਮੁੰਬਈ ਧਮਾਕਿਆਂ 'ਚ ਤਾਹਿਰ ਤੇ ਰਾਸ਼ਿਦ ਨੂੰ ਮੌਤ ਦੀ ਸਜ਼ਾ

**ਮੁੰਬਈ:** ਅਦਾਲਤ ਨੇ 1993 ਦੇ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਤਾਹਿਰ ਮਰਚੈਂਟ ਅਤੇ ਫਿਰੋਜ਼ ਅਬਦੁਲ ਰਾਸ਼ਿਦ ਖਾਨ ਨੂੰ ਮੌਤ ਦੀ ਸਜ਼ਾ ਅਤੇ ਗੈਂਗਸਟਰ ਅਬੂ ਸਲੇਮ ਅਤੇ ਕਰੀਮਉੱਲ੍ਹਾ ਖਾਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਇਸ ਮਾਮਲੇ 'ਚ ਪੰਜਵੇਂ ਦੋਸ਼ੀ ਰਿਆਜ਼ ਸਿੱਦੀਕੀ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਨੇ ਪੰਜਾਂ ਦੋਸ਼ੀਆਂ ਨੂੰ ਕੁੱਲ 27.09 ਲੱਖ ਦਾ ਜ਼ੁਰਮਾਨਾ ਵੀ ਲਗਾਇਆ ਹੈ। ਵਿਸ਼ੇਸ਼ ਟਾਡਾ ਅਦਾਲਤ ਨੇ ਧਮਾਕਿਆਂ ਦੇ 24 ਸਾਲ ਬਾਅਦ ਇਸ ਸਾਲ ਜੂਨ 'ਚ ਇਸ ਮਾਮਲੇ ਦੇ ਮੁੱਖ ਸਾਜ਼ਿਸ਼ਕਾਰ ਮੁਸਤਫਾ ਦੋਸਾ ਅਤੇ ਸਲੇਮ ਸਣੇ 6 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਸੀ। ਦੇਸ਼ ਦੀ ਵਿੱਤੀ ਰਾਜਧਾਨੀ 'ਚ ਹੋਏ ਧਮਾਕਿਆਂ ਵਿਚ 257 ਲੋਕ ਮਾਰੇ ਗਏ ਸਨ। ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਦੋਸ਼ੀ ਅਬਦੁਲ ਕਿਊਮ ਨੂੰ ਬਰੀ ਕਰ ਦਿੱਤਾ ਸੀ। ਇਹ ਮੁਕੱਦਮੇ ਦਾ ਦੂਸਰਾ ਪੜਾਅ ਸੀ।

ਸਾਰੇ ਸੱਤ ਦੋਸ਼ੀ ਕਈ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ, ਜਿਨ੍ਹਾਂ 'ਚ ਅਪਰਾਧਕ ਸਾਜ਼ਿਸ਼, ਭਾਰਤ ਸਰਕਾਰ ਖਿਲਾਫ਼ ਯੁੱਧ ਛੇੜਨਾ ਅਤੇ ਹੱਤਿਆ ਦੇ ਦੋਸ਼ ਸ਼ਾਮਲ ਹਨ। ਦੋਸ਼ੀ ਮੁਸਤਫਾ ਦੋਸਾ ਨੂੰ 2004 ਵਿਚ ਯੂ.ਏ.ਈ. ਤੋਂ ਗ੍ਰਿਫਤਾਰ ਕੀਤਾ ਗਿਆ ਸੀ। 2005 ਵਿਚ ਅੰਡਰਵਰਲਡ ਡਾਨ ਅਬੂ ਸਲੇਮ ਅਤੇ ਉਸ ਦੀ ਪ੍ਰੇਮਿਕਾ ਮੋਨਿਕਾ ਬੇਦੀ ਦੀ ਪੁਰਤਗਾਲ ਤੋਂ ਹਵਾਲਗੀ ਕੀਤੀ ਗਈ ਸੀ। ਅਦਾਲਤ ਨੇ ਮੁੰਬਈ ਧਮਾਕਿਆਂ ਸਬੰਧੀ ਸਭ ਤੋਂ ਵੱਡਾ ਫੈਸਲਾ 2006 ਵਿਚ ਸੁਣਾਇਆ ਸੀ। ਉਸ ਸਮੇਂ ਟਾਡਾ ਅਦਾਲਤ ਨੇ 123 ਦੋਸ਼ੀਆਂ ਵਿਚੋਂ 100 ਨੂੰ ਸਜ਼ਾ ਸੁਣਾਈ ਸੀ ਅਤੇ 23 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਸੀ।





## ਯਾਕੂਬ ਮੈਮਨ ਨੂੰ ਦਿੱਤੀ ਗਈ ਸੀ ਇਸੇ ਮਾਮਲੇ 'ਚ ਫਾਂਸੀ



ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਦੀ ਸੁਣਵਾਈ ਦੇ ਪਹਿਲੇ ਪੜਾਅ ਵਿਚ ਟਾਡਾ ਅਦਾਲਤ ਨੇ ਯਾਕੂਬ ਮੈਮਨ ਸਮੇਤ 100 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਸੀ ਜਦੋਂਕਿ 23 ਨੂੰ ਬਰੀ ਕਰ ਦਿੱਤਾ ਸੀ। ਇਸ ਮਾਮਲੇ ਦੇ ਮੁੱਖ ਦੋਸ਼ੀ ਯਾਕੂਬ ਮੈਮਨ ਨੂੰ ਫਾਂਸੀ ਦਿੱਤੀ ਜਾ ਚੁੱਕੀ ਹੈ।

## ਪੁਰਤਗਾਲ ਨਾਲ ਕਰਾਰ ਕਾਰਨ ਬਚਿਆ ਸਲੇਮ

ਮੁੰਬਈ ਬੰਬ ਧਮਾਕੇ ਮਾਮਲੇ 'ਚ ਸਾਰਿਆਂ ਦੀਆਂ ਨਜ਼ਰਾਂ ਅਬੂ ਸਲੇਮ ਨੂੰ ਮਿਲਣ ਵਾਲੀ ਸਜ਼ਾ 'ਤੇ ਸਨ। 2005 ਵਿਚ ਅਬੂ ਸਲੇਮ ਦੀ ਭਾਰਤ ਹਵਾਲਗੀ ਸਮੇਂ ਤਤਕਾਲੀਨ ਗ੍ਰਿਹ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਲਿਖਤੀ ਤੌਰ 'ਤੇ ਪੁਰਤਗਾਲ ਸਰਕਾਰ ਅਤੇ ਅਦਾਲਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਸਲੇਮ ਨੂੰ 25 ਸਾਲ ਤੋਂ ਵੱਧ ਜੇਲ੍ਹ 'ਚ ਨਹੀਂ ਰੱਖਣਗੇ। ਭਾਰਤ ਸਰਕਾਰ ਵੱਲੋਂ ਪੁਰਤਗਾਲ ਨੂੰ ਇਹ ਭਰੋਸਾ ਦਿੱਤਾ ਗਿਆ ਸੀ ਕਿ ਅਬੂ ਸਲੇਮ ਨੂੰ ਮੌਤ ਦੀ ਸਜ਼ਾ ਵੀ ਨਹੀਂ ਦਿੱਤੀ ਜਾਵੇਗੀ।

# ਗੁਪਤ ਦਾਨ ਨਾਲ ਭਾਜਪਾ ਤੇ ਕਾਂਗਰਸ ਪਾਰਟੀਆਂ ਹੋਈਆਂ ਮਾਲੋ-ਮਾਲ

**ਨਵੀਂ ਦਿੱਲੀ:** ਸਾਲ 2015-16 ਵਿਚ ਕਾਂਗਰਸ ਤੇ ਭਾਜਪਾ ਨੂੰ ਅਣਪਛਾਤੇ ਸਰੋਤਾਂ ਤੋਂ ਕੁੱਲ 646.82 ਕਰੋੜ ਰੁਪਏ ਦੀ ਆਮਦਨ ਹੋਈ। 2015-16 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਅਣਜਾਣ ਸਰੋਤਾਂ ਤੋਂ 461 ਕਰੋੜ ਰੁਪਏ ਮਿਲੇ ਹਨ ਜੋ ਉਸ ਦੀ ਕੁੱਲ ਆਮਦਨ ਦਾ 81 ਫੀਸਦੀ ਹੈ। ਇਸੇ ਸਮੇਂ 'ਚ ਕਾਂਗਰਸ ਨੂੰ 186 ਕਰੋੜ ਰੁਪਏ ਪ੍ਰਾਪਤ ਹੋਏ ਜੋ ਉਸ ਦੀ ਕੁੱਲ ਆਮਦਨ ਦਾ 71 ਫੀਸਦੀ ਹੈ।

ਰਾਜਨੀਤਕ ਸੁਧਾਰਾਂ ਦੇ ਖੇਤਰ 'ਚ ਕੰਮ ਕਰਨ ਵਾਲੇ ਐਨ.ਜੀ.ਓ. 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' ਦੀ ਇਕ ਰਿਪੋਰਟ 'ਚ ਇਹ ਖੁਲਾਸਾ ਹੋਇਆ ਹੈ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਕਾਂਗਰਸ ਅਤੇ ਭਾਜਪਾ ਇਸ ਤਰ੍ਹਾਂ ਦੇ ਅਣਪਛਾਤੇ ਸਰੋਤਾਂ ਤੋਂ ਜ਼ਿਆਦਾ ਧਨ ਹਾਸਲ ਕਰਨ ਵਾਲੇ ਦਲ ਹਨ। 2015-16 ਦੇ ਇਸ ਸਮੇਂ 'ਚ ਕਾਂਗਰਸ ਅਤੇ ਭਾਜਪਾ ਨੂੰ ਅਣਜਾਣ ਸਰੋਤਾਂ ਤੋਂ ਕੁੱਲ 646.82 ਕਰੋੜ ਰੁਪਏ ਦੀ ਆਮਦਨ ਹੋਈ, ਜੋ ਉਨ੍ਹਾਂ ਦੀ ਕੁੱਲ ਆਮਦਨ ਦਾ 77 ਫੀਸਦੀ ਹੈ।

2015-16 'ਚ ਭਾਜਪਾ ਅਤੇ ਕਾਂਗਰਸ ਦੀ ਕੁੱਲ ਐਲਾਨੀ ਆਮਦਨ ਕ੍ਰਮਵਾਰ 570.86 ਕਰੋੜ ਰੁਪਏ ਅਤੇ 261.56 ਕਰੋੜ ਰੁਪਏ ਰਹੀ। ਇਹ ਸਿੱਟਾ ਭਾਰਤ ਦੇ ਚੋਣ ਕਮਿਸ਼ਨ ਨੂੰ ਪੇਸ਼ ਦੋਵੇਂ ਪਾਰਟੀਆਂ ਦੀ ਆਮਦਨ ਅਤੇ ਖਰਚਿਆਂ ਦੇ ਅੰਕੜਿਆਂ ਦੇ ਵਿਸ਼ਲੇਸ਼ਣ 'ਤੇ ਅਧਾਰਤ ਹੈ। ਰਿਪੋਰਟ ਅਨੁਸਾਰ 2015-16 ਦਰਮਿਆਨ ਸੱਤ ਰਾਸ਼ਟਰੀ ਦਲਾਂ ਦੀ ਕੁੱਲ ਆਮਦਨ 1033.18 ਕਰੋੜ ਰੁਪਏ ਸੀ, ਜਿਨ੍ਹਾਂ ਵਿਚੋਂ ਪਾਰਟੀਆਂ ਨੇ 754.45 ਕਰੋੜ ਰੁਪਏ ਖਰਚ ਕੀਤੇ ਜਦਕਿ 278.73 ਕਰੋੜ ਰੁਪਏ (ਕੁਲ ਆਮਦਨ ਦਾ 26.98 ਫੀਸਦੀ) ਪਾਰਟੀਆਂ ਖਰਚ ਨਹੀਂ ਕਰ ਸਕੀਆਂ। ਵਿਸ਼ਲੇਸ਼ਣ ਅਨੁਸਾਰ ਭਾਜਪਾ ਕੁੱਲ ਆਮਦਨ ਦਾ 23 ਫੀਸਦੀ ਖਰਚ ਨਹੀਂ ਕਰ ਸਕੀ ਜਦਕਿ ਕਾਂਗਰਸ ਦਾ 26 ਫੀਸਦੀ ਖਰਚ ਨਹੀਂ ਹੋਇਆ।

ਇਸ ਰਿਪੋਰਟ 'ਚ ਸਾਲ 2015- 16 ਦਰਮਿਆਨ 7 ਰਾਸ਼ਟਰੀ ਪਾਰਟੀਆਂ ਦੀ ਆਮਦਨ ਦਾ ਬਿਉਰਾ ਦਿੱਤਾ ਹੈ, ਜਿਸ ਵਿਚ ਭਾਜਪਾ 570.86 ਕਰੋੜ ਰੁਪਏ ਦੀ ਕੁੱਲ ਆਮਦਨ ਦੇ ਨਾਲ ਪਹਿਲੇ ਸਥਾਨ 'ਤੇ ਹੈ। ਇਸ ਦੇ ਬਾਅਦ ਕਾਂਗਰਸ ਦਾ ਸਥਾਨ ਹੈ ਜਿਸ ਦੀ ਕੁੱਲ ਆਮਦਨ 261.56 ਕਰੋੜ ਰੁਪਏ ਹੈ, ਉਥੇ ਹੀ ਸੀ.ਪੀ.ਐਮ. (107.48 ਕਰੋੜ ਰੁਪਏ) ਤੀਜੇ, ਬਸਪਾ (47.39 ਕਰੋੜ ਰੁਪਏ) ਚੌਥੇ, ਤ੍ਰਿਣਮੂਲ ਕਾਂਗਰਸ (34.58 ਕਰੋੜ ਰੁਪਏ) 5ਵੇਂ, ਐਨ.ਸੀ.ਪੀ. (9.14 ਕਰੋੜ ਰੁਪਏ) ਛੇਵੇਂ ਅਤੇ ਸੀ.ਪੀ.ਆਈ. (2.18 ਕਰੋੜ ਰੁਪਏ) 7ਵੇਂ ਸਥਾਨ ਉਤੇ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਭਾਜਪਾ ਨੂੰ 76.85 ਕਰੋੜ ਰੁਪਏ 20 ਹਜ਼ਾਰ ਤੋਂ ਜ਼ਿਆਦਾ ਚੰਦੇ ਜ਼ਰੀਏ ਮਿਲਿਆ ਹੈ ਜੋ ਕੁਲ ਚੰਦੇ ਦਾ 14.33 ਫੀਸਦੀ ਹੈ, ਉਥੇ ਹੀ ਕਾਂਗਰਸ ਨੂੰ 37.22 ਕਰੋੜ ਰੁਪਏ ਇਸ ਅਣਪਛਾਤੇ ਸਰੋਤ ਦੇ ਜ਼ਰੀਏ ਮਿਲੇ ਹਨ।



## ਸਿਆਸੀ ਲੀਡਰਾਂ ਦੀ ਜਾਇਦਾਦ 'ਤੇ ਸਰਕਾਰੀ ਪਰਦਾ

**ਨਵੀਂ ਦਿੱਲੀ:** ਦੋ ਚੋਣਾਂ ਦੇ ਵਕਫੇ ਵਿਚ ਸਿਆਸੀ ਲੀਡਰਾਂ ਦੀ ਜਾਇਦਾਦ 500 ਫੀਸਦੀ ਵਧ ਗਈ ਪਰ ਕੇਂਦਰ ਸਰਕਾਰ ਇਸ ਨੂੰ ਬੇਪਰਦ ਨਹੀਂ ਹੋਣ ਦੇਣਾ ਚਾਹੁੰਦੀ। ਇਸ ਕਰ ਕੇ ਸੁਪਰੀਮ ਕੋਰਟ ਨੇ ਮੋਦੀ ਸਰਕਾਰ ਨੂੰ ਝਾੜ ਪਾਈ ਹੈ। ਕੋਰਟ ਨੇ ਸਰਕਾਰ ਨੂੰ ਇਹ ਵੀ ਨਿਰਦੇਸ਼ ਦਿੱਤੇ ਸਨ ਕਿ ਉਹ ਅਦਾਲਤ ਸਾਹਮਣੇ ਇਸ ਬਾਰੇ ਜ਼ਰੂਰੀ ਜਾਣਕਾਰੀ ਰੱਖੇਗੀ ਪਰ ਕੇਂਦਰ ਦੇ ਰੁਖ ਤੋਂ ਅਦਾਲਤ ਖਫਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਕਹਿ ਰਹੀ ਹੈ ਕਿ ਉਹ ਚੋਣ ਸੁਧਾਰਾਂ ਖਿਲਾਫ ਨਹੀਂ ਪਰ ਉਸ ਨੇ ਜ਼ਰੂਰੀ ਵੇਰਵਾ ਪੇਸ਼ ਨਹੀਂ ਕੀਤਾ ਹੈ। ਇਥੋਂ ਤੱਕ ਕਿ ਕੇਂਦਰੀ ਡਾਇਰੈਕਟ ਕਰ ਬੋਰਡ (ਸੀ.ਬੀ.ਡੀ.ਟੀ.) ਨੇ ਅਦਾਲਤ ਵਿਚ ਜੋ ਜਾਣਕਾਰੀ ਹਲਫਨਾਮੇ ਰਾਹੀਂ ਦਿੱਤੀ ਹੈ, ਉਹ ਅਧੂਰੀ ਹੈ। ਸੁਪਰੀਮ ਕੋਰਟ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲੇ ਦੌਰਾਨ ਉਮੀਦਵਾਰਾਂ ਦੀ ਆਮਦਨ ਦੇ ਸਰੋਤਾਂ ਬਾਰੇ ਖੁਲਾਸੇ ਦੀ ਮੰਗ ਕਰਨ ਵਾਲੇ ਪਟੀਸ਼ਨ 'ਤੇ ਸੁਣਵਾਈ ਕਰ ਰਹੇ ਸਨ।

## 'ਆਪ' ਨੇ ਚੋਣ ਕਮਿਸ਼ਨ ਵੱਲ ਉਂਗਲ ਚੁੱਕੀ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਨੂੰ ਬੇਨਾਮ ਸਰੋਤਾਂ ਤੋਂ ਮਿਲੇ 647 ਕਰੋੜ ਦੇ ਚੰਦੇ ਨੂੰ ਲੈ ਕੇ ਕੌਮੀ ਚੋਣ ਕਮਿਸ਼ਨ ਵੱਲੋਂ ਇਨ੍ਹਾਂ ਪਾਰਟੀਆਂ ਦੇ ਸਰੋਤਾਂ ਦੀ ਜਾਂਚ ਨਾ ਕਰਵਾਉਣ ਉਤੇ ਆਮ ਆਦਮੀ ਪਾਰਟੀ ਨੇ ਕਮਿਸ਼ਨ ਦੀ ਨਿਰਪੱਖਤਾ ਉਤੇ ਉਂਗਲ ਉਠਾਈ ਹੈ। 'ਆਪ' ਦੇ ਕੌਮੀ ਆਗੂ ਸੰਜੇ ਸਿੰਘ ਨੇ ਕਿਹਾ ਜਦੋਂ ਆਮ ਆਦਮੀ ਪਾਰਟੀ ਨੂੰ ਸਾਰੇ ਪਤਿਆਂ ਸਮੇਤ 2 ਕਰੋੜ ਦੇ ਚੰਦੇ ਦੇ ਚੈੱਕ ਮਿਲੇ ਸਨ ਤਾਂ ਕਾਂਗਰਸ ਤੇ ਭਾਜਪਾ ਦੋਵੇਂ ਹੀ ਚੋਣ ਕਮਿਸ਼ਨ ਕੋਲ ਪੁੱਜ ਗਈਆਂ ਸਨ। ਉਨ੍ਹਾਂ ਸਵਾਲ ਕੀਤਾ ਕਿ ਚੋਣ ਕਮਿਸ਼ਨ ਨੇ ਦੋਵਾਂ ਪਾਰਟੀਆਂ ਦੇ ਅਗਿਆਤ ਚੰਦੇ ਉਤੇ ਚੋਣ ਕਮਿਸ਼ਨ ਨੇ ਆਮਦਨ ਕਰ ਵਿਭਾਗ ਵੱਲੋਂ ਜਾਂਚ ਕਿਉਂ ਨਹੀਂ ਕਰਵਾਈ?

# ਕਿਉਂ ਹੋਈ ਗੌਰੀ ਲੰਕੇਸ਼ ਦੀ ਹੱਤਿਆ?

ਸ਼ਾਇਦ ਸਾਨੂੰ ਕਦੇ ਵੀ ਪਤਾ ਨਾ ਲੱਗ ਸਕੇ ਕਿ ਗੌਰੀ ਲੰਕੇਸ਼ ਦੀ ਹੱਤਿਆ ਕਿਸ ਨੇ ਕੀਤੀ ਸੀ, ਪਰ ਅਸੀਂ ਵਾਜਬ ਢੰਗ ਨਾਲ ਇੰਨਾ ਕੁ ਅਨੁਮਾਨ ਤਾਂ ਲਾ ਹੀ ਸਕਦੇ ਹਾਂ ਕਿ ਉਸ ਨੂੰ ਆਖ਼ਿਰ ਮਾਰਿਆ ਕਿਉਂ ਗਿਆ ਸੀ? ਜਾਂ, ਇਸ ਗੱਲ ਨੂੰ ਇੰਜ ਵੀ ਆਖਿਆ ਜਾ ਸਕਦਾ ਹੈ ਕਿ ਅਸੀਂ ਤਾਰਕਿਕ ਢੰਗ ਇਹ ਸਮਝ ਹੀ ਸਕਦੇ ਹਾਂ ਕਿ ਉਸ ਨੂੰ ਕਿਉਂ ਮਾਰਿਆ ਜਾਣਾ ਸੀ। ਦਰਅਸਲ, ਇਸ ਵਿਚ ਕੋਈ ਬਹੁਤਾ ਵੱਡਾ ਭੇਤ ਨਹੀਂ ਹੈ, ਸਗੋਂ ਇਸ ਵਿਚ ਤਾਂ ਕਿਤੇ ਕੁਝ ਵੀ ਗੁੰਝਲਦਾਰ ਨਹੀਂ ਹੈ। ਉਸ ਦੀ ਹੱਤਿਆ ਤਾਂ ਹੋਣੀ ਹੀ ਸੀ, ਕਿਉਂਕਿ ਉਹ ਹੁਣ



**ਹਰੀਸ਼ ਖਰੇ**

ਅੱਖਾਂ ਵਿਚ ਰੜਕਣ ਲੱਗ ਪਈ ਸੀ, ਤੇ ਨਵੇਂ ਭਾਰਤ ਵਿਚ ਅਸੀਂ ਅੱਖਾਂ 'ਚ ਰੜਕਣ ਵਾਲਿਆਂ ਨੂੰ ਬਰਦਾਸ਼ਤ ਕਰਨ ਦੇ ਰੌਂਅ ਵਿਚ ਨਹੀਂ।

ਬੇਸ਼ੱਕ, ਇਸ ਮਾਮਲੇ ਦੇ ਕੁਝ ਸਥਾਨਕ ਪੱਖ ਵੀ ਹਨ, ਪਰ ਇਹ ਚੇਤੇ ਰੱਖਣ ਦੀ ਵੀ ਜ਼ਰੂਰਤ ਹੈ ਕਿ ਹਰ ਤਰ੍ਹਾਂ ਦੀ ਸਿਆਸਤ ਹੀ ਸਥਾਨਕ ਹੁੰਦੀ ਹੈ। ਸੀਮਤ ਜਿਹੇ ਮੀਡੀਆ ਭਾਈਚਾਰੇ ਤੋਂ ਬਾਹਰ ਗੌਰੀ ਲੰਕੇਸ਼ ਨੂੰ ਬਹੁਤੇ ਲੋਕ ਨਹੀਂ ਸੀ ਜਾਣਦੇ। ਕੌਮੀ ਪੱਧਰ 'ਤੇ ਉਹ ਬੜਬੋਲੇ ਟੀ.ਵੀ. ਐਂਕਰਾਂ ਤੇ ਅੱਖੌਤੀ ਕੱਦਾਵਰ ਮੀਡੀਆ ਕਰਮੀਆਂ ਦੇ ਸਮੂਹ ਸਾਹਮਣੇ ਬਹੁਤ ਦੁਰਾਡੀ ਤੇ ਮਲੂਕ ਜਿਹੀ ਆਵਾਜ਼ ਸੀ, ਪਰ ਉਸ ਦੀ ਆਵਾਜ਼ ਸੁਣੀ ਜ਼ਰੂਰ ਜਾਂਦੀ ਸੀ, ਤੇ ਕੰਨੜ ਸਿਆਸਤ ਅੰਦਰਲੇ ਮੂਲਵਾਦ ਨਾਲ ਜੁੜੇ ਵਾਤਾਵਰਣ ਵਿਚ ਇਸ 'ਤੇ ਨਾਖ਼ੁਸ਼ੀ ਵੀ ਪ੍ਰਗਟਾਈ ਜਾਂਦੀ ਸੀ। ਇਸ ਨਵੀਂ ਸਿਆਸੀ ਪ੍ਰਣਾਲੀ ਵਿਚ ਡਰਾਉਣ-ਧਮਕਾਉਣ ਤੇ ਦਬਾਅ ਪਾਉਣ ਦੀ ਨਵੀਂ ਵਿਆਕਰਣ ਰਚੀ ਜਾ ਰਹੀ ਸੀ। ਮੂੰਹ ਬੰਦ ਕਰਨ ਜਾਂ ਚੁੱਪ ਵੱਟ ਕੇ ਰੱਖਣ ਲਈ ਤਿਆਰ ਰਹਿਣ ਜਿਹੇ ਕਈ ਨਵੇਂ ਤਜਰਬੇ ਕਰਨ ਦੀ ਪਿਰਤ ਪੈ ਚੁੱਕੀ ਸੀ। ਨਵੇਂ ਭਾਰਤ ਦੇ ਨਵੇਂ ਕਰਤਿਆਂ-ਧਰਤਿਆਂ ਨੂੰ ਜਿਹੜੀ ਆਵਾਜ਼ ਕੁਰੱਖ਼ਤ ਲੱਗਦੀ ਹੈ, ਉਸ ਨੂੰ ਉਹ ਪ੍ਰਵਾਨ ਨਹੀਂ ਕਰਦੇ।

ਇਥੇ ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਹਿੰਦੂਤਵ ਦੇ ਸਾਰਥੀਆਂ ਨੂੰ ਤਾਂ ਇਕ ਧੀਮੀ ਤੇ ਮਲੂਕ ਜਿਹੀ ਅਵਾਜ਼ ਦੀ ਬਹੁਤੀ ਪਰਵਾਹ ਕਰਨ ਦੀ ਜ਼ਰੂਰਤ ਹੀ ਨਹੀਂ ਹੈ। ਆਖ਼ਿਰ, ਹਿੰਦੂਤਵ ਦੇ ਪ੍ਰੋਜੈਕਟ ਨੂੰ ਤਾਂ ਰੱਬੀ ਆਸ਼ੀਰਵਾਦ ਹਾਸਲ ਹੈ ਅਤੇ ਇਸ ਨੂੰ ਰੂਹਾਨੀਅਤ ਤੇ ਧਾਰਮਿਕ ਕੁਲੀਨਤਾ ਦਾ ਆਦਰਸ਼ ਮੰਨਿਆ ਜਾਂਦਾ ਹੈ। ਇਹ ਵੀ ਸਪਸ਼ਟ ਹੈ ਕਿ ਕਿਸੇ ਨੂੰ ਵੀ ਧਰਮ ਨਿਰਪੱਖਤਾ ਦਾ ਦਮ ਭਰਨ ਵਾਲਿਆਂ ਮੁੱਠੀ ਭਰ ਨਾਰਾਜ਼ ਆਵਾਜ਼ਾਂ ਤੋਂ ਆਪਣਾ ਧਿਆਨ ਭਟਕਾਉਣਾ ਨਹੀਂ ਚਾਹੀਦਾ। ਅਜਿਹੀਆਂ ਆਵਾਜ਼ਾਂ ਪ੍ਰਤੀ ਤਾਂ ਰੁਖ਼ ਅਜਿਹਾ ਹੋਣਾ ਚਾਹੀਦਾ ਹੈ: ਇਨ੍ਹਾਂ ਨੂੰ ਆਪਣਾ ਪੂਰਾ ਤਾਣ ਲਾ ਲੈਣ ਦਿਉ, ਉਹ ਆਪੇ ਹੰਭ-ਹਾਰ ਕੇ ਬਹਿ ਜਾਣਗੀਆਂ।

ਗੌਰੀ ਲੰਕੇਸ਼ ਪ੍ਰਤੀ ਨਾਖ਼ੁਸ਼ੀ ਕੁਝ ਜ਼ਿਆਦਾ ਹੀ ਸੀ। ਉਸ ਵਰਗੀਆਂ ਆਵਾਜ਼ਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਤਾਂ ਆਪਣੀ ਅਸਹਿਮਤੀ ਜਤਾਉਂਦੀ ਹੀ ਰਹੇਗੀ। ਆਖ਼ਿਰ, ਉਹ ਬੇਕਾਬੂ ਵਿਅਕਤੀਗਤ ਆਵਾਜ਼ ਹੈ ਜਿਸ 'ਤੇ ਚਿੜ-ਚਿੜ ਕੀਤੀ ਜਾਂਦੀ ਹੈ। ਸੋਸ਼ਲ ਮੀਡੀਆ 'ਤੇ ਵੀ, ਅਸੀਂ ਆਮ ਤੌਰ 'ਤੇ ਵਿਅਕਤੀਗਤ ਆਵਾਜ਼ਾਂ ਲਈ ਆਪਣੀਆਂ ਸਭ ਤੋਂ ਵੱਧ ਜ਼ਹਿਰੀਲੀਆਂ ਝਾੜਾਂ ਤੇ ਟਿੱਪਣੀਆਂ ਰਾਖਵੀਆਂ ਰੱਖਦੇ ਹਾਂ। ਆਖ਼ਿਰ ਇਨ੍ਹਾਂ ਵਿਅਕਤੀਗਤ ਆਵਾਜ਼ਾਂ ਦੀ ਜੁਰਅਤ ਕਿਵੇਂ ਪਈ ਸਰਕਾਰੀ ਸੋਚ 'ਤੇ ਕਿੰਤੂ-ਪ੍ਰੰਤੂ ਕਰਨ ਦੀ? ਫਿਰ ਅਜਿਹੇ ਵਿਰੋਧ ਦੀ ਧਾਰ ਵੱਧ ਤਿੱਖੀ ਭਾਸਦੀ ਹੈ ਜਦੋਂ ਕਿਸੇ ਤਾਨਾਸ਼ਾਹ ਵੱਲੋਂ ਵੱਡੇ ਕਾਰਪੋਰੇਟ ਮੀਡੀਆ ਨੂੰ ਬੜੀ ਆਸਾਨੀ ਨਾਲ ਆਪਣੇ ਕਾਬੂ ਹੇਠ ਕਰ ਲਿਆ ਗਿਆ ਹੋਵੇ।

ਬਿਨਾਂ ਬਹੁਤੇ ਯਤਨਾਂ ਦੇ, ਕਾਰਪੋਰੇਟ ਮੀਡੀਆ- ਪ੍ਰਿੰਟ ਤੇ ਇਲੈਕਟ੍ਰੌਨਿਕ, ਨੇ ਤਾਂ ਹੁਣ ਪੂਰੀ ਤਰ੍ਹਾਂ ਧਾਰ ਰੱਖਿਆ ਹੈ ਕਿ 'ਨਵੇਂ-ਭਾਰਤ' ਦੇ ਨਵੇਂ ਸੁਲਤਾਨਾਂ ਨੂੰ ਨਾਰਾਜ਼ ਨਹੀਂ ਕਰਨਾ। ਸਾਡੇ ਨਵੇਂ ਮੁਕਤੀਦਾਤੇ ਉਨ੍ਹਾਂ ਵਸੀਲਿਆਂ ਤੇ ਵੱਡੀਆਂ-ਵੱਡੀਆਂ ਜੇਬਾਂ ਦੀ ਪ੍ਰਕਿਰਤੀ ਤੇ ਆਕਾਰ ਨੂੰ ਭਲੀਭਾਂਤ ਜਾਣਦੇ ਹਨ, ਕਿਉਂਕਿ ਉਨ੍ਹਾਂ ਦੇ ਦਮ 'ਤੇ ਹੀ ਤਾਂ ਉਹ ਸਮੁੱਚੇ ਦੇਸ਼ ਵਿਚ ਆਪਣੀ ਮੌਜੂਦਗੀ ਨੂੰ ਖ਼ਰੀਦਦੇ ਹਨ; ਅਤੇ ਇਹੋ ਵਿਸ਼ਾਲਤਾ ਹੈ ਜੋ ਉਸ ਕਮਜ਼ੋਰੀ ਨੂੰ ਜਥੇਬੰਦਕ ਤੇ ਪੇਸ਼ੇਵਰਾਨਾ ਰੂਪ ਦਿੰਦੀ ਹੈ ਜਿਹੜੀ ਸਰਕਾਰੀ ਡੰਡੇ ਦੀ ਆਮਦ ਦਿਸਦਿਆਂ ਹੀ ਮੀਡੀਆ ਘਰਾਣਿਆਂ ਨੂੰ ਆਪਣੀ ਸੁਰ ਬਦਲਣ ਦੇ ਰਾਹ ਪਾ ਦਿੰਦੀ ਹੈ। ਨਵੇਂ ਭਾਰਤ ਵਿਚ, ਸਰਕਾਰੀ ਤੰਤਰ ਦੀ ਤਾਕਤ ਦੀ ਵਰਤੋਂ ਉਤੇ ਕੋਈ ਰੋਕ ਨਹੀਂ ਹੈ ਅਤੇ ਜੇ ਕੋਈ ਸਿਆਸੀ ਆਗੂ (ਵਿਰੋਧੀ ਜਾਂ ਭਾਈਵਾਲ), ਕੋਈ ਕਾਰੋਬਾਰੀ ਜਾਂ ਕੋਈ ਪੱਤਰਕਾਰ, ਲੀਹ 'ਤੇ ਨਹੀਂ ਆਉਂਦਾ ਤਾਂ ਇਸ ਤਾਕਤ ਦੇ ਵੱਖ ਵੱਖ ਉਪਕਰਣਾਂ ਦੀ ਵਰਤੋਂ ਕਰਨ ਪ੍ਰਤੀ ਝਿਜਕ ਵੀ ਨਹੀਂ ਦਿਖਾਈ ਜਾਂਦੀ।

ਕਾਰਪੋਰੇਟ ਮੀਡੀਆ ਨੇ 'ਇਕ ਰਾਸ਼ਟਰ, ਇਕ ਟੈਕਸ, ਇਕ ਆਗੂ ਤੇ ਇਕ ਆਵਾਜ਼' ਦੇ ਤਰਕ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ। ਇਸ ਤਰਕ ਨੂੰ, ਦਰਅਸਲ, ਦੇਸ਼ ਭਗਤੀ ਦੇ ਰੰਗਾਂ ਵਿਚ ਲਪੇਟ ਕੇ ਪੇਸ਼ ਕੀਤਾ ਗਿਆ ਹੈ। ਉਧਰ ਪਾਕਿਸਤਾਨ ਤੇ ਚੀਨ ਨਾਲ ਕਿਉਂਕਿ ਸ਼ੁਰੂ ਤੋਂ ਹੀ ਵੈਰ-ਵਿਰੋਧ ਤੇ ਰੇੜਕੇ ਚੱਲਦੇ ਆਏ ਹਨ, ਇਸੇ ਲਈ ਦੁਵੱਲੀ ਭੜਕਾਹਟ ਪੈਦਾ ਕਰਨ ਦੇ ਬਹੁਤ



ਸਾਰੇ ਅਜਿਹੇ ਮੌਕੇ ਆਉਂਦੇ ਹਨ, ਜਦੋਂ ਪੂਰੇ ਜੋਸ਼ ਨਾਲ ਝੰਡਾ ਝੁਲਾ ਕੇ ਖ਼ੁਸ਼ ਹੋਇਆ ਜਾ ਸਕਦਾ ਹੈ ਤੇ ਇਸ ਦੌਰਾਨ ਕਿਸੇ ਨੂੰ ਧਮਕਾਇਆ ਵੀ ਜਾ ਸਕਦਾ ਹੈ। ਹੋਰ ਤਾਂ ਹੋਰ, ਅਰਥਚਾਰੇ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲੀ ਨੋਟਬੰਦੀ ਤੋਂ ਬਾਅਦ ਵੀ ਕਾਰਪੋਰੇਟ ਮੀਡੀਆ ਦੇ ਪ੍ਰਭਾਵਸ਼ਾਲੀ ਵਰਗ ਮੁਫ਼ਤ ਵਿਚ ਹੀ ਸਰਕਾਰੀ ਬੋਲੀ ਬੋਲਣ ਵਿਚ ਲੱਗੇ ਹੋਏ ਹਨ।

ਕੋਈ ਅਜਿਹੀ ਦਲੀਲ ਵੀ ਦੇ ਸਕਦਾ ਹੈ ਕਿ ਇਹ 'ਨਵ-ਮੀਡੀਆ' ਹੀ 'ਨਵੇਂ ਭਾਰਤ' ਦੇ ਸੁਭਾਅ ਤੇ ਆਸਾਂ ਉਤੇ ਖਰਾ ਉਤਰ ਸਕਦਾ ਹੈ। ਭਾਰਤੀ ਮੀਡੀਆ ਦੀ ਅਜਿਹੀ ਭੂਮਿਕਾ ਪਹਿਲਾਂ ਕਦੇ ਵੀ ਅਜਿਹੇ ਨਵੇਂ ਢੰਗ ਨਾਲ ਪਰਿਭਾਸ਼ਿਤ ਨਹੀਂ ਹੋਈ- ਹੁਣ ਤਾਂ ਇਹ ਮੀਡੀਆ ਇਥੋਂ ਤਕ ਵੀ ਪੁੱਜ ਚੁੱਕਾ ਹੈ ਕਿ ਵਿਰੋਧੀ ਧਿਰ 'ਤੇ ਪੂਰੀ ਚੌਕਸ ਨਜ਼ਰ ਰੱਖੀ ਜਾਂਦੀ ਹੈ ਅਤੇ ਸਰਕਾਰੀ ਮੋਹਤਬਰ ਦੇ ਕਾਰਿਆਂ ਉਤੇ ਨਜ਼ਰ ਰੱਖਣ ਦੀ ਥਾਂ ਮੀਡੀਆ ਦੀ ਵਰਤੋਂ ਵਿਰੋਧੀ ਧਿਰ ਦੀ ਸਫ਼ਬੰਦੀ ਤੇ ਮਨੋਬਲ ਨੂੰ ਤੋੜਨ ਲਈ ਕੀਤੀ ਜਾਂਦੀ ਹੈ। ਨੋਟਬੰਦੀ ਤੋਂ ਲੈ ਕੇ ਡੋਕਲਾਮ ਤਕ ਸਰਕਾਰ ਦੇ ਸ਼ੱਕੀ ਦਾਅਵਿਆਂ 'ਤੇ ਕੋਈ ਕਿੰਤੂ-ਪ੍ਰੰਤੂ ਕਰਨ ਦੀ ਥਾਂ ਕਾਰਪੋਰੇਟ ਮੀਡੀਆ ਨੇ ਆਲੋਚਕਾਂ ਤੇ ਕੁਝ ਨਾਰਾਜ਼ ਆਵਾਜ਼ਾਂ ਨੂੰ ਚੁੱਪ ਕਰਵਾਉਣ ਦਾ ਕੰਮ ਸੰਭਾਲ ਲਿਆ ਹੈ।

ਸੱਤਾਧਾਰੀਆਂ ਦੀ ਸੋਚ ਜਨਰਲ ਸੈਮ ਮਾਨੇਕ ਸ਼ਾਅ ਵਾਂਗ ਹੈ ਕਿ ਜੇ ਇਕ ਵਾਰ ਢਾਕਾ, ਚਿਟਾਗਾਂਗ ਜਿਹੀਆਂ ਮੁੱਖ ਥਾਵਾਂ 'ਤੇ ਕਬਜ਼ਾ ਹੋ ਗਿਆ ਤਾਂ ਨਿੱਕੇ-ਨਿੱਕੇ ਪਿੰਡ ਤਾਂ ਆਪੇ ਪਿੱਛੇ ਲੱਗ ਜਾਣਗੇ, ਪਰ ਇਥੇ ਪਿੰਡਾਂ ਵਿਚ ਹੀ ਤਾਂ ਰੋਹ ਤੇ ਰੋਸ ਹੈ, ਤੇ ਗੌਰੀ ਲੰਕੇਸ਼ ਤਾਂ ਸਾਰੀਆਂ ਚੀਜ਼ਾਂ ਨੂੰ ਆਪਣੇ ਅੰਗੂਠੇ ਹੇਠ ਰੱਖਣ ਦੀ ਹਕੂਮਤੀ ਰਣਨੀਤੀ ਦਾ ਸਿੱਧਾ ਮਜ਼ਾਕ ਉਡਾਉਂਦੀ ਸੀ। ਇਸੇ ਲਈ ਹਕੂਮਤੀ ਹਮਾਇਤੀ ਚਾਹੁੰਦੇ ਹਨ ਕਿ ਵਿਰੋਧ ਦੀਆਂ ਅਜਿਹੀਆਂ ਆਵਾਜ਼ਾਂ ਨੂੰ ਦਬਾਅ ਦਿੱਤਾ ਜਾਵੇ, ਤੇ ਜਾਂ ਉਹ ਵੀ ਉਨ੍ਹਾਂ ਦੇ ਇਸ਼ਾਰਿਆਂ 'ਤੇ ਨੱਚਣ ਲੱਗ ਪੈਣ। ਹੁਣ ਖੇਤਰੀ ਸੂਬੇਦਾਰ ਤਾਂ ਇਹੋ ਸਮਝਦੇ ਹਨ ਕਿ ਉਨ੍ਹਾਂ ਨੂੰ ਸੁਲਤਾਨ ਤੋਂ ਲਾਇਸੈਂਸ ਮਿਲਿਆ ਹੀ ਹੋਇਆ ਹੈ ਤੇ ਉਨ੍ਹਾਂ ਨੂੰ ਪੂਰੇ ਅਧਿਕਾਰ ਮਿਲੇ ਹੋਏ ਹਨ, ਇਸੇ ਲਈ ਉਨ੍ਹਾਂ ਦੇ ਜੇਰੇ ਪੂਰੀ ਤਰ੍ਹਾਂ ਖੁੱਲ੍ਹੇ ਹੋਏ ਹਨ ਤੇ ਉਹ ਗੌਰੀ ਲੰਕੇਸ਼ ਵਰਗੀਆਂ ਨੂੰ ਚੁੱਪ ਕਰਵਾਉਣ ਲਈ ਕੁਝ ਵੀ ਕਰ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਗੌਰੀ ਲੰਕੇਸ਼ ਦੀ ਮੌਤ ਤਾਂ ਹੁਣ ਇਕ ਬਿੰਬ, ਇਕ ਪ੍ਰਤੀਕ ਬਣ ਗਈ ਹੈ।

ਸਾਡੇ ਦੇਸ਼ ਵਰਗੀ ਵਿਸ਼ਾਲ ਧਰਤੀ 'ਤੇ ਰੋਜ਼ਾਨਾ ਲੱਖਾਂ ਵਧੀਕੀਆਂ ਅਤੇ ਲੱਖਾਂ ਹੀ ਬਗ਼ਾਵਤਾਂ ਵੀ ਹੁੰਦੀਆਂ ਹਨ। ਹੋ ਸਕਦਾ ਹੈ ਕਿ ਉਹ ਵਿਦਰੋਹ ਛੋਟੇ ਤੇ ਨਿਗੂਣੇ ਹੋਣ ਅਤੇ ਅਸਲ ਵਿਚ ਅਜਿਹੀਆਂ ਘਟਨਾਵਾਂ ਨੂੰ ਕਦੇ ਅਖ਼ਬਾਰਾਂ ਦੇ ਮੁੱਖ ਪੰਨਿਆਂ ਜਾਂ ਖੇਤਰੀ ਪ੍ਰੈਸ ਵਿਚ ਵੀ ਕੋਈ ਥਾਂ ਨਹੀਂ ਮਿਲਦੀ; ਫਿਰ ਵੀ ਅਜਿਹੇ ਰੋਹ ਤੇ ਰੋਸਿਆਂ ਦੀਆਂ ਗਤੀਵਿਧੀਆਂ ਵਾਪਰਦੀਆਂ ਹਨ, ਕਿਉਂਕਿ ਤਾਕਤ ਨਾਲ ਅੰਨ੍ਹਾ ਹੋਇਆ ਸਥਾਨਕ ਢਾਂਚਾ ਹਰ ਕਿਸੇ ਨੂੰ ਝੁਕਾਉਣ ਤੇ ਹੁਕਮਾਂ ਉਤੇ ਫੁੱਲ ਚੜ੍ਹਾਉਣ ਲਈ ਮਜਬੂਰ ਕਰਨ ਵਾਸਤੇ ਅਕਸਰ ਆਪਣਾ ਦਬਾਅ ਪਾਉਂਦਾ ਰਹਿੰਦਾ ਹੈ। ਅਜਿਹੇ ਕਰੋੜਾਂ ਨਾਗਰਿਕ ਹਨ ਜਿਨ੍ਹਾਂ ਨੂੰ 'ਪੁਰਾਣਾ ਭਾਰਤ' ਅਤੇ ਉਸ ਦੀਆਂ ਨਹਿਰੂਵਾਦੀ ਕਦਰਾਂ-ਕੀਮਤਾਂ ਹੀ ਵਧੀਆ ਲੱਗਦੀਆਂ ਹਨ; ਪਰ ਉਹ ਟੈਲੀਵਿਜ਼ਨ ਸਟੂਡੀਓਜ਼ ਵਿਚ ਚੀਕ-ਚੀਕ ਕੇ ਕੀਤੇ ਜਾਣ ਵਾਲੇ ਬਹਿਸ-ਮੁਬਾਹਿਸਿਆਂ ਵਿਚ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਸਕਦੇ, ਪਰ ਉਹ ਪਿੰਡ-ਪਿੰਡ ਤੇ ਗਲੀਆਂ-ਮੁਹੱਲਿਆਂ ਵਿਚ ਅਨੇਕਤਾਵਾਦ ਤੇ ਧਰਮ ਨਿਰਪੱਖਵਾਦ ਨੂੰ ਜਿਉਂ ਕੇ ਦਿਖਾਉਂਦੇ ਹਨ।

ਗੌਰੀ ਲੰਕੇਸ਼ ਮਾਡਲ ਉਸੇ ਰੋਹ-ਰੋਸ ਤੇ ਅਸਹਿਮਤੀ ਦੀ ਰਵਾਇਤ ਨੂੰ ਆਵਾਜ਼ ਤੇ ਖਰਾਪਣ ਮੁਹੱਈਆ ਕਰਦਾ ਹੈ, ਇਸੇ ਲਈ ਇਸ ਦਾ ਵਿਰੋਧ ਹੁੰਦਾ ਹੈ ਤੇ ਉਸ ਨੂੰ ਲੋੜ ਪੈਣ 'ਤੇ ਤਾਕਤ ਨਾਲ ਖੇਰੂੰ-ਖੇਰੂੰ ਕਰ ਕੇ ਰੱਖ ਦਿੱਤਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜਦੋਂ ਇੰਨੇ ਮਸ਼ਹੂਰ ਤੇ ਚਕਾਚੌਂਧ ਵਾਲੇ ਜਾਣੇ-ਪਛਾਣੇ ਚਿਹਰੇ ਅਖੌਤੀ ਕੌਮੀ ਟੈਲੀਵਿਜ਼ਨ 'ਤੇ ਕਾਬੂ ਵਿਚ ਆ ਸਕਦੇ ਹਨ, ਜਾਂ ਉਨ੍ਹਾਂ ਦੀ ਮਾਨਸਿਕਤਾ ਤਬਦੀਲ ਹੋ ਸਕਦੀ ਹੈ, ਤਾਂ ਇਹ ਕਿਹੜੀ ਮਾਮੂਲੀ ਜਿਹੀ ਔਰਤ ਹੈ, ਜਿਹੜੀ ਲੀਹ 'ਤੇ ਨਹੀਂ ਆ ਰਹੀ! ਜੇ ਉਹ ਨਵੇਂ ਭਾਰਤ ਦੀ ਆੜ ਹੇਠ ਹੋਣ ਵਾਲੀ ਮੌਜੂਦਾ ਮਹਾਨ ਕੌਮੀ ਪੁਨਰ-ਜਾਗ੍ਰਿਤੀ ਅਤੇ ਯਾਦਗਾਰੀ ਤਰੱਕੀ ਦੀ ਸ਼ਲਾਘਾ ਕਰਨ ਤੋਂ ਇਨਕਾਰ ਕਰ ਦਿੰਦੀ ਹੈ, ਤਦ ਉਸ ਨੂੰ ਤਾਂ ਫਿਰ ਚੁੱਪ ਕਰਵਾਉਣਾ ਹੀ ਹੋਇਆ।

ਇਹ ਜਾਣਿਆ-ਪਛਾਣਿਆ ਤੱਤ ਹੈ। ਚੁੱਪ ਕਰਵਾਉਣ ਤੇ ਕਾਬੂ ਹੇਠ ਲਿਆਉਣ ਦੀ ਇਹ ਪ੍ਰਕਿਰਿਆ ਮੱਧਕਾਲ ਵਿਚ ਵੀ ਜ਼ੋਰਾਵਰਾਂ ਤੇ ਸੱਤਾਧਾਰੀਆਂ ਵੱਲੋਂ ਵਰਤੀ ਜਾਂਦੀ ਸੀ। ਹੈਨਰੀ-ਦੋਇਮ ਨੇ ਵੀ ਉਚੀ ਆਵਾਜ਼ ਵਿਚ ਇਹ ਆਖਿਆ ਸੀ- 'ਕੀ ਇਸ ਤਬਾਹਕੁਨ ਪਾਦਰੀ ਤੋਂ ਕੋਈ ਮੇਰਾ ਖਹਿੜਾ ਛੁਡਾਏਗਾ?' ਤਦ ਕੁਝ ਵਫ਼ਾਦਾਰਾਂ ਨੇ ਉਸ ਉਲੰਘਣਾਕਾਰ ਪਾਦਰੀ, ਭਾਵ ਕੈਂਟਰਬਰੀ ਦੇ ਆਰਚਬਿਸ਼ਪ ਨੂੰ ਸਦਾ ਲਈ ਚੁੱਪ ਕਰਵਾ ਦਿੱਤਾ ਸੀ। ਉਹ ਘਟਨਾ 1170 ਈਸਵੀ ਦੀ ਹੈ। ਉਦੋਂ ਤੋਂ ਬਾਅਦ ਗ਼ਦਰ ਮਚਾਉਣ ਵਾਲੇ ਇਸ ਜਾਂ ਉਸ ਪਾਦਰੀ ਨੂੰ ਖ਼ਾਮੋਸ਼ ਕਰਨ ਦਾ ਵਿਧੀ-ਵਿਧਾਨ ਮਾਂਜਿਆ-ਸੰਵਾਰਿਆ ਜਾਣਾ ਜਾਰੀ ਹੈ।

ਆਧੁਨਿਕ ਯੁੱਗ ਵਿਚ ਤਾਨਾਸ਼ਾਹ ਨੇ ਆਮ ਜਨਤਾ ਨੂੰ ਆਪਣੇ ਹੱਕ ਵਿਚ ਇਸ ਤਰੀਕੇ ਭੜਕਾ ਦਿੱਤਾ ਹੈ ਕਿ ਤਾਂ ਜੋ ਲੋਕਾਂ ਦੇ 'ਦੁਸ਼ਮਣ' ਦਾ ਜਾਂ 'ਤਰੱਕੀ' ਦੇ 'ਦੁਸ਼ਮਣਾਂ' ਦਾ ਖ਼ਾਤਮਾ ਕੀਤਾ ਜਾ ਸਕੇ। ਇਸ ਡਿਜੀਟਲ ਯੁੱਗ ਵਿਚ ਘੁਸਪੈਠ ਕਰਨ ਵਾਲੀ ਨਵੀਂ ਤਕਨਾਲੋਜੀ ਨੇ ਨਵੇਂ ਭਾਰਤ ਦੇ ਪ੍ਰਭੂਆਂ ਨੂੰ ਅਜਿਹਾ ਬਲਸ਼ਾਹੀ ਬਣਾ ਦਿੱਤਾ ਹੈ ਕਿ ਉਹ ਦੂਰ-ਦੁਰਾਡੇ ਦੀਆਂ ਘਟਨਾਵਾਂ ਅਤੇ ਵਿਅਕਤੀਆਂ ਨੂੰ ਆਪਣੇ ਕਾਬੂ ਹੇਠ ਰੱਖਣ ਲਈ ਇਸ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗ ਪਏ ਹਨ। ਅਜਿਹੇ ਆਲਮ ਵਿਚ ਗੌਰੀ ਲੰਕੇਸ਼ ਵਰਗੀਆਂ ਮਲੂਕ ਆਵਾਜ਼ਾਂ ਨੂੰ ਤਾਂ ਵਿਰੋਧ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਹੀ ਨਹੀਂ ਜਾ ਸਕਦੀ। ਇਸੇ ਲਈ ਉਸ ਨੂੰ ਤਾਂ ਮਰਨਾ ਹੀ ਪੈਣਾ ਸੀ।

---

# ਪ੍ਰਭਾਸ਼ ਜੋਸ਼ੀ ਤੇ ਗੌਰੀ ਲੰਕੇਸ਼ ਹੋਣ ਦਾ ਮਹੱਤਵ

ਹਿੰਦੀ ਦੇ ਉਘੇ ਪ੍ਰਕਾਸ਼ਕ ਰਾਜਕਮਲ ਪ੍ਰਕਾਸ਼ਨ ਨੇ ਤਿੰਨ ਹਫ਼ਤੇ ਪਹਿਲਾਂ ਮੈਨੂੰ ਇਕ ਪੁਸਤਕ 'ਲੋਕ ਕਾ ਪ੍ਰਭਾਸ਼' ਭੇਜੀ। ਰਾਮਸ਼ੰਕਰ ਕੁਸ਼ਵਾਹ ਵੱਲੋਂ ਲਿਖੀ ਗਈ ਇਹ ਕਿਤਾਬ ਹਿੰਦੀ ਦੇ ਉਘੇ ਪੱਤਰਕਾਰ ਪ੍ਰਭਾਸ਼ ਜੋਸ਼ੀ ਦੀ ਸਾਹਿਤਕ ਜੀਵਨੀ ਹੈ। ਇਸ ਪੁਸਤਕ ਬਾਰੇ ਮੇਰੀ ਲਿਖਣ ਦੀ ਇੱਛਾ ਰਹੀ ਹੈ ਅਤੇ ਪਿਛਲੇ ਹਫ਼ਤੇ, ਜਦੋਂ ਗੌਰੀ ਲੰਕੇਸ਼ ਦੀ ਹੱਤਿਆ ਕਰ ਦਿੱਤੀ ਗਈ, ਤਾਂ ਮੈਨੂੰ ਜਾਪਿਆ ਕਿ ਪ੍ਰਭਾਸ਼ ਜੋਸ਼ੀ ਅਤੇ ਉਨ੍ਹਾਂ ਵੱਲੋਂ ਜਿਸ ਕਿਸਮ ਦੀ ਪੱਤਰਕਾਰੀ ਸਾਕਾਰ ਤੇ ਉਤਸ਼ਾਹਿਤ ਕੀਤੀ ਜਾਂਦੀ ਸੀ, ਬਾਰੇ ਗੱਲ ਕਰਨ ਦਾ ਇਹ ਸਭ ਤੋਂ ਢੁੱਕਵਾਂ ਸਮਾਂ ਹੈ।

ਰਾਜੇਂਦਰ ਮਾਥੁਰ ਨੂੰ ਛੱਡ ਕੇ ਪ੍ਰਭਾਸ਼ ਜੋਸ਼ੀ ਹਿੰਦੀ ਭਾਸ਼ਾ ਵਿਚ ਕੰਮ ਕਰਨ ਵਾਲੇ ਇਕੋ-ਇਕ ਅਜਿਹੇ ਸੰਪਾਦਕ ਸਨ ਜਿਨ੍ਹਾਂ ਨੂੰ ਪੱਤਰਕਾਰੀ ਵਿਚ ਅੰਗਰੇਜ਼ੀ ਵਾਲਿਆਂ ਦੇ ਅਤਿਅੰਤ ਦਬਦਬੇ ਵਾਲੇ ਮਾਹੌਲ ਵਿਚ ਵੀ ਪੜ੍ਹਿਆ, ਸੁਣਿਆ ਅਤੇ ਮੋਹਰੀਆਂ ਵਿਚ ਗਿਣਿਆ ਜਾਂਦਾ ਸੀ। ਉਨ੍ਹਾਂ ਦੇ ਪੱਤਰਕਾਰ ਸਾਥੀ ਉਨ੍ਹਾਂ ਦੀ ਇੱਜ਼ਤ ਕਰਦੇ ਸਨ ਤੇ ਜੂਨੀਅਰ ਸਹਿਕਰਮੀ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਸਨ। ਉਸ ਸਮੇਂ ਦੀਆਂ ਸ਼ਕਤੀਆਂ ਨੇ ਵੀ ਬੰਦਿਆਂ ਤੇ ਮਾਮਲਿਆਂ ਪ੍ਰਤੀ ਉਨ੍ਹਾਂ ਦੀ ਦਲੇਰਾਨਾ ਪਹੁੰਚ ਨੂੰ ਪਚਾਉਣਾ ਤੇ ਇਸ ਦੀ ਸ਼ਲਾਘਾ ਕਰਨਾ ਸਿੱਖ ਲਿਆ ਸੀ। ਨਿਖਿਲ ਚੱਕਰਵਰਤੀ, ਬੀ.ਜੀ. ਵਰਗੀਜ਼ ਅਤੇ ਗਿਰੀ ਲਾਲ ਜੈਨ ਜਿਹਿਆਂ ਦੀ ਸੰਗਤ ਵਿਚ ਪ੍ਰਭਾਸ਼ ਜੀ ਪੂਰੀ ਤਰ੍ਹਾਂ ਫਿੱਟ ਬੈਠਦੇ ਸਨ।

'ਲੋਕ ਕਾ ਪ੍ਰਭਾਸ਼' ਵਿਚ ਉਨ੍ਹਾਂ ਦੀ ਜੀਵਨ ਕਥਾ ਸਾਂਝੀ ਕੀਤੀ ਗਈ ਹੈ। ਇਹ ਕਹਾਣੀ ਪ੍ਰਮਾਣਿਕ ਵਿਚਾਰਾਂ, ਕਦਰਾਂ-ਕੀਮਤਾਂ, ਅਨੁਭਵਾਂ, ਰਵਾਇਤਾਂ ਅਤੇ ਮੱਧ ਭਾਰਤ ਦੇ ਮਾਲਵਾ ਖ਼ਿੱਤੇ ਵਿਚ ਗ਼ੈਰ-ਮਹਾਂਨਗਰੀ ਲਹਿਜੇ ਦੇ ਆਸਰੇ ਟਿਕੇ ਜੀਵਨ ਦੀ ਗਾਥਾ ਹੈ। ਉਨ੍ਹਾਂ ਦੇ ਸਭ ਤੋਂ ਨਜ਼ਦੀਕੀ ਮਿੱਤਰਾਂ ਅਤੇ ਸਹਿਕਰਮੀਆਂ ਵਿਚੋਂ ਇਕ ਰਾਮ ਬਹਾਦੁਰ ਰਾਏ ਨੇ ਇਸ ਪੁਸਤਕ ਦੀ ਲੰਮੀ ਜਾਣ-ਪਛਾਣ ਲਿਖੀ ਹੈ। ਰਾਏ ਸਾਹਿਬ ਪ੍ਰਤੱਖ ਤੌਰ 'ਤੇ ਸਾਨੂੰ ਦੱਸਦੇ ਹਨ ਕਿ ਪ੍ਰਭਾਸ਼ ਜੀ ਕਦੇ ਵੀ ਜਵਾਹਰ ਲਾਲ ਨਹਿਰੂ ਵੱਲ ਖਿੱਚੇ ਨਹੀਂ ਗਏ; ਉਹ ਗਾਂਧੀਵਾਦੀ ਸਨ ਅਤੇ ਉਹ ਵਿਨੋਬਾ ਭਾਵੇ ਦੀ ਵਿਚਾਰਧਾਰਾ ਦੇ ਕਾਇਲ ਸਨ। ਇਹ ਉਹੀ ਪ੍ਰਮਾਣਿਕਤਾ ਸੀ ਜਿਸ ਨੇ ਉਨ੍ਹਾਂ ਦੀ ਆਵਾਜ਼ ਤੇ ਕਲਮ ਨੂੰ ਇੰਨੀ ਸਪਸ਼ਟਤਾ ਅਤੇ ਇੰਨੀ ਜ਼ਿਆਦਾ ਦ੍ਰਿੜ੍ਹਤਾ ਬਖ਼ਸ਼ੀ।

ਮੈਨੂੰ ਪ੍ਰਭਾਸ਼ ਜੀ ਨੂੰ ਬੜੇ ਸਾਲਾਂ ਤੋਂ ਜਾਣਦੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਹ ਹੌਸਲਾ-ਅਫ਼ਜ਼ਾਈ ਕਰਨ ਅਤੇ ਸਹਿਮਤੀ ਦਰਸਾਉਣ ਪੱਖੋਂ ਮੇਰੇ ਉਤੇ ਹਮੇਸ਼ਾ ਦਿਆਲ ਰਹੇ। ਉਨ੍ਹਾਂ ਦੀ ਤਾਕਤਵਰ ਆਗੂਆਂ ਤਕ ਪਹੁੰਚ ਸੀ ਅਤੇ ਉਨ੍ਹਾਂ ਨੇ ਕਦੇ ਵੀ ਇਹ ਗੱਲ ਛੁਪਾਈ ਨਹੀਂ। ਸੱਤਾ ਦੇ ਕੇਂਦਰਾਂ ਨਾਲ ਇੰਨੀ ਨੇੜਤਾ ਦੇ ਬਾਵਜੂਦ ਉਨ੍ਹਾਂ ਨੇ ਉਚਿਆਂ ਅਤੇ ਜ਼ੋਰਾਵਰਾਂ ਤੋਂ ਹਮੇਸ਼ਾ ਸਤਿਕਾਰਯੋਗ ਬੌਧਿਕ ਅਤੇ ਜ਼ਿਹਨੀ ਦੂਰੀ ਬਣਾਈ ਰੱਖੀ। ਉਨ੍ਹਾਂ ਨੇ ਕਦੇ ਵੀ ਖ਼ੁਦ ਨੂੰ ਕਿਸੇ ਧਿਰ ਦਾ ਹਿੱਸਾ ਨਹੀਂ ਬਣਨ ਦਿੱਤਾ। ਕੋਈ ਵੀ ਸਿਆਸੀ ਆਗੂ ਉਨ੍ਹਾਂ ਨੂੰ ਐਵੇਂ ਹੀ ਨਹੀਂ ਸਮਝ ਸਕਦਾ ਸੀ। 2009 ਵਿਚ ਆਪਣੇ ਦੇਹਾਂਤ ਤਕ ਉਹ ਪੂਰੀ ਨਿਡਰਤਾ ਤੇ ਨਿਰਭੈਤਾ ਨਾਲ ਵਿਚਰਦੇ ਰਹੇ।

ਮਿਸਾਲ ਵਜੋਂ, ਉਹ ਭਾਰਤ ਦੇ ਅੱਠਵੇਂ ਪ੍ਰਧਾਨ ਮੰਤਰੀ ਚੰਦਰ ਸ਼ੇਖ਼ਰ ਦੇ ਬਹੁਤ ਨੇੜੇ ਸਨ। ਮੈਨੂੰ ਯਾਦ ਹੈ ਕਿ ਪ੍ਰਭਾਸ਼ ਜੀ ਹੀ ਮੈਨੂੰ ਚੰਦਰ ਸ਼ੇਖ਼ਰ ਹੋਰਾਂ ਨੂੰ ਮਿਲਾਉਣ ਲਈ ਉਨ੍ਹਾਂ ਦੇ ਭੋਂਡਸੀ ਆਸ਼ਰਮ ਲੈ ਕੇ ਗਏ ਸਨ। ਮੈਨੂੰ ਉਨ੍ਹਾਂ ਦੋਵਾਂ ਦੀ ਗੂੜ੍ਹੀ ਦੋਸਤੀ ਦਿਸ ਗਈ ਸੀ, ਪਰ ਉਨ੍ਹਾਂ ਨੇ ਚੰਦਰ ਸ਼ੇਖ਼ਰ ਦਾ ਵਿਰੋਧ ਕਰਨ ਵਿਚ ਕੋਈ ਝਿਜਕ ਨਹੀਂ ਦਿਖਾਈ, ਜਦੋਂ ਇਹ ਗੱਲ ਸਾਹਮਣੇ ਆਈ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਜੇ.ਪੀ. ਮੈਮੋਰੀਅਲ ਲਈ ਅਲਾਟ ਕੀਤੀ ਗਈ ਜ਼ਮੀਨ ਦੇ ਮਾਮਲੇ ਵਿਚ ਆਪਣੇ ਕੁਝ ਸਹਾਇਕਾਂ ਨੂੰ ਹੇਰਾਫੇਰੀ ਕਰਨ ਦਿੱਤੀ ਸੀ। ਇਹ ਨਿਡਰ ਅਤੇ ਜਨਤਕ ਜ਼ਿੰਮੇਵਾਰੀ ਦੀ ਭਾਵਨਾ ਵਾਲੀ ਪੱਤਰਕਾਰੀ ਦਾ ਬਿਹਤਰੀਨ ਸਬਕ ਸੀ।

ਹਿੰਦੀ ਭਾਸ਼ਾਈ ਪੱਤਰਕਾਰਾਂ ਦੀ ਇਕ ਪੂਰੀ ਪੀੜ੍ਹੀ ਲਈ ਉਹ ਸਚਮੁੱਚ ਆਦਰਸ਼ ਸਨ। ਇਹ



ਪੁਸਤਕ ਉਨ੍ਹਾਂ ਨੂੰ ਮਿਲੇ ਮਾਣ-ਸਤਿਕਾਰ ਦੀ ਸਨਦ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਜਿਉਂਦਾ ਰੱਖਣ ਦੀ ਕੋਸ਼ਿਸ਼ ਹੈ। ਇਸ ਲਈ ਸਵਾਲ ਇਹ ਉਂਦਾ ਹੈ: ਅਜੋਕੇ ਨਵੇਂ ਭਾਰਤ ਵਿਚ ਪ੍ਰਭਾਸ਼ ਜੀ ਕਿਵੇਂ ਵਿਚਰਦੇ, ਜਦੋਂ ਗੌਰੀ ਲੰਕੇਸ਼ ਵਰਗੇ ਬੇਖ਼ੌਫ਼ ਪੱਤਰਕਾਰਾਂ ਦੀ ਆਵਾਜ਼ ਬੰਦੂਕਾਂ ਨਾਲ ਬੰਦ ਕੀਤੀ ਜਾਣ ਲੱਗੀ ਹੈ?

ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਉਹ ਜ਼ਿੰਦਾ ਹੁੰਦੇ ਤਾਂ ਪ੍ਰਭਾਸ਼ ਜੋਸ਼ੀ ਨੇ ਗੌਰੀ ਲੰਕੇਸ਼ ਦੀ ਹੱਤਿਆ ਦਾ ਵਿਰੋਧ ਕਰਨ ਲਈ ਪ੍ਰੈਸ ਕਲੱਬ ਆਫ ਇੰਡੀਆ ਵਿਚ ਇਕੱਤਰ ਹੋਏ ਪੱਤਰਕਾਰ ਭਾਈਚਾਰੇ ਦੀ ਮੂਹਰਲੀ ਸਫ਼ ਵਿਚ ਹੋਣਾ ਸੀ। ਜੇ ਉਹ ਸਾਡੇ ਵਿਚਕਾਰ ਹੁੰਦੇ ਤਾਂ ਇਹ ਵੀ ਸੰਭਵ ਹੈ ਕਿ ਮੁੱਖ ਧਾਰਾਈ ਮੀਡੀਆ ਵਿਚ ਫੈਲ ਰਹੇ ਡਰਾਕਲਪੁਣੇ ਖ਼ਿਲਾਫ਼ ਵੀ ਆਵਾਜ਼ ਉਠਾਉਂਦੇ।

ਤਕਰੀਬਨ ਦਹਾਕਾ ਪਹਿਲਾਂ ਰਾਜਕਮਲ ਪ੍ਰਕਾਸ਼ਨ ਨੇ ਪ੍ਰਭਾਸ਼ ਜੋਸ਼ੀ ਦੇ ਕਾਲਮਾਂ ਦਾ ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤਾ ਸੀ। ਉਤਸੁਕਤਾ ਜਗਾਉਣ ਹਿਤ ਇਸ ਸੰਗ੍ਰਹਿ ਦਾ ਨਾਮ 'ਹਿੰਦੂ ਹੋਨੇ ਕਾ ਧਰਮ' ਰੱਖਿਆ ਗਿਆ ਸੀ। ਅਠਾਰਾਂ ਮਈ 2002 (ਗੁਜਰਾਤ ਵਿਚ ਹੋਏ ਫ਼ਿਰਕੂ ਦੰਗਿਆਂ ਤੋਂ ਕੁਝ ਮਹੀਨਿਆਂ ਬਾਅਦ) ਦੇ ਇਕ ਕਾਲਮ ਵਿਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਰੜੇ ਹੱਥੀਂ ਲਿਆ ਸੀ। ਉਨ੍ਹਾਂ ਨੂੰ ਸਵੈਮਸੇਵਕ ਸੰਬੋਧਨ ਕਰਦਿਆਂ ਜੋਸ਼ੀ ਨੇ ਵਾਜਪਾਈ ਵੱਲੋਂ 'ਇਸਲਾਮੀ ਅਤਿਵਾਦ' ਦੀ ਗੱਲ ਕਰਨ ਅਤੇ 'ਹਿੰਦੂਵਦੀ ਅਤਿਵਾਦ' ਦੀ ਗੱਲ ਨਾ ਕਰਨ ਉਤੇ ਸਵਾਲ ਉਠਾਇਆ ਸੀ। ਅੱਜ ਕੋਈ ਵੀ ਪੱਤਰਕਾਰ ਜਾਂ ਸੰਪਾਦਕ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇਕ ਦੋ ਸੱਚੀਆਂ ਗੱਲਾਂ ਆਖਣ ਦਾ ਖ਼ਤਰਾ ਮੁੱਲ ਲੈਣ ਦਾ ਹੌਸਲਾ ਨਹੀਂ ਕਰ ਸਕਦਾ।

ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੇ ਉਹ ਜ਼ਿੰਦਾ ਹੁੰਦੇ ਤਾਂ ਪ੍ਰਭਾਸ਼ ਜੋਸ਼ੀ ਨਾਲ ਵੀ ਗੌਰੀ ਲੰਕੇਸ਼ ਵਰਗਾ ਹੀ ਵਰਤਾਉ ਕੀਤਾ ਜਾਣਾ ਸੀ।

---

ਇਹ ਤਸੱਲੀ ਦਾ ਮਸਲਾ ਹੈ ਕਿ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਆਖ਼ਰ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਬਣਾ ਦਿੱਤੇ ਗਏ ਹਨ। ਸੁਰਜੀਤ ਪਾਤਰ ਸਤਿਕਾਰਤ ਸਾਹਿਤ ਹਸਤੀ ਹਨ ਅਤੇ ਉਨ੍ਹਾਂ ਨੂੰ ਇਸ ਅਹੁਦੇ ਨਾਲ ਨਿਵਾਜਣ ਤੋਂ ਪਹਿਲਾਂ ਬੇਲੋੜੇ ਵਿਵਾਦ ਕਾਰਨ ਸ਼ਰਮਿੰਦਗੀ ਨਹੀਂ ਦਿਵਾਉਣੀ ਚਾਹੀਦੀ ਸੀ।

ਇਹ ਵਿਵਾਦ ਸਬੰਧਿਤ ਮੰਤਰੀ ਦੇ ਲੋੜੋਂ ਵੱਧ ਉਤਸ਼ਾਹੀ ਅਤੇ ਮਜਮੇਬਾਜ਼ਾਨਾ ਰਵੱਈਏ ਕਾਰਨ ਪੈਦਾ ਹੋਇਆ। ਮੰਤਰੀ ਸਿਆਸੀ ਪ੍ਰਾਣੀ ਹੁੰਦੇ ਹਨ ਅਤੇ ਉਨ੍ਹਾਂ ਤੋਂ 'ਕੰਮ ਦੇ ਨਿਯਮਾਂ' ਵਿਚ ਨਿਪੁੰਨ ਹੋਣ ਦੀ ਤਵੱਕੋ ਨਹੀਂ ਕੀਤੀ ਜਾਂਦੀ। ਸਰਕਾਰ ਨੂੰ ਨਵਾਂ ਸਭਿਆਚਾਰ ਸਿਰਜਣ ਦੇ ਮੁੱਖ ਮੰਚ, ਭਾਵ ਕਲਾ ਪ੍ਰੀਸ਼ਦ ਦੇ ਅਹੁਦੇਦਾਰਾਂ ਨੂੰ ਬਦਲਣ ਦਾ ਪੂਰਾ ਅਧਿਕਾਰ ਹੈ, ਪਰ ਸਭਿਆਚਾਰ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਮਦਦ ਨਹੀਂ ਕੀਤੀ। ਉਨ੍ਹਾਂ ਨੂੰ ਚਾਹੀਦਾ ਸੀ ਕਿ ਮੰਤਰੀ ਨੂੰ ਦੱਸਦੇ ਕਿ ਮੰਤਰੀ ਦੇ ਅਖ਼ਤਿਆਰ ਅਤੇ ਅਧਿਕਾਰ ਇਕ ਨਿਸ਼ਚਿਤ ਤਰੀਕੇ ਨਾਲ ਵਰਤੇ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀ ਵੀ ਇਸ ਗੱਲ ਲਈ ਕਸੂਰਵਾਰ ਹਨ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੁਰਜੀਤ ਪਾਤਰ ਦੇ ਨਾਮਜ਼ਦਗੀ ਪੱਤਰ ਉਤੇ ਦਸਤਖ਼ਤ ਕਰਵਾਉਣ ਤੋਂ ਪਹਿਲਾਂ ਉਨ੍ਹਾਂ (ਅਧਿਕਾਰੀਆਂ) ਨੇ ਆਪਣਾ ਦਿਮਾਗ਼ ਵਰਤਣ ਦੀ ਖੇਚਲ ਕਿਉਂ ਨਹੀਂ ਕੀਤੀ।

ਇਸ ਗੱਲ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਮੁਲਕ ਵਿਚ ਹਰ ਕੰਮ ਕਾਨੂੰਨ ਤਹਿਤ ਕੀਤਾ ਜਾਂਦਾ ਹੈ ਅਤੇ ਕੋਈ ਮੰਤਰੀ ਜਾਂ ਮੁੱਖ ਮੰਤਰੀ ਵੀ ਇਨ੍ਹਾਂ ਨਿਯਮਾਂ ਤੇ ਕਾਨੂੰਨਾਂ ਦੀ ਉਲੰਘਣਾ ਨਹੀਂ ਕਰ ਸਕਦਾ। *-ਹਰੀਸ਼ ਖਰੇ*

# ਮੇਰੇ ਗਾਇਕੀ ਖੇਤਰ ਦੇ ਸਫਰ ਦੀਆਂ ਕੁਝ ਅੱਖੜ ਘਟਨਾਵਾਂ





ਐਸ. ਅਸ਼ੋਕ ਭੌਰਾ
ਫੋਨ: 510-415-3315

ਜ਼ਿੰਦਗੀ ਵਿਚ ਕੁਝ ਘਟਨਾਵਾਂ ਅਜਿਹੀਆਂ ਵਾਪਰ ਜਾਂਦੀਆਂ ਹਨ, ਜਿਨ੍ਹਾਂ 'ਤੇ ਦੂਜੇ ਘੱਟ ਤੇ ਬੰਦਾ ਆਪ ਵੱਧ ਹੱਸਦਾ ਹੈ। ਜਦੋਂ 1984 ਵਿਚ ਭਾਜੀ ਬਰਜਿੰਦਰ ਸਿੰਘ ਹਮਦਰਦ ਨੇ ਅਖਬਾਰ 'ਪੰਜਾਬੀ ਟ੍ਰਿਬਿਊਨ' ਛੱਡ ਕੇ 'ਅਜੀਤ' ਦੀ ਵਾਗਡੋਰ ਸੰਭਾਲੀ ਤਾਂ ਟ੍ਰਿਬਿਊਨ ਟਰੱਸਟ ਨੇ ਸੰਪਾਦਕ ਦੇ ਅਹੁਦੇ ਲਈ ਅਰਜ਼ੀਆਂ ਮੰਗੀਆਂ ਸਨ। 22 ਸਾਲ ਦੀ ਉਮਰ ਵਿਚ ਮੈਂ ਇਸ ਅਹੁਦੇ ਲਈ ਬਿਨੈ ਪੱਤਰ ਭੇਜ ਦਿੱਤਾ ਸੀ। 1980-81 ਦੇ ਅਰਸੇ 'ਚ ਜੋ 'ਕੁੱਤਾ ਮਾਰਕਾ' ਕੰਪਨੀ ਨੇ ਨਾਮੀ ਗਾਇਕਾਂ ਦੇ ਸੰਗੀਤਕ ਸੰਗਮ ਨਾਲ ਐਚ. ਐਮ. ਵੀ. ਨਾਈਟ ਐਲ.ਪੀ. ਰਿਕਾਰਡ ਰਿਲੀਜ਼ ਕੀਤਾ ਤਾਂ ਮੈਂ ਦੂਸਰੀ ਨਾਈਟ ਲਈ ਕੰਪਨੀ ਦੇ ਮੈਨੇਜਰ ਜਹੀਰ ਅਹਿਮਦ ਕੋਲ ਇਸ ਦੇ ਸੰਚਾਲਨ ਲਈ ਪਹੁੰਚ ਗਿਆ। ਉਨ੍ਹਾਂ ਦਿਨਾਂ 'ਚ ਮੈਂ ਫਗਵਾੜੇ ਦੇ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦਾ ਸਾਂ। ਸਮਰੱਥਾ ਭਾਵੇਂ ਨਾ ਵੀ ਹੋਵੇ ਪਰ ਯਤਨ ਠੀਕ ਸੀ। ਜਹੀਰ ਅਹਿਮਦ ਦੇ ਦਫਤਰ ਮੇਰੇ ਤੋਂ ਪਹਿਲਾਂ ਕੇ. ਦੀਪ ਤੇ ਜਗਮੋਹਨ ਕੌਰ ਬੈਠੇ ਸਨ। ਮੇਰੀ ਪੇਸ਼ਕਸ਼ ਸੁਣ ਕੇ ਜਹੀਰ ਹੱਸ ਪਿਆ ਅਤੇ ਜਗਮੋਹਣ ਤੇ ਕੇ. ਦੀਪ ਨੇ ਤਾੜੀ ਵਜਾ ਦਿੱਤੀ। ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਇਵੇਂ ਜਿਵੇਂ ਅੱਖਾਂ ਦਾ ਮਰੀਜ ਦੰਦਾਂ ਦੇ ਡਾਕਟਰ ਕੋਲ ਆ ਗਿਆ ਹੋਵੇ। ਕੇ. ਦੀਪ ਨੇ ਆਪਣੇ ਟਿੱਚਰੀ ਸੁਭਾਅ ਮੁਤਾਬਕ ਮੇਰੇ 'ਤੇ ਵਿਅੰਗ ਕੱਸਿਆ, "ਕਾਕਾ ਹਾਲੇ ਤਾਂ ਤੂੰ ਰਿੜ੍ਹਨਾ ਵੀ ਨਹੀਂ ਸਿੱਖਿਆ, ਜਦੋਂ ਤੁਰਨਾ ਆਇਆ ਉਦੋਂ ਆ ਜਾਵੀਂ, ਇਹ ਐਚ. ਐਮ. ਵੀ. ਕੰਪਨੀ ਹੈ।"

ਇੰਦਰ ਲੋਕ, ਐਮ. ਵੀ. ਆਈ., ਪੌਲੀਡੋਰ, ਇਨਰੀਕੋ, ਐਮ. ਪੀ. ਆਈ., ਫਾਈਨਟੋਨ, ਪੈਰੀਟੋਨ, ਟੀ.ਐਮ.ਸੀ., ਮਿਊਜ਼ਿਕ ਮੈਮਰੀਜ਼, ਵੈਸਟਰਨ ਅਤੇ ਹੋਰ ਕਈ ਕੰਪਨੀਆਂ ਮੇਰੇ ਇਸ ਖੇਤਰ ਵਿਚ ਵਿਚਰਦਿਆਂ ਖੁੱਲ੍ਹੀਆਂ, ਜਿਨ੍ਹਾਂ ਨਾਲ ਮੇਰਾ ਸਿੱਧਾ ਜਾਂ ਅਸਿੱਧਾ ਸਬੰਧ ਰਿਹਾ ਹੈ। ਐਚ. ਐਮ. ਵੀ. ਨੇ ਮੇਰੇ ਕੁਝ ਗੀਤ ਰਿਕਾਰਡ ਕੀਤੇ ਪਰ ਮੇਰੇ ਇਸ ਸੁਪਨੇ ਨੂੰ ਬੂਰ ਨਾ ਪੈਣ ਦਿੱਤਾ। ਕੇ. ਦੀਪ ਦੀ ਕਹੀ ਗੱਲ ਮੈਨੂੰ ਯਾਦ ਹੈ ਕਿ ਕਾਕਾ ਤੇਰੇ ਮੂੰਹ 'ਚ ਅਜੇ ਦੁੱਧ ਦੇ ਦੰਦ ਨੇ ਤੇ ਸਾਡਾ ਵਿਆਹ ਤੇਰੇ ਜੰਮਣ ਦੇ ਦਿਨਾਂ 'ਚ ਹੋਇਆ ਲੱਗਦਾ ਹੈ। ਹਾਲਾਂਕਿ ਇਸ ਤੋਂ ਬਾਅਦ ਜਹੀਰ ਅਹਿਮਦ ਮੇਰਾ ਗੂੜ੍ਹਾ ਮਿੱਤਰ ਰਿਹੈ, ਕੇ. ਦੀਪ ਨਾਲ ਘੱਟ, ਜਗਮੋਹਨ ਕੌਰ ਨਾਲ ਵੱਧ ਨੇੜਤਾ ਰਹੀ ਹੈ। ਸੰਤ ਰਾਜ ਵਿੱਜ, ਪੰਨਾ ਲਾਲ, ਸੋਹਣ ਲਾਲ, ਕੇਸਰ ਸਿੰਘ ਨਰੂਲਾ, ਵੇਦ ਸੇਠੀ ਆਦਿ ਸੰਗੀਤ ਨਿਰਦੇਸ਼ਕਾਂ ਨਾਲ ਜੇ ਮੈਂ ਕੌੜਾ ਘੁੱਟ ਨਹੀਂ ਸਾਂਝਾ ਕੀਤਾ ਤਾਂ ਚਾਹ ਦੇ ਕੱਪ ਦੀ ਬਹੁਤ ਵਾਰ ਸਾਂਝ ਬਣਾਈ ਰੱਖੀ। ਐਚ. ਐਮ. ਵੀ. ਰਾਮ ਪ੍ਰਕਾਸ਼ ਗੋਇਨਕਾ ਤੋਂ ਹੁੰਦੀ ਹੁਣ ਭਾਵੇਂ ਆਪਣੀ ਕਲਕੱਤਾ ਦੀ ਡਮਡਮ ਪ੍ਰੋਡਕਸ਼ਨ ਸਮੇਤ ਕਈ ਹੋਰ ਹੱਥਾਂ 'ਚ ਚਲੀ ਗਈ ਹੋਵੇ ਪਰ ਗਾਇਕਾਂ ਦਾ ਮੱਕਾ ਰਿਹਾ ਦਰੀਆਗੰਜ ਦਾ ਭਰਤ ਰਾਮ ਰੋਡ ਵਿਚਲਾ ਐਚ. ਐਮ. ਵੀ. ਦਾ ਅੱਧਾ ਟਰੈਕ ਸਟੂਡੀਓ ਮੇਰੇ ਲਈ ਚੁਬਾਰੇ ਵਾਂਗ ਪੌੜ੍ਹੀਆਂ ਚੜ੍ਹਨ ਵਾਂਗ ਰਿਹਾ ਹੈ, ਭਾਵੇਂ ਉਤਰਨ ਵੇਲੇ ਖੁਸ਼ੀ ਘੱਟ ਤੇ ਮਾਯੂਸੀ ਵੱਧ ਹੋਈ ਹੋਵੇਗੀ।

'ਹਿਜ਼ ਮਾਸਟਰ'ਜ਼ ਵਾਇਸ' (ਐਚ. ਐਮ. ਵੀ.) ਨੂੰ ਪੰਜਾਬੀ ਲੋਕ ਕਿਸੇ ਲੋਕ ਗਾਇਕ ਦੇ ਟਰੇਡ ਮਾਰਕ ਵਾਂਗ 'ਕੁੱਤਾ ਮਾਰਕਾ' ਕੰਪਨੀ ਦੇ ਨਾਂ ਨਾਲ ਜਾਣਦੇ ਹਨ। ਹੋ ਸਕਦਾ ਹੈ, ਇਸ ਟਰੇਡ ਮਾਰਕ ਦੀ ਪਰਦੇ ਪਿਛਲੀ ਕਹਾਣੀ ਬਹੁਤਿਆਂ ਨੂੰ ਪਤਾ ਹੋਵੇ ਪਰ ਮੈਂ ਫਿਰ ਵੀ ਦੱਸਣਾ ਆਪਣਾ ਫਰਜ਼ ਸਮਝਦਾ ਹਾਂ। ਬਰਤਾਨੀਆਂ 'ਚ ਇਕ ਫਰਾਂਸਿਸ ਬਰੌਡ ਅਤੇ ਮਾਰਕ ਨਾਂ ਦੇ ਦੋ ਭਰਾ ਸਨ। ਮਾਰਕ ਚੰਗੀ ਨਸਲ ਦੇ ਕੁੱਤੇ ਪਾਲਣ ਦਾ ਬੜਾ ਸ਼ੌਕੀਨ ਸੀ। 1984 ਵਿਚ ਉਸ ਨੇ ਨਿੱਪਰ ਨਾਂ ਦੇ ਇਕ ਕੁੱਤੇ ਨੂੰ ਪੁੱਤਾਂ ਵਾਂਗ ਪਾਲਿਆ। ਕਈ ਵਾਰ ਉਹ ਉਸ ਨੂੰ ਨਾਲ ਹੀ ਪਾ ਕੇ ਸੌਂ ਜਾਂਦਾ ਸੀ। ਐਚ. ਐਮ. ਵੀ. ਦੀ ਜਿਸ ਤਵੇ ਵਾਲੀ ਛੋਟੀ ਮਸ਼ੀਨ ਨੂੰ ਤੁਸੀਂ ਅਕਸਰ ਇਕ ਭੌਂਪੂ (ਹੌਰਨ) ਅੱਗੇ ਮੂੰਹ ਕਰਕੇ ਬੈਠਿਆ ਵੇਖਿਆ ਹੋਵੇਗਾ, ਇਹ ਉਹੀ ਨਿੱਪਰ ਨਾਂ ਦਾ ਕੁੱਤਾ ਹੈ ਜਿਸ ਨੇ ਦੁਨੀਆਂ ਦੇ ਸਭ ਤੋਂ ਵੱਡੇ ਸੰਗੀਤਕ ਟਰੇਡ ਮਾਰਕ ਨੂੰ ਇਕ ਨਿਵੇਕਲੀ ਦਿੱਖ ਦਿੱਤੀ। ਇਤਫਾਕ ਇਹ ਸੀ ਕਿ ਫਰਾਂਸਿਸ ਕਮਾਲ ਦਾ ਚਿੱਤਰਕਾਰ ਸੀ, ਇਕ ਦਿਨ ਉਸ ਨੇ ਦੇਖਿਆ ਕਿ ਨਿੱਪਰ ਭੌਂਪੂ (ਹੌਰਨ) ਦੇ ਮੂੰਹ ਅੱਗੇ ਬੈਠਾ ਰੀਝ ਨਾਲ ਗਾਣਾ ਸੁਣ ਹੀ ਨਹੀਂ ਰਿਹਾ ਸੀ ਸਗੋਂ ਝੂਮ ਵੀ ਰਿਹਾ ਸੀ। ਫਰਾਂਸਿਸ ਦੇ ਦਿਮਾਗ ਦੀ ਕੈਨਵਸ ਵਿਚ ਇਹ ਚਿੱਤਰ ਪੂਰੀ ਤਰ੍ਹਾਂ ਉਤਰ ਗਿਆ। 1899 ਵਿਚ ਉਸ ਨੇ ਇਸ ਚਿੱਤਰ ਨੂੰ ਕੈਨਵਸ 'ਤੇ ਉਲੀਕਿਆ ਤੇ ਐਡੀਸਨ ਕੰਪਨੀ ਕੋਲ ਲੈ ਗਿਆ। ਭੌਂਪੂ ਮੂਹਰੇ ਬੈਠੇ ਕੁੱਤੇ ਦੀ ਤਸਵੀਰ ਵੇਖ ਕੇ ਐਡੀਸਨ ਕੰਪਨੀ ਦਾ ਮਾਲਕ ਹੱਸ ਪਿਆ ਅਤੇ ਕਹਿਣ ਲੱਗਾ, "ਫਰਾਂਸਿਸ ਤੇਰੀ ਕਲਪਨਾ ਤਾਂ ਕਮਾਲ ਦੀ ਹੈ ਪਰ ਖਿਆਲ ਮੂਰਖਾਂ ਵਾਲਾ ਲੱਗਦਾ ਹੈ। ਭਲਾ ਕਦੇ ਕੁੱਤੇ ਵੀ ਸੰਗੀਤ ਸੁਣਦੇ ਨੇ?"



*ਰਾਂਸਿਸ ਬਰੌਡ ਅਤੇ ਮਾਰਕ ਆਪਣੇ ਕੁੱਤੇ ਨਿੱਪਰ ਨਾਲ।*

ਫਰਾਂਸਿਸ ਨੂੰ ਇਸ ਜਵਾਬ ਨੇ ਬਹੁਤ ਝਟਕਾ ਦਿੱਤਾ ਪਰ ਉਸ ਨੇ ਹਿੰਮਤ ਨਾ ਹਾਰੀ। ਉਹ ਇਸੇ ਚਿੱਤਰ ਨੂੰ ਲੈ ਕੇ ਬਰਤਾਨੀਆਂ ਦੀ ਇਕ ਗ੍ਰਾਮੋਫੋਨ ਕੰਪਨੀ ਕੋਲ ਚਲਾ ਗਿਆ। ਕੰਪਨੀ ਨੂੰ ਤਸਵੀਰ ਪਸੰਦ ਆ ਗਈ ਪਰ ਉਨ੍ਹਾਂ ਕਿਹਾ ਕਿ ਜਿਹੜੀ ਤਸਵੀਰ ਕੁੱਤੇ ਨਾਲ ਮਸ਼ੀਨ ਦੀ ਦਿਖਾਈ ਦੇ ਰਹੀ ਹੈ, ਉਹ ਐਡੀਸਨ ਕੰਪਨੀ ਦੀ ਹੈ। ਜੇ ਤੂੰ ਐਡੀਸਨ ਦੀ ਥਾਂ ਸਾਡੀ ਕੰਪਨੀ ਦੀ ਤਸਵੀਰ ਬਣਾ ਦੇਵੇਂ ਤਾਂ ਅਸੀਂ ਇਸ ਨੂੰ ਅਪਨਾ ਸਕਦੇ ਹਾਂ। ਆਖਰ 15 ਸਤੰਬਰ 1899 ਨੂੰ ਫਰਾਂਸਿਸ ਨੇ ਆਪਣੀ ਕਲਾਕ੍ਰਿਤ ਦੇ ਹੱਕ ਇਸ ਗ੍ਰਾਮੋਫੋਨ ਕੰਪਨੀ ਨੂੰ ਪੰਜਾਹ ਪੌਂਡ ਵਿਚ ਵੇਚ ਦਿੱਤੇ ਤੇ ਇਹ ਦੁਨੀਆਂ ਦਾ ਸਭ ਤੋਂ ਵੱਡਾ ਸੰਗੀਤਕ ਟਰੇਡ ਮਾਰਕ ਬਣ ਗਿਆ। ਦੂਜੇ ਅਰਥਾਂ ਵਿਚ ਐਚ. ਐਮ. ਵੀ. ਯਾਨਿ 'ਹਿਜ਼ ਮਾਸਟਰ'ਜ਼ ਵਾਇਸ' ਕੰਪਨੀ ਦੀ ਪਛਾਣ ਹੀ, ਜੋ ਅੱਜ ਤੱਕ ਯੁੱਗ ਚਾਹੇ ਤਵਿਆਂ ਦਾ ਸੀ ਚਾਹੇ ਕੈਸਟਾਂ ਦਾ, ਇਹ ਕੁੱਤਾ ਮਾਰਕਾ ਕਲਾਕ੍ਰਿਤ ਵੇਖ ਕੇ ਸੰਗੀਤ ਪ੍ਰੇਮੀ ਝੱਟ ਪਛਾਣ ਲੈਂਦੇ ਨੇ ਕਿ ਇਹ ਪੇਸ਼ਕਸ਼ 'ਐਚ. ਐਮ. ਵੀ.' ਦੀ ਹੈ।



*ਕੇ. ਦੀਪ ਤੇ ਜਗਮੋਹਨ ਕੌਰ ਦੀ ਵਿਆਹ ਵੇਲੇ ਦੀ ਤਸਵੀਰ*

ਉਨ੍ਹਾਂ ਦਿਨਾਂ ਵਿਚ ਕੰਪਨੀ ਦੀ ਇਕ ਨੀਤੀ ਸੀ, ਜੋ ਪਿੱਛੋਂ ਜਲੰਧਰ ਦੇ ਗਾਇਕ ਭਰਾਵਾਂ ਦੀ ਇਕ ਰਿਕਾਰਡਿੰਗ ਕੰਪਨੀ ਨੇ ਵੀ ਅਪਨਾਈ। ਅਸਲ ਵਿਚ ਨਾਮੀ ਤੇ ਵਿਕਣ ਵਾਲੇ ਕਲਾਕਾਰਾਂ ਨੂੰ ਐਚ. ਐਮ. ਵੀ. ਦੇ ਇਸ ਮਾਰਕੇ ਨਾਲ ਰਿਲੀਜ਼ ਕੀਤਾ ਜਾਂਦਾ ਸੀ ਤੇ ਜਿਨ੍ਹਾਂ ਨਵਿਆਂ ਨੂੰ ਮੌਕਾ ਦਿੱਤਾ ਜਾਂਦਾ ਸੀ ਜਾਂ ਕਿਤੇ ਕਿਤੇ ਸਿਫਾਰਸ਼ੀ ਸੁਰਾਂ ਨੂੰ ਪ੍ਰੋਮੋਟ ਕਰਨਾ ਹੁੰਦਾ ਸੀ ਤਾਂ ਉਹ 'ਕੋਲੰਬੀਆ' ਕੰਪਨੀ ਦੇ ਨਾਂ ਹੇਠ ਤਵਿਆਂ ਦੇ ਰੂਪ ਵਿਚ ਮਾਰਕੀਟ ਵਿਚ ਦਿੱਤੇ ਜਾਂਦੇ ਸਨ। ਮਿਸਾਲ ਵਜੋਂ ਕੁਲਦੀਪ ਮਾਣਕ ਦਾ 'ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ' ਤੇ ਪਹਿਲਿਆਂ 'ਚ ਆਸਾ ਸਿੰਘ ਮਸਤਾਨਾ ਦਾ 'ਐਧਰ ਕਣਕਾਂ ਓਧਰ ਕਣਕਾਂ, ਵਿਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ' ਐਚ. ਐਮ. ਵੀ. ਦੀ ਕੋਲੰਬੀਆ ਜ਼ਰੀਏ ਪੇਸ਼ਕਸ਼ ਸੀ। ਨਵੀਆਂ ਨਸਲਾਂ ਲਈ ਤੇ ਸੰਗੀਤ ਦੇ ਖੇਤਰ 'ਚ ਨਵੇਂ ਪ੍ਰਵੇਸ਼ ਲੋਕਾਂ ਲਈ ਅੱਜ ਵਿਗਿਆਨਕ ਯੁੱਗ ਦੇ ਘੜਮੱਸ ਵਾਲੇ ਹਾਲਾਤ ਵਿਚ ਇਸ ਇਤਿਹਾਸ ਨੂੰ ਯਾਦ ਰੱਖਣਾ ਸ਼ਾਇਦ ਆਉਣ ਵਾਲੇ ਸਮੇਂ 'ਚ ਔਖਾ ਹੋ ਜਾਵੇਗਾ।

ਬਹੁਤ ਸਾਰੇ ਗਾਇਕਾਂ ਨੂੰ ਮੈਂ ਆਪਣੀਆਂ ਲਿਖਤਾਂ ਜ਼ਰੀਏ, ਪ੍ਰਿੰਟ ਮੀਡੀਏ ਜ਼ਰੀਏ ਤੇ ਫਿਰ ਦੂਰਦਰਸ਼ਨ ਰਾਹੀਂ ਬਰੇਕ ਦੇਣ ਲਈ ਸਫਲ ਯਤਨ ਕੀਤੇ ਹਨ। ਇਸ ਖੇਤਰ 'ਚ ਵਿਚਰਦਿਆਂ ਕੁਪੱਤ ਕਰਵਾਉਣ ਦੀ ਮੈਂ ਪਹਿਲੀ ਸਥਿਤੀ ਉਦੋਂ ਪੈਦਾ ਕਰ ਲਈ ਸੀ, 'ਜਦੋਂ ਦਾ ਜੱਟ ਫੇਰ ਗਿਆ ਹੱਥ' ਗੀਤਾਂ ਨਾਲ ਨਿਆਣੀ ਉਮਰੇ ਦੋ-ਅਰਥੀ ਖਿਆਲਾਂ ਨੂੰ ਸ਼ਬਦਾਂ 'ਚ ਪਰੋਅ ਕੇ ਪ੍ਰਸਿੱਧੀ ਖੱਟਣ ਦਾ ਘਟੀਆ ਯਤਨ ਕੀਤਾ ਸੀ। ਹਾਲਾਂਕਿ ਇਹ ਗੀਤ ਬਹੁਤਿਆਂ ਦੇ ਧਿਆਨ ਵਿਚ ਨਾ ਹੋਵੇ ਪਰ ਮੈਂ ਆਪਣੇ ਆਪ ਇਸ ਪ੍ਰਤੀ ਸ਼ਰਮਿੰਦਗੀ ਤਾਂ ਮਹਿਸੂਸ ਕਰਦਾ ਹਾਂ, ਪਰ ਕੱਚੀ ਉਮਰੇ ਗਲਤੀਆਂ ਸਭ ਤੋਂ ਹੋ ਜਾਂਦੀਆਂ ਨੇ, ਜਦੋਂ ਦਿਮਾਗੀ ਵਿਕਾਸ ਜਵਾਨੀ ਦੇ ਨਸ਼ੇ ਕਰਕੇ ਰੁਕ ਗਿਆ ਹੁੰਦਾ ਹੈ।

ਦੂਜੀ ਘਟਨਾ ਬੜੀ ਅਜੀਬ ਹੈ। ਇਕ ਗਾਇਕ ਦੋਸਤ ਦੇ ਪ੍ਰੇਮ ਵਿਆਹ 'ਚ ਅਸੀਂ ਪਿਆ ਰੋੜਾ ਚੁੱਕਣ ਲਈ ਲਗਭਗ ਜੁੱਤੀਆਂ ਖਾਣ ਵਾਲੀ ਸਥਿਤੀ ਪੈਦਾ ਕਰ ਲਈ ਸੀ। ਘਟਨਾ ਇਓਂ ਸੀ, ਕਪੂਰਥਲੇ ਜਿਲ੍ਹੇ ਦੇ ਇਕ ਸਨਅਤੀ ਸ਼ਹਿਰ ਦਾ ਇਕ ਗਵੱਈਆ ਸ਼ਹਿਰ ਦੀ ਹੀ ਇਕ ਕੁੜੀ ਨਾਲ ਪ੍ਰੇਮ ਕਰ ਬੈਠਾ। ਗਾਉਂਦਾ ਵੀ ਬਹੁਤ ਅੱਛਾ ਸੀ, ਮੇਰੇ ਵੀ ਕੁਝ ਗੀਤ ਉਸ ਨੇ ਗਾਏ। ਇਕ ਦਿਨ ਇਸੇ ਸ਼ਹਿਰ ਦੀ ਇਕ ਰਿਕਾਰਡਿੰਗ ਕੰਪਨੀ ਦੇ ਦਫਤਰ 'ਚ ਬੈਠੇ ਸਾਂ ਕਿ ਉਹ ਗਾਇਕ ਵੀ ਆ ਗਿਆ। ਕੰਪਨੀ ਦਾ ਮਾਲਕ ਮੈਨੂੰ ਕਹਿਣ ਲੱਗਾ, ਇਹ ਗਾਉਂਦਾ ਤਾਂ ਵਧੀਆ ਹੈ ਹੀ ਪਰ ਅੱਜ ਕੱਲ ਇਕ ਸਮੱਸਿਆ 'ਚ ਉਲਝਿਆ ਹੋਇਆ ਹੈ, ਜਿੱਥੇ ਇਹਨੇ ਪ੍ਰੇਮ ਦੀਆਂ ਡੋਰੀਆਂ ਸੁੱਟੀਆਂ ਹਨ, ਉਹ ਪਰਿਵਾਰ ਅੱਧਾ ਕੁ ਵਿਦੇਸ਼ਾਂ 'ਚ ਹੈ, ਅੱਧਾ ਕੁ ਇੱਥੇ ਹੈ ਤੇ ਇਹ ਗਰੀਬ ਘਰ ਦਾ ਮੁੰਡਾ ਹੋਣ ਕਰਕੇ ਪਿਆਰ ਦੀ ਕਹਾਣੀ ਵਿਆਹ ਦੀ ਪੂਣੀ ਕੱਤਣ 'ਚ ਸਫਲ ਨਹੀਂ ਹੋ ਰਿਹਾ। ਮੈਂ ਕੰਪਨੀ ਮਾਲਕ ਨੂੰ ਸ਼ੇਖੀ ਮਾਰਦਿਆਂ ਕਿਹਾ ਕਿ ਇਹ ਕਿਹੜੀ ਗੱਲ ਹੈ, ਚੱਲ ਆਪਾਂ ਹੁਣੇ ਹੀ ਕੁੜੀ ਵਾਲਿਆਂ ਦੇ ਘਰ ਚੱਲਦੇ ਹਾਂ। ਗਾਇਕ ਉਸ ਦੇ ਦਫਤਰ ਬੈਠਾ ਰਿਹਾ ਤੇ ਅਸੀਂ ਦੋਵੇਂ ਸਕੂਟਰ 'ਤੇ ਕੁੜੀ ਵਾਲਿਆਂ ਦੇ ਘਰ ਚਲੇ ਗਏ। ਸਮਾਂ ਕੋਈ ਦੁਪਹਿਰ ਬਾਰਾਂ ਕੁ ਵਜੇ ਦਾ ਸੀ। ਕੁੜੀ ਦੀ ਮਾਂ ਨੇ ਜਾਂਦਿਆਂ ਹੀ ਪਹਿਲਾ ਸਵਾਲ ਕੀਤਾ, "ਤੁਸੀਂ ਕੌਣ ਹੋ?" ਬੈਠਣ ਲਈ ਉਸ ਨੇ ਕਿਹਾ ਨਹੀਂ ਪਰ ਅਸੀਂ ਆਪ ਹੀ ਬੈਠ ਗਏ। ਬਾਅਲੇ ਮਾਣ 'ਚ ਗੱਲ ਸ਼ੁਰੂ ਕੀਤੀ ਕਿ ਸਾਡਾ ਇਕ ਮਿੱਤਰ ਗਾਇਕ ਤੁਹਾਡੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਕਰ ਦਿਓ, ਬੜਾ ਉਜਲ ਭਵਿੱਖ ਹੈ ਉਸ ਦਾ।

ਇੰਨੇ 'ਚ ਹੀ ਕੁਪੱਤ ਦੀ ਵਾਛੜ ਹੋਣ ਲੱਗੀ। ਉਹ ਕਹਿਣ ਲੱਗੀ, "ਸ਼ਰਮ ਆਉਣੀ ਚਾਹੀਦੀ ਹੈ, ਪੜ੍ਹੇ-ਲਿਖੇ ਲੱਗਦੇ ਹੋ, ਤੁਹਾਡੇ ਘਰ ਧੀਆਂ ਨਹੀਂ ਕਿ ਭੈਣਾਂ ਨਹੀਂ। ਸਾਡਾ ਉਹਦੇ ਨਾਲ ਕੀ ਮੇਲ?" ਇਸੇ ਵਾਰਤਾਲਾਪ 'ਚ ਕੁੜੀ ਦਾ ਬਾਪ ਆ ਕੇ ਸੋਫੇ 'ਤੇ ਬੈਠ ਗਿਆ ਪਰ ਉਹਦੀਆਂ ਅੱਖਾਂ ਦੱਸਦੀਆਂ ਸਨ ਕਿ ਮਾਹੌਲ ਗਰਮੀ ਵਾਲਾ ਹੈ। ਕੁੜੀ ਦੀ ਮਾਂ ਉਠ ਕੇ ਅੰਦਰ ਚਲੀ ਗਈ। ਸਾਹਮਣੇ ਪੌੜੀਆਂ 'ਚੋਂ ਉਤਰਦਾ ਮੈਨੂੰ ਲੱਗਾ ਕਿ ਕੁੜੀ ਦਾ ਭਰਾ ਹੀ ਹੈ ਪਰ ਹੈ ਇਹ ਪ੍ਰੇਮੀ ਦਾ ਹੋਣ ਵਾਲਾ ਸਾਂਢੂ ਸੀ। ਉਹਨੇ ਸੱਸ ਨੂੰ ਪੁੱਛਿਆ, ਇਹ ਕੌਣ ਨੇ? ਉਹ ਆਇਆ ਵੀ ਕਿਸੇ ਬਾਹਰਲੇ ਦੇਸ਼ ਤੋਂ ਸੀ। ਉਹ ਤਾਂ ਹੋ ਗਿਆ ਕੱਪੜਿਆਂ ਤੋਂ ਬਾਹਰ। ਮਾਂ ਉਹਨੂੰ ਰੋਕੇ, ਪਰ ਉਹ ਕਹੇ ਮੈਨੂੰ ਫੜਾ ਦਿਓ ਅੱਜ ਜੋ ਵੀ ਘਰ ਵਿਚ ਹੈ, ਇਨ੍ਹਾਂ ਦੇ ਅੱਜ ਸਿਰ ਖੋਲ੍ਹ ਦੇਣੇ ਹਨ।

ਮੈਨੂੰ ਲੱਗਾ ਕਿ ਕੁੜੀ ਦਾ ਬਾਪ ਦਰਵਾਜ਼ੇ ਦਾ ਬਾਹਰੋਂ ਕੁੰਡਾ ਲਾਏਗਾ। ਮੈਂ ਅਗਲੀ ਗੱਲ ਸੁਣਨ ਤੋਂ ਪਹਿਲਾਂ ਹੀ ਕੰਪਨੀ ਮਾਲਕ ਦਾ ਹੱਥ ਫੜ ਕੇ ਕਿਹਾ, ਹੋਣ ਲੱਗੀ ਛਿਤਰੌਲ, ਆ ਜਾ ਭੱਜ ਚੱਲੀਏ। ਅਸੀਂ ਸਕੂਟਰ ਸਟਾਰਟ ਕੀਤੇ ਬਿਨਾ ਹੀ ਧੂਹ ਕੇ ਨੱਠ ਪਏ। ਪਿੱਛੋਂ ਆਵਾਜ਼ਾਂ ਸੁਣਦੀਆਂ ਸਨ, ਠਹਿਰੋ ਤੁਹਾਨੂੰ ਦਿੰਨੇਂ ਆ ਰਿਸ਼ਤਾ...। ਪਤਾ ਨਹੀਂ ਉਸ ਗਾਇਕ ਦਾ ਉਸ ਕੁੜੀ ਨਾਲ ਵਿਆਹ ਹੋਇਆ ਕਿ ਨਹੀਂ ਪਰ ਇਸ ਘਟਨਾ ਪਿੱਛੋਂ ਭਾਗਾਂ ਵਾਲੇ ਆਪਣੇ ਆਪ ਨੂੰ ਹੁਣ ਇਸ ਕਰਕੇ ਸਮਝਦੇ ਰਹਿੰਦੇ ਹਾਂ ਕਿ ਛਿੱਤਰਾਂ ਦੀ ਬਰਸਾਤ 'ਚ ਭਿੱਜਣੋਂ ਬਚ ਗਏ। ਅਸਲ 'ਚ ਪੰਜਾਬੀ ਗਾਇਕੀ ਦੇ ਖੇਤਰ 'ਚ ਤਿੰਨ ਦਹਾਕੇ ਵਿਚਰਦਿਆਂ ਅਜਿਹਾ ਬਹੁਤ ਕੁਝ ਮੇਰੇ ਨਾਲ ਜੁੜਿਆ ਹੋਇਆ ਹੈ ਜਿਸ ਦੀ ਪਿੱਠ ਭੂਮੀ ਅਜੋਕੇ ਯੁੱਗ 'ਚ ਦਿਖਾਉਣੀ ਕਈ ਵਾਰ ਔਖੀ ਹੋ ਜਾਂਦੀ ਹੈ। ਕਿਉਂਕਿ ਮੈਨੂੰ ਹੀ ਨਹੀਂ ਜਵਾਨੀ ਦੇ ਕਈ ਕਾਰਨਾਮੇ, ਕੰਮ ਢਲਦੀ ਉਮਰੇ ਬਹੁਤਿਆਂ ਨੂੰ ਪ੍ਰੇਸ਼ਾਨ ਹੀ ਕਰਦੇ ਹਨ।

ਗੀਤਕਾਰ ਬਣਨ ਦਾ ਮੈਂ ਸੁਪਨਾ ਬਹੁਤ ਵੱਡਾ ਲੈ ਕੇ ਬੈਠਾ ਸਾਂ, ਪਰ ਸਾਹਿਤਕ ਖੇਤਰ ਵਿਚ ਪ੍ਰਵੇਸ਼ ਨੇ ਮੈਨੂੰ ਕਾਫੀ ਜਿੰਮੇਵਾਰ ਬਣਾਇਆ ਹੈ। ਸਸਤੀ ਸ਼ੋਹਰਤ ਦੇ ਕਈ ਫੈਸਲੇ ਮੈਂ ਸੱਚੀਂ ਛੋਟੀ ਉਮਰੇ ਹੀ ਤਿਆਗ ਦਿੱਤੇ। ਅੰਮ੍ਰਿਤਸਰ ਦੀ ਇਕ ਪ੍ਰਕਾਸ਼ਨਾ ਕੰਪਨੀ ਨੇ ਮੈਨੂੰ ਪੇਸ਼ਕਸ਼ ਕੀਤੀ ਸੀ ਕਿ ਤੱਤੇ ਗੀਤ ਲਿਖ, ਰਮਲੇ ਵਰਗੇ ਗਾਇਕਾਂ ਤੋਂ ਰਿਕਾਰਡ ਕਰਵਾ, ਕਿਤਾਬ ਦੇ ਮੁੱਖ ਪੰਨੇ 'ਤੇ ਤੇਰੀ ਫੋਟੋ ਲਾ ਕੇ ਤੈਨੂੰ ਸਟਾਰ ਬਣਾ ਦਿਆਂਗੇ। ਪਰ ਚੰਗਾ ਹੋਇਆ ਇਸ ਫੈਸਲੇ 'ਚ ਫਸਿਆ ਨਹੀਂ ਕਿਉਂਕਿ ਤੱਤੇ ਗੀਤ ਲਿਖਣ ਵਾਲਿਆਂ ਦੀ ਮੌਤ ਨਾਲ ਦੀ ਨਾਲ ਹੀ ਹੋ ਚੁਕੀ ਹੁੰਦੀ ਹੈ।

ਕਰਤਾਰ ਰਮਲਾ ਮੇਰਾ ਬਹੁਤ ਮਿੱਤਰ ਰਿਹਾ, ਮੇਰੇ ਘਰ ਵੀ ਆਉਂਦਾ ਜਾਂਦਾ ਰਿਹਾ। ਕੁੱਕੜਾਂ ਬੀਹੜਾਂ ਦਾ ਇਕ ਜਗੀਰ ਸਿੰਘ ਪੁਲਿਸ 'ਚ ਨੌਕਰੀ ਕਰਦਾ ਸੀ। ਉਹਦੇ ਨਾਲ ਰਮਲਾ ਸਾਡੇ ਘਰ ਅਕਸਰ ਆਉਂਦਾ ਜਾਂਦਾ ਰਿਹਾ। ਇਕ ਛੋਟਾ ਚਿੱਟੇ ਰੰਗ ਦਾ ਪੈਮੇਰੀਅਨ ਕੁੱਤਾ ਮੈਨੂੰ ਜਗੀਰ ਸਿੰਘ ਨੇ ਇਸ ਦੋਸਤੀ ਦੇ ਇਵਜ਼ਾਨੇ ਵਿਚ ਦਿੱਤਾ ਸੀ। ਗਾਇਆ ਚੰਗਾ ਹੋਵੇ ਜਾਂ ਮਾੜਾ ਪਰ ਪੰਜਾਬੀ ਸੰਗੀਤ ਨੂੰ ਜਾਣਨ ਵਾਲੇ ਮੰਨਦੇ ਹਨ ਕਿ ਰਮਲੇ ਵਰਗਾ ਦੋਗਾਣਿਆਂ ਵਿਚਲਾ 'ਵੌਇਸ ਬੇਸ' ਜਿਸ ਨੂੰ ਸੰਗੀਤ ਦੀ ਤਕਨੀਕੀ ਭਾਸ਼ਾ ਵਿਚ 'ਗਰਾਮ' ਵੀ ਕਹਿੰਦੇ ਹਨ, ਕਿਸੇ ਕੋਲ ਹੈ ਹੀ ਨਹੀਂ। ਇਸ ਦੀ ਮਿਸਾਲ ਫਿਲਮ 'ਸੈਦਾ ਜੋਗਣ' ਵਿਚ ਕੁਲਦੀਪ ਮਾਣਕ ਦੇ ਗੀਤ 'ਆਹ ਲੈ ਸਾਂਭ ਲੈ ਨੀਂ ਸੈਦੇ ਦੀਏ ਨਾਰੇ, ਸਾਥੋਂ ਨੀਂ ਮੱਝੀਂ ਚਾਰ ਹੁੰਦੀਆਂ' ਤੋਂ ਪਹਿਲਾਂ 'ਅੱਛਾ ਜਾਹ ਤੇ ਅਸਾਂ ਦਾ ਰੱਬ ਰਾਖਾ' ਵਾਲਾ ਸ਼ਿਅਰ ਕਰਤਾਰ ਰਮਲੇ ਨੇ ਬਹੁਤ ਖੂਬ ਗਾਇਆ ਹੈ। ਰਮਲੇ ਦਾ ਜਦੋਂ ਸੁਖਵੰਤ ਕੌਰ ਨਾਲੋਂ ਸੈਟ ਟੁੱਟਿਆ ਤਾਂ ਉਹ ਕਹਿੰਦਾ, ਕਿਤੇ ਸੁਖਵੰਤ ਨੂੰ ਪੁੱਛੀਂ ਮੁੜ ਕੇ ਸੈਟ ਤਾਂ ਨ੍ਹੀਂ ਬਣਾਉਣਾ? ਤੇ ਫੇਰ ਜਦੋਂ ਪਰਮਜੀਤ ਸੰਧੂ ਨਾਲ ਵਿਆਹ ਵਰਗਾ ਸੈਟ ਬਣਿਆ ਤਾਂ ਉਹ ਮਾਣ ਨਾਲ ਕਿਹਾ ਕਰੇ, "ਵੇਖ ਲੈ ਹੋ ਗਈ ਨਾ ਕਮਾਲ?" ਚਲੋ! ਕਰਤਾਰ ਰਮਲੇ ਨੇ ਕਈ ਗਾਇਕਾਵਾਂ ਨਾਲ ਗਾਇਆ। ਉਹ ਭਾਵੇਂ ਵਿਹਲੀਆਂ ਹੋ ਗਈਆਂ ਹੋਣ ਪਰ ਉਹ ਕਦੇ




*ਕੁਲਦੀਪ ਮਾਣਕ ਦਾ ਕੋਲੰਬੀਆ ਜ਼ਰੀਏ ਜ਼ਿੰਦਗੀ ਦਾ ਪਹਿਲਾ ਰਿਕਾਰਡ ਹੋਇਆ ਗੀਤ 'ਜੀਜਾ ਅੱਖੀਆਂ ਨਾ ਮਾਰ' ਤਵੇ ਦੇ ਰੂਪ 'ਚ।*

ਤੇਜ਼ ਕਦੇ ਹੌਲੀ ਚੱਲੀ ਹੀ ਜਾ ਰਿਹਾ ਹੈ।

ਸੱਚੀਂ ਗਾਇਕੀ ਦੇ ਇਤਿਹਾਸ ਨੂੰ ਮਾਣਨ ਦਾ ਮੇਰਾ ਅਨੁਭਵ ਅਨੰਦਮਈ ਰਿਹਾ ਹੈ, ਚਲੋ ਨਾਰਾਜ਼ਗੀਆਂ, ਗਿਲੇ-ਸ਼ਿਕਵੇ ਤੇ ਨਿਹੋਰੇ ਜ਼ਿੰਦਗੀ ਦਾ ਹਿੱਸਾ ਹਨ ਤੇ ਕਦੀ ਵੱਧ-ਘੱਟ ਹੁੰਦੇ ਹੀ ਰਹਿੰਦੇ ਹਨ। ਮਾਣ ਨਾਲ ਕਹਾਂਗਾ ਕਿ ਪੰਜਾਬੀ ਸੰਗੀਤ ਕਰੀਬ 30 ਸਾਲ ਮੇਰੇ ਨਾਲ ਉਵੇਂ ਜੁੜਿਆ ਹੋਇਆ ਹੈ ਜਿਵੇਂ ਮਨੁੱਖ ਦੇ ਸਰੀਰ 'ਚ ਰੀੜ੍ਹ ਦੀ ਹੱਡੀ ਹੁੰਦੀ ਹੈ।

ਹੁਣ ਮੈਂ ਇਹ ਪੌੜੀਆਂ ਉਤਰ ਆਇਆ ਹਾਂ ਕਿਉਂਕਿ ਵਧਦੀ ਉਮਰ ਦੇ ਪ੍ਰਭਾਵਾਂ ਨੂੰ ਕਬੂਲ ਕਰਨਾ ਸਿਆਣਪ ਦੀ ਨਿਸ਼ਾਨੀ ਹੁੰਦੀ ਹੈ।

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### ਘੁੰਮ ਚਰਖਿਆ ਵੇ...

ਘੁੰਮ ਚਰਖਿਆ ਵੇ, ਕਾਹਤੋਂ ਘੁੰਮਦਾ ਹੁਣ ਖਲੋ ਗਿਆ।
ਏਥੇ ਲੋਕੀਂ ਬਦਲ ਗਏ, ਚਿੱਟਾ ਖੂਨ ਬੰਦੇ ਦਾ ਹੋ ਗਿਆ।


ਵੇਖ ਧਰਤੀ ਤਪਣ ਲੱਗੀ, ਕਰਦਾ ਸੂਰਜ ਹੱਥ ਕਰਾਰੇ।
ਕਿਤੇ ਸਰਦ ਸੁਭਾਅ ਅਪਨਾ ਬਦਲ ਨਾ ਜਾਣ ਚੰਨ-ਤਾਰੇ।
ਲੋਕੀਂ ਹੁਣ ਚੱਲਦੇ ਨੇ, ਸੱਚੀਂ ਨਾਲ ਬੈਸਾਖੀਆਂ ਸਾਰੇ।
ਇਹ ਡਰ ਤੇ ਸਹਿਮ ਵਾਲਾ ਮੁੜ੍ਹਕਾ, ਗਿੱਟਿਆਂ ਤੱਕ ਚੋਅ ਗਿਆ...।

ਪਾ ਲੰਘਦਾ ਵੇਖਿਆ ਸੀ, ਚਿੱਟੇ ਲੀੜੇ ਤੇ ਝੱਗੀ ਕਾਲੀ।
ਲੱਗੇ ਇਹਨੂੰ ਯਾਦ ਨਹੀਂ, ਨਾ ਸੰਨ ਚੁਰਾਸੀ, ਨਾ ਸੰਤਾਲੀ।
ਇਨ੍ਹਾਂ ਤਖਤਾਂ ਵਾਲਿਆਂ ਤੋਂ, ਅੱਕੀ ਪਈ ਏ ਖਲਕਤ ਬਾਹਲੀ।
ਵੋਟਾਂ ਦੀ ਬੁਰਕੀ ਨਾਲ, ਫੁੱਲ ਕੇ ਢਿੱਡ ਭੜੋਲਾ ਹੋ ਗਿਆ...।

ਪੁੱਤ ਨਾਲੋਂ ਧੀ ਜੰਮਦੀ, ਪਾਉਂਦੇ ਮਾਪੇ ਰੋਜ਼ ਦੁਹਾਈਆਂ।
ਪਰ ਲੁੱਚਿਆਂ-ਬਦਮਾਸ਼ਾਂ ਨੇ, ਚੀਖਾਂ ਅਬਲਾ ਦੀਆਂ ਕਢਾਈਆਂ।
ਬਚਦੇ-ਖੁਚਦੇ ਭੋਲਿਆਂ ਨੂੰ, 'ਭੌਰੇ' ਲੁੱਟ ਲਿਆ ਸਾਧਾਂ ਸਾਈਆਂ।
ਇਸ ਗਮ ਦੀ ਮਾਲਾ ਵਿਚ ਮੋਤੀ ਹਾਕਮ ਰੋਜ਼ ਪਰੋ ਗਿਆ...।

ਗੁਰਮਤਿ ਵਿਚਾਰ

# ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ



ਡਾ. ਗੁਰਨਾਮ ਕੌਰ, ਕੈਨੇਡਾ

ਭਗਤ ਕਬੀਰ ਜੀ ਦਾ ਇਹ ਸ਼ਬਦ 'ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 478 'ਤੇ ਦਰਜ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਪਰਮਾਤਮਾ ਦੇ ਨਾਮ ਦਾ ਸਿਮਰਨ ਸਹਿਜ ਅਵਸਥਾ ਵਿਚ ਟਿਕ ਕੇ ਕਰਨ ਦੀ ਪ੍ਰੇਰਨਾ ਕੀਤੀ ਹੈ ਅਤੇ ਸ਼ਬਦ ਨੂੰ ਵਿਚਾਰ ਨਾਲ ਜੋੜਿਆ ਹੈ। ਇਸ ਸ਼ਬਦ ਵਿਚ ਇਹ ਵੀ ਦੱਸਿਆ ਹੈ ਕਿ ਮਹਿਜ ਕਿਸੇ ਖਜ਼ਾਨੇ ਦੇ ਵਾਰਿਸ ਹੋ ਜਾਣ ਨਾਲ ਕੁਝ ਨਹੀਂ ਹੁੰਦਾ; ਇਹ ਵਿਰਾਸਤ ਭਾਵੇਂ ਸ਼ਬਦ ਜਾਂ ਵਿਚਾਰਾਂ ਦੀ ਹੋਵੇ, ਅਧਿਆਤਮਕ ਹੋਵੇ ਤੇ ਭਾਵੇਂ ਦੁਨਿਆਵੀ। ਅਧਿਆਤਮਕ ਜਾਂ ਕਹਿ ਲਈਏ ਕਿ ਧਾਰਮਿਕ ਵਿਰਾਸਤ ਦੇ ਸੰਦਰਭ ਵਿਚ ਬ੍ਰਹਮਾ ਦੇ ਪੁੱਤਰਾਂ ਦਾ ਹਵਾਲਾ ਦਿੰਦੇ ਹਨ। ਹਿੰਦੂ ਮਿਥਿਹਾਸ ਅਨੁਸਾਰ ਬ੍ਰਹਮਾ ਨੇ ਚਾਰੇ ਵੇਦਾਂ ਦੀ ਰਚਨਾ ਕੀਤੀ ਸੀ ਅਤੇ ਸਨਕ, ਸਨੰਦਨ ਆਦਿ ਬ੍ਰਹਮਾ ਦੇ ਪੁੱਤਰ ਸਨ ਜਿਨ੍ਹਾਂ ਨੂੰ ਵੇਦ ਵਿਰਸੇ ਵਿਚ ਮਿਲੇ, ਉਹ ਵੈਦਿਕ ਗਿਆਨ ਦੇ ਖਜ਼ਾਨੇ ਦੇ ਵਾਰਿਸ ਬਣੇ ਕਿਉਂਕਿ ਵੇਦ ਉਨ੍ਹਾਂ ਦੇ ਘਰ ਵਿਚ ਹੀ ਸਨ। ਬ੍ਰਹਮਾ ਦੇ ਪੁੱਤਰਾਂ ਨੇ ਵੇਦ ਪੜ੍ਹ ਪੜ੍ਹ ਕੇ ਸਾਰੀ ਉਮਰ ਵਿਅਰਥ ਗੁਆ ਲਈ ਕਿਉਂਕਿ ਉਨ੍ਹਾਂ ਨੇ ਵੇਦ ਪੜ੍ਹਨ ਦੇ ਬਾਵਜੂਦ ਪਰਮਾਤਮਾ ਦੇ ਗੁਣਾਂ ਨੂੰ ਨਹੀਂ ਲੱਭਿਆ ਅਤੇ ਜਾਣਿਆ (ਕਿਉਂਕਿ ਉਨ੍ਹਾਂ ਨੇ ਵਿਚਾਰ ਰਾਹੀਂ ਪਰਮਾਤਮਾ ਦੇ ਗੁਣਾਂ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ)।

ਇਥੇ ਭਗਤ ਕਬੀਰ ਸੰਗੀਆਂ ਨੂੰ, ਲੋਕਾਈ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਵਾਰ ਵਾਰ ਕਰਨ ਲਈ ਕਹਿੰਦੇ ਹਨ ਅਤੇ ਸਹਿਜ ਅਵਸਥਾ ਵਿਚ ਟਿਕ ਕੇ ਸ਼ਾਂਤ ਮਨ ਨਾਲ ਉਸ ਦੇ ਗੁਣਾਂ ਨੂੰ ਸਮਝਣ ਦਾ ਉਪਦੇਸ਼ ਕਰਦੇ ਹਨ, ਉਸ ਦੇ ਸਾਰ-ਤੱਤ ਨੂੰ ਜਾਣਨ ਦੀ ਕੋਸ਼ਿਸ਼ ਕਰਨ ਲਈ ਕਹਿੰਦੇ ਹਨ ਕਿਉਂਕਿ ਤੱਤ-ਭੜੱਤੀ ਵਿਚ ਸਿਮਰਨ ਕੀਤਿਆਂ ਉਸ ਦੇ ਗੁਣਾਂ ਦਾ ਤੱਤ ਪਤਾ ਨਹੀਂ ਲੱਗਣਾ। ਭਗਤ ਜੀ ਇਹ ਵੀ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ, ਉਸ ਦੀ ਜੋਤਿ ਮਨੁੱਖ ਦੇ ਸਰੀਰ ਵਿਚ ਹੀ ਵੱਸਦੀ ਹੈ। ਇਸ ਲਈ ਇਸ ਸਰੀਰ ਨੂੰ ਹੀ ਚਾਟੀ ਬਣਾਉਣ ਲਈ ਕਿਹਾ ਹੈ ਜਿਸ ਵਿਚ ਨਾਮ ਨੂੰ ਰਿੜਕਣਾ ਹੈ ਅਰਥਾਤ ਜੋਤਿ ਨੂੰ ਜਗਾਉਣਾ ਹੈ। ਮਨ ਨੂੰ ਮਧਾਣੀ ਬਣਾਉਣ ਦਾ ਉਪਦੇਸ਼ ਦਿੱਤਾ ਹੈ ਭਾਵ ਮਨ ਨੂੰ ਬਾਹਰ ਦੀ ਭਟਕਣਾ ਵੱਲੋਂ ਮੋੜ ਕੇ ਪਰਮਾਤਮਾ ਦੇ ਨਾਮ ਵਿਚ ਟਿਕਾਉਣ ਲਈ ਕਿਹਾ ਹੈ, ਇਸ ਮਨ ਨਾਲ ਹੀ ਪਰਮਾਤਮਾ ਦਾ ਸਿਮਰਨ-ਰੂਪੀ ਦੁੱਧ ਰਿੜਕਿਆ ਜਾਣਾ ਹੈ। ਇਸ ਸਰੀਰ ਰੂਪੀ ਚਾਟੀ ਵਿਚ ਸ਼ਬਦ-ਰੂਪੀ ਜਾਗ ਲਾਉਣ ਦੀ ਸਿੱਖਿਆ ਦਿੱਤੀ ਹੈ। ਸ਼ਬਦ-ਰੂਪੀ ਜਾਗ ਸਿਮਰਨ-ਰੂਪੀ ਦੁੱਧ ਵਿਚੋਂ ਪਰਮਾਤਮਾ ਨਾਲ ਮੇਲ-ਰੂਪੀ ਤੱਤ ਕੱਢਣ ਵਿਚ ਮਦਦ ਕਰਦਾ ਹੈ। ਉਸੇ ਤਰ੍ਹਾਂ ਜਿਵੇਂ ਦਹੀਂ ਦਾ ਜਾਗ ਲੱਗੇ ਦੁੱਧ ਨੂੰ ਸਹਿਜ ਭਾ ਰਿੜਕਣ ਨਾਲ ਉਸ ਵਿਚੋਂ ਮੱਖਣ ਨਿਕਲਦਾ ਹੈ। ਜੋ ਮਨੁੱਖ ਆਪਣੇ ਮਨ ਵਿਚ ਪਰਮਾਤਮਾ ਦੇ ਇਸ ਸਿਮਰਨ-ਰੂਪੀ ਰਿੜਕਣ ਦਾ ਕਾਰਜ ਕਰਦਾ ਹੈ, ਉਸ ਨੂੰ ਪਰਮਾਤਮਾ ਦੇ ਨਾਮ-ਰੂਪੀ ਅੰਮ੍ਰਿਤ ਦਾ ਸੋਮਾ ਪ੍ਰਾਪਤ ਹੁੰਦਾ ਹੈ। ਭਗਤ ਕਬੀਰ ਕਹਿੰਦੇ ਹਨ ਕਿ ਜਿਸ 'ਤੇ ਪਾਤਿਸ਼ਾਹ ਦੀ ਮਿਹਰ ਹੁੰਦੀ ਹੈ, ਉਹ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਸੰਸਾਰ ਸਾਗਰ ਤੋਂ ਪਾਰ ਹੋ ਜਾਂਦਾ ਹੈ:

ਸਨਕ ਸਨੰਦ ਅੰਤੁ ਨਹੀ ਪਾਇਆ॥
ਬੇਦ ਪੜੇ ਪੜਿ ਬ੍ਰਹਮੇ
ਜਨਮੁ ਗਵਾਇਆ॥੧॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਜੈਸੇ
ਤਤੁ ਨ ਜਾਈ॥੧॥ਰਹਾਉ॥
ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥
ਇਸੁ ਮਟੁਕੀ ਮਹਿ ਸਬਦੁ ਸੰਜੋਈ॥੨॥
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥
ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ॥੩॥
ਕਹੁ ਕਬੀਰ ਨਦਰਿ ਕਰੇ ਜੇ ਮੀਰਾ॥
ਰਾਮ ਨਾਮ ਲਗਿ ਉਤਰੇ ਤੀਰਾ॥੪॥

ਇਸ ਲੇਖ ਦਾ ਮੁੱਖ ਮਕਸਦ ਸ਼ਬਦ ਅਤੇ ਵਿਚਾਰ ਨਾਲ ਸਬੰਧਤ ਹੈ। ਜਦੋਂ ਮਨੁੱਖ ਸ਼ਬਦ ਅਤੇ ਸ਼ਬਦ ਉਤੇ ਵਿਚਾਰ ਨਾਲੋਂ ਟੁੱਟ ਜਾਂਦਾ ਹੈ ਤਾਂ ਉਹ ਕਿਸੇ ਵੀ ਪਖੰਡ ਦਾ, ਪਖੰਡੀ 'ਬਾਬੇ' ਜਾਂ ਸਾਧ ਦਾ ਨਿਸ਼ਾਨਾ ਛੇਤੀ ਹੀ ਬਣ ਜਾਂਦਾ ਹੈ। ਪਿਛਲੇ ਲੇਖ ਵਿਚ ਡੇਰਿਆਂ ਦੇ ਸਫਲ ਹੋਣ ਜਾਂ ਆਮ ਲੋਕਾਂ ਦਾ ਡੇਰਿਆਂ ਵੱਲ ਖਿੱਚੇ ਜਾਣ ਦੇ ਕੁਝ ਕਾਰਨਾਂ ਵਿਚ ਜਾਣ ਦੀ ਕੋਸ਼ਿਸ਼ ਕੀਤੀ ਸੀ। ਗਰੀਬੀ, ਥੁੜ੍ਹਾਂ ਮਾਰਿਆ ਆਮ ਮਨੁੱਖ ਅਤੇ ਉਸ ਦੇ ਨਾਲ ਹੀ ਪ੍ਰਮੁਖ ਧਰਮਾਂ ਦੇ ਆਗੂਆਂ ਤੇ ਧਾਰਮਿਕ ਰਸੂਖ ਵਾਲੇ ਲੋਕਾਂ ਦਾ ਦੁਨਿਆਵੀ ਤੌਰ 'ਤੇ ਆਪ ਤੋਂ ਘੱਟ ਰਸੂਖ ਵਾਲੇ ਲੋਕਾਂ ਪ੍ਰਤੀ ਨਜ਼ਰੀਆ, ਪੰਜਾਬ ਵਿਚ ਨਸ਼ਿਆਂ ਦੀ ਮਾਰ-ਅਜਿਹੇ ਕੁਝ ਕਾਰਨ ਹਨ ਜੋ ਲੋਕਾਂ ਨੂੰ ਡੇਰਿਆਂ ਵੱਲ ਧੱਕਣ ਦੀ ਵਜ੍ਹਾ ਬਣਦੇ ਹਨ। ਇਸ ਦੇ ਨਾਲ ਹੀ ਇੱਕ ਹੋਰ ਅਹਿਮ ਕਾਰਨ ਅਗਿਆਨ ਅਤੇ ਲਾਈਲੱਗ ਹੋਣਾ ਵੀ ਹੈ।

ਕਈ ਸਾਲ ਹੋਏ ਜਦੋਂ ਨੂਰਮਹਿਲੀਏ ਆਸ਼ੂਤੋਸ਼ ਦਾ ਰੱਫੜ ਪੰਜਾਬ ਵਿਚ ਵਧ ਗਿਆ ਸੀ ਤਾਂ ਪੰਜਾਬ ਸਰਕਾਰ ਵੱਲੋਂ ਇੱਕ ਕਮੇਟੀ ਬਣਾਈ ਗਈ ਸੀ ਜਿਸ ਵਿਚ ਸਿੱਖ ਜਗਤ ਵੱਲੋਂ ਉਠਾਏ ਗਏ ਇਤਰਾਜ਼ਾਂ ਨੂੰ ਧਿਆਨ ਵਿਚ ਰੱਖ ਕੇ ਆਸ਼ੂਤੋਸ਼ੀਆਂ ਦਾ ਸਾਹਿਤ, ਉਨ੍ਹਾਂ ਦੇ ਸਮਾਗਮਾਂ ਦੀਆਂ ਵੀਡੀਓ ਅਤੇ ਹੋਰ ਪੁਣ-ਛਾਣ ਕਰਨੀ ਸੀ। ਇਸ ਕਮੇਟੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਦੀ ਮੁਖੀ ਹੋਣ ਦੇ ਨਾਤੇ ਮੈਂ ਵੀ ਸ਼ਾਮਲ ਸਾਂ। ਮੈਨੂੰ ਉਦੋਂ ਵੀ ਪ੍ਰੇਸ਼ਾਨੀ ਹੁੰਦੀ ਸੀ, ਇਹ ਸੋਚ ਕੇ ਕਿ ਗੁਰੂਆਂ ਦੀ ਬਖਸ਼ਿਸ਼ ਨਾਲ ਪੰਜਾਬੀਆਂ ਕੋਲ ਆਮ ਕਰਕੇ ਅਤੇ ਸਿੱਖਾਂ ਕੋਲ ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸ਼ਬਦ ਦਾ, ਬਾਣੀ ਦਾ ਬਹੁਤ ਵੱਡਾ ਖਜ਼ਾਨਾ ਹੈ ਜਿਸ ਦੇ ਲੜ ਲੱਗਣ ਲਈ ਕਿਸੇ ਵਿਚੋਲੇ ਦੀ ਲੋੜ ਵੀ ਹੈ ਨਹੀਂ, ਫਿਰ ਕਿਉਂ ਲੋਕ ਇਸ ਤਰ੍ਹਾਂ ਆਸ਼ੂਤੋਸ਼ ਦੇ ਮਗਰ ਲੱਗੇ ਫਿਰਦੇ ਹਨ? ਜੇ ਉਨ੍ਹਾਂ ਦੀਆਂ ਵੀਡੀਓ ਧਿਆਨ ਨਾਲ ਦੇਖੀਆਂ ਜਾਣ, ਤਾਂ ਹੱਟੇ ਕੱਟੇ ਪਲੇ ਹੋਏ ਸਾਧ ਨਜ਼ਰ ਆਉਂਦੇ ਹਨ। ਅਜਿਹੇ ਲੋਕਾਂ ਵਿਚ ਕਿਉਂ ਕੁੜੀਆਂ ਪ੍ਰਚਾਰਕ ਬਣ ਕੇ ਜਾਂਦੀਆਂ ਹਨ?

ਡੇਰਿਆਂ 'ਤੇ ਕੀ ਕੁਝ ਹੁੰਦਾ ਹੈ, ਇਹ ਪਹਿਲਾਂ ਵੀ ਉਜਾਗਰ ਹੁੰਦਾ ਰਿਹਾ ਹੈ ਅਤੇ ਸਿਰਸਾ ਡੇਰੇ ਦੀ ਕਾਰਗੁਜ਼ਾਰੀ ਨੇ ਹੋਰ ਉਜਾਗਰ ਕਰ ਦਿੱਤਾ ਹੈ। ਕੋਈ ਵੀ ਇਸ ਤੱਥ ਤੋਂ ਮੁੱਕਰ ਨਹੀਂ ਸਕਦਾ ਕਿ ਬਹੁਤੇ ਡੇਰਿਆਂ ਵਿਚ ਅਜਿਹੀਆਂ ਗੱਲਾਂ ਦਾ ਵਾਪਰਨਾ ਆਮ ਗੱਲ ਹੈ ਭਾਵੇਂ ਇਹ ਉਜਾਗਰ ਹੋ ਸਕਣ ਜਾਂ ਨਾ ਹੋ ਸਕਣ। ਇੱਕ ਗੱਲ ਹੋਰ ਜੋ ਪ੍ਰੇਸ਼ਾਨ ਕਰਦੀ ਹੈ, ਉਹ ਇਹ ਕਿ ਆਸ਼ੂਤੋਸ਼ ਯੂ.ਪੀ./ਬਿਹਾਰ ਵਿਚ ਜੰਮਿਆ-ਪਲਿਆ ਜਿਸ ਬਾਰੇ ਕਈ ਤਰ੍ਹਾਂ ਦੇ ਖੁਲਾਸੇ ਕਰਦੇ ਲਿਖਤੀ ਸਬੂਤ ਸ਼ਿਕਾਇਤ ਕਰਨ ਵਾਲਿਆਂ ਵੱਲੋਂ ਕਮੇਟੀ ਸਾਹਮਣੇ ਪੇਸ਼ ਕੀਤੇ ਗਏ। ਇਹ ਕਿਉਂ ਹੋਇਆ ਕਿ ਉਸ ਨੇ ਆ ਕੇ ਨੂਰ ਮਹਿਲ ਵਿਚ ਆਪਣਾ ਡੇਰਾ ਬਣਾ ਲਿਆ ਅਤੇ ਸਥਾਨਕ ਲੋਕਾਂ ਦੇ ਵਿਰੋਧ ਦੇ ਬਾਵਜੂਦ ਏਨੇ ਪੰਜਾਬੀ ਉਸ ਦੇ ਮਗਰ ਲੱਗ ਤੁਰੇ? ਇਹ ਕੋਈ ਮਹਿਜ ਆਮ ਲੋਕ ਹੀ ਨਹੀਂ ਸਨ ਬਲਕਿ ਚੰਗੇ ਭਲੇ, ਮੇਜਰਾਂ, ਕਰਨਲਾਂ, ਅਧਿਆਪਕਾਂ ਤੱਕ ਪੜ੍ਹੇ-ਲਿਖੇ ਲੋਕ ਉਸ ਦੇ ਚੇਲੇ ਸਨ।

ਇਸੇ ਤਰ੍ਹਾਂ ਸਿਰਸੇ ਵਾਲਾ ਸਾਧ ਭਾਵੇਂ ਜਾਤ-ਗੋਤ ਤੋਂ ਪੰਜਾਬੀ ਹੀ ਨਜ਼ਰ ਆਉਂਦਾ ਹੈ ਪਰ ਜੰਮਿਆ-ਪਲਿਆ ਰਾਜਸਥਾਨ ਵਿਚ, ਡੇਰਾ ਕਾਇਮ ਕੀਤਾ ਸਿਰਸੇ ਵਿਚ ਅਤੇ ਪੰਜਾਬ ਦੇ ਮਾਲਵੇ ਦਾ ਸਾਰਾ ਇਲਾਕਾ ਉਸ ਦੇ ਮਗਰ ਤੁਰਿਆ ਫਿਰਦਾ ਸੀ? ਇਸ ਤੋਂ ਪੰਜਾਬੀਆਂ ਦੇ ਸੁਭਾਅ ਉਤੇ ਥੋੜ੍ਹਾ ਸ਼ੱਕ ਹੋਣ ਲਗਦਾ ਹੈ ਕਿ ਸ਼ਾਇਦ ਇਹ ਇਨ੍ਹਾਂ ਦੇ ਲਾਈਲੱਗ ਸੁਭਾਅ ਦਾ ਹਿੱਸਾ ਹੈ ਕਿ ਜਿਧਰ ਨੂੰ ਇੱਕ ਤੁਰਦਾ ਹੈ, ਬਿਨਾ ਕਿਸੇ ਲੰਮੀ-ਚੌੜੀ ਸੋਚ-ਵਿਚਾਰ ਦੇ ਸਾਰਾ ਲਾਣਾ ਉਸੇ ਪਾਸੇ ਤੁਰ ਪੈਂਦਾ ਹੈ। ਪੰਜਾਬ ਵਿਚ ਚੱਪੇ ਚੱਪੇ ਡੇਰੇ ਹਨ ਜੋ ਕਹਿਣ ਨੂੰ ਤਾਂ ਓਟ-ਆਸਰਾ ਬਾਣੀ ਦਾ ਹੀ ਲੈਂਦੇ ਹਨ ਪਰ ਹਰ ਇੱਕ ਨੇ ਆਪਣੀ ਆਪਣੀ ਰਹਿਤ-ਮਰਿਆਦਾ ਅਤੇ ਆਪਣੇ ਆਪਣੇ ਢਕਵੰਜ ਬਣਾਏ ਹੋਏ ਹਨ।

ਕਹਿਣ ਨੂੰ ਬੇਸ਼ੱਕ ਧਾਰਮਿਕ ਨੇਤਾ ਕਹੀ ਜਾਣ ਕਿ ਡੇਰਿਆਂ ਨੇ ਕੋਈ ਨੁਕਸਾਨ ਨਹੀਂ ਕੀਤਾ ਪਰ ਸੂਖਮ ਢੰਗ ਨਾਲ ਡੇਰੇ ਸਿੱਖੀ ਦਾ ਵੀ ਨੁਕਸਾਨ ਕਰ ਰਹੇ ਹਨ ਅਤੇ ਸਮਾਜ ਦਾ ਵੀ। ਵੱਡਾ ਨੁਕਸਾਨ ਇਹ ਕਿ ਰਾਜਨੀਤੀ 'ਤੇ ਅਸਰ ਅੰਦਾਜ਼ ਹੋ ਰਹੇ ਹਨ। ਨੇਤਾ ਲੋਕਾਂ ਨੂੰ ਬਣੇ-ਬਣਾਏ ਵੋਟ-ਬੈਂਕ ਮਿਲ ਜਾਂਦੇ ਹਨ ਜਿਸ ਕਰਕੇ ਉਹ ਡੇਰਿਆਂ ਦੀ ਹਰ ਤਰ੍ਹਾਂ ਨਾਲ ਪ੍ਰਸ਼ਤਪਨਾਹੀ ਕਰਦੇ ਹਨ ਅਤੇ ਇੱਕ ਤਰ੍ਹਾਂ ਨਾਲ ਗੈਰ-ਸਮਾਜਿਕ ਕੰਮ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਕਿਸ ਤਰ੍ਹਾਂ ਹਰਿਆਣਾ ਸਰਕਾਰ ਨੇ ਸਿਰਸੇ ਵਾਲੇ ਸਾਧ ਦੀ ਮਦਦ ਕੀਤੀ ਹੈ, ਇਹ ਹੁਣ ਕੋਈ ਲੁਕਿਆ ਹੋਇਆ ਤੱਥ ਨਹੀਂ ਹੈ। ਇੱਕ ਮਾਮੂਲੀ ਸਾਧ ਨੂੰ ਅਤੇ ਉਸ ਦੇ ਚੇਲਿਆਂ ਨੂੰ ਹਰ ਤਰ੍ਹਾਂ ਨਾਲ ਮਨਮਾਨੀ ਕਰਨ ਦਿੱਤੀ ਗਈ।

ਖਬਰਾਂ ਅਨੁਸਾਰ ਕਿੰਨੇ ਦਿਨਾਂ ਤੱਕ ਫੌਜ ਨੂੰ ਡੇਰੇ ਦੇ ਅੰਦਰ ਜਾਣ ਦੇ ਅਤੇ ਤਲਾਸ਼ੀ ਲੈਣ ਦੇ ਹੁਕਮ ਨਹੀਂ ਦਿੱਤੇ ਤਾਂ ਕਿ ਉਹ ਆਪਣਾ ਸਾਜ਼ੋ-ਸਮਾਨ ਅਤੇ ਹਰ ਤਰ੍ਹਾਂ ਦੇ ਰਿਕਾਰਡ ਉਥੋਂ ਕੱਢ ਕੇ ਲੈ ਜਾ ਸਕਣ। ਮਰਨ ਲਈ ਆਮ ਲੋਕਾਂ ਨੂੰ ਇਕੱਠੇ ਹੋਣ ਦਿੱਤਾ ਗਿਆ ਪਰ ਡੇਰੇ ਨਾਲ ਜੁੜੇ ਖਾਸ ਖਾਸ ਬੰਦਿਆਂ ਨੂੰ ਭੱਜ ਜਾਣ ਦਾ ਹਰ ਤਰ੍ਹਾਂ ਨਾਲ ਮੌਕਾ ਦਿੱਤਾ ਗਿਆ। ਕੋਈ ਇੱਕ ਵੀ ਪ੍ਰਬੰਧਕੀ ਬੰਦਾ ਨਹੀਂ ਮਰਿਆ, ਮਰਨ ਵਾਲੇ ਸਭ ਆਮ ਗਰੀਬ ਅਤੇ ਨਤੀਜਿਆਂ ਤੋਂ ਅਣਜਾਣ 'ਪ੍ਰੇਮੀ' ਲੋਕ ਸਨ। ਇਹ ਸਭ ਹਰਿਆਣਾ ਸਰਕਾਰ ਅਤੇ ਡੇਰੇ ਦੀ ਮਿਲੀਭੁਗਤ ਨਾਲ ਵਾਪਰਿਆ ਹੈ।

ਗੁਰੂ ਨਾਨਕ ਸਾਹਿਬ ਨੇ ਜੋ ਧਰਮ ਸਥਾਪਤ ਕੀਤਾ ਸੀ, ਉਹ ਆਮ ਲੋਕਾਂ ਦੇ ਉਧਾਰ ਲਈ, ਉਨ੍ਹਾਂ ਨੂੰ ਚੰਗੀ ਜੀਵਨ ਜਾਚ ਸਿਖਾਉਣ ਲਈ ਕੀਤਾ ਸੀ। ਇਸ ਆਦਰਸ਼ ਦੀ ਪੂਰਤੀ ਲਈ ਉਨ੍ਹਾਂ ਨੇ ਕਰਤਾਰਪੁਰ ਨੂੰ ਜਦੋਂ ਕੇਂਦਰ ਬਣਾਇਆ ਤਾਂ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੀ ਜੀਵਨ ਜਾਚ ਦੀ ਸਿਖਲਾਈ ਵਾਸਤੇ ਆਪ ਅੱਗੇ ਹੋ ਕੇ ਖੇਤਾਂ ਵਿਚ ਸਭ ਨਾਲ ਰਲ ਕੇ ਕੰਮ ਕਰਦੇ। ਸਾਂਝੇ ਲੰਗਰ ਰਾਹੀਂ ਸੇਵਾ ਕਰਨ ਤੇ ਵੰਡ ਛਕਣ ਅਤੇ ਸੰਗਤੀ ਰੂਪ ਵਿਚ ਨਾਮ ਜਪਣ ਦੀ ਪਰੰਪਰਾ ਸ਼ੁਰੂ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਸਿੱਖਾਂ ਦੀ ਮਿਨੀ ਪਾਰਲੀਮੈਂਟ ਕਰਕੇ ਜਾਣੀ ਜਾਂਦੀ ਹੈ ਅਤੇ ਹਰ ਤਰ੍ਹਾਂ ਦੇ ਧਾਰਮਿਕ ਪ੍ਰਬੰਧਾਂ ਲਈ ਜਿੰਮੇਵਾਰ ਹੈ, ਦਾ ਸਾਲਾਨਾ ਬਜਟ ਕਰੋੜਾਂ ਵਿਚ ਹੈ। ਖਬਰਾਂ ਤੋਂ ਪਤਾ ਲਗਦਾ ਹੈ ਕਿ ਗਰੀਬ ਪ੍ਰੇਮੀਆਂ ਦੇ ਬੱਚਿਆਂ ਨੂੰ ਮੁਫਤ ਵਿੱਦਿਆ ਅਤੇ ਸਿਹਤ ਸਹੂਲਤਾਂ ਮਿਲਦੀਆਂ ਸਨ। ਡੇਰੇ ਦੇ ਸਾਧ ਦੇ ਫਿਕਰ ਨਾਲੋਂ ਉਨ੍ਹਾਂ ਨੂੰ ਆਪਣੇ ਬੇਰੁਜ਼ਗਾਰ ਹੋ ਜਾਣ ਦਾ ਵੱਧ ਫਿਕਰ ਹੈ ਕਿਉਂਕਿ ਬਹੁਤੇ ਡੇਰੇ ਵਿਚ ਨੌਕਰੀ ਕਰਦੇ ਸਨ। ਸ਼੍ਰੋਮਣੀ ਕਮੇਟੀ ਕਿਉਂ ਅਜਿਹੇ ਸਕੂਲ ਨਹੀਂ ਖੋਲ੍ਹ ਸਕਦੀ ਜਿਸ ਵਿਚ ਗਰੀਬ ਬੱਚਿਆਂ ਨੂੰ ਮੁਫਤ ਵਿੱਦਿਆ ਮਿਲ ਸਕੇ? ਮੁਢਲੀਆਂ ਸਿਹਤ ਸਹੂਲਤਾਂ ਦਾ ਪ੍ਰਬੰਧ ਕਿਉਂ ਨਹੀਂ ਕੀਤਾ ਜਾ ਸਕਦਾ? ਕਿਉਂ ਇਹ ਨਹੀਂ ਕੀਤਾ ਜਾ ਸਕਦਾ ਕਿ ਇੱਕ ਪਿੰਡ ਵਿਚ ਇੱਕ ਹੀ ਗੁਰਦੁਆਰਾ ਹੋਵੇ ਜਿੱਥੇ ਸਭ ਦੀ ਬਰਾਬਰ ਦੀ ਸ਼ਮੂਲੀਅਤ ਹੋਵੇ? ਕਿਉਂ ਪਿੰਡ ਪਿੰਡ ਇਸ ਕਿਸਮ ਦੀਆਂ ਇਕਾਈਆਂ ਸਥਾਪਤ ਨਹੀਂ ਕੀਤੀਆਂ ਜਾ ਸਕਦੀਆਂ ਜੋ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨ ਅਤੇ ਨਸ਼ੇ ਛੁਡਾਉਣ ਲਈ ਵਿਸ਼ੇਸ਼ ਕੇਂਦਰ ਕਿਉਂ ਨਹੀਂ ਸਥਾਪਤ ਕੀਤੇ ਜਾ ਸਕਦੇ? ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਕਿਸੇ ਦਾ ਧਿਆਨ ਗੁਰੂ ਨਾਨਕ ਦੇ ਪਾਏ ਪੂਰਨਿਆਂ ਵੱਲ ਹੋਵੇ। ਸਾਰਾ ਧਿਆਨ ਤਾਂ ਪੈਸੇ ਅਤੇ ਰਾਜਨੀਤੀ 'ਤੇ ਖਰਚ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਇੱਕ ਸਾਧਨ ਬਣ ਗਈ ਹੈ, ਅੱਗੋਂ ਅਸੈਂਬਲੀ ਅਤੇ ਪਾਰਲੀਮੈਂਟ ਦੀ ਮੈਂਬਰੀ ਤੱਕ ਪਹੁੰਚਣ ਦੀ। ਇਹ ਸਮੂਹ ਸਿੱਖਾਂ ਦੀ ਨੁਮਾਇੰਦਾ ਨਾ ਹੋ ਕੇ ਮਹਿਜ ਅਕਾਲੀ ਦਲ (ਬਾਦਲ) ਦੀ ਨੁਮਾਇੰਦਾ ਹੋ ਗਈ ਹੈ। ਧਰਮ ਅਤੇ ਰਾਜਨੀਤੀ ਦੇ ਇਕੱਠਿਆਂ ਹੋਣ ਦੀ ਵਰਤੋਂ ਸਿਰਫ ਤੇ ਸਿਰਫ ਰਾਜਨੀਤੀ ਲਈ ਕੀਤੀ ਜਾਂਦੀ ਹੈ, ਧਰਮ ਨੂੰ ਰਾਜਨੀਤੀ ਲਈ ਹੀ ਵਰਤਿਆ ਜਾਂਦਾ ਹੈ। ਸ਼ਬਦ ਗੁਰੂ ਦੀ ਵਿਰਾਸਤ ਦੇ ਸਿੱਖ ਸੇਵਾਦਾਰ ਹਨ, ਮਾਲਕ ਨਹੀਂ। ਵਿਰਾਸਤ ਨੂੰ ਸਹੀ ਮਾਅਨਿਆਂ ਵਿਚ ਸੰਭਾਲਣਾ ਸਿੱਖਾਂ ਦੀ ਨੁਮਾਇੰਦਾ ਸੰਸਥਾ ਦਾ ਪਹਿਲਾ ਫਰਜ਼ ਬਣਦਾ ਹੈ ਅਤੇ ਇਹ ਫਰਜ਼ ਤਾਂ ਹੀ ਪੂਰਾ ਹੁੰਦਾ ਹੈ ਜੇ ਗੁਰੂਆਂ ਦੇ ਪਾਏ ਪੂਰਨਿਆਂ 'ਤੇ ਸਹੀ ਢੰਗ ਨਾਲ ਚੱਲਿਆ ਜਾਵੇ। ਗੁਰੂ ਨੇ ਸਿੱਖ ਨੂੰ ਮਾਲਕ ਬਣਨਾ ਨਹੀਂ, ਸੇਵਕ ਬਣਨਾ ਸਿਖਾਇਆ ਹੈ। ਸੇਵਾ ਰਾਹੀਂ ਹੀ ਸੱਚੇ ਨੂੰ ਧਿਆਇਆ ਅਤੇ ਪਾਇਆ ਜਾ ਸਕਦਾ ਹੈ।

ਡੇਰੇ ਕਿਉਂਕਿ ਬਣਿਆ-ਬਣਾਇਆ ਵੋਟ-ਬੈਂਕ ਹਨ, ਇਸ ਲਈ ਵੋਟਾਂ ਬਦਲੇ ਇਨ੍ਹਾਂ ਦੀ ਹਰ ਜਾਇਜ਼-ਨਾਜਾਇਜ਼ ਮਦਦ ਵੀ ਹੁੰਦੀ ਰਹੇਗੀ। ਅਸਲੀਅਤ ਵਿਚ ਤਾਂ ਸਿਆਸੀ ਪਾਰਟੀਆਂ ਅਤੇ ਲੀਡਰਾਂ ਦੀ ਮਰਜ਼ੀ ਤੋਂ ਬਿਨਾ ਕੁਝ ਹੋ ਹੀ ਨਹੀਂ ਸਕਦਾ ਪਰ ਫਿਰ ਵੀ ਚੋਣ-ਕਮਿਸ਼ਨ ਅਤੇ ਨਿਆਂਪਾਲਿਕਾ ਨੂੰ ਅੱਗੇ ਆਉਣਾ ਚਾਹੀਦਾ ਹੈ। ਜੇ ਧਰਮ ਦੇ ਨਾਂ 'ਤੇ ਵੋਟ ਮੰਗਣਾ ਮਨ੍ਹਾਂ ਹੈ, ਧਾਰਮਿਕ ਡੇਰਿਆਂ ਵਿਚ ਸਿਆਸੀ ਪਾਰਟੀਆਂ ਵੱਲੋਂ ਜਾ ਕੇ ਵੋਟ ਮੰਗਣ ਦੀ ਵੀ ਮਨਾਹੀ ਹੋਣੀ ਚਾਹੀਦੀ ਹੈ। ਇਹ ਸਿਰਫ ਕਾਨੂੰਨ ਹੀ ਨਹੀਂ ਹੋਣਾ ਚਾਹੀਦਾ, ਇਸ ਦੀ ਉਲੰਘਣਾ ਕਰਨ ਵਾਲੀਆਂ ਪਾਰਟੀਆਂ ਅਤੇ ਉਮੀਦਵਾਰਾਂ-ਦੋਵਾਂ ਨੂੰ ਅਯੋਗ ਕਰਾਰ ਦੇ ਕੇ ਇਸ ਕਾਨੂੰਨ ਦੀ ਸਖਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ। ਕੁਝ ਇਸ ਕਿਸਮ ਦੇ ਕਾਨੂੰਨ ਬਣਨੇ ਚਾਹੀਦੇ ਹਨ ਕਿ ਡੇਰਿਆਂ ਦੀ ਕਾਰਜਵਿਧੀ ਵਿਚ ਪਾਰਦਰਸ਼ਤਾ ਹੋਵੇ ਤਾਂ ਕਿ ਅਧਿਆਤਮਕਤਾ ਦੀ ਆੜ ਵਿਚ ਲੋਕਾਂ ਦੀ ਕਿਸੇ ਤਰ੍ਹਾਂ ਨਾਲ ਵੀ ਲੁੱਟ-ਖਸੁੱਟ ਨਾ ਕਰ ਸਕਣ। ਡੇਰੇਦਾਰ ਵੀ ਆਮ ਮਨੁੱਖਾਂ ਵਾਂਗ ਸਮਾਜ ਦਾ ਅੰਗ ਹਨ, ਕੋਈ ਵੀ ਵਿਅਕਤੀ ਕਾਨੂੰਨ ਤੋਂ ਉਤੇ ਨਹੀਂ ਹੋ ਸਕਦਾ। ਕਾਨੂੰਨ ਸਭ ਲਈ ਇੱਕੋ ਜਿਹੇ ਹਨ। ਇਸ ਲਈ ਹਰ ਡੇਰੇਦਾਰ 'ਤੇ ਆਮ ਲੋਕਾਂ ਵਾਂਗ ਹੀ ਕਾਨੂੰਨ ਲਾਗੂ ਹੁੰਦੇ ਹਨ ਅਤੇ ਕਾਨੂੰਨ ਦੀ ਉਲੰਘਣਾ ਕਰਨ 'ਤੇ ਸਜ਼ਾ ਵੀ ਕਾਨੂੰਨ ਮੁਤਾਬਿਕ ਹੀ ਹੋਣੀ ਚਾਹੀਦੀ ਹੈ।

ਆਮ ਲੋਕਾਂ ਨੂੰ ਇਨ੍ਹਾਂ ਡੇਰਿਆਂ ਪ੍ਰਤੀ ਚੇਤੰਨ ਹੋਣਾ ਚਾਹੀਦਾ ਹੈ। ਇਹ ਵਿਗਿਆਨਕ ਯੁੱਗ ਹੈ। ਚੇਤੰਨ ਅਤੇ ਪੜ੍ਹੇ-ਲਿਖੇ ਵਰਗ ਨੂੰ ਲੋਕਾਂ ਵਿਚ ਇਸ ਕਿਸਮ ਦੀ ਚੇਤਨਾ ਪੈਦਾ ਕਰਨੀ ਚਾਹੀਦੀ ਹੈ ਕਿ ਇਹ ਡੇਰੇਦਾਰ ਕੋਈ 'ਰੱਬ' ਨਹੀਂ ਹਨ, ਆਮ ਮਨੁੱਖਾਂ ਵਰਗੇ ਮਨੁੱਖ ਹਨ, ਬਲਕਿ ਅਧਿਆਤਮਿਕਤਾ ਦੀ ਆੜ ਹੇਠ ਇਹ ਮਨੁੱਖਤਾ ਤੋਂ ਗਿਰ ਕੇ ਆਮ ਮਨੁੱਖ ਵੀ ਨਹੀਂ ਰਹਿੰਦੇ। ਅਜਿਹੇ ਘਿਨਾਉਣੇ ਕਾਰੇ ਕਰ ਸਕਦੇ ਹਨ, ਜਿਨ੍ਹਾਂ ਨੂੰ ਕਰਦਿਆਂ ਆਮ ਮਨੁੱਖ ਸ਼ਰਮਸਾਰ ਹੋ ਜਾਂਦਾ ਹੈ; ਕਿਉਂਕਿ ਇਨ੍ਹਾਂ ਨੂੰ ਇਹ ਭਰਮ ਹੁੰਦਾ ਹੈ ਕਿ ਇਹ ਸਮਾਜ, ਕਾਨੂੰਨ ਅਤੇ 'ਰੱਬ' ਤੋਂ ਵੀ ਉਪਰ ਹਨ।

ਸਿਆਸੀ ਆਗੂਆਂ ਨੂੰ ਸਮਝ ਹੋਣੀ ਚਾਹੀਦੀ ਹੈ ਕਿ ਉਹ ਕਿੰਨੀ ਕੁ ਦੇਰ ਤੱਕ ਅਜਿਹੇ ਨੁੰਮਣਿਆਂ ਨਾਲ ਚੱਲਦੇ ਰਹਿਣਗੇ? ਆਖਰਕਾਰ ਲੋਕ-ਭਲਾਈ ਦੇ ਕੀਤੇ ਕੰਮ ਹੀ ਕਿਸੇ ਨੇਤਾ ਦੀ ਪਛਾਣ ਬਣਾਉਂਦੇ ਹਨ। ਲੋਕਾਂ ਨੂੰ ਵੀ ਇਸ ਤੱਥ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਡੇਰੇਦਾਰ ਜਾਂ ਸਾਧ ਦੀਆਂ 'ਭੇਡਾਂ' ਨਹੀਂ ਹਨ, ਜਿਨ੍ਹਾਂ ਨੂੰ ਮਰਜ਼ੀ ਨਾਲ ਹੱਕਿਆ ਜਾ ਸਕਦਾ ਹੈ। ਉਹ ਸਿਰਫ ਤਾਂ ਹੀ ਨੇਤਾ ਲੋਕਾਂ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਾ ਸਕਦੇ ਹਨ ਜੇ ਆਪ ਆਪਣੀ ਤਾਕਤ ਦਾ ਅਹਿਸਾਸ ਕਰਨਗੇ। ਆਪਣਾ ਕਾਰਜ ਆਪਣੇ ਹੱਥੀਂ ਹੀ ਸੁਆਰਨਾ ਚਾਹੀਦਾ ਹੈ:

ਜਿਸ ਕੇ ਜੀਅ ਪਰਾਣ ਹਹਿ
ਕਿਉ ਸਾਹਿਬੁ ਮਨਹੁ ਵਿਸਾਰੀਐ॥
ਆਪਣ ਹਥੀ ਆਪਣਾ
ਆਪੇ ਹੀ ਕਾਜੁ ਸਵਾਰੀਐ॥੨੦॥

ਇਹ ਚੇਤਨਾ ਸ਼ਬਦ ਦੇ ਵਿਚਾਰ ਰਾਹੀਂ ਹੀ ਆਉਣੀ ਹੈ। ਸ਼ਬਦ-ਗੁਰੂ ਦੇ ਲੜ ਲੱਗਿਆਂ ਆਉਣੀ ਹੈ ਅਤੇ ਇਸ ਦੇ ਲੜ ਲੱਗਣ ਲਈ ਕਿਸੇ ਵਿਚੋਲੇ ਦੀ ਜ਼ਰੂਰਤ ਨਹੀਂ ਹੈ।

#

---

ਗੁਰਬਾਣੀ ਗਿਆਨ

## ਹਰਿ ਹਰਿ ਨਾਮੁ ਭਜਿਓ ਪੁਰਖੋਤਮੁ

**ਸੂਹੀ ਮਹਲਾ ੪**
ਹਰਿ ਹਰਿ ਨਾਮੁ ਭਜਿਓ ਪੁਰਖੋਤਮੁ
ਸਭਿ ਬਿਨਸੇ ਦਾਲਦ ਦਲਘਾ॥
ਭਉ ਜਨਮ ਮਰਣਾ ਮੇਟਿਓ ਗੁਰ ਸਬਦੀ
ਹਰਿ ਅਸਥਿਰੁ ਸੇਵਿ ਸੁਖਿ ਸਮਘਾ॥
ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ॥ ਰਹਾਉ॥
ਨਰਪਤਿ ਰਾਜੇ ਰੰਗ ਰਸ ਮਾਣਹਿ
ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥
ਧਰਮ ਰਾਇ ਸਿਰਿ ਡੰਡੁ ਲਗਾਨਾ
ਫਿਰਿ ਪਛੁਤਾਨੇ ਹਥ ਫਲਘਾ॥
ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ
ਸਰਣਾਗਤਿ ਪੁਰਖ ਪ੍ਰਤਿਪਲਘਾ॥
ਦਰਸਨੁ ਸੰਤ ਦੇਹੁ ਸੁਖੁ ਪਾਵੈ
ਪ੍ਰਭ ਲੋਚ ਪੂਰਿ ਜਨੁ ਤੁਮਘਾ॥
ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ
ਮੋ ਕਉ ਕੀਜੈ ਦਾਨੁ ਹਰਿ ਨਿਮਘਾ॥
ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ
ਹਮ ਨਾਮ ਵਿਟਹੁ ਸਦ ਘੁਮਘਾ॥

ਗੁਰੂ ਰਾਮਦਾਸ ਜੀ ਮਹਾਰਾਜ ਮਿਹਰਬਾਨ ਪ੍ਰਭੂ ਦੇ ਨਾਮ ਦੀ ਮਹਿਮਾ ਦਾ ਵਰਣਨ ਕਰਦਿਆਂ ਫਰਮਾਉਂਦੇ ਹਨ, ਹੇ ਭਾਈ ਜਿਸ ਮਨੁੱਖ ਨੇ ਉਸ ਉਤਮ ਪੁਰਖ ਹਰੀ ਪ੍ਰਭੂ ਦਾ ਨਾਮ ਜਪਿਆ ਹੈ, ਉਸ ਦੇ ਸਾਰੇ ਦਲਿਦਰ ਦਲਾਂ ਦੇ ਦਲ ਹੀ ਨਾਸ ਹੋ ਗਏ ਹਨ। ਗੁਰੂ ਦੇ ਸ਼ਬਦ ਵਿਚ ਜੁੜ ਕੇ ਉਸ ਮਨੁੱਖ ਨੇ ਜਨਮ-ਮਰਨ ਦਾ ਸੰਸਾ ਭੀ ਮਿਟਾ ਲਿਆ ਅਤੇ ਸਦਾ ਅਟੱਲ ਰਹਿਣ ਵਾਲੇ ਪ੍ਰਭੂ ਦੀ ਸੇਵਾ ਸਿਮਰਨ ਕਰਕੇ ਅਨੰਦ ਵਿਚ ਲੀਨ ਹੋ ਗਿਆ।

ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ
ਸਿਰੁ ਵੇਚਿ ਲੀਓ ਮੁਲਿ ਮਹਘਾ॥ ਰਹਾਉ॥

ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਮਨ! ਤੂੰ ਸਦਾ ਹੀ ਉਸ ਹਰੀ ਪਰਮਾਤਮਾ ਦਾ ਨਾਮ, ਜੋ ਅਤਿ ਪਿਆਰਾ ਹੈ, ਉਸ ਨੂੰ ਸਿਮਰਿਆ ਕਰ। ਹੇ ਭਾਈ ਮੈਂ ਆਪਣਾ ਮਨ ਵੀ ਅਤੇ ਤਨ ਵੀ ਅਰਪਣ ਕਰਕੇ ਗੁਰੂ ਦੇ ਅੱਗੇ ਰੱਖ ਦਿੱਤਾ ਹੈ; ਮੈਂ ਆਪਣਾ ਸਿਰ ਵੀ ਮਹਿੰਗੇ ਮੁੱਲ ਦੇ ਵੱਟੇ ਵੇਚ ਦਿੱਤਾ ਹੈ ਅਤੇ ਸਿਰ ਦੇ ਵੱਟੇ ਵਿਚ ਸਭ ਤੋਂ ਕੀਮਤੀ ਹਰੀ ਪ੍ਰਭੂ ਦਾ ਨਾਮ ਲੈ ਲਿਆ ਹੈ।

ਨਰਪਤਿ ਰਾਜੇ ਰੰਗ ਰਸ ਮਾਣਹਿ
ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ॥
ਧਰਮ ਰਾਇ ਸਿਰਿ ਡੰਡੁ ਲਗਾਨਾ
ਫਿਰਿ ਪਛੁਤਾਨੇ ਹਥ ਫਲਘਾ॥

ਸਤਿਗੁਰੂ ਪਿਤਾ ਜੀ ਉਪਦੇਸ਼ ਕਰਦੇ ਹਨ, ਹੇ ਭਾਈ ਦੁਨੀਆਂ ਦੇ ਰਾਜੇ-ਮਹਾਰਾਜੇ ਇਸ ਝੂਠੀ ਮਾਇਆ ਦੇ ਰੰਗ-ਰਸ ਮਾਣਦੇ ਰਹਿੰਦੇ ਹਨ ਅਤੇ ਨਾਮ ਤੋਂ ਸੱਖਣੇ ਰਹਿੰਦੇ ਹਨ, ਇਸ ਲਈ ਉਨ੍ਹਾਂ ਸਭਨਾਂ ਨੂੰ ਆਤਮਕ ਮੌਤ ਫੜ ਕੇ ਅੱਗੇ ਲਾ ਲੈਂਦੀ ਹੈ, ਪਰ ਜਦੋਂ ਉਨ੍ਹਾਂ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਮਿਲਦਾ ਹੈ ਤੇ ਜਦੋਂ ਉਨ੍ਹਾਂ ਦੇ ਸਿਰ ਉਤੇ ਧਰਮਰਾਜ ਦਾ ਡੰਡਾ ਵੱਜਦਾ ਹੈ ਤਾਂ ਉਹ ਪਛਤਾਉਂਦੇ ਹਨ।

ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ
ਸਰਣਾਗਤਿ ਪੁਰਖ ਪ੍ਰਤਿਪਲਘਾ॥
ਦਰਸਨੁ ਸੰਤ ਦੇਹੁ ਸੁਖੁ ਪਾਵੈ
ਪ੍ਰਭ ਲੋਚ ਪੂਰਿ ਜਨੁ ਤੁਮਘਾ॥

ਗੁਰਦੇਵ ਜੀ ਆਖਦੇ ਹਨ, ਹੇ ਪਾਲਣਹਾਰ ਸਰਬ ਵਿਆਪਕ ਪ੍ਰਭੂ ਜੀਓ, ਅਸੀਂ ਕਿਰਮ ਭਾਵ ਕੀੜਿਆਂ ਵਰਗੇ ਨਿਮਾਣੇ ਜੀਵ ਹਾਂ। ਹੇ ਮਿਹਰਬਾਨ ਪਿਤਾ, ਅਸੀਂ ਤੇਰੀ ਸ਼ਰਣ ਆਏ ਹਾਂ, ਤੂੰ ਆਪ ਆਪਣੇ ਦਰ ਆਏ ਸੇਵਕਾਂ ਦੀ ਰੱਖਿਆ ਕਰ। ਹੇ ਪ੍ਰਭੂ ਜੀਓ, ਆਪਣੇ ਇਸ ਦਾਸ ਦੀ ਲੋਚ ਭਾਵ ਤਾਂਘ ਪੂਰੀ ਕਰ, ਇਸ ਸੇਵਕ ਨੂੰ ਆਪਣੇ ਸੰਤ ਜਨਾਂ ਦਾ ਦਰਸ਼ਨ ਬਖਸ਼ੋ ਜੀ ਤਾਂ ਕਿ ਇਹ ਦਾਸ ਆਤਮਕ ਅਨੰਦ ਪ੍ਰਾਪਤ ਕਰ ਸਕੇ।

ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ
ਮੋ ਕਉ ਕੀਜੈ ਦਾਨੁ ਹਰਿ ਨਿਮਘਾ॥
ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ
ਹਮ ਨਾਮ ਵਿਟਹੁ ਸਦ ਘੁਮਘਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਪ੍ਰਭ ਜੀਓ, ਤੂੰ ਸਭ ਤਾਕਤਾਂ ਦਾ ਮਾਲਕ ਪੁਰਖ ਹੈਂ, ਇਕ ਪਲ ਵਾਸਤੇ ਹੀ ਮੈਨੂੰ ਆਪਣੇ ਨਾਮ ਦਾ ਦਾਨ ਦੇਹ; ਇਹ ਦਾਸ ਨਾਨਕ ਆਖਦਾ ਹੈ, ਜਿਸ ਨੂੰ ਉਸ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ, ਉਹ ਜੀਵ ਹੀ ਅਨੰਦ ਮਾਣਦਾ ਹੈ। ਇਸ ਲਈ ਮੈਂ ਆਪਣੇ ਮਾਲਕ ਪ੍ਰਭੂ ਦੇ ਸੋਹਣੇ ਨਾਮ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਘਰ ਵਾਪਸੀ ਕਿਵੇਂ ਹੋਵੇ?

***ਸਿਰਸੇ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦਾ ਪਰਦਾ ਨਸ਼ਰ ਹੋਣ ਪਿਛੋਂ ਸਿੱਖ ਭਾਈਚਾਰੇ ਵਿਚ ਇਹ ਚਰਚਾ ਛਿੜ ਪਈ ਹੈ ਕਿ ਸਿੱਖ ਇਸ ਸਾਧ ਦੇ ਪੈਰੋਕਾਰ ਕਿਉਂ ਬਣੇ? ਕੁਝ ਸਿੱਖ ਆਗੂਆਂ ਵਲੋਂ ਡੇਰੇ ਵੱਲ ਗਏ ਸਿੱਖਾਂ ਨੂੰ ਘਰ ਵਾਪਸੀ ਦੀਆਂ ਅਪੀਲਾਂ ਕੀਤੀਆਂ ਜਾਣ ਲੱਗੀਆਂ ਹਨ। ਇਸ ਲੇਖ ਵਿਚ ਡਾ. ਹਰਭਜਨ ਸਿੰਘ ਨੇ ਸਵਾਲ ਉਠਾਇਆ ਹੈ ਕਿ ਸਿੱਖ ਡੇਰਾ ਸੱਚਾ ਸੌਦਾ ਜਾਂ ਅਜਿਹੇ ਹੋਰ ਡੇਰਿਆਂ ਵੱਲ ਕਿਉਂ ਗਏ? ਸਾਨੂੰ ਆਪਣੀਆਂ ਕਮੀਆਂ-ਬੇਸ਼ੀਆਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਸਿੱਖ ਆਗੂਆਂ ਨੂੰ ਵਣਜਾਰੇ ਸਿੱਖਾਂ ਜਾਂ ਨਿਮਨ ਸਮਝੇ ਜਾਂਦੇ ਸਿੱਖ ਕਬੀਲਿਆਂ ਦੀ ਸਾਰ ਲੈਣੀ ਚਾਹੀਦੀ ਹੈ ਤਾਂ ਜੋ ਉਹ ਸਿੱਖੀ ਛੱਡ ਕੇ ਕਿਸੇ ਹੋਰ ਪਾਸੇ ਨਾ ਜਾਣ। ਪਰ ਸਵਾਲ ਹੈ ਕਿ ਸਿੱਖਾਂ ਦੇ ਧਾਰਮਿਕ ਤੇ ਸਿਆਸੀ ਮੋਹਰੀਆਂ ਕੋਲ ਇਸ ਪਾਸੇ ਸੋਚਣ ਦਾ ਸਮਾਂ ਹੀ ਕਿੱਥੇ ਹੈ? ਇਨ੍ਹਾਂ ਹੀ ਨੁਕਤਿਆਂ ਨੂੰ ਲੇਖਕ ਨੇ ਲੇਖ ਵਿਚ ਉਭਾਰਿਆ ਹੈ। -ਸੰਪਾਦਕ***

ਸਿਰਸਾ ਦੀਆਂ ਘਟਨਾਵਾਂ ਤੋਂ ਬਾਅਦ ਡੇਰਾ ਪ੍ਰੇਮੀਆਂ ਦੀ ਘਰ ਵਾਪਸੀ ਉਤੇ ਸਿੱਖ ਆਗੂਆਂ ਦੇ ਭਾਂਤ-ਭਾਂਤ ਦੇ ਬਿਆਨ ਆ ਰਹੇ ਹਨ। ਪਰ ਵੱਡਾ ਸਵਾਲ ਇਹ ਹੈ ਕਿ ਲੋਕ ਘਰ ਛੱਡ ਕੇ ਗਵਾਂਢੀਆਂ ਕੋਲ ਗਏ ਕਿਉਂ? ਚਰਚਾ ਇਸ ਮੁੱਦੇ ਉਤੇ ਹੋਣੀ ਚਾਹੀਦੀ ਹੈ, ਪਰ ਜੋ ਰਾਜ-ਨੇਤਾ ਆਪ ਡੇਰੇਦਾਰਾਂ ਦੇ ਚਰਨਾਂ ਉਤੇ ਨੱਕ ਰਗੜਦੇ ਰਹੇ ਹਨ, ਉਹ ਅਤੇ ਉਨ੍ਹਾਂ ਦੇ ਥਾਪੇ ਅਹੁਦੇਦਾਰ ਅਜਿਹੇ ਵਿਸ਼ਲੇਸ਼ਣ ਦੀ ਗੱਲ ਕਿਵੇਂ ਕਰ ਸਕਦੇ ਹਨ? ਦੋ-ਚਾਰ ਦਿਨ ਉਨ੍ਹਾਂ ਦੇ ਬਿਆਨ ਆਉਣਗੇ ਕਿ ਧਰਮ-ਪ੍ਰਚਾਰ ਦੀ ਲਹਿਰ ਤੇਜ਼ ਕੀਤੀ ਜਾਵੇਗੀ। ਕਿਹੜੀ ਧਰਮ ਪ੍ਰਚਾਰ-ਲਹਿਰ? ਠੀਕ ਉਹੋ ਪ੍ਰਵਚਨਾਂ ਦੀ ਲਹਿਰ ਜੋ ਸਾਰਾ ਦਿਨ ਟੀ.ਵੀ., ਫੇਸਬੁਕ, ਵਟਸਐਪ ਉਤੇ ਬੇਰੋਕ ਚਲ ਰਹੀ ਹੈ। ਪ੍ਰਵਚਨ ਸੁਣਨਾ ਹੁਣ ਕਿਸੇ ਲਈ ਅਸੰਭਵ ਨਹੀਂ।

**ਡਾ. ਹਰਭਜਨ ਸਿੰਘ ਦੇਹਰਾਦੂਨ**
**ਫੋਨ: 91-99971-39539**

ਚੰਗੇ ਚੰਗੇ ਕਥਾਵਾਚਕ, ਪ੍ਰਚਾਰਕ, ਰਾਗੀ-ਢਾਡੀ, ਜਦੋਂ ਮਰਜ਼ੀ ਸੁਣ ਲਓ। ਪਰ ਸਭ ਨੂੰ ਪਤਾ ਹੈ ਕਿ ਉਹ ਸਾਰੇ ਸਿਰਫ ਧਰਮ ਦਾ ਬਾਜ਼ਾਰੀਕਰਣ ਕਰਨ ਵਾਲੇ ਹਨ। ਟੀ.ਵੀ. ਚੈਨਲਾਂ ਉਤੇ ਸਮਾਂ ਖਰੀਦ ਰਖਿਆ ਹੈ-ਧਰਮ ਪ੍ਰਚਾਰ ਲਈ ਨਹੀਂ, ਧਰਮ ਵੇਚਣ ਵਾਸਤੇ।

ਇਹ ਕਹਿਣਾ ਸ਼ਾਇਦ ਠੀਕ ਨਹੀਂ ਕਿ ਧਰਮ ਕੇਵਲ ਨਿਰੰਕਾਰੀਆਂ, ਰਾਧਾ ਸਵਾਮੀਆਂ ਅਤੇ ਸਿਰਸਾ ਡੇਰਾ ਨੇ ਹੀ ਵੇਚਿਆ ਹੈ। ਧਰਮ ਨੂੰ ਹਰ ਡੇਰੇਦਾਰ ਅਤੇ ਧਾਰਮਿਕ ਸੰਸਥਾ, ਇਥੋਂ ਤੀਕ ਕਿ ਹਰ ਗੁਰਦੁਆਰਾ ਬਾਜ਼ਾਰ ਵਿਚ ਵੇਚ ਰਿਹਾ ਹੈ। ਕੁਝ ਲੋਕਾਂ ਕੋਲ ਇਸ ਨੂੰ ਵੇਚਣ ਦੀ ਤਕਨੀਕ ਬਹੁਤੀ ਵਧੀਆ ਸੀ, ਉਹ ਅੱਗੇ ਨਿਕਲ ਗਏ। ਉਨ੍ਹਾਂ ਦਾ ਕਿਰਦਾਰ ਭਾਵੇਂ ਕਿਹੋ ਜਿਹਾ ਸੀ, ਪਰ ਉਨ੍ਹਾਂ ਕੋਲ ਲੋਕਾਂ ਨੂੰ ਖਿੱਚਣ ਦੀ ਤਕਨੀਕ ਸੀ। ਜੋ ਆਲਸੀ ਹੁੰਦੇ ਹਨ, ਉਹ ਪਛੜ ਜਾਂਦੇ ਹਨ। ਉਹ ਆਪ ਕੁਝ ਕਰਦੇ ਨਹੀਂ, ਸਿਰਫ ਜੋ ਧਰਮ ਦੇ ਵਪਾਰ ਵਿਚ ਬਹੁਤਾ ਅੱਗੇ ਚਲੇ ਜਾਂਦਾ ਹੈ, ਉਸ ਨੂੰ ਗਾਲ੍ਹਾਂ ਕੱਢਦੇ ਹਨ। ਕਦੇ ਆਤਮ-ਮੰਥਨ ਨਹੀਂ ਕਰਦੇ ਕਿ ਅਸੀਂ ਕਿਉਂ ਪਿਛੇ ਰਹਿ ਗਏ? ਗੁਰੂ ਨਾਨਕ ਦੇਵ ਦਾ ਸੱਚਾ ਸੌਦਾ ਤਾਂ ਸਾਡੇ ਕੋਲ ਸੀ, ਉਸ ਦੇ ਗ੍ਰਾਹਕ ਕਿਉਂ ਦੌੜ ਗਏ ਹਨ?

ਜੇ ਪ੍ਰਵਚਨਾਂ ਦੀ ਗੱਲ ਕਰੀਏ ਤਾਂ 'ਸੰਤ' ਗੁਰਮੀਤ ਸਿੰਘ ਕੋਈ ਬਹੁਤ ਅੱਛਾ ਬੁਲਾਰਾ ਨਹੀਂ ਸੀ। ਸੰਤ ਸਿੰਘ ਮਸਕੀਨ, ਗਿਆਨੀ ਪਿੰਦਰਪਾਲ ਸਿੰਘ, ਗਿਆਨੀ ਜਸਵੰਤ ਸਿੰਘ ਪਰਵਾਨਾ ਅਤੇ ਕਿਤਨੇ ਹੋਰ ਬੁਲਾਰੇ ਉਸ ਤੋਂ ਅੱਛੇ ਬੁਲਾਰੇ ਹਨ। ਫਿਰ ਲੋਕ ਉਸ ਕੋਲ ਕੀ ਲੈਣ ਜਾਂਦੇ ਸਨ? ਸ਼ਾਇਦ ਕੇਵਲ ਅਧਿਆਤਮਕ ਪ੍ਰਵਚਨਾਂ ਨਾਲ ਲੋਕ ਧਰਮ ਵੱਲ ਰੁਚਿਤ ਨਹੀਂ ਹੁੰਦੇ। ਅਜਿਹੇ ਪ੍ਰਵਚਨ ਈਸਾ ਤੋਂ ਪਹਿਲਾਂ ਵੀ ਸਨ। ਯਹੂਦੀਆਂ ਕੋਲ ਵੱਡੇ ਵੱਡੇ ਵਿਆਖਿਆਕਾਰ ਲੇਵੀ ਮੌਜੂਦ ਸਨ। ਹਜ਼ਰਤ ਮੁਹੰਮਦ ਤੋਂ ਪਹਿਲਾਂ ਵੀ ਸਨ, ਮਹਾਤਮਾ ਬੁਧ ਤੋਂ ਅਤੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਸਨ।

ਗੁਰਬਾਣੀ ਦਾ ਫੁਰਮਾਨ ਹੈ,
ਮੁਖ ਤੇ ਪੜਤਾ ਟੀਕਾ ਸਹਿਤ॥
ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥
ਅਪਨਾ ਕਹਿਆ ਆਪਿ ਨ ਕਮਾਵੈ॥

ਮਹਾਨ ਪੁਰਖ ਵੱਡਾ ਪ੍ਰਵਚਨ ਲੈ ਕੇ ਅਵਤ੍ਰਿਤ ਨਹੀਂ ਹੋਏ, ਬਲਕਿ ਲੋਕਾਂ ਦੀਆਂ ਸਮੱਸਿਆਵਾਂ ਦੂਰ ਕਰਨ ਦੇ ਵੱਡੇ ਪ੍ਰੋਗਰਾਮ ਲੈ ਕੇ ਆਏ ਸਨ। ਪਹਿਲੇ ਗੁਰੂ ਜੀ ਤੋਂ ਦਸ ਪਾਤਸ਼ਾਹੀਆਂ ਤੱਕ, ਸਾਰੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰ ਆਮ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਜੁੜੇ ਰਹੇ ਸਨ, ਜਿਸ ਕਾਰਨ ਸਿੱਖ ਪੰਥ ਦਾ ਵਿਸਤਾਰ ਹੋਇਆ ਸੀ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਚ ਆਲੀਸ਼ਾਨ ਗੁਰਦੁਆਰਾ ਬਣਾ ਕੇ ਲੋਕਾਂ ਨੂੰ ਧਰਮ ਵਲ ਪ੍ਰੇਰਿਤ ਨਹੀਂ ਸੀ ਕੀਤਾ, ਬਲਕਿ ਜ਼ਰੂਰਤਮੰਦਾਂ ਵਾਸਤੇ ਭੋਜਨ ਅਤੇ ਆਸਰਾ ਦੇਣ ਦੇ ਕਾਰਜ ਕੀਤੇ। ਵਿਦਿਆ ਲੋਕਾਂ ਤੀਕ ਪਹੁੰਚੇ, ਇਸ ਲਈ ਸਰਲ ਲਿਪੀ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਸਿਖਿਅਤ ਕਰਨ ਦਾ ਮਹਾਨ ਕਾਰਜ ਗੁਰੂ ਅੰਗਦ ਦੇਵ ਨੂੰ ਸੌਂਪਿਆ। ਮਲਕ ਭਾਗੋ ਨੂੰ ਛੱਡ ਕੇ ਲਾਲੋ ਦੇ ਘਰ ਗਏ ਅਤੇ ਸਪਸ਼ਟ ਐਲਾਨ ਕੀਤਾ ਕਿ ਉਹ ਗਰੀਬਾਂ ਦੇ ਦੁਖ-ਦਰਦ ਸੁਣਨ ਵਾਸਤੇ ਆਏ ਹਨ। ਉਚੇ ਲੋਕਾਂ ਤੋਂ ਕੀ ਲੈਣਾ ਹੈ? ਉਹ ਤਾਂ ਪਹਿਲਾਂ ਹੀ ਕਿਸੇ ਸੰਕਟ 'ਚ ਨਹੀਂ। ਜੇ ਸਿਰਫ ਅਧਿਆਤਮਕਤਾ ਹੀ ਧਰਮ ਹੁੰਦੀ ਤਾਂ ਉਹ ਮਲਕ ਭਾਗੋ ਕੋਲ ਹੋਰ ਵੀ ਪਹਿਲਾਂ ਜਾਂਦੇ, ਕਿਉਂਕਿ ਆਤਮਕ ਤੌਰ 'ਤੇ ਉਹ ਲਾਲੋ ਨਾਲੋਂ ਕਿਤੇ ਖਰਾਬ ਸੀ।

***ਜਿਨ੍ਹਾਂ ਡੇਰਿਆਂ ਦੀ ਅਸੀਂ ਨਿੰਦਿਆ ਕਰਦੇ ਹਾਂ, ਕੋਈ ਸੰਦੇਹ ਨਹੀਂ ਕਿ ਉਹ ਲੋਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ, ਪਰ ਲੋਕਾਂ ਨੂੰ ਖਿੱਚਣ ਵਾਸਤੇ ਕੋਈ 10 ਜਾਂ 20 ਪ੍ਰਤੀਸ਼ਤ ਲੋਕ ਭਲਾਈ ਉਤੇ ਖਰਚ ਵੀ ਕਰਦੇ ਹਨ। ਜਦੋਂ ਕਿ ਸਿੱਖ ਪੰਥ ਇਤਨਾ ਰਵਾਇਤੀ ਹੋ ਚੁਕਾ ਹੈ ਕਿ ਜੇ ਕਿਤੇ ਧਰਮ ਪ੍ਰਚਾਰ ਲਈ ਕੋਈ ਫੰਡ ਹੈ ਵੀ, ਤਾਂ ਉਹ ਸਿਰਫ ਪ੍ਰਚਾਰਕਾਂ ਦੀਆਂ ਤਨਖਾਹਾਂ ਵਾਸਤੇ ਹੈ, ਕਿਸੇ ਗਰੀਬ ਦੀ ਇਮਦਾਦ ਲਈ ਇਕ ਕੌਡੀ ਵੀ ਨਹੀਂ।***

ਗੁਰੂ ਨਾਨਕ ਦੇਵ ਜੀ ਵਣਜਾਰਿਆਂ, ਸਿਕਲੀਗਰਾਂ ਅਤੇ ਹੋਰ ਗਰੀਬ ਕਿਰਤੀਆਂ ਕੋਲ ਗਏ। ਜਿਥੇ ਕਿਤੇ ਸਾਲਸ ਰਾਏ ਜਾਂ ਮਨਸੁਖ ਵਰਗਾ ਧਨੀ ਮਿਲ ਗਿਆ, ਉਸ ਨੂੰ ਅਮੀਰੀ ਛੱਡ ਕੇ ਗਰੀਬਾਂ ਦੀ ਸੇਵਾ ਵਿਚ ਲਾਇਆ। ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਨੇ ਕਿਹਾ ਕਿ ਸ਼ੂਦਰਾਂ ਨੂੰ ਪੰਥ ਵਿਚ ਸ਼ਾਮਿਲ ਨਾ ਕਰੋ, ਤਾਂ ਅਸੀਂ ਸਾਰੇ ਰਾਜਪੂਤ ਤੁਹਾਡੇ ਪੰਥ ਵਿਚ ਸ਼ਾਮਿਲ ਹੋ ਜਾਵਾਂਗੇ। ਉਨ੍ਹਾਂ ਕਿਹਾ, ਇਨ੍ਹਾਂ ਸ਼ੂਦਰਾਂ ਨੂੰ ਹਾਕਮ ਬਣਾਉਣਾ ਹੈ। ਇਹ ਧਰਤੀ ਦੇ ਸਿਰਦਾਰ ਹੋਣਗੇ। ਇਹੋ ਮੇਰੇ ਸੂਰਬੀਰ ਖੱਤਰੀ ਹੋਣਗੇ। ਇਹੋ ਵਿਦਵਾਨ ਪੰਡਿਤ ਬਣਨਗੇ।

ਗੁਰੂ ਪਾਤਸ਼ਾਹਾਂ ਨੇ ਲੰਗਰ ਲਾਏ, ਹਸਪਤਾਲ ਬਣਵਾਏ, ਗਰੀਬਾਂ ਦੇ ਵਿਆਹ ਕਰਵਾਏ, ਜਿਥੇ ਪੀਣ ਦਾ ਪਾਣੀ ਨਹੀਂ ਸੀ, ਖੂਹ-ਬਾਉਲੀਆਂ ਬਣਵਾਏ। ਸਾਧਾਰਨ ਸਿੱਖ ਨੂੰ ਵਪਾਰ ਅਤੇ ਕਿਰਤ ਵਿਚ ਲਾਇਆ, ਤਾਂ ਸਿੱਖ ਪੰਥ ਦਾ ਵਿਸਤਾਰ ਹੋਇਆ। ਲੋਕਾਂ ਦਾ ਸਿਰਫ ਸਿਧਾਂਤਾਂ ਨਾਲ ਪੇਟ ਨਹੀਂ ਭਰ ਜਾਂਦਾ। ਜਦੋਂ ਰੋਜ਼ ਦੀ ਆਰਤੀ ਵਿਚ 'ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥...ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥ ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥2॥ ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥ ਊਪਰ ਕਉ ਮਾਂਗਉ ਖੀਂਧਾ...॥" ਦਾ ਪ੍ਰਵਚਨ ਸ਼ਾਮਿਲ ਕਰ ਦਿੱਤਾ ਸੀ ਤਾਂ ਕੇਵਲ ਸਿੱਖਾਂ ਨੂੰ ਨਹੀਂ, ਮਾਨਵ ਸਮਾਜ ਨੂੰ ਸੰਦੇਸ਼ ਦਿੱਤਾ ਸੀ ਕਿ ਮਨੁਖਤਾ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਹੱਲ ਹੀ ਰੱਬ ਦੀ ਪੂਜਾ ਤੇ ਆਰਤੀ ਹੈ। ਇਨ੍ਹਾਂ ਮਸਲਿਆਂ ਤੋਂ ਬੇਮੁਖਤਾ ਧਰਮ ਦੇ ਨਾਂ 'ਤੇ ਧੋਖਾ ਹੈ। ਹੁਣ ਇਹ ਸ਼ਬਦ ਸਿਰਫ ਰਸਮੀ ਗਾਇਨ ਲਈ ਰਹਿ ਗਿਆ ਹੈ।

ਧਰਮ ਦਾ ਪ੍ਰਵਚਨ ਉਦੋਂ ਪ੍ਰਭਾਵਹੀਣ ਹੋ ਜਾਂਦਾ ਹੈ, ਜਦੋਂ ਉਹ ਰਸਮੀ ਪੂਜਾ ਬਣ ਕੇ ਰਹਿ ਜਾਵੇ ਅਤੇ ਸਿੱਖ ਪੰਥ ਦਾ ਕਲਿਆਣਕਾਰੀ ਵਿਚਾਰ ਬਹੁਤ ਉਚਾ-ਸੁੱਚਾ ਹੁੰਦਿਆਂ ਵੀ ਅਜ ਪ੍ਰਭਾਵਹੀਣ ਹੋ ਚੁਕਾ ਹੈ, ਕਿਉਂਕਿ ਧਾਰਮਿਕ ਸੰਸਥਾਵਾਂ ਸਿਰਫ ਆਪਣੇ ਧੰਦਿਆਂ ਦਾ ਪ੍ਰਸਾਰ ਕਰ ਰਹੀਆਂ ਹਨ, ਲੋਕਾਂ ਦੇ ਦੁਖ-ਦਰਦ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਗਰੀਬ ਕਿਸਾਨ ਆਤਮਹੱਤਿਆ ਕਰ ਰਹੇ ਹਨ, ਪਰ ਧਾਰਮਿਕ ਡੇਰੇਦਾਰ ਉਨ੍ਹਾਂ ਦੇ ਘਰ ਖਾਲੀ ਬੋਰੀਆਂ ਸੁਟ ਆਉਂਦੇ ਹਨ ਕਿ ਭਰ ਕੇ ਤਿਆਰ ਰੱਖਣੀ, ਅਸੀਂ ਵਾਪਸੀ ਵਿਚ ਲੈ ਜਾਵਾਂਗੇ। ਕਰਨਗੇ ਕੀ? ਸੰਗਮਰਮਰ ਉਤੇ ਅਤੇ ਆਪਣੇ ਆਰਾਮ ਉਤੇ ਖਰਚ ਲੈਣਗੇ, ਬਿਨਾ ਕਿਸੇ ਜਵਾਬਦੇਹੀ ਅਤੇ ਹਿਸਾਬ-ਕਿਤਾਬ ਦੇ। ਗੁਰਦੁਆਰੇ ਬਣਾਉਣ ਅਤੇ ਇਨ੍ਹਾਂ ਨੂੰ ਨਿਜੀ ਕਾਰੋਬਾਰ ਬਣਾਉਣ ਉਤੇ ਕੋਈ ਕੰਟਰੋਲ ਨਹੀਂ? ਕਿਉਂ ਨਹੀਂ ਕੋਈ ਕਾਰ ਸੇਵਾ ਵਾਲਾ ਸੰਤ ਪਿੰਡ ਦੇ ਵੱਡੇ ਲੋਕਾਂ ਤੋਂ ਅਨਾਜ ਇਕੱਤਰ ਕਰ ਕੇ ਉਸੇ ਪਿੰਡ ਦੇ ਗਰੀਬਾਂ ਵਿਚ ਵੰਡ ਦੇਣ ਨੂੰ ਕਾਰ ਸੇਵਾ ਕਹਿੰਦਾ? ਇਸ ਲਈ ਕਿ ਇਮਾਰਤਾਂ ਬਣਾਉਣ ਦਾ ਜਸ ਲੈਣਾ ਹੀ ਮਨੋਰਥ ਹੈ, ਸੇਵਾ ਕਰਨਾ ਨਹੀਂ।

ਸਾਡੇ ਪਿੰਡ ਵੀ ਕਾਰ ਸੇਵਾ ਦਾ ਇਕ ਡੇਰਾ ਹੈ। ਮੁੱਖ ਡੇਰਾ ਅਨੰਦਪੁਰ ਸਾਹਿਬ ਹੈ। ਵੱਡੇ ਸੰਤ ਚਲਾਣਾ ਕਰ ਗਏ। ਦੋ ਗੱਦੀਦਾਰਾਂ ਵਿਚ ਕਲੇਸ਼ ਹੋਣਾ ਹੀ ਸੀ। ਮੁੱਖ ਗੱਦੀਦਾਰ ਨੇ ਦੂਜੇ ਸ਼ਰੀਕ ਨੂੰ ਡੇਢ-ਦੋ ਕਰੋੜ ਰੁਪਿਆ ਦੇ ਕੇ ਸ਼ਾਂਤ ਕਰ ਲਿਆ। ਦੱਸੋ! ਕਾਰ ਸੇਵਾ ਦੇ ਨਾਂ ਉਤੇ ਇਕੱਠਾ ਕੀਤਾ ਪੈਸਾ, ਉਸ ਸੰਤ ਦਾ ਨਿਜੀ ਹੋ ਗਿਆ। ਆਪਣੀ ਪ੍ਰਭੁਤਾ ਲਈ ਸੰਗਤ ਤੋਂ ਗੁਰਦੁਆਰਿਆਂ ਦੀ ਉਸਾਰੀ ਵਾਸਤੇ ਇਕੱਤਰ ਕੀਤੀ ਮਾਇਆ ਕਿਸੇ ਵਿਰੋਧੀ ਨੂੰ ਸ਼ਾਂਤ ਕਰਨ ਵਾਸਤੇ ਉਸ ਦੇ ਅੱਗੇ ਸੁਟ ਦਿੱਤੀ। ਅਸੀਂ ਕਹਿੰਦੇ ਹਾਂ ਕਿ ਗੁਰਦੁਆਰਿਆਂ ਦੀਆਂ ਇਮਾਰਤਾਂ ਉਤੇ ਪੈਸਾ ਫਜ਼ੂਲ ਖਰਚ ਹੋ ਰਿਹਾ ਹੈ। ਇਥੇ ਤਾਂ ਮਹਾਪੁਰਖ ਪੈਸਾ ਨਿਜੀ ਸਵਾਰਥਾਂ ਵਾਸਤੇ ਵਰਤ ਰਹੇ ਹਨ। ਉਸ ਡੇਢ-ਦੋ ਕਰੋੜ ਰੁਪਏ ਨਾਲ ਕਿਤਨੇ ਗਰੀਬ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਹੋ ਸਕਦਾ ਸੀ? ਉਹ ਪੈਸਾ ਕਿਰਤੀ ਸਿੱਖਾਂ ਦੀ ਖੂਨ ਪਸੀਨੇ ਦੀ ਕਮਾਈ ਸੀ, ਜੋ ਇਕ ਵਿਹਲੜ ਦੇ ਹਵਾਲੇ ਕਰ ਦਿੱਤਾ।

ਜਿਨ੍ਹਾਂ ਡੇਰਿਆਂ ਦੀ ਅਸੀਂ ਨਿੰਦਿਆ ਕਰਦੇ ਹਾਂ, ਕੋਈ ਸੰਦੇਹ ਨਹੀਂ ਕਿ ਉਹ ਲੋਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੇ ਹਨ, ਪਰ ਲੋਕਾਂ ਨੂੰ ਖਿੱਚਣ ਲਈ 10 ਜਾਂ 20 ਫੀਸਦੀ ਲੋਕ ਭਲਾਈ ਉਤੇ ਖਰਚ ਵੀ ਕਰਦੇ ਹਨ। ਜਦੋਂ ਕਿ ਸਿੱਖ ਪੰਥ ਇਤਨਾ ਰਵਾਇਤੀ ਹੋ ਚੁਕਾ ਹੈ ਕਿ ਜੇ ਕਿਤੇ ਧਰਮ ਪ੍ਰਚਾਰ ਲਈ ਕੋਈ ਫੰਡ ਹੈ ਵੀ, ਤਾਂ ਉਹ ਸਿਰਫ ਪ੍ਰਚਾਰਕਾਂ ਦੀਆਂ ਤਨਖਾਹਾਂ ਵਾਸਤੇ ਹੈ, ਕਿਸੇ ਗਰੀਬ ਦੀ ਇਮਦਾਦ ਲਈ ਇਕ ਕੌਡੀ ਵੀ ਨਹੀਂ।

ਮੌਜੂਦਾ ਛੱਤੀਸਗੜ੍ਹ ਵਿਚ 50 ਹਜ਼ਾਰ ਦੇ ਕਰੀਬ ਸਤਨਾਮੀ ਸਿੱਖ ਹਨ। ਉਹ ਸਤਨਾਮ ਦਾ ਜਾਪ ਕਰਦੇ ਹਨ ਅਤੇ ਗੁਰੂ ਨਾਨਕ ਦਾ ਸਿੱਖ ਅਖਵਾਉਣ ਦੇ ਬਹੁਤ ਇਛੁਕ ਹਨ। 1980 ਦੇ ਆਸ-ਪਾਸ ਇਕ ਪੜ੍ਹਿਆ-ਲਿਖਿਆ ਸਤਨਾਮੀ ਡਾ. ਕੌਸ਼ਲ ਕੁਝ ਹੋਰ ਸਾਥੀਆਂ ਨਾਲ ਸਿੱਖ ਬਣ ਗਿਆ। ਉਸ ਨੇ ਸਿੱਖਾਂ ਦੀਆਂ ਸਰਵਉਚ ਧਾਰਮਿਕ ਸੰਸਥਾਵਾਂ ਦੇ ਬਹੁਤ ਤਰਲੇ ਕੀਤੇ ਕਿ ਮੈਂ 50 ਹਜ਼ਾਰ ਸਤਨਾਮੀ ਇਕੋ ਵਾਰ ਅੰਮ੍ਰਿਤਧਾਰੀ ਹੋਣ ਲਈ ਇਕੱਠੇ ਕਰਦਾ ਹਾਂ, ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕਰੋ। ਪਰ ਕੌਣ ਕਰੇ? ਗਰੀਬਾਂ ਨੂੰ ਸਿੱਖ ਪੰਥ ਵਿਚ ਲਿਆ ਕੇ ਗਲ ਮੁਸੀਬਤ ਪਾਉਣੀ ਸੀ!

ਸਤਨਾਮੀਆਂ ਦਾ ਇਕ ਬਹੁਤ ਉਦਮੀ ਸਿੱਖ ਮੁੰਡਾ, ਜਿਸ ਦਾ ਨਾਂ ਮੈਂ ਭੁਲ ਗਿਆ ਹਾਂ, ਕਦੇ-ਕਦੇ ਮਿਲਦਾ ਰਹਿੰਦਾ ਹੈ। ਇਕ ਵਾਰ ਦਰਬਾਰ ਸਾਹਿਬ ਮਿਲ ਗਿਆ। ਕਹਿਣ ਲੱਗਾ, "ਹਮ ਯਹਾਂ ਕਮੇਟੀ ਕੋ ਕਹਿਣੇ ਆਏ ਹੈਂ ਕਿ ਕੁਝ ਮਦਦ ਕਰੋ, ਸਤਨਾਮੀਓਂ ਕੋ ਸਿੱਖ ਪੰਥ ਮੇਂ ਲਾਯਾ ਜਾਏ। ਮਗਰ ਹਮਾਰੀ ਕੋਈ ਸੁਨਤਾ ਨਹੀਂ।" ਮੈਂ ਪੁਛਿਆ, "ਕਿਥੇ ਰੁਕਿਆ ਹੈਂ।" ਕਹਿਣ ਲੱਗਾ, "ਪਰਿਕਰਮਾ ਮੇਂ ਪੜੇ ਹੈਂ।" ਮੈਂ ਉਸ ਨੂੰ ਆਪਣੇ ਕਮਰੇ ਵਿਚ ਲੈ ਆਇਆ ਤੇ ਕਿਹਾ ਕਿ ਦੋ ਦਿਨ ਰਹਿਣਾ ਹੈ, ਮੇਰੇ ਨਾਲ ਏ.ਸੀ. ਕਮਰੇ ਵਿਚ ਟਿਕ ਜਾ। ਧਰਮ ਪ੍ਰਚਾਰ ਸਕੱਤਰ ਨੂੰ ਮਿਲਾਇਆ। ਪਰ ਨਾ ਕੁਝ ਹੋਣਾ ਸੀ, ਨਾ ਹੋਇਆ। ਹਾਂ, ਇਕ ਬਹੁਤ ਵੱਡਾ ਕੰਮ ਜ਼ਰੂਰ ਹੋਇਆ। ਸਕਾਟਲੈਂਡ ਦੇ ਸਿੱਖਾਂ ਨੇ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਚ ਸਤਨਾਮੀਆਂ ਲਈ ਇਕ ਕੇਂਦਰ ਬਹੁਤ ਚਾਅ ਸਹਿਤ ਸਥਾਪਤ ਕੀਤਾ। ਆਸ ਸੀ ਕਿ ਇਥੇ ਸਤਨਾਮੀ ਸਿੱਖਾਂ ਨੂੰ ਵਿਦਿਆ ਦਿੱਤੀ ਜਾਵੇ। ਲੰਗਰ ਆਦਿ ਦਾ ਪ੍ਰਬੰਧ ਕੀਤਾ ਜਾਵੇ। ਸਤਨਾਮੀ ਹੀ ਇਸ ਨੂੰ ਸੰਭਾਲਣ ਅਤੇ ਗੁਰਮਤਿ ਦੀ ਵਿਦਿਆ ਲੈ ਕੇ ਫਿਰ ਉਹ ਆਪਣੇ ਲੋਕਾਂ ਵਿਚ ਜਾ ਕੇ ਸਿੱਖ ਧਰਮ ਦਾ ਪ੍ਰਚਾਰ ਕਰਨ। ਕੇਂਦਰ ਬਣ ਗਿਆ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਹਾਇਤਾ ਨਾਲ ਉਥੇ ਇਕ ਵਿਅਕਤੀ ਨੇ ਕਬਜ਼ਾ ਕਰ ਲਿਆ। ਛੱਤੀਸਗੜ੍ਹ ਸਿੱਖ ਪੰਚਾਇਤ ਤੇ ਹੋਰ ਸਿੱਖ ਸੰਸਥਾਵਾਂ ਨੇ ਹਰ ਯਤਨ ਕੀਤਾ। ਸ਼੍ਰੋਮਣੀ ਕਮੇਟੀ ਨੂੰ ਮਤੇ ਭੇਜੇ, ਤਰਲੇ ਕੀਤੇ, ਪਰ ਕੇਂਦਰ ਨੂੰ ਆਜ਼ਾਦ ਨਹੀਂ ਕਰਵਾ ਸਕੇ। ਹਾਰ-ਹੁਟ ਕੇ ਬੈਠ ਗਏ। ਹੁਣ ਸ਼੍ਰੋਮਣੀ ਕਮੇਟੀ ਨੇ ਇਥੇ ਕੁਝ ਪ੍ਰਚਾਰਕ ਆਦਿ ਭੇਜ ਦਿੱਤੇ, ਜਿਨ੍ਹਾਂ ਦੀ ਗੱਲ ਸਤਨਾਮੀਆਂ ਨੂੰ ਸਮਝ ਨਾ ਆਵੇ। ਨਾ ਉਹ ਸਤਨਾਮੀਆਂ ਦੀ ਗੱਲ ਸਮਝਣ। ਸਤਨਾਮੀਆਂ ਨੂੰ ਆਪਣੇ ਪੰਥਾਂ ਵਲ ਖਿੱਚਣ ਲਈ ਈਸਾਈ ਮਿਸ਼ਨਰੀ ਅਤੇ ਹੋਰ ਡੇਰੇ ਪੂਰੀ ਤਰ੍ਹਾਂ ਸਰਗਰਮ ਹੋ ਗਏ ਹਨ।

ਮਹਾਰਾਸ਼ਟਰ ਵਿਚ ਗੁਰੂ ਨਾਨਕ ਨਾਮਲੇਵਾ ਵਣਜਾਰੇ ਅਤੇ ਸਿਕਲੀਗਰ ਬਹੁਤ ਹਨ। ਇਤਨੇ ਕਿ ਵਣਜਾਰਿਆਂ ਵਿਚੋਂ ਉਥੇ ਵਸੰਤ ਰਾਓ ਨਾਇਕ ਨੇ ਮਹਾਰਾਸ਼ਟਰ ਉਤੇ 15 ਸਾਲ ਇਕ-ਛਤਰ ਰਾਜ ਕੀਤਾ। ਨਾਗਪੁਰ ਦੇ ਸ. ਚੰਨਣ ਸਿੰਘ ਨੇ



ਆਪਣਾ ਵਪਾਰ ਛੱਡ ਕੇ ਵਣਜਾਰਿਆਂ ਵਿਚ ਪ੍ਰਚਾਰ ਕਰਨ ਲਈ ਕੋਂਢਾਲੀ ਵਿਖੇ ਆਸ਼ਰਮ ਬਣਾਇਆ। ਉਨ੍ਹਾਂ ਨੇ ਵਣਜਾਰਿਆਂ, ਸਿਕਲੀਗਰਾਂ ਅਤੇ ਮਿਹਤਰ ਸਿੱਖਾਂ ਵਿਚ ਬਹੁਤ ਪ੍ਰਚਾਰ ਕੀਤਾ। ਉਨ੍ਹਾਂ ਦੀ ਪ੍ਰੇਰਨਾ ਕਾਰਨ ਸਾਲ 1994 ਵਿਚ ਗੁਰਮਤਿ ਕਾਲਜ, ਪਟਿਆਲਾ ਵਲੋਂ ਮੈਂ ਦੋ ਵਿਦਿਆਰਥੀਆਂ ਨਾਲ ਕੋਂਢਾਲੀ ਆਸ਼ਰਮ ਵਿਚ ਗਿਆ। ਕੁਝ ਦਿਨ ਉਥੇ ਰੁਕ ਕੇ ਵਣਜਾਰਿਆਂ ਦੇ ਪਿੰਡਾਂ ਵਿਚ ਗਏ। ਵਸੰਤ ਰਾਓ ਦੇ ਪਿੰਡ ਵਸੰਤ ਨਗਰ ਵੀ ਗਏ। ਹੰਸਾ ਨਾਮ ਦਾ ਇਕ ਬਜ਼ੁਰਗ ਮਿਲਿਆ। ਸਾਨੂੰ ਵੇਖ ਕੇ ਬੀੜੀ ਸੁੱਟ ਦਿੱਤੀ। ਕੋਲ ਜਾ ਕੇ ਪੁਛਿਆ, ਕੌਣ ਹੋ? ਕਹਿਣ ਲੱਗਾ, ਗੁਰੂ ਨਾਨਕ ਕਾ ਸਿੱਖ। ਅਸਾਂ ਕਿਹਾ ਕੈਸੇ ਸਿੱਖ ਹੋ, ਬੀੜੀ ਪੀ ਰਹੇ ਹੋ? ਗੁੱਸੇ ਨਾਲ ਕਹਿਣ ਲੱਗਾ, ਗੁਰੂ ਨਾਨਕ ਕਾ ਦਾਗਾ ਹੂਆ ਸਿੱਖ ਹੂੰ। ਅਸੀਂ ਕਿਹਾ, ਉਹ ਕੀ ਹੁੰਦਾ ਹੈ? ਗੁੱਸੇ ਨਾਲ ਬਾਂਹ ਤੋਂ ਕਮੀਜ਼ ਹਟਾ ਕੇ ਨਿਸ਼ਾਨ ਦਿਖਾਇਆ ਅਤੇ ਕਿਹਾ, ਜਬ ਹਮਾਰੇ ਬਚੋਂ ਕੀ ਸ਼ਾਦੀ ਹੋਤੀ ਹੈ, ਤੋ ਗਰਮ ਸਲਾਖ ਸੇ ਨਿਸ਼ਾਨ ਲਗਾ ਦੇਤੇ ਹੈਂ ਕਿ ਤੁਮ ਗੁਰੂ ਨਾਨਕ ਨਾਮ ਕੇ ਦਾਗੇ ਹੋ। ਗੁਰੂ ਨਾਨਕ ਕੇ ਇਲਾਵਾ ਕਿਸੀ ਔਰ ਦੇਵਤਾ ਕੀ ਪੂਜਾ ਨਹੀਂ ਕਰਨੀ। 'ਜਿਸ ਘਰ ਨਾਨਕ ਪੂਜਾ ਤਿਸ ਘਰ ਦੇਉ ਨਾ ਦੂਜਾ।'

ਹਰ ਸਮਾਗਮ 'ਤੇ ਗੁਰੂ ਨਾਨਕ ਦਾ ਸਵਾ ਰੁਪਿਆ ਜ਼ਰੂਰ ਕੱਢਦੇ ਹਨ। ਉਨ੍ਹਾਂ ਦੇ ਮੰਦਿਰਾਂ ਵਿਚ ਹਜ਼ੂਰ ਸਾਹਿਬ ਭੇਜੇ ਦਸਵੰਧ ਦੀਆਂ ਪੁਰਾਣੀਆਂ ਰਸੀਦਾਂ ਪਈਆਂ ਹੋਈਆਂ ਹਨ। ਪਰ ਗਰੀਬੀ ਅਤਿ ਦੀ ਹੈ। ਗਰੀਬ ਦਾ ਧਰਮ ਸਿਰਫ ਰੋਟੀ ਹੁੰਦਾ ਹੈ। ਗੁਰੂ ਨਾਨਕ ਦੇਵ ਦੇ ਲੰਗਰ ਮਨੁਖ ਦੀ ਬੁਨਿਆਦੀ ਲੋੜ ਕਾਰਨ ਸਥਾਪਤ ਹੋਏ ਸਨ। ਉਸ ਕੋਲ ਰੋਟੀ ਨਹੀਂ, ਤੁਸੀਂ ਉਸ ਨੂੰ ਪ੍ਰਵਚਨਾਂ ਦਾ ਅੰਮ੍ਰਿਤ ਦਿੰਦੇ ਹੋ। ਅਜਿਹੇ ਪ੍ਰਵਚਨ ਜਿਨ੍ਹਾਂ ਦਾ ਮਾਨਵ ਦੀਆਂ ਸਮੱਸਿਆਵਾਂ ਨਾਲ ਸਬੰਧ ਨਹੀਂ, ਪੁਜਾਰੀਆਂ ਦੀ ਉਹੋ ਅਫੀਮ ਹੈ, ਜਿਸ ਦਾ ਵਰਣਨ ਮਾਰਕਸ ਨੇ ਕੀਤਾ ਸੀ।

ਵਣਜਾਰਿਆਂ ਦੇ 25 ਕੁ ਘਰਾਂ ਦੇ ਇਕ ਛੋਟੇ ਜਿਹੇ ਟਾਂਡੇ ਵਿਚ ਗਏ। ਕਿਹਾ, ਕੋਈ ਆਰਥਿਕ ਮਦਦ ਕਰਨੀ ਚਾਹੀਏ ਤਾਂ ਤੁਹਾਡੇ ਟਾਂਡੇ ਦੀ ਜ਼ਰੂਰਤ? ਕਹਿਣ ਲੱਗੇ, ਪੱਚੀ ਕੁ ਹਜ਼ਾਰ ਰੁਪਏ। ਕਿਸੀ ਕੋ ਬੈਲ, ਖਾਦ, ਬੀਜ ਕੀ ਜ਼ਰੂਰਤ ਹੋਗੀ ਤੋ ਇਸੀ ਮੇਂ ਸੇ ਕਰਜ਼ ਦੇ ਦੇਂਗੇ। ਥੋੜਾ ਬਯਾਜ (ਵਿਆਜ) ਭੀ ਲੇਂਗੇ। ਇਤਨੇ ਮੇਂ ਕਾਮ ਚਲਤਾ ਰਹੇਗਾ।

ਸ. ਚੰਨਣ ਸਿੰਘ ਕਹਿਣ ਲੱਗੇ, 11 ਅੰਮ੍ਰਿਤਧਾਰੀ ਸਿੱਖੋਂ ਕੀ ਕਮੇਟੀ ਬਣਾਓ, ਉਸ ਕੋ ਪੈਸਾ ਦੇਂਗੇ। 15 ਵਿਅਕਤੀ ਅੰਮ੍ਰਿਤਧਾਰੀ ਹੋਣ ਲਈ ਤਿਆਰ ਹੋ ਗਏ ਯਾਨਿ 25 ਹਜਾਰ ਰੁਪਏ ਵਿਚ ਪੂਰਾ ਪਿੰਡ ਸਿੱਖ। ਸਿੱਖ ਵੀ ਕਾਹਦਾ, ਪਹਿਲਾਂ ਹੀ ਸਿੱਖ ਹੈ। ਘਰ ਵਾਪਸੀ ਦਾ ਰੌਲਾ ਪਾ ਰਹੇ ਹਾਂ, ਘਰ ਵਿਚ ਪਿਆਂ ਨੂੰ ਸੰਭਾਲਦੇ ਨਹੀਂ।

ਵਣਜਾਰਿਆਂ ਦਾ ਇਕ ਹੋਰ ਟਾਂਡਾ ਵੇਖਿਆ। ਨੌਜਵਾਨਾਂ ਨੂੰ ਮਿਲੇ। ਪੁਛਿਆ, ਕੀ ਮਦਦ ਕਰ ਸਕਦੇ ਹਾਂ। ਕਹਿਣ ਲੱਗੇ, ਕੁਝ ਦਿਹਾੜੀ ਵਗੈਰਾ ਮਿਲ ਜਾਵੇ, ਤੋ ਪੰਜਾਬ ਵੀ ਚਲੇ ਜਾਏਂਗੇ। ਅਗਲੇ ਦਿਨ ਕੋਂਢਾਲੀ ਆ ਕੇ ਬੈਠ ਗਏ, 'ਹਮੇਂ ਪੰਜਾਬ ਲੇ ਚਲੋ।'

ਮੈਂ ਇਕ ਵਿਸਤ੍ਰਿਤ ਰਿਪੋਰਟ ਤਿਆਰ ਕਰ ਕੇ ਗੁਰੂ ਨਾਨਕ ਫਾਊਂਡੇਸ਼ਨ ਨੂੰ ਦਿੱਤੀ, ਇਕ ਕਾਪੀ ਸ਼੍ਰੋਮਣੀ ਕਮੇਟੀ ਨੂੰ। ਕੁਝ ਪਰਚਿਆਂ ਵਿਚ ਵੀ ਛਪੀ। ਮੈਂ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਕਿ ਉਹ ਧਰਮ ਪ੍ਰਚਾਰ ਵਿਚ ਇਕ ਸੈਲ ਕਾਇਮ ਕਰਨ। ਇਕ ਦਫਤਰ ਨਾਗਪੁਰ ਵਿਚ ਹੋਵੇ। ਪੰਜਾਬ ਦੇ ਕਿਸਾਨਾਂ ਅਤੇ ਕਾਰੋਬਾਰੀ ਸਿੱਖਾਂ ਨੂੰ ਅਕਾਲ ਤਖਤ ਵਲੋਂ ਬੇਨਤੀ ਕੀਤੀ ਜਾਵੇ ਕਿ ਦਿਹਾੜੀਦਾਰ ਅਤੇ ਕਾਮੇ ਵਣਜਾਰੇ ਸਿੱਖਾਂ ਨੂੰ ਲਾਇਆ ਜਾਵੇ। ਜੋ ਕੰਮ ਬਿਹਾਰੀ ਮਜ਼ਦੂਰ ਕਰਦਾ ਹੈ, ਉਹ ਵਣਜਾਰੇ ਸਿੱਖਾਂ ਨੂੰ ਦਿੱਤਾ ਜਾਵੇ। ਪਰ ਕਿਸ ਨੇ ਇਹ ਕੰਮ ਕਰਨਾ ਸੀ! ਕਮੇਟੀਆਂ ਤਾਂ ਧਰਮ ਪ੍ਰਚਾਰਕ ਰੱਖ ਸਕਦੀਆਂ ਹਨ, ਗੁਰਦੁਆਰੇ ਬਣਾ ਸਕਦੀਆਂ ਹਨ, ਕੀਰਤਨ ਦਰਬਾਰ ਕਰ ਸਕਦੀਆਂ ਹਨ, ਵਿਦਿਆਲੇ ਬਣਾ ਕੇ ਗ੍ਰੰਥੀਆਂ ਦੀ ਫੌਜ ਵਧਾ ਸਕਦੀਆਂ ਹਨ, ਪ੍ਰਧਾਨ ਜੀ ਦੇ ਨਜ਼ਦੀਕੀ ਪ੍ਰੋਫੈਸਰ ਬੁਲਾ ਕੇ ਸੈਮੀਨਾਰ ਕਰਵਾ ਸਕਦੀਆਂ ਹਨ, ਸ਼ਤਾਬਦੀਆਂ ਧੂਮ-ਧਾਮ ਨਾਲ ਮਨਾ ਸਕਦੀਆਂ ਹਨ (ਹੁਣ ਸ਼ਤਾਬਦੀ ਦਾ ਇੰਤਜ਼ਾਰ ਵੀ ਨਹੀਂ ਕਰਦੇ, ਅਰਧ-ਸ਼ਤਾਬਦੀਆਂ ਦਾ ਨਵਾਂ ਸੰਕਲਪ ਹੋਂਦ ਵਿਚ ਆ ਗਿਆ ਹੈ)। 'ਗਰੀਬ ਕਾ ਮੂੰਹ ਗੁਰੂ ਕੀ ਗੋਲਕ' ਗੁਰੂ ਦਾ ਵਾਕ ਸੀ, ਗੁਰੂ ਨਾਲ ਹੀ ਤੋਰ ਦਿੱਤਾ। ਸਮਾਜ ਕਲਿਆਣ ਉਨ੍ਹਾਂ ਦਾ ਮੁੱਦਾ ਹੀ ਨਹੀਂ ਹੈ।

ਕੁਝ ਸਾਲ ਪਹਿਲਾਂ ਮੱਧ ਪ੍ਰਦੇਸ਼ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਭੋਪਾਲ ਨੇ ਸਿਕਲੀਗਰ ਸਿੱਖਾਂ ਵਾਸਤੇ ਬੁਰਹਾਨਪੁਰ ਵਿਚ ਇਕ ਵਿਦਿਆਲਾ ਖੋਲ੍ਹਣ ਦਾ ਮਨ ਬਣਾਇਆ। ਮੇਰੇ ਤੋਂ ਵੀ ਸੁਝਾਅ ਮੰਗੇ। ਮੈਂ ਬੇਨਤੀ ਕੀਤੀ, ਜ਼ਰੂਰ ਖੋਲ੍ਹੋ, ਬਹੁਤ ਅੱਛਾ ਹੈ। ਪਰ ਉਥੇ ਇਨ੍ਹਾਂ ਪਛੜੇ ਬੱਚਿਆਂ ਨੂੰ ਹੱਥਾਂ ਨਾਲ ਕੀਤੇ ਜਾਣ ਵਾਲੇ ਛੋਟੇ-ਮੋਟੇ ਕਿਤਿਆਂ ਦੀ ਸਿਖਲਾਈ ਦਿਓ। ਪ੍ਰਦੇਸ਼ ਦੇ ਸਿੱਖਾਂ ਨੂੰ ਬੇਨਤੀ ਕਰੋ ਕਿ ਤੁਹਾਡੇ ਕੋਲੋਂ ਸਿਖਿਅਤ ਬੱਚਿਆਂ ਨੂੰ ਕੰਮ ਦੇਣ। ਨਾਲ ਨਾਲ ਇਨ੍ਹਾਂ ਨੂੰ ਗੁਰਮਤਿ ਪੜ੍ਹਾਓ। ਜੇ ਇਕ ਪ੍ਰਚਾਰਕ ਰੱਖ ਕੇ ਗੁਰਬਾਣੀ ਪੜ੍ਹਾਉਣੀ ਹੁੰਦੀ ਤਾਂ, ਵਿਦਿਆਲਾ ਜ਼ਰੂਰ ਸਥਾਪਤ ਹੋ ਜਾਣਾ ਸੀ, ਪਰ ਗਰੀਬਾਂ ਦੀਆਂ ਆਰਥਿਕ ਸਮੱਸਿਆਵਾਂ ਦਾ ਅਣਚਾਹਿਆ ਬੋਝ ਕੌਣ ਉਠਾਵੇ?

ਰਾਮ ਰਹੀਮ ਦੀ ਗ੍ਰਿਫਤਾਰੀ ਤੋਂ ਬਾਅਦ ਘਰ ਵਾਪਸੀ ਦੀਆਂ ਅਪੀਲਾਂ ਹੋਈਆਂ ਹਨ ਅਤੇ ਧਰਮ ਪ੍ਰਚਾਰ ਲਹਿਰ ਨੂੰ ਜ਼ੋਰ-ਸ਼ੋਰ ਨਾਲ ਚਲਾਉਣ ਦੀਆਂ ਗੱਲਾਂ ਰੋਜ਼ ਅਖਬਾਰਾਂ ਵਿਚ ਹਨ। ਪਰ ਮੇਰਾ ਇਹ ਦਾਅਵਾ ਹੈ ਕਿ ਜੇ ਲਾਊਡ ਸਪੀਕਰ ਲਾ ਕੇ ਗਲੀ-ਗਲੀ ਵੀ ਸਾਰਾ ਦਿਨ ਧਰਮ ਦੇ ਸਿਧਾਂਤ ਸੁਣਾਉਣ ਲੱਗ ਜਾਵਾਂਗੇ ਤਾਂ ਵੀ ਲੋਕ ਘਰ ਨਹੀਂ ਪਰਤਣਗੇ।

***(ਬਾਕੀ ਸਫਾ 29 'ਤੇ)***

# ਗਿਆਨੀ ਕੇਸਰ ਸਿੰਘ

## ਪਾਟੇ ਪੰਨਿਆਂ ਦੀ ਅਧੂਰੀ ਇਬਾਰਤ

***ਗਿਆਨੀ ਕੇਸਰ ਸਿੰਘ ਨੇ ਜੰਗ-ਏ-ਆਜ਼ਾਦੀ ਦੇ ਇਤਿਹਾਸ ਦੀ ਪਿੱਠਭੂਮੀ ਵਿਚ ਇੱਕੀ ਤੋਂ ਵੱਧ ਨਾਵਲ ਲਿਖੇ। ਇਹ ਨਾਵਲ ਹਿੰਦੀ, ਅੰਗਰੇਜ਼ੀ ਅਤੇ ਕਈ ਹੋਰ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋਏ। 'ਜੰਗੀ ਕੈਦੀ' ਨਾਵਲ ਨਾਲ ਉਨ੍ਹਾਂ ਆਪਣੀ ਨਿਵੇਕਲੀ ਪਛਾਣ ਬਣਾਈ। ਇਹ ਨਾਵਲ ਰੂਸ ਵਿਚ ਪੰਜ ਲੱਖ ਦੀ ਗਿਣਤੀ ਵਿਚ ਛਪਿਆ ਸੀ। ਇਸ ਲੇਖ ਵਿਚ ਉਘੇ ਲਿਖਾਰੀ ਜਸਬੀਰ ਭੁੱਲਰ ਨੇ ਉਨ੍ਹਾਂ ਬਾਰੇ ਕੁਝ ਅਣਛੋਹੇ ਪੱਖ ਛੋਹੇ ਹਨ। -ਸੰਪਾਦਕ***

ਪਾੜ ਕੇ ਸੁੱਟੇ ਪੰਨਿਆਂ ਦੀ ਇਬਾਰਤ ਕੌਣ ਪੜ੍ਹਦਾ ਹੈ! ਕੋਈ ਪੜ੍ਹੇ ਵੀ ਕਿਉਂ? ਜਿਹੜੇ ਪੰਨੇ ਪਾੜ ਕੇ ਸੁੱਟ ਦਿੱਤੇ ਗਏ, ਉਹ ਜ਼ਰੂਰ ਫ਼ਜ਼ੂਲ ਹੋਣਗੇ। ਉਹ ਤਾਂਹੀਓਂ ਪਾੜੇ ਗਏ ਹੋਣਗੇ!

ਜਦੋਂ ਮੈਂ ਗਿਆਨੀ ਕੇਸਰ ਸਿੰਘ ਨੂੰ ਜਾਣਿਆ, ਕੁਝ ਭੰਮੱਤਰ ਗਿਆ ਸਾਂ। ਉਹ ਪਾਟੇ ਹੋਏ ਪੰਨੇ ਤਵਾਰੀਖ ਦੇ ਵੀ ਸਨ ਤੇ ਸਾਹਿਤ ਦੇ ਵੀ। ਉਹ ਪੰਨੇ ਸਾਡੀ ਅਮੀਰੀ ਸਨ, ਪਰ ਅਸੀਂ ਕੇਸਰ ਸਿੰਘ ਨੂੰ ਗੌਲਿਆ ਹੀ ਨਹੀਂ ਸੀ। ਨਾ ਸਾਹਿਤਕਾਰ ਵਜੋਂ, ਨਾ ਖੋਜੀ ਇਤਿਹਾਸਕਾਰ ਵਜੋਂ ਅਤੇ ਨਾ ਹੀ ਆਜ਼ਾਦੀ ਸੰਗਰਾਮ ਦੇ ਯੋਧੇ ਵਜੋਂ।

ਕੇਸਰ ਸਿੰਘ ਨੇ ਜੰਗ-ਏ-ਆਜ਼ਾਦੀ ਦੇ ਇਤਿਹਾਸ ਦੀ ਪਿੱਠਭੂਮੀ ਵਿਚ ਇੱਕੀ ਤੋਂ ਵੱਧ ਨਾਵਲ ਲਿਖੇ। ਉਸ ਦੇ ਨਾਵਲ ਹਿੰਦੀ, ਅੰਗਰੇਜ਼ੀ ਅਤੇ ਹੋਰ ਕਈ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੇ। ਆਲੋਚਕ ਡਾਕਟਰ ਅਤਰ ਸਿੰਘ ਨੇ ਦੱਸਿਆ ਸੀ ਕਿ ਕੇਸਰ ਸਿੰਘ ਦਾ ਨਾਵਲ 'ਜੰਗੀ ਕੈਦੀ' ਰੂਸ ਵਿਚ ਪੰਜ ਲੱਖ ਛਪਿਆ ਸੀ, ਪਰ ਕੇਸਰ ਸਿੰਘ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ। ਜਦੋਂ ਉਹ ਚੈਕੋਸਲਵਾਕੀਆ ਗਿਆ ਤਾਂ ਇਹਦੇ ਬਾਰੇ ਪੁੱਛਿਆ। ਪਤਾ ਲੱਗਿਆ ਕਿ 'ਜੰਗੀ ਕੈਦੀ' ਉਥੇ ਵੱਡੀ ਗਿਣਤੀ ਵਿਚ ਸਿਰਫ਼ ਛਪਿਆ ਹੀ ਨਹੀਂ, ਉਸ ਨਾਵਲ ਦੀ ਕੇਸਰ ਸਿੰਘ ਲਈ ਛੇ ਹਜ਼ਾਰ ਰੂਬਲ ਰਾਇਲਟੀ ਵੀ



ਜਸਬੀਰ ਭੁੱਲਰ

ਉਨ੍ਹਾਂ ਕੋਲ ਪਈ ਸੀ। ਉਨ੍ਹਾਂ ਦੀ ਸ਼ਰਤ ਸੀ ਕਿ ਉਹ ਰਕਮ ਕੇਸਰ ਸਿੰਘ ਰੂਸ ਆ ਕੇ ਹੀ ਪ੍ਰਾਪਤ ਕਰ ਸਕਦਾ ਸੀ। ਬਣਦੇ ਮਿਹਨਤਾਨੇ ਲਈ ਕੇਸਰ ਸਿੰਘ ਨੇ ਬਾਅਦ ਵਿਚ ਰੂਸੀਆਂ ਨੂੰ ਚਿੱਠੀਆਂ ਵੀ ਲਿਖੀਆਂ, ਪਰ ਉਨ੍ਹਾਂ ਨੇ ਰਾਇਲਟੀ ਦੀ ਰਸਮ ਨਹੀਂ ਭੇਜੀ।

ਨਾਵਲ 'ਜੰਗੀ ਕੈਦੀ' ਮੈਂ ਉਚੇਚਾ ਲੱਭ ਕੇ ਪੜ੍ਹਿਆ। ਨਾਵਲ ਦਾ ਕੈਨਵਸ ਬਹੁਤ ਵੱਡਾ ਹੈ ਤੇ ਕਥਾਨਕ ਵਿਲੱਖਣ। ਉਹ ਨਾਵਲ ਸਿਰਫ਼ ਤੇ ਸਿਰਫ਼ ਕੇਸਰ ਸਿੰਘ ਹੀ ਲਿਖ ਸਕਦਾ ਸੀ। ਵਿਸ਼ੇ ਦੇ ਪੱਖ ਤੋਂ ਉਹੋ ਜਿਹਾ ਨਾਵਲ ਲਿਖਣਾ ਪੰਜਾਬੀ ਦੇ ਕਿਸੇ ਵੀ ਹੋਰ ਨਾਵਲਕਾਰ ਦੇ ਵੱਸ ਦੀ ਗੱਲ ਨਹੀਂ ਸੀ।

ਜਦੋਂ ਮੈਂ ਕੇਸਰ ਸਿੰਘ ਨੂੰ ਪਹਿਲੀ ਵਾਰ ਮਿਲਿਆ ਸਾਂ ਤਾਂ ਸ਼ਖ਼ਸੀਅਤ ਦਾ ਜਲੌਅ ਵੇਖ ਕੇ ਹੈਰਾਨ ਹੋਇਆ ਸਾਂ। ਉਹਦੀ ਉਮਰ ਉਸ ਵੇਲੇ ਨੱਬਿਆਂ ਨੂੰ ਢੁੱਕੀ ਹੋਈ ਸੀ। ਖੁੱਲ੍ਹਾ ਦਾਹੜਾ, ਸਿਰ ਉਤੇ ਚਿੱਟੀ ਪੋਚਵੀਂ ਪੱਗ, ਨਰੋਈ ਦਿੱਖ, ਕੱਦ ਦਰਮਿਆਨਾ। ਜੀਅ ਕਰਦਾ ਸੀ ਕਿ ਉਸ ਸੁਹਣੇ ਮਨੁੱਖ ਨੂੰ ਵੇਖੀ ਜਾਈਏ। ਨਰੋਆ ਦਿਸਦਾ ਸਰੀਰ ਦਰਅਸਲ ਬਿਮਾਰ ਵੀ ਸੀ। ਵੱਡਾ ਰੋਗ ਬੁਢਾਪਾ ਸੀ ਤੇ ਉਸ ਬੁਢਾਪੇ ਨੇ ਕੁਝ ਹੋਰ ਬਿਮਾਰੀਆਂ ਨੂੰ ਵੀ ਆਪਣੇ ਘੇਰੇ ਵਿਚ ਲਿਆ ਹੋਇਆ ਸੀ।

ਕੇਸਰ ਸਿੰਘ ਨੇ ਦੱਸਿਆ, "ਹੁਣ ਜਦੋਂ ਰਾਤੀਂ ਸੌਣਾ ਵਾਂ ਤਾਂ ਇਹ ਲੱਗਦਾ ਹੈ, ਸਵੇਰੇ ਜਾਗਣਾ ਨਹੀਂ। ਹੁਣ ਤੁਹਾਡੇ ਨਾਲ ਗੱਲਾਂ ਕਰ ਰਿਹਾ ਵਾਂ, ਪਰ ਮੇਰਾ ਸਰੀਰ ਪੰਜਾਹ ਪਰਸੈਂਟ ਤੋਂ ਵੀ ਵੱਧ ਲਾਸ਼ ਬਣਿਆ ਹੋਇਆ ਹੈ। ਮੈਨੂੰ ਨਹੀਂ ਪਤਾ, ਕਿਹੜੇ ਵੇਲੇ ਮੈਂ ਤੁਰ ਜਾਣਾ ਹੈ। ਕੱਲ੍ਹ ਦੀ ਗੱਲ ਐ...।" ਕੇਸਰ ਸਿੰਘ ਤੋਂ ਜਾਨਣ ਅਤੇ ਪੁੱਛਣ ਵਾਲੀਆਂ ਗੱਲਾਂ ਹੋਰ ਬਹੁਤ ਸਨ। ਮੈਂ ਤਾਂ ਗੱਲ ਅਗਾਂਹ ਤੋਰਨ ਖਾਤਰ ਹੀ ਸਿਹਤ ਦਾ ਹਾਲ ਪੁੱਛਿਆ ਸੀ। ਮੈਂ ਮਨ ਹੀ ਮਨ ਧਾਰ ਲਿਆ ਕਿ ਅਗਲੀ ਮੁਲਾਕਾਤ ਵੇਲੇ ਸਿਹਤ ਦੇ ਹਾਲ ਨੂੰ ਛੱਡ ਕੇ ਕੁਝ ਵੀ ਹੋਰ ਪੁੱਛਾਂਗਾ।

---

ਛੇਤੀ ਹੀ ਕਿਸੇ ਵਿਆਹ ਸਮਾਗਮ ਉਤੇ ਅਸੀਂ ਮੁੜ ਮਿਲ ਪਏ। ਸਬੱਬ ਹੀ ਸੀ ਕਿ ਅਸੀਂ ਦੋਵੇਂ, ਵਕਤ ਤੋਂ ਬਹੁਤ ਪਹਿਲਾਂ ਪਹੁੰਚ ਗਏ ਸਾਂ। ਪੰਡਾਲ ਵਿਚ ਸ਼ਾਂਤੀ ਸੀ। ਉਦੋਂ ਤਕ ਡੀ.ਜੇ. ਵਾਲਿਆਂ ਨੇ ਕੰਨ ਖਾਣੇ ਸ਼ੁਰੂ ਨਹੀਂ ਸਨ ਕੀਤੇ। ਅਸੀਂ ਗੱਲੀਂ ਰੁੱਝ ਗਏ। ਮੈਂ 'ਜੰਗੀ ਕੈਦੀ' ਦੀ ਪੂਣੀ ਕੇਸਰ ਸਿੰਘ ਦੇ ਹੱਥ ਫੜਾ ਦਿੱਤੀ। ਉਹਨੇ ਪੂਣੀ ਕੱਤਣੀ ਸ਼ੁਰੂ ਕਰ ਦਿੱਤੀ: "ਸਿੰਗਾਪੁਰ-ਮਲਾਇਆ ਵਿਚ ਤਕਰੀਬਨ ਚਾਲੀ ਕੁ ਹਜ਼ਾਰ ਹਿੰਦੁਸਤਾਨੀ ਸਨ। ਉਨ੍ਹਾਂ ਵਿਚ ਪੈਂਤੀ ਕੁ ਹਜ਼ਾਰ ਸਿੱਖ ਹੋਣਗੇ। ਉਨ੍ਹਾਂ ਹਿੰਦੁਸਤਾਨੀਆਂ ਦੇ ਦੋ ਧੜੇ ਬਣ ਗਏ। ਇਕ ਧੜਾ ਤਾਂ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਿਆ। ਉਹ ਤਾਂ ਵੱਖਰੇ ਰਹਿ ਗਏ। ਜਿਹੜੇ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਨਹੀਂ ਹੋਏ, ਉਹ ਜੰਗੀ ਕੈਦੀ ਹੋ ਗਏ। ਉਨ੍ਹਾਂ ਜੰਗੀ ਕੈਦੀਆਂ ਉਤੇ ਜਾਪਾਨ ਸਰਕਾਰ ਨੇ ਬਹੁਤ ਜ਼ੋਰ-ਜ਼ੁਲਮ ਕੀਤਾ। ਉਨ੍ਹਾਂ ਕੋਲੋਂ ਬੈਂਕਾਕ, ਥਾਈਲੈਂਡ ਤੋਂ ਲੈ ਕੇ ਹਿੰਦੁਸਤਾਨ ਦੀ ਹੱਦ ਤਕ ਰੇਲਵੇ ਲਾਈਨ ਬਣਵਾਈ। ਉਨ੍ਹਾਂ ਜੰਗੀ ਕੈਦੀਆਂ ਵਿਚ ਮਲਾਇਆ, ਇੰਡੋਨੇਸ਼ੀਆ ਅਤੇ ਉਨ੍ਹਾਂ ਸਾਰੇ ਮੁਲਕਾਂ ਦੇ ਜੰਗੀ ਕੈਦੀ ਵੀ ਸ਼ਾਮਲ ਸਨ ਜਿਨ੍ਹਾਂ ਮੁਲਕਾਂ ਉਤੇ ਜਾਪਾਨੀਆਂ ਦਾ ਕਬਜ਼ਾ ਹੋ ਚੁੱਕਿਆ ਸੀ। ਉਨ੍ਹਾਂ ਜੰਗੀ ਕੈਦੀਆਂ ਦੀ ਗਿਣਤੀ ਬਹੁਤ ਵੱਡੀ ਸੀ। ਉਨ੍ਹਾਂ ਵਿਚੋਂ ਉਥੇ ਤਕਰੀਬਨ ਤਿੰਨ ਲੱਖ ਜੰਗੀ ਕੈਦੀ ਤਾਂ ਮਰ ਗਏ ਸਨ।"

ਵਿਆਹ ਦੇ ਜਸ਼ਨ ਦਾ ਰੌਲਾ-ਰੱਪਾ ਸ਼ੁਰੂ ਹੋਣ ਤੋਂ ਪਹਿਲਾਂ ਇਤਿਹਾਸ ਦੇ ਪਾਟੇ ਵਰਕਿਆਂ ਦੀ ਸੁਰ ਬਹੁਤ ਉਦਾਸ ਹੋ ਗਈ। ਕੇਸਰ ਸਿੰਘ ਨੇ ਇਕ ਹੋਰ ਵਰਕਾ ਫਰੋਲਿਆ: "ਇਕ ਬਰੂਮਾ ਕੇਸ ਸੀ। ਵੈਨਕੂਵਰ ਤੋਂ ਗ਼ਦਰੀ ਗਏ ਸਨ। ਸੋਹਨ ਲਾਲ ਉਨ੍ਹਾਂ ਦਾ ਲੀਡਰ ਸੀ। ਉਸ ਕੇਸ ਵਿਚ ਦਸ ਆਦਮੀਆਂ ਨੂੰ ਫਾਂਸੀ ਲੱਗੀ ਤੇ ਸੱਤ ਜਣਿਆਂ ਨੂੰ ਉਮਰ ਕੈਦ ਹੋਈ। ਉਨ੍ਹਾਂ ਉਤੇ ਮੈਂ ਨਾਵਲ ਲਿਖਿਆ ਸੀ: ਜੰਞ ਲਾੜਿਆਂ ਦੀ। ... ਤੇ ਹੁਣ ਜਿਹੜੀ ਅਖੀਰਲੀ ਕਿਤਾਬ ਲਿਖੀ ਐ 'ਹਥਿਆਰਬੰਦ ਇਨਕਲਾਬ', ਉਸ ਵਿਚ 1905 ਤੋਂ 1945 ਤਕ ਦਾ ਸਮਾਂ ਹੈ ਜਦੋਂ ਹੀਰੋਸ਼ੀਮਾ ਖ਼ਤਮ ਹੁੰਦਾ ਹੈ। ਇਸ ਦਾ ਸ਼ੁਰੂ ਮੈਂ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਤੋਂ ਕੀਤਾ ਸੀ। ਇਹ ਸੱਤ ਨਾਵਲਾਂ ਦੀ ਲੜੀ ਹੈ। ਗਾਂਧੀ ਅਤੇ ਨਹਿਰੂ ਨੇ ਜਿਹੜਾ 'ਸਪਲਿਟ ਇੰਡੀਆ' (ਭਾਰਤ ਵੰਡੋ) ਮੰਨ ਕੇ ਸਾਨੂੰ ਆਜ਼ਾਦੀ-ਬਰਬਾਦੀ ਲੈ ਕੇ ਦਿੱਤੀ ਹੈ, ਮੈਂ ਉਸ ਦੇ ਖ਼ਿਲਾਫ਼ ਲਿਖਿਆ ਹੈ। ਆਜ਼ਾਦੀ ਗਾਂਧੀ ਦੇ ਚਰਖੇ ਕਰ ਕੇ ਨਹੀਂ ਮਿਲੀ। ਆਜ਼ਾਦੀ ਹਥਿਆਰਬੰਦ ਲੋਕਾਂ ਕਰ ਕੇ ਮਿਲੀ ਹੈ।

ਉਥੇ ਗਏ ਗ਼ਦਰੀਆਂ ਵਿਚੋਂ ਇਕ ਬਾਬਾ ਅਮਰ ਸਿੰਘ ਸੀ ਜਿਹੜਾ ਵੀਹ ਸਾਲ ਜੇਲ੍ਹ ਕੱਟ ਕੇ ਆਇਆ ਸੀ। ਅਸੀਂ ਦੋਵੇਂ ਬੈਂਕਾਕ ਤੋਂ ਚੱਲ ਕੇ ਹਿੰਦੁਸਤਾਨ ਦੀ ਹੱਦ ਤਕ ਚੌਦਾਂ ਸੌ ਕਿਲੋਮੀਟਰ ਤੁਰ ਕੇ ਗਏ ਸਾਂ। ਰਾਹ ਵਿਚ ਅਸੀਂ ਉਹ ਥਾਂ ਵੀ ਵੇਖੀ ਜਿਥੇ ਨਾਮਧਾਰੀਆਂ ਦਾ ਗੁਰੂ ਰਾਮ ਸਿੰਘ ਕੈਦ ਕੱਟ ਰਿਹਾ ਸੀ। ਉਹ ਥਾਂ ਉਜਾੜ ਪਈ ਸੀ। ਲੜਾਈ ਖ਼ਤਮ ਹੋਣ ਤੋਂ ਪਹਿਲਾਂ ਮੈਂ ਵੱਡੇ ਪੁੱਤਰ ਗੁਰਚਰਨ ਅਤੇ ਛੋਟੇ ਪੁੱਤਰ ਕੁਲਦੀਪ (ਜੋ ਉਥੇ ਹੀ ਪੈਦਾ ਹੋਇਆ ਸੀ) ਨੂੰ ਅਤੇ ਉਨ੍ਹਾਂ ਦੀ ਮਾਂ ਹਰਨਾਮ ਕੌਰ ਨੂੰ ਹਿੰਦੁਸਤਾਨ ਭੇਜ ਦਿੱਤਾ ਸੀ। ਫਿਰ ਉਥੇ ਕੋਈ ਹੋਰ ਕੇਸਰ ਸਿੰਘ ਮਰ ਗਿਆ। ਹਰਨਾਮ ਕੌਰ ਨੇ ਸੋਚਿਆ, ਉਹ ਮੈਂ ਸਾਂ। ਉਸ ਦਾ ਦਿਮਾਗ ਖ਼ਰਾਬ ਹੋ ਗਿਆ। ਫਿਰ ਜਦੋਂ ਦੁਬਾਰਾ ਸਾਡਾ ਮੇਲ ਹੋਇਆ ਤਾਂ ਉਹ ਠੀਕ ਹੋ ਗਈ।"

ਕੇਸਰ ਸਿੰਘ ਦੀਆਂ ਗੱਲਾਂ ਵਿਚ ਕਿਧਰੇ ਕਿਧਰੇ ਅਸਪਸ਼ਟਤਾ ਵੀ ਸੀ ਤੇ ਖੱਪੇ ਵੀ। ਮੈਂ ਉਹਨੂੰ ਟੋਕਣਾ ਨਹੀਂ ਸਾਂ ਚਾਹੁੰਦਾ, ਪਰ ਗਾਂਧੀ ਅਤੇ ਨਹਿਰੂ ਬਾਰੇ ਟਿੱਪਣੀ ਸੁਣ ਕੇ ਮੈਂ ਚੌਂਕ ਗਿਆ ਤੇ ਬੋਲ ਪਿਆ, "ਗਾਂਧੀ ਅਤੇ ਨਹਿਰੂ ਬਾਰੇ ਤੁਹਾਡੇ ਵਿਚਾਰ ਬੜੇ ਵੱਖਰੇ ਨੇ।"



ਉਹਦਾ ਚਿਹਰਾ ਕੁਝ ਤਪ ਗਿਆ ਜਾਪਿਆ। ਹਰਖਿਆ ਹੋਇਆ ਬੋਲਿਆ, "ਸਾਡਾ ਆਜ਼ਾਦੀ ਦਾ ਸੁਪਨਾ ਬਰਬਾਦ ਕਰ ਦਿੱਤਾ ਏ ਉਨ੍ਹਾਂ। ਨਹਿਰੂ ਨੇ ਕਿਹਾ ਸੀ ਕਿ ਵੰਡ ਧਰਮ ਦੇ ਆਧਾਰ ਉਤੇ ਨਹੀਂ ਹੋ ਰਹੀ, ਵੰਡ ਇਨਸਾਫ਼ ਦੇ ਆਧਾਰ ਉਤੇ ਹੋ ਰਹੀ ਹੈ। ਉਸ ਨੇ ਜਿਹੜੀ ਵੰਡ ਕੀਤੀ, ਉਹ ਤੁਸੀਂ ਵੇਖ ਹੀ ਰਹੇ ਹੋ। ਹਿੰਦੂ ਤੇ ਮੁਸਲਮਾਨ, ਉਸ ਨੇ ਦੋ ਮੁਲਕ ਐਸੇ ਪੈਦਾ ਕਰ ਦਿੱਤੇ ਜਿਹੜੇ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਵੰਡ ਤੋਂ ਪਹਿਲਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਇਸ ਬਾਰੇ ਮੀਟਿੰਗ ਵੀ ਕੀਤੀ ਸੀ ਜਿਸ ਵਿਚ ਵੱਡੇ-ਵੱਡੇ ਜਰਨੈਲ ਬੈਠੇ ਸੀ। ...ਹਿੰਦੂ, ਸਿੱਖ ਅਤੇ ਮੁਸਲਮਾਨਾਂ ਦਾ ਜਿਹੜਾ ਕਤਲੇਆਮ ਹੋਇਐ (1947 ਵੇਲੇ), ਉਸ ਲਈ ਸਭ ਤੋਂ ਵੱਧ ਨਹਿਰੂ ਜ਼ਿੰਮੇਵਾਰ ਐ ਤੇ ਦੂਜੇ ਨੰਬਰ ਉਤੇ ਜਿਨਾਹ। ਮਲਾਇਆ ਵਿਚ ਮੈਂ ਨਹਿਰੂ ਨਾਲ ਸਫ਼ਰ ਕੀਤੈ। ਨਹਿਰੂ ਦਾ ਭਣਵੱਈਆ ਕ੍ਰਿਸ਼ਨਾ ਹਾਥੀ ਸਿੰਘ ਮੈਨੂੰ ਕਹਿਣ ਲੱਗਾ ਕਿ ਨਹਿਰੂ ਤੇਰੇ ਕੋਲੋਂ ਸਾਰੀਆਂ ਗੱਲਾਂ ਪੁੱਛੂ। ਤੂੰ ਦੱਸੀਂ ਨਾ ਕੋਈ। ਮੈਂ ਕਿਹਾ-ਕਿਉਂ? ਕਹਿੰਦਾ, ਇਹ ਬਹੁਤ ਵੱਡਾ ਰਾਸਕਲ ਐ। ਇਹ ਭਾਵੇਂ ਮੇਰਾ ਸਾਲਾ ਈ ਐ, ਪਰ ਮੈਂ ਉਹਨੂੰ ਨਫ਼ਰਤ ਕਰਦਾ ਹਾਂ। ਮੈਨੂੰ ਇਥੇ ਆਉਣਾ ਪਿਆ। ਇਹਦਾ ਹੋਰ ਕਾਰਨ ਹੈ। ਮੈਂ ਜਾਣਨਾ ਚਾਹੁੰਦਾ ਸਾਂ ਕਿ ਉਹ ਮੁਲਕ ਨਾਲ ਹੋਰ ਕਿੰਨੀ ਕੁ ਗਦਾਰੀ ਕਰ ਸਕਦਾ ਹੈ।"

ਕੇਸਰ ਸਿੰਘ ਦੀਆਂ ਗੱਲਾਂ ਕਾਤਰਾਂ ਵਾਂਗੂੰ ਸਨ। ਮੈਂ ਜੋੜ ਕੇ ਝੱਗਾ ਬਣਾਉਣ ਦੀ ਕੋਸ਼ਿਸ਼ ਵਿਚ ਸਾਂ। ਵਿਆਹ ਵਾਲਾ ਪੰਡਾਲ ਸੁੰਨਾ ਨਹੀਂ ਸੀ ਰਿਹਾ। ਰੌਣਕ ਵਧ ਰਹੀ ਸੀ। ਗੱਲਾਂ ਰੌਲੇ ਵਿਚ ਗੁਆਚਣ ਲੱਗ ਪਈਆਂ ਸਨ।

---

ਗਿਆਨੀ ਕੇਸਰ ਸਿੰਘ ਅਤੇ ਗੁਰਚਰਨ (ਪੁੱਤਰ) ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿਚ ਡਾਕਟਰ ਕੇਸਰ ਸਿੰਘ ਕੇਸਰ ਦੇ ਘਰ ਠਹਿਰੇ ਹੋਏ ਸਨ। ਮੈਂ ਕੇਸਰ ਸਿੰਘ ਕੋਲੋਂ ਅਗਲੇਰੇ ਦਿਨੀਂ ਮਿਲਣ ਦਾ ਵਾਅਦਾ ਲੈ ਲਿਆ। ਦਸੰਬਰ 1999 ਦੇ ਉਸ ਮਿੱਥੇ ਹੋਏ ਦਿਨ ਤੇ ਵੇਲੇ ਅਨੁਸਾਰ ਮੈਂ ਡਾਕਟਰ ਕੇਸਰ ਦੇ ਘਰ ਪਹੁੰਚ ਗਿਆ।

ਗਿਆਨੀ ਕੇਸਰ ਸਿੰਘ ਦੀਆਂ ਗੱਲਾਂ ਵਿਚ ਬੜਾ ਕੁਝ ਅਣਕਿਹਾ ਰਹਿ ਜਾਂਦਾ ਸੀ। ਕਈ ਵਾਰ ਗੱਲ ਕਿਧਰੇ ਹੋਰ ਪਹੁੰਚ ਜਾਂਦੀ ਸੀ। ਸੋਚਿਆ, ਗੱਲ ਮੁੱਢੋਂ-ਸੁੱਢੋਂ ਸ਼ੁਰੂ ਕਰਾਂ। ਮੈਂ ਪੁੱਛਿਆ ਸੀ, "ਤੁਸੀਂ ਆਖਦੇ ਓ, ਜਨਮ ਤਰੀਕ ਦਾ ਕੁਝ ਪਤਾ ਹੀ ਨਹੀਂ। ਇਹ ਵੀ ਨਹੀਂ ਪਤਾ ਨਾਨਕੇ ਜੰਮਿਆ ਸਾਂ ਕਿ ਦਾਦਕੇ, ਪਰ ਵੇਰਵਿਆਂ ਵਿਚ ਤੁਹਾਡੀ ਜਨਮ ਮਿਤੀ ਪਹਿਲੀ ਜਨਵਰੀ 1912 ਲਿਖੀ ਹੋਈ ਹੈ।"

ਕੇਸਰ ਸਿੰਘ ਨੇ ਦੱਸਿਆ, "1939 ਵਿਚ ਮੈਂ ਪੀਨਾਂਗ ਰਹਿੰਦਾ ਸਾਂ। ਉਦੋਂ ਹਿੰਦੁਸਤਾਨ ਤੋਂ ਮਲਾਇਆ ਜਾਣ ਲਈ ਪਾਸਪੋਰਟ ਦੀ ਲੋੜ ਨਹੀਂ ਸੀ ਪੈਂਦੀ। ਮੈਂ ਉਥੋਂ ਸਿਆਮ ਜਾਣਾ ਸੀ। ਸਿਆਮ ਜਾਣ ਲਈ ਪਾਸਪੋਰਟ ਚਾਹੀਦਾ ਸੀ। ਮੈਂ ਫਾਰਮ ਭਰਿਆ, ਪਰ ਫਾਰਮ ਵਿਚ ਜਨਮ ਤਰੀਕ ਵਾਲਾ ਖਾਨਾ ਖਾਲੀ ਛੱਡ ਦਿੱਤਾ। ਪਾਸਪੋਰਟ ਦੇਣ ਵਾਲੇ ਆਇਰਿਸ਼ ਅਧਿਕਾਰੀ ਦਾ ਨਾਂ ਮਿਸਟਰ ਮੈਕਾਰਥੀ ਸੀ। ਉਹਨੇ ਮੈਨੂੰ ਪਾਸਪੋਰਟ ਦੇਣ ਤੋਂ ਨਾਂਹ ਕਰ ਦਿੱਤੀ। ਖ਼ੁਫ਼ੀਆ ਵਿਭਾਗ ਦੇ ਜਾਸੂਸਾਂ ਨੇ ਮੇਰੇ ਖ਼ਿਲਾਫ਼ ਰਿਪੋਰਟ ਕੀਤੀ ਹੋਈ ਸੀ ਕਿ ਮੈਂ ਸਿੱਖ ਰਜਮੈਂਟਾਂ ਵਿਚ ਜਾ ਕੇ ਸਿੱਖ ਫ਼ੌਜੀਆਂ ਨੂੰ ਸਰਕਾਰ ਖ਼ਿਲਾਫ਼ ਭੜਕਾਉਂਦਾ ਸਾਂ। ਮੈਂ ਮਿਸਟਰ ਮੈਕਾਰਥੀ ਨਾਲ ਲੜ ਪਿਆ। ਮੈਂ ਆਖਿਆ, ਮੈਨੂੰ ਪਤਾ ਹੈ ਕਿ ਤੂੰ ਆਇਰਿਸ਼ ਹੈਂ। ਤੇਰਾ ਦੇਸ਼ ਵੀ ਗ਼ੁਲਾਮ ਹੈ ਤੇ ਮੇਰਾ ਵੀ। ਤੇਰੇ ਵਿਚ ਆਪਣੇ ਦੇਸ਼ ਦੀ ਆਜ਼ਾਦੀ ਲਈ ਕੁਝ ਕਰਨ ਦਾ ਹੌਸਲਾ ਨਹੀਂ। ਤੂੰ ਅੰਗਰੇਜ਼ਾਂ ਦੀ ਨੌਕਰੀ ਕਰਦਾ ਹੈਂ। ਮੈਂ ਆਪਣੇ ਦੇਸ਼ ਲਈ ਕੁਝ ਕਰਨਾ ਚਾਹੁੰਦਾ ਹਾਂ ਤਾਂ ਤੂੰ ਮੇਰੇ ਰਾਹ ਵਿਚ ਰੋੜੇ ਅਟਕਾਉਂਦਾ ਹੈਂ। ਜੇ ਮੈਂ ਜਾਣਾ ਹੋਇਆ ਤਾਂ ਬਿਨਾਂ ਪਾਸਪੋਰਟ ਦੇ ਹੀ ਚਲਿਆ ਜਾਊਂ। ਮਿਸਟਰ ਮੈਕਾਰਥੀ ਨੇ ਗੁੱਸੇ ਵਿਚ ਮੈਨੂੰ ਦਫ਼ਤਰੋਂ ਬਾਹਰ ਕੱਢ ਦਿੱਤਾ, ਪਰ ਮੇਰੀਆਂ ਖਰੀਆਂ ਖਰੀਆਂ ਸੁਣ ਕੇ ਉਹਦੀ ਜ਼ਮੀਰ ਜਾਗ ਪਈ। ਅਗਲੇ ਦਿਨ ਉਹਨੇ ਮੈਨੂੰ ਦਫ਼ਤਰ ਬੁਲਾ ਕੇ ਪਾਸਪੋਰਟ ਦੇ ਦਿੱਤਾ।"




ਗਿਆਨੀ ਕੇਸਰ ਸਿੰਘ ਦੀ 'ਆਤਮ ਕਥਾ' ਅਤੇ ਦੋ ਨਾਵਲਾਂ 'ਹਥਿਆਰਬੰਦ ਸੰਘਰਸ਼' ਤੇ 'ਜੰਗੀ ਕੈਦੀ' ਦੇ ਮੁਖੜੇ।

"... ਤੇ ਜਨਮ ਤਾਰੀਕ ਦਾ ਕੀ ਬਣਿਆ?" ਮੈਂ ਮੁਸਕਰਾਇਆ।

"ਜਨਮ ਤਰੀਕ! ਓ ਹਾਂ...!" ਕੇਸਰ ਸਿੰਘ ਵੀ ਮੁਸਕਰਾਇਆ, "ਮਹੀਨੇ ਪਿੱਛੋਂ ਮੈਂ ਸਿਆਮ ਤੋਂ ਵਾਪਸ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਜਨਮ ਤਰੀਕ ਮਿਸਟਰ ਮੈਕਾਰਥੀ ਦੀ ਪਤਨੀ ਲਿਜ਼ਾ ਨੇ ਬਣਾਈ ਸੀ। ਝੂਠੀ-ਮੂਠੀ ਦੀ ਇਹੀ ਤਰੀਕ ਹੁਣ ਮੇਰੀ ਜਨਮ ਤਰੀਕ ਹੋ ਗਈ ਹੈ।"

ਜਨਮ ਤਰੀਕ ਦੱਸਣ ਲੱਗਿਆਂ ਹੀ ਕੇਸਰ ਸਿੰਘ ਨੇ ਜਨਮ ਤੋਂ ਪਿੱਛੋਂ ਦੇ ਕਈ ਵਰ੍ਹੇ ਛਾਲ ਮਾਰ ਕੇ ਟੱਪ ਲਏ ਸਨ। ਮੈਂ ਮੁੜ ਉਹਨੂੰ ਬਚਪਨ ਵੱਲ ਲੈ ਆਇਆ, "ਗਿਆਨੀ ਜੀ, ਆਪਣੀ ਪੜ੍ਹਾਈ-ਲਿਖਾਈ ਅਤੇ ਮੁੱਢਲੇ ਵਰ੍ਹਿਆਂ ਬਾਰੇ ਵੀ ਤਾਂ ਕੁਝ ਦੱਸੋ!"

"ਪੰਜਵੀਂ ਤਕ ਮੈਂ ਪਿੰਡ ਦੇ ਸਕੂਲ ਵਿਚ ਹੀ ਪੜ੍ਹਿਆ ਸਾਂ। ਫਿਰ ਮੈਂ ਰਾਵਲਪਿੰਡੀ ਦੇ ਅਮਰੀਕਨ ਮਿਸ਼ਨ ਸਕੂਲ ਵਿਚ ਦਾਖ਼ਲਾ ਲੈ ਲਿਆ। ਨੌਵੀਂ ਵਿਚ ਪੜ੍ਹਦਿਆਂ ਮੇਰੇ ਦਿਮਾਗ ਵਿਚ ਪਤਾ ਨਹੀਂ ਕੀ ਆਈ, ਮੈਂ ਉਥੋਂ ਨੱਸ ਕੇ ਅੰਮ੍ਰਿਤਸਰ ਸੰਤ ਗੁਲਾਬ ਸਿੰਘ ਦੇ ਡੇਰੇ ਪਹੁੰਚ ਗਿਆ। ਡੇਰੇ ਵਾਲਿਆਂ ਮੈਨੂੰ ਯਤੀਮਖ਼ਾਨੇ ਦਾਖ਼ਲ ਕਰਵਾ ਦਿੱਤਾ। ਯਤੀਮਖ਼ਾਨੇ ਵਿਚ ਮੈਂ ਕੀਰਤਨ ਵੀ ਸਿੱਖਿਆ ਤੇ ਗੁਰਬਾਣੀ ਦੀ ਵਿੱਦਿਆ ਵੀ ਲਈ। ਅੰਮ੍ਰਿਤਸਰ ਰਹਿੰਦਿਆਂ ਹੀ ਮੈਨੂੰ ਆਜ਼ਾਦੀ ਦੀ ਜੰਗ ਬਾਰੇ ਜਾਣਕਾਰੀ ਹੋਈ। ਉਥੇ ਹੀ ਪਹਿਲੀ ਵਾਰੀ ਮੈਂ ਮਦਨ ਲਾਲ ਢੀਂਗਰਾ ਦਾ ਨਾਂ ਸੁਣਿਆ। ਮੈਨੂੰ ਬੱਸ ਏਨਾ ਕੁ ਪਤਾ ਲੱਗਿਆ ਸੀ ਕਿ ਮਦਨ ਲਾਲ ਢੀਂਗਰਾ ਨੇ ਕਿਸੇ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰੀ ਸੀ ਤੇ ਅੰਗਰੇਜ਼ਾਂ ਨੇ ਉਹਨੂੰ ਲੰਡਨ ਵਿਚ ਫਾਂਸੀ ਦੇ ਦਿੱਤੀ ਸੀ।

ਇਕ ਦਿਨ ਮੈਂ ਬਾਜ਼ਾਰ ਮਾਈ ਸੇਵਾਂ ਵਿਚ ਮਦਨ ਲਾਲ ਢੀਂਗਰਾ ਦੀ ਫੋਟੋ ਲੱਭਣ ਪਹੁੰਚ ਗਿਆ। ਉਥੇ ਮੈਨੂੰ ਇਕ ਬਜ਼ੁਰਗ ਮਿਲਿਆ। ਉਹ ਮੈਨੂੰ ਦੁਕਾਨ ਦੇ ਪਿਛਲੇ ਪਾਸੇ ਲੈ ਗਿਆ ਤੇ ਲੁਕੋ ਕੇ ਕਿਤਾਬ ਦੇ ਦਿੱਤੀ। ਕਿਤਾਬ ਹਿੰਦੀ ਵਿਚ ਸੀ। ਮੈਂ ਹਿੰਦੀ ਸਿੱਖੀ ਤੇ ਦੋ-ਢਾਈ ਮਹੀਨੇ ਲਾ ਕੇ ਮਸਾਂ ਉਹ ਕਿਤਾਬ ਪੜ੍ਹੀ। ਉਹ ਕਿਤਾਬ ਸਰਕਾਰ ਨੇ ਜ਼ਬਤ ਕੀਤੀ ਹੋਈ ਸੀ। ਬਾਅਦ ਵਿਚ ਉਸੇ ਬਜ਼ੁਰਗ ਨੇ ਮੈਨੂੰ ਸਚਿੰਦਰਨਾਥ ਸਾਨਿਆਲ ਦੀ 'ਬੰਦੀ ਜੀਵਨ' ਦਿੱਤੀ। ਉਹ ਕਿਤਾਬ ਪੜ੍ਹ ਕੇ ਮੇਰੀ ਗ਼ਦਰੀਆਂ ਲਈ ਸ਼ਰਧਾ ਪੈਦਾ ਹੋ ਗਈ।

ਅੰਮ੍ਰਿਤਸਰ ਦਾ ਉਸ ਵੇਲੇ ਦਾ ਮਾਹੌਲ ਮੈਂ ਆਪਣੇ ਨਾਵਲ 'ਸ਼ਹੀਦ ਊਧਮ ਸਿੰਘ' ਵਿਚ ਦਿੱਤਾ ਹੋਇਆ ਏ।"

"ਸਾਹਿਤ ਦੀ ਚੇਟਕ ਕਿਵੇਂ ਲੱਗ ਗਈ? ਨਾਵਲ ਤੁਸੀਂ ਕਦੋਂ ਲਿਖਣੇ ਸ਼ੁਰੂ ਕੀਤੇ?"

"ਸਬਰ ਕਰੋ!" ਕੇਸਰ ਸਿੰਘ ਨੇ ਮੇਰਾ ਮੋਢਾ ਥਾਪੜਿਆ, "ਮੈਂ ਹੌਲੀ ਹੌਲੀ ਉਸੇ ਪਾਸੇ ਆ ਰਿਹਾ ਵਾਂ। ...1931 ਵਿਚ ਮੇਰੀ ਪ੍ਰਾਇਮਰੀ ਸਕੂਲ ਵਿਚ ਨੌਕਰੀ ਲੱਗ ਗਈ ਸੀ। ਮੈਂ ਪੜ੍ਹਿਆ ਤਾਂ ਬਹੁਤਾ ਨਹੀਂ ਸਾਂ, ਪਰ ਮੇਰੀ ਸੰਗੀਤ ਵਿੱਦਿਆ ਨੂੰ ਧਿਆਨ ਵਿਚ ਰੱਖਦਿਆਂ ਬੱਚਿਆਂ ਨੂੰ ਕੀਰਤਨ ਸਿਖਾਉਣ ਤੇ ਪੰਜਾਬੀ ਪੜ੍ਹਾਉਣ ਲਈ ਮੈਨੂੰ ਪੰਦਰਾਂ ਰੁਪਏ ਮਹੀਨਾਵਾਰ ਤਨਖ਼ਾਹ ਉਤੇ ਅਧਿਆਪਕ ਰੱਖ ਲਿਆ ਗਿਆ। ਉਥੇ ਰਹਿੰਦਿਆਂ ਮੈਂ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਐਸ.ਐਸ. ਅਮੋਲ ਕੋਲ ਵੀ ਕੰਮ ਕੀਤਾ। 1937 ਵਿਚ ਮੇਰਾ ਵਿਆਹ ਹੋ ਗਿਆ ਤੇ 1938 ਵਿਚ ਮੈਂ ਪੀਨਾਂਗ ਦੇ ਗੁਰਦੁਆਰੇ ਦਾ ਸਕੱਤਰ ਬਣ ਕੇ ਉਥੇ ਪਹੁੰਚ ਗਿਆ।"

"... ਤੇ ਨਾਵਲ ਲਿਖਣੇ...!"

"ਦੱਸਦਾਂ!... ਮਿੰਟਗੁਮਰੀ ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਕਾਨਫਰੰਸ ਸੀ। ਮੈਂ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਪਹਿਲੀ ਵਾਰੀ ਉਥੇ ਵੇਖਿਆ ਸੀ। 1928-29 ਦੀ ਗੱਲ ਹੈ। ਉਨ੍ਹਾਂ ਡੇਢ-ਦੋ ਘੰਟੇ ਲੈਕਚਰ ਦਿੱਤਾ ਤੇ ਆਖ਼ਰ ਵਿਚ ਬੁਰਜੀ ਨੂੰ ਹੱਥ ਪਾ ਲਿਆ ਤੇ ਉਚਾਰਨ ਲੱਗ ਪਏ, "... ਨਾਨਕ ਨਾਮੁ ਮਿਲੈ ਤਾਂ ਜੀਵਾਂ।" ਉਨ੍ਹਾਂ ਅਗਲੀ ਤੁਕ ਨਹੀਂ ਬੋਲੀ। ਲਗਾਤਾਰ ਇਕੋ ਤੁਕ ਬੋਲੀ ਗਏ, ਸ਼ਾਇਦ ਇਕ-ਡੇਢ ਘੰਟਾ। ਉਥੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪੋਤਰੇ ਸਰਦਾਰ ਹਰਬੰਸ ਸਿੰਘ ਅਟਾਰੀ ਬੈਠੇ ਹੋਏ ਸਨ। ਉਥੇ

(ਬਾਕੀ ਅਗਲੇ ਸਫ਼ੇ 'ਤੇ)

ਸਰਦਾਰ ਸੁੰਦਰ ਸਿੰਘ ਮਜੀਠੀਆ ਅਤੇ ਭਾਈ ਵੀਰ ਸਿੰਘ ਵੀ ਸਨ। ਉਨ੍ਹਾਂ ਰਲ ਕੇ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਉਥੋਂ ਉਠਾਇਆ। ਮੇਰੇ ਉਤੇ ਪ੍ਰੋਫ਼ੈਸਰ ਪੂਰਨ ਸਿੰਘ ਦਾ ਏਨਾ ਅਸਰ ਹੋਇਆ ਕਿ ਮੈਂ ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਲੱਗ ਪਿਆ। ਪ੍ਰੋਫ਼ੈਸਰ ਤੇਜਾ ਸਿੰਘ ਅੰਮ੍ਰਿਤਸਰ ਵਾਲੇ ਨੇ ਆਖਿਆ ਕਿ ਮੈਂ ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹਾਂ।"

'ਖੁੱਲ੍ਹ ਜਾ ਸਿਮ ਸਿਮ' ਦੇ ਮੰਤਰ ਤੋਂ ਬਿਨਾਂ ਹੀ ਕੇਸਰ ਸਿੰਘ ਨੇ ਮੇਰੇ ਸਨਮੁੱਖ ਕੀਮਤੀ ਖ਼ਜ਼ਾਨੇ ਦੇ ਬੂਹੇ ਖੋਲ੍ਹੇ ਹੋਏ ਹਨ, ਪਰ ਮੈਂ ਪਹਿਲੇ ਸੁਆਲ ਉਤੇ ਹੀ ਅਟਕਿਆ ਹੋਇਆ ਸਾਂ। ਉਹੀ ਗੱਲ ਦੂਜੀ ਤਰ੍ਹਾਂ ਪੁੱਛ ਲਈ, "ਲਿਖਣਾ ਉਸ ਤੋਂ ਬਾਅਦ ਹੀ ਸ਼ੁਰੂ ਕੀਤਾ?"

ਗਿਆਨੀ ਕੇਸਰ ਸਿੰਘ ਨੇ ਦੱਸਿਆ, "ਮੈਂ 1934 ਵਿਚ ਗਿਆਨੀ ਪਾਸ ਕੀਤੀ ਸੀ। ਪ੍ਰਿੰਸੀਪਲ ਅਮੋਲ ਪੜ੍ਹਾਉਣ ਤੋਂ ਇਲਾਵਾ ਰਸਾਲਾ ਵੀ ਕੱਢਦੇ ਸਨ। ਉਸ ਰਸਾਲੇ ਦਾ ਨਾਂ 'ਲਿਖਾਰੀ' ਸੀ। ਇਹ 1936 ਦੀ ਗੱਲ ਹੈ। ਮੈਂ ਕਵਿਤਾ ਲਿਖੀ ਸੀ ਜਿਹੜੀ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਭੇਟ ਕੀਤੀ ਸੀ। ਅਮੋਲ ਨੇ ਇਹ ਕਵਿਤਾ ਮੈਨੂੰ ਬਗੈਰ ਦੱਸੇ 'ਲਿਖਾਰੀ' ਵਿਚ ਛਾਪ ਦਿੱਤੀ। ਇਹ ਕਵਿਤਾ ਉਹਨੂੰ ਭਾਈ ਸੇਵਾ ਸਿੰਘ ਨੇ ਮੇਰੇ ਕਾਗ਼ਜ਼ਾਂ ਵਿਚੋਂ ਕੱਢ ਕੇ ਦਿੱਤੀ ਸੀ।"

"ਉਸ ਵੇਲੇ ਤੁਸਾਂ ਹੋਰ ਕੀ ਕੁਝ ਲਿਖਿਆ, ਪੜ੍ਹਿਆ?" ਮੇਰੇ ਪਹਿਲੇ ਸੁਆਲ ਦਾ ਜੁਆਬ ਅਜੇ ਤਕ ਵੀ ਗਿਆਨੀ ਕੇਸਰ ਸਿੰਘ ਕੋਲ ਹੀ ਸੀ।

ਉਸ ਸਾਫ਼ ਜੁਆਬ ਦਿੱਤਾ, "ਮੈਂ ਉਦੋਂ ਅਸਲ ਵਿਚ ਕੁਝ ਨਹੀਂ ਸਾਂ ਲਿਖਦਾ, ਨਾ ਮੈਨੂੰ ਕਵਿਤਾ ਦੀ ਹੀ ਕੁਝ ਸਮਝ ਸੀ। ਨਾਨਕ ਸਿੰਘ ਨਾਵਲਿਸਟ ਨੇ ਅਮੋਲ ਹੋਰਾਂ ਕੋਲੋਂ ਸਾਲ ਪਹਿਲਾਂ ਹੀ ਗਿਆਨੀ ਪਾਸ ਕੀਤੀ ਸੀ। ਉਦੋਂ ਉਨ੍ਹਾਂ ਨਵਾਂ ਨਾਵਲ 'ਚਿੱਟਾ ਲਹੂ' ਲਿਖਿਆ ਸੀ। ਉਹ ਨਾਵਲ ਟਾਈਪ ਹੁੰਦਾ ਸੀ। ਸਿੰਘ ਬਰਦਰਜ਼ ਦਾ ਮਾਲਕ ਭਾਈ ਸੇਵਾ ਸਿੰਘ ਉਸ ਨਾਵਲ ਨੂੰ ਟਾਈਪ ਕਰਦਾ ਸੀ, ਪਰੂਫ਼ ਰੀਡਿੰਗ ਅਮੋਲ ਹੋਰੀਂ ਕਰਦੇ ਸਨ। ਮੈਂ ਸਾਈਕਲ ਉਤੇ ਚੜ੍ਹ ਕੇ, ਟਾਈਪ ਹੋਏ ਕਾਗ਼ਜ਼ ਲੈ ਕੇ ਪ੍ਰੋਫ਼ੈਸਰ ਤੇਜਾ ਸਿੰਘ ਕੋਲ ਪਹੁੰਚ ਜਾਂਦਾ ਸਾਂ। ਉਹ ਨਾਵਲ ਪੜ੍ਹਦੇ ਸਨ। ਮੈਂ ਉਨ੍ਹਾਂ ਕੋਲ ਜਾਣ ਲੱਗਾ ਵੀ ਨਾਵਲ ਦੇ ਵਰਕੇ ਪੜ੍ਹਦਾ ਸਾਂ ਤੇ ਉਥੋਂ ਨਾਵਲ ਵਾਪਸ ਲਿਆਉਣ ਵੇਲੇ ਵੀ ਪੜ੍ਹਦਾ ਸਾਂ। 'ਚਿੱਟਾ ਲਹੂ' ਦਾ ਮੇਰੇ ਉਤੇ ਕਾਫ਼ੀ ਅਸਰ ਹੋ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਭਾਈ ਵੀਰ ਸਿੰਘ ਨੂੰ ਲੋਕੀਂ ਬਹੁਤ ਪੜ੍ਹਦੇ ਸਨ, ਪਰ ਮੈਂ ਭਾਈ ਵੀਰ ਸਿੰਘ ਨੂੰ ਨਹੀਂ ਸਾਂ ਪੜ੍ਹਦਾ। ਮੈਂ ਪੂਰਨ ਸਿੰਘ ਨੂੰ ਜ਼ਿਆਦਾ ਪੜ੍ਹਦਾ ਸਾਂ।"

ਮੇਰੇ ਸਾਹਵੇਂ ਇਤਿਹਾਸ ਦਾ ਇਕ ਵੇਲਾ ਮਨੁੱਖੀ ਜਾਮੇ ਵਿਚ ਬੈਠਾ ਹੋਇਆ ਸੀ। ਉਹਨੇ ਉਸ ਵੇਲੇ ਦੇ ਤਲਿਸਮ ਵਿਚ ਮੈਨੂੰ ਘੇਰਿਆ ਹੋਇਆ ਸੀ। ਡਾਕਟਰ ਕੇਸਰ ਅਤੇ ਉਸ ਦਾ ਪਰਿਵਾਰ ਵੀ ਉਸ ਤਲਿਸਮ ਤੋਂ ਬਾਹਰ ਨਹੀਂ ਸਨ। ਮੇਰਾ ਇਕੋ ਸੁਆਲ ਹੀ ਉਸ ਵੇਲੇ ਦੇ ਵਰਕੇ ਫਰੋਲ ਰਿਹਾ ਸੀ। ਮੈਂ ਢੀਠਪੁਣੇ ਦੇ ਤਾਣ ਫਿਰ ਪੁੱਛ ਲਿਆ, "ਫੇਰ ਨਾਵਲਕਾਰੀ ਵੱਲ ਕਦੋਂ ਆਏ?"

ਡਾਕਟਰ ਕੇਸਰ ਹੱਸਣ ਲੱਗ ਪਿਆ। ਬਾਕੀ ਜਣੇ ਵੀ ਮੁਸਕਰਾਏ।

ਨਾਵਲਕਾਰ ਕੇਸਰ ਸਿੰਘ ਨਾ ਮੇਰੇ ਵੱਲ ਵੇਖ ਰਿਹਾ ਸੀ ਅਤੇ ਨਾ ਕਿਸੇ ਹੋਰ ਵੱਲ। ਉਹ ਆਪਣੇ ਧੁਰ ਅੰਦਰ ਉਸ ਵੇਲੇ ਨੂੰ ਪੜ੍ਹ ਰਿਹਾ ਸੀ। ਉਹਨੇ ਅੱਗੇ ਦੱਸਣਾ ਸ਼ੁਰੂ ਕੀਤਾ: "1937 ਵਿਚ ਮੈਂ ਕੀਰਤਨੀਆ ਬਣ ਕੇ ਮਲਾਇਆ ਚਲਿਆ ਗਿਆ ਸਾਂ। ਉਥੇ ਆਜ਼ਾਦ ਹਿੰਦ ਫ਼ੌਜ ਦੀ ਆਜ਼ਾਦੀ ਲਈ ਜਿਹੜੀ ਮੂਵਮੈਂਟ ਚੱਲ ਰਹੀ ਸੀ, ਗ਼ਦਰੀਆਂ ਵੱਲੋਂ ਮੈਨੂੰ ਉਹਦੇ ਵਿਚ ਸ਼ਾਮਲ ਕਰ ਲਿਆ ਗਿਆ। ਮੈਂ 1938 ਵਿਚ ਆਪਣੇ ਪੁੱਤਰ ਅਤੇ ਉਹਦੀ ਮਾਂ ਨੂੰ ਵੀ ਉਥੇ ਮੰਗਵਾ ਲਿਆ। ਗ਼ਦਰੀਆਂ ਵੱਲੋਂ ਮੈਨੂੰ ਬਰ੍ਹਮਾ, ਥਾਈਲੈਂਡ, ਹਾਂਗਕਾਂਗ, ਸਿੰਗਾਪੁਰ ਆਦਿ ਕਈ ਥਾਵਾਂ ਉਤੇ ਭੇਜਿਆ ਗਿਆ। ਉਥੇ ਮੈਂ ਭਾਰਤੀਆਂ ਵਿਚ ਇਹ ਪ੍ਰਚਾਰ ਕਰਨਾ ਸੀ ਕਿ ਸਾਨੂੰ ਆਜ਼ਾਦੀ ਹਾਸਲ ਕਰਨ ਲਈ ਹਥਿਆਰਬੰਦ ਲੜਾਈ ਲੜਨੀ ਚਾਹੀਦੀ ਹੈ। ਸਾਨੂੰ ਆਜ਼ਾਦੀ ਗਾਂਧੀ ਟੋਪੀ ਨਾਲ ਨਹੀਂ ਮਿਲਣੀ। ਫਿਰ 1941 ਦੀ ਅੱਠ ਦਸੰਬਰ ਨੂੰ ਜੰਗ ਲੱਗ ਗਈ। ਜਨਰਲ ਮੋਹਨ ਸਿੰਘ ਅਤੇ ਪ੍ਰੀਤਮ ਸਿੰਘ ਆਜ਼ਾਦ ਹਿੰਦ ਫ਼ੌਜ ਨਾਲ ਸਰਗਰਮ ਹੋ ਗਏ। ਜਨਰਲ ਮੋਹਨ ਸਿੰਘ ਦੀ ਜਾਪਾਨੀਆਂ ਨਾਲ ਗੜਬੜ ਹੋ ਗਈ ਤੇ ਪ੍ਰੀਤਮ ਸਿੰਘ ਹਵਾਈ ਹਾਦਸੇ ਵਿਚ ਮਾਰਿਆ ਗਿਆ। ਉਸ ਪਿੱਛੋਂ ਰਾਸ ਬਿਹਾਰੀ ਬੋਸ (ਜੀਹਨੇ 1912 ਵਿਚ ਲਾਰਡ ਹਾਰਡਿੰਗ ਉਤੇ ਬੰਬ ਮਾਰਿਆ ਸੀ, ਜਾਂ ਸ਼ਾਇਦ ਮਰਵਾਇਆ ਸੀ), ਸਮਝੋ ਉਹ ਆਜ਼ਾਦ ਹਿੰਦ ਫ਼ੌਜ ਦੇ ਬੰਬ ਬਣਾਉਣ ਵਾਲੇ ਚੀਫ਼ ਬਣ ਗਏ। ਆਜ਼ਾਦ ਹਿੰਦ ਫ਼ੌਜ ਵਿਚ ਮੈਂ ਡਾਇਰੈਕਟਰ ਆਫ ਗਾਈਡੈਂਸ ਸੀ। ਮੈਨੂੰ ਜਾਪਾਨੀ ਵੀ ਆਉਂਦੀ ਸੀ। ਮੈਂ ਆਜ਼ਾਦ ਹਿੰਦ ਫ਼ੌਜ ਵਾਲਿਆਂ ਨੂੰ ਜਾਪਾਨੀ ਵੀ ਪੜ੍ਹਾਉਂਦਾ ਸੀ। ਜਦੋਂ ਜਾਪਾਨ ਗਿਆ ਤਾਂ ਉਥੇ ਛੇ ਮਹੀਨੇ ਲਾਏ ਸੀ। ਮਲਾਇਆ ਜਾ ਕੇ ਤਾਂ ਮੈਂ ਕਵਿਤਾ ਲਿਖਦਾ ਰਿਹਾ ਸਾਂ ਤੇ...।"

ਸ਼ਾਇਦ ਉਦੋਂ ਕੇਸਰ ਸਿੰਘ ਨੇ ਆਪਣੀ ਨਾਵਲਨਿਗਾਰੀ ਦੀ ਗੱਲ ਸ਼ੁਰੂ ਕਰਨੀ ਸੀ ਕਿ ਹਿੰਦੀ ਦੇ ਨਾਵਲਕਾਰ ਭੀਸ਼ਮ ਸਾਹਨੀ ਨੇ ਡਾਕਟਰ ਕੇਸਰ ਦੇ ਬੂਹੇ ਉਤੇ ਦਸਤਕ ਦੇ ਦਿੱਤੀ। ਦਸੰਬਰ ਦੇ ਨਿੱਘੇ ਦਿਨੀਂ ਯੂਨੀਵਰਸਿਟੀ ਵਿਚ ਕੋਈ ਕਾਨਫਰੰਸ ਸੀ। ਉਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਭੀਸ਼ਮ ਸਾਹਨੀ ਉਥੇ ਆਏ ਸਨ। ਉਹ ਸੈਰ ਕਰਦੇ ਹੋਏ ਉਧਰ ਆ ਗਏ ਸਨ। ਸਾਡੀ ਗੱਲਬਾਤ ਗੱਪ-ਸ਼ੱਪ ਵਿਚ ਬਦਲ ਗਈ।


ਭੀਸ਼ਮ ਸਾਹਨੀ ਦੇ ਜਾਣ ਤੋਂ ਬਾਅਦ ਮੈਂ ਟੇਪ-ਰਿਕਾਰਡਰ ਚੈੱਕ ਕੀਤਾ। ਗੱਲਬਾਤ ਠੀਕ ਰਿਕਾਰਡ ਹੋ ਰਹੀ ਸੀ।

"ਫਿਰ ਤੁਸੀਂ ਨਾਵਲਕਾਰੀ ਵੱਲ ਕਦੋਂ ਆਏ?" ਵਾਰ ਵਾਰ ਮੁਲਤਵੀ ਹੋ ਰਿਹਾ ਸੁਆਲ ਮੈਂ ਇਸ ਵਾਰ ਨਹੀਂ ਸੀ ਪੁੱਛਿਆ, ਪਰ ਕਮਾਲ ਇਹ ਹੋਈ ਕਿ ਕੇਸਰ ਸਿੰਘ ਨੇ ਜੁਆਬ ਦੇ ਦਿੱਤਾ।

"1953 ਵਿਚ ਮੈਂ ਆਪਣਾ ਪਹਿਲਾ ਨਾਵਲ 'ਲਹਿਰ ਵਧਦੀ ਗਈ' ਲਿਖਿਆ ਸੀ। ਇਹ ਨਾਵਲ ਆਜ਼ਾਦ ਹਿੰਦ ਫ਼ੌਜ ਬਾਰੇ ਸੀ। 'ਜੰਗੀ ਕੈਦੀ' ਨਾਵਲ ਮੈਂ ਇੰਗਲੈਂਡ ਜਾ ਕੇ ਲਿਖਿਆ ਸੀ। ਉਸ ਤੋਂ ਪਿੱਛੋਂ 'ਸ਼ਹੀਦ ਊਧਮ ਸਿੰਘ' ਤੇ 'ਮਦਨ ਲਾਲ ਢੀਂਗਰਾ' ਨਾਵਲ ਲਿਖੇ। 'ਹੀਰੋਸ਼ੀਮਾ' ਮੈਂ ਜਾਪਾਨ ਵਿਚ ਲਿਖਿਆ ਸੀ। ...ਪਤਾ ਨਹੀਂ ਹੁਣ ਕਿੰਨੇ ਕੁ ਨਾਵਲ ਬਣਦੇ ਆ!"

"ਮੇਰੇ ਹਿਸਾਬ ਨਾਲ ਤਾਂ ਹੁਣ ਤਕ ਤੁਹਾਡੇ ਛੱਬੀ ਨਾਵਲ ਹੋ ਜਾਂਦੇ ਨੇ, ਜੇ ਸੱਤ ਨਾਵਲਾਂ ਦੀ ਲੜੀ 'ਹਥਿਆਰਬੰਦ ਇਨਕਲਾਬ' ਨੂੰ ਆਪਾਂ ਸੱਤ ਨਾਵਲ ਗਿਣੀਏ ਤਾਂ।" ਮੈਂ ਜੋੜ ਲਾ ਕੇ ਦੱਸਿਆ। ਅੰਗਰੇਜ਼ੀ ਕਿਤਾਬਾਂ ਦੀ ਗਿਣਤੀ ਇਸ ਤੋਂ ਬਾਹਰ ਸੀ।

"ਹਾਂ, ਇੰਨੇ ਕੁ ਹੀ ਹੋਣਗੇ। ...ਜਿਹੋ ਜਿਹੇ ਨਾਵਲ ਮੈਂ ਲਿਖਦਾ ਵਾਂ, ਉਹੋ ਜਿਹੇ ਨਾਵਲਾਂ ਲਈ ਖੋਜ ਦਾ ਕੰਮ ਬਹੁਤ ਔਖਾ ਹੁੰਦਾ ਏ। ਮੈਂ ਮਦਨ ਲਾਲ ਢੀਂਗਰਾ ਅਤੇ ਸ਼ਹੀਦ ਊਧਮ ਸਿੰਘ ਉਤੇ ਨਾਵਲ ਲਿਖਣਾ ਚਾਹੁੰਦਾ ਸਾਂ, ਪਰ ਉਸ ਵੇਲੇ ਦੇ ਦਸਤਾਵੇਜ਼ ਹਰ ਕੋਈ ਨਹੀਂ ਸੀ ਵੇਖ ਸਕਦਾ।



ਕਿਸੇ ਅੰਗਰੇਜ਼ ਦੀ ਮਦਦ ਨਾਲ ਮੈਂ ਬਾਰ-ਐਟ-ਲਾਅ ਵਿਚ ਦਾਖਲਾ ਲੈ ਲਿਆ। ਕਾਨੂੰਨ ਦੇ ਵਿਦਿਆਰਥੀਆਂ ਨੂੰ ਉਹ ਦਸਤਾਵੇਜ਼ ਵੇਖਣ ਦੀ ਮਨਾਹੀ ਨਹੀਂ ਸੀ। ਉਥੇ ਖੋਜ ਕਰਦਿਆਂ ਮੈਨੂੰ ਸੱਤ ਸਾਲ ਲੱਗ ਗਏ। ਉਸ ਖੋਜ ਦੇ ਆਧਾਰ ਉਤੇ ਹੀ ਮੈਂ ਉਹ ਦੋਵੇਂ ਨਾਵਲ ਲਿਖੇ ਸਨ।"

"ਏਨੀ ਮਿਹਨਤ! ...ਤੌਬਾ!"

"ਇਨ੍ਹਾਂ ਨਾਵਲਾਂ ਲਈ ਖੋਜ ਦਾ ਕੰਮ ਵੱਡਾ ਸੀ ਤੇ ਲਿਖਣ ਵਾਲਾ ਥੋੜ੍ਹਾ। 'ਸ਼ਹੀਦ ਊਧਮ ਸਿੰਘ' ਨਾਵਲ ਨੂੰ ਅੰਗਰੇਜ਼ੀ ਵਿਚ ਵੀ ਲਿਖਿਆ ਏ। ਇਸ ਵਿਚ ਸੁਜਾਨ ਸਿੰਘ ਨੇ ਵੀ ਮਦਦ ਕੀਤੀ ਸੀ। ਸੁਜਾਨ ਸਿੰਘ ਨੂੰ ਤਾਂ ਤੁਸੀਂ ਜਾਣਦੇ ਹੋਵੋਗੇ?"

"ਹਾਂ ਜੀ! ...ਮੈਂ ਜਾਣਨਾਂ।"

"ਬਾਬਾ ਭਕਨਾ ਨਾਲ ਮੈਨੂੰ ਸੁਜਾਨ ਸਿੰਘ ਨੇ ਹੀ ਮਿਲਾਇਆ ਸੀ। ਇਹ ਗੱਲ 1955-56 ਦੀ ਹੈ। ਬਾਬੇ ਨੇ ਆਪਣਾ ਘਰ-ਘੁਰ ਵੇਚ ਕੇ ਸਕੂਲ ਖੋਲ੍ਹਿਆ ਸੀ। ਸੁਜਾਨ ਸਿੰਘ ਭਕਨੇ ਦੇ ਸਕੂਲ ਦਾ ਪ੍ਰਿੰਸੀਪਲ ਸੀ। ਬਾਬਾ ਭਕਨਾ ਨੇ ਸਾਨੂੰ ਦੁੱਧ ਪਿਆਇਆ ਤੇ ਮੈਨੂੰ ਆਖਿਆ, 'ਤੂੰ ਇਥੋਂ ਨਿਕਲ ਜਾ, ਵਿਦੇਸ਼ ਚਲਿਆ ਜਾ।' ਮੈਂ ਤੁਹਾਨੂੰ ਨਾਵਲ ਲਿਖਣ ਲਈ ਕੀਤੀ ਖੋਜ ਬਾਰੇ ਦੱਸਦਾ ਵਾਂ। ਮਲਾਇਆ ਰਹਿੰਦਿਆਂ ਵੀ ਹਰ ਸਾਲ ਹਫ਼ਤੇ ਵਾਸਤੇ ਬੈਂਕਾਕ ਤੋਂ ਮੈਕਸੀਕੋ ਦੀ ਹੱਦ ਤਕ ਜਾਂਦਾ ਸੀ। ਉਥੇ ਘਰ ਘਰ ਫਿਰ ਕੇ ਪ੍ਰਚਾਰ ਕਰਦਾ ਸੀ ਤੇ ਜਾਣਕਾਰੀ ਵੀ ਇਕੱਠੀ ਕਰਦਾ ਸੀ। ਇਹ ਸਾਰਾ ਕੁਝ ਮੈਂ ਬਾਬਾ ਚਰਨ ਸਿੰਘ ਭੜਿਆਣਾ ਅਤੇ ਬਾਬਾ ਭਕਨਾ ਦੇ ਕਹਿਣਾ ਉਤੇ ਕੀਤਾ।... ਉਥੇ ਇਕ ਕੇਸ ਹੈ ਜੀਹਦੇ ਅੱਠ ਹਜ਼ਾਰ ਸਫ਼ੇ ਨੇ। ਉਸ ਕੇਸ ਦੀ ਕਾਪੀ ਕਰਨ ਲਈ ਮੈਨੂੰ ਪੰਜ ਹਜ਼ਾਰ ਡਾਲਰ ਦੇਣੇ ਪਏ। ਉਹਦੀ ਕਾਪੀ ਇਥੇ ਕਿਸੇ ਕੋਲ ਨਹੀਂ। ਦੇਸ਼ ਭਗਤ ਯਾਦਗਾਰ ਵਾਲਿਆਂ ਕੋਲ ਵੀ ਨਹੀਂ, ਕਿਉਂਕਿ ਕੋਈ ਪੈਸੇ ਖਰਚ ਨਹੀਂ ਕਰਨਾ ਚਾਹੁੰਦਾ। ਕੋਈ ਟਾਈਮ ਖਰਚ ਨਹੀਂ ਕਰਦਾ, ਪਰ ਮੈਂ ਤਾਂ ਸਾਰਾ ਜ਼ੋਰ ਏਸੇ ਪਾਸੇ ਲਾ ਦਿੱਤਾ ਹੈ।... ਬਾਬਾ ਉਸਮਾਨ ਦੇ ਸਾਥੀ ਚਰਨ ਸਿੰਘ ਸੰਧੂ ਭੜਿਆਣਾ ਦੀ ਜੀਵਨੀ ਉਤੇ ਵੀ ਮੈਂ ਨਾਵਲ ਲਿਖਿਆ ਹੈ (ਵਾਰੇ ਸ਼ਾਹ ਦੀ ਮੌਤ)। ਉਹ 1947 ਤੋਂ ਬਾਅਦ ਵੀ ਭਾਰਤ ਨਹੀਂ ਸੀ ਜਾ ਸਕਿਆ ਤੇ ਕੈਲੀਫੋਰਨੀਆ ਵਿਚ ਵਸ ਗਿਆ ਸੀ। ਉਹ ਅਨਪੜ੍ਹ ਸੀ ਤੇ ਮੇਰਾ ਗੁਰੂ ਸੀ। ਦੇਸ਼ ਭਗਤ ਯਾਦਗਾਰ ਹਾਲ ਵਿਚ ਉਹਦੀ ਫੋਟੋ ਲੱਗੀ ਹੋਈ ਐ। ਜਿਹੜਾ ਸੰਗਮਰਮਰ ਲੱਗਾ ਹੋਇਆ ਹੈ, ਸਭ ਤੋਂ ਉਤੇ ਉਹਦਾ ਨਾਂ ਏ। ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਲਈ ਸਭ ਤੋਂ ਪਹਿਲਾਂ ਉਹਨੇ ਪੰਜ ਹਜ਼ਾਰ ਰੁਪਈਆ ਦਿੱਤਾ ਸੀ।... ਉਸ ਅਨਪੜ੍ਹ ਬੰਦੇ ਨੇ ਕੋਈ ਜਗ੍ਹਾ ਇਹੋ ਜਿਹੀ ਨਹੀਂ ਛੱਡੀ ਜਿਥੇ ਮੈਨੂੰ ਨਹੀਂ ਲੈ ਕੇ ਗਿਆ। ਮੇਰੀ ਇਕ ਲੱਤ ਨਿਊਯਾਰਕ ਹੁੰਦੀ ਸੀ ਤੇ ਦੂਜੀ ਵਾਸ਼ਿੰਗਟਨ। ਮੈਂ ਆਪਣਾ ਮਜ਼ਹਬ ਬਣਾ ਲਿਆ ਸੀ ਕਿ ਗ਼ਦਰ ਪਾਰਟੀ ਬਾਰੇ ਪੂਰਾ ਜਾਣਨਾ ਏ ਤੇ ਲਿਖਣਾ ਏ। ਮੈਂ ਉਨ੍ਹਾਂ ਬੰਦਿਆਂ ਨੂੰ ਵੀ ਮਿਲਿਆ ਸਾਂ ਜਿਨ੍ਹਾਂ ਨੂੰ ਬਾਅਦ ਵਿਚ ਫਾਂਸੀ ਲੱਗੀ ਸੀ। ਕੱਲ੍ਹ ਮੈਨੂੰ ਵੜੈਚ ਮਿਲਿਆ ਸੀ, ਅਖੇ ਅਹਿ ਅਹਿ ਬਾਕੀ ਐ, ਕੌਣ ਲਿਖੂ? ਵੜੈਚ ਨੇ ਮੈਨੂੰ ਅੱਗ ਲਾ ਦਿੱਤੀ। ਮੈਂ ਆਖਿਆ, ਜਿੰਨਾ ਚਿਰ ਜਿਊਨਾ ਵਾਂ, ਲਿਖਾਂਗਾ। ਗੱਲ ਇਹ ਐ ਕਿ ਸਿਹਤ ਬਹੁਤ ਖਰਾਬ ਐ, ਲੇਕਿਨ ਆਤਮਾ ਨਰੋਈ ਐ। ਹੁਣ ਸਫ਼ਰ ਨਹੀਂ ਹੁੰਦਾ। ਪੁੱਤਰ ਹੁਣ ਲੈ ਆਇਆ ਏ ਇਥੇ, ਜੇ ਸਾਬਤ-ਸਬੂਤ ਲੈ ਗਿਆ ਕੈਨੇਡਾ ਤਾਂ ਫਿਰ ਬਾਕੀ ਰਹਿੰਦਾ ਵੀ ਲਿਖੂੰ।"

"ਬਾਕੀ ਰਹਿੰਦਾ ਵੀ ਜ਼ਰੂਰ ਲਿਖੋਗੇ ਤੁਸੀਂ। ਰੱਬ ਤੁਹਾਡੀ ਉਮਰ ਲੰਮੀ ਕਰੇ।" ਮੈਂ ਕਿਹਾ।

"ਜ਼ਿਆਦਾ ਨਹੀਂ। ਬਸ ਤੀਹ ਕੁ ਵਰ੍ਹੇ ਹੋਰ ਮਿਲ ਜਾਣ ਤਾਂ ਮੈਂ ਆਪਣਾ ਕੰਮ ਪੂਰਾ ਕਰ ਲਊਂ। ਸਾਰਾ ਕੁਝ ਲਿਖ ਲਊਂ।" ਗਿਆਨੀ ਕੇਸਰ ਸਿੰਘ ਦੀਆਂ ਅੱਖਾਂ ਵਿਚ ਸ਼ਰਾਰਤ ਚਮਕੀ।

ਮੈਂ ਮੁਸਕਰਾਇਆ। ਮੈਂ ਟੇਪ ਰਿਕਾਰਡਰ ਵੱਲ ਧਿਆਨ ਮੋੜਿਆ। ਜਿਹੜੀ ਕੈਸਟ ਵਿਚ ਗੱਲਬਾਤ ਰਿਕਾਰਡ ਹੋ ਰਹੀ ਸੀ, ਉਹ ਮੁੱਕਣ ਵਾਲੀ ਸੀ। ਇਸ ਤੋਂ ਪਹਿਲਾਂ ਡਾਕਟਰ ਕੇਸਰ ਕੋਲੋਂ ਇਕ ਕੈਸਟ ਲੈ ਕੇ ਮੈਂ ਵਰਤ ਚੁੱਕਿਆ ਸਾਂ। ਇਕ ਹੋਰ ਕੈਸਟ ਮੰਗਣ ਦਾ ਮੇਰੇ ਵਿਚ ਹੀਆ ਨਹੀਂ ਸੀ। ਮੰਗਿਆਂ ਇਕ ਹੋਰ ਕੈਸਟ ਮਿਲਣ ਦੀ ਸੰਭਾਵਨਾ ਵੀ ਨਹੀਂ ਸੀ।

ਗਿਆਨੀ ਕੇਸਰ ਸਿੰਘ ਨੇ ਇਸ ਮੁਲਾਕਾਤ ਲਈ ਆਪਣੇ ਆਪ ਨੂੰ ਬਥੇਰਾ ਤੋੜ ਲਿਆ ਸੀ। ਥੱਕੇ ਹੋਏ ਦਿਨ ਨੇ ਰਾਤ ਦਾ ਲਿਬਾਸ ਪਹਿਨ ਲਿਆ ਸੀ।

ਗਿਆਨੀ ਕੇਸਰ ਸਿੰਘ ਨੂੰ ਹੁਣ ਆਰਾਮ ਕਰਨਾ ਚਾਹੀਦਾ ਸੀ। ਮੈਂ ਆਖਿਆ, "ਹੁਣ ਆਪਾਂ ਇਸ ਮੁਲਾਕਾਤ ਸਾਹਵੇਂ ਵਿਰਾਮ ਲਾ ਦੇਈਏ, ਪਰ ਇਸ ਤੋਂ ਪਹਿਲਾਂ ਕੋਈ ਜ਼ਰੂਰੀ ਗੱਲ ਜਿਹੜੀ ਕਹਿਣ ਨੂੰ ਤੁਹਾਡਾ ਮਨ ਕਰਦਾ ਹੋਵੇ, ਜ਼ਰੂਰ ਕਹਿ ਲਵੋ।"

ਗਿਆਨੀ ਕੇਸਰ ਸਿੰਘ ਨੇ ਲੰਮਾ ਸਾਹ ਭਰਿਆ ਤੇ ਆਪਣੀ ਗੱਲ ਕਹੀ, "ਵੇਖੋ ਜੀ! ਸਾਹਿਤ ਦੀ ਰਚਨਾ ਮੇਰਾ ਆਦਰਸ਼ ਨਹੀਂ। ਇਹ ਮੇਰਾ ਹਥਿਆਰ ਹੈ ਲੋਕ ਸੇਵਾ ਲਈ। ਲੋਕ ਸੇਵਾ ਕਰਨ ਵਾਲੇ ਯੋਧਿਆਂ ਦੇ ਪਾਏ ਪੂਰਨਿਆਂ ਉਤੇ ਕਰਮਯੋਗੀਆਂ ਦੀਆਂ ਕਥਾਵਾਂ ਨੂੰ ਨਵੀਆਂ ਕਰਨ ਲਈ ਸਾਹਿਤ ਰਚਨਾ ਇਕ ਰਾਹ ਹੈ। ਕਰਮਯੋਗ ਦੇ ਬੀਜ ਪੁੰਗਰਦੇ ਰਹਿਣ, ਸਿੱਟੇ ਲੱਗਦੇ ਰਹਿਣ। ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਯੋਧੇ ਪੈਦਾ ਹੁੰਦੇ ਰਹਿਣ ਤਾਂ ਕਿ ਕੋਈ ਜਰਵਾਣਾ ਚਿੱਟੇ ਦਿਨ, ਸਿਖਰ ਦੁਪਹਿਰੇ ਲੋਕਾਂ ਨੂੰ ਅਫ਼ੀਮੀ ਲੋਰੀਆਂ ਦੇ ਕੇ ਸੁਆ ਨਾ ਸਕੇ ਤੇ ਲੋਕ ਜਾਗਰਤ ਅਵਸਥਾ ਵਿਚ ਆਪਣਾ ਆਪ ਪਛਾਣ ਸਕਣ। ਮੇਰੀ ਪ੍ਰਤੀਬੱਧਤਾ, ਮੇਰਾ ਮਜ਼ਹਬ ਤਾਂ ਲੋਕ ਹਨ। ਦਲਿਤ, ਨਿਤਾਣੇ, ਨਿਮਾਣੇ, ਕਿਰਤੀ ਲੋਕ ਅਤੇ ਉਹ ਲੋਕ ਜੋ ਆਪਣੇ ਤੇ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੀਸ ਨੂੰ ਤਲੀ ਉਤੇ ਧਰੀ ਫਿਰਦੇ ਹਨ।"

ਕੇਸਰ ਸਿੰਘ ਨੇ ਅਚਨਚੇਤੀ ਚੁੱਪ ਵੱਟ ਲਈ। ਉਸ ਚੁੱਪ ਵਿਚ ਪਤਾ ਨਹੀਂ, ਕੀ ਕੁਝ ਖੋਲ ਰਿਹਾ ਸੀ। ਉਸ ਹਉਕੇ ਵਰਗਾ ਸਾਹ ਭਰਿਆ, ਤੇ ਫਿਰ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ, "ਪਤਾ ਨਹੀਂ ਲੋਕ ਸ਼ਹੀਦਾਂ ਨੂੰ ਸ਼ਹੀਦ ਕਿਉਂ ਨਹੀਂ ਰਹਿਣ ਦਿੰਦੇ। ਸੋਹਣ ਲਾਲ ਪਾਠਕ ਸ਼ਹੀਦ ਹੈ, ਉਸ ਨੂੰ ਲੋਕਾਂ ਨੇ ਆਰੀਆ ਸਮਾਜੀ ਬਣਾ ਕੇ ਰੱਖ ਦਿੱਤਾ ਹੈ। ਊਧਮ ਸਿੰਘ ਸ਼ਹੀਦ ਹੈ, ਉਸ ਨੂੰ ਕੰਬੋਜ ਬਣਾ ਕੇ ਰੱਖ ਦਿੱਤਾ ਹੈ। ਭਗਤ ਸਿੰਘ ਨੂੰ ਕੋਈ ਸਿੱਖੀ ਵੱਲ ਖਿੱਚਦਾ ਹੈ, ਕੋਈ ਆਰੀਆ ਸਮਾਜੀ ਦੱਸਦਾ ਹੈ। ਕੋਈ ਕਹਿੰਦਾ ਹੈ, ਉਹ ਪੂਰਾ ਸੋਸ਼ਲਿਸਟ ਬਣ ਚੁੱਕਾ ਸੀ। ਹਰ ਕੋਈ ਸ਼ਹੀਦ ਉਤੇ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ। ਸ਼ਹੀਦ ਦਾ ਫ਼ਲਸਫ਼ਾ ਜ਼ੁਲਮ ਦਾ ਟਾਕਰਾ ਕਰਨਾ ਹੁੰਦਾ ਹੈ। ਸ਼ਹੀਦ ਨੂੰ ਇਨਸਾਨ ਕਿਉਂ ਨਹੀਂ ਰਹਿਣ ਦਿੰਦੇ ਦੁਨੀਆਂ ਦੇ ਭੁੱਲੜ ਤੇ ਖ਼ੁਦਗਰਜ਼ ਲੋਕ?"

---

ਕੇਸਰ ਸਿੰਘ ਨਾਲ ਮੇਰੀ ਉਹ ਆਖਰੀ ਮੁਲਾਕਾਤ ਸੀ। ਖੋਜਬੀਨ ਦੇ ਪੁਲੰਦੇ ਸਾਰੇ ਕਿਤਾਬਾਂ ਨਹੀਂ ਬਣੇ। ਰੱਬ ਤੋਂ ਮੰਗੇ ਹੋਏ ਉਹ ਤੀਹ ਵਰ੍ਹੇ ਕੇਸਰ ਸਿੰਘ ਦੀ ਉਮਰ ਵਿਚ ਜਮ੍ਹਾਂ ਹੋ ਜਾਂਦੇ ਤਾਂ ਗੱਲ ਹੋਰ ਹੋਣੀ ਸੀ। ਅਣਫਰੋਲਿਆ ਇਤਿਹਾਸ ਕੋਰੇ ਵਰਕਿਆਂ ਉਤੇ ਛਪ ਜਾਂਦਾ ਤਾਂ ਅਸੀਂ ਆਪਣੀ ਆਜ਼ਾਦੀ ਦਾ ਬੜਾ ਕੁਝ ਅੰਦਰਲਾ ਵੀ ਜਾਣ ਲੈਂਦੇ।

ਮੈਨੂੰ ਵੀ ਚਾਹੀਦਾ ਸੀ, ਵਾਧੂ ਕੈਸਟ ਆਪਣੇ ਕੋਲ ਰੱਖਦਾ। ਕੁਝ ਲੁਕਵੀਆਂ ਗੱਲਾਂ ਹੋਰ ਉਜਾਗਰ ਹੋ ਜਾਂਦੀਆਂ।

ਹੁਣ ਤਾਂ ਬਹੁਤ ਦੇਰ ਹੋ ਗਈ ਹੈ।

# ਘਰ ਵਾਪਸੀ ਕਿਵੇਂ ਹੋਵੇ?

(ਸਫਾ 27 ਦੀ ਬਾਕੀ)

ਉਨ੍ਹਾਂ ਘਰ ਛੱਡਿਆ ਕਿਉਂ ਹੈ? ਘਰ ਛੱਡਣਾ ਆਸਾਨ ਨਹੀਂ। ਪਰ ਜਦੋਂ ਘਰ ਵਿਚ ਕਿਸੇ ਦੀ ਸੁਣਵਾਈ ਨਾ ਹੋਵੇ, ਉਹ ਤੰਗ ਆ ਕੇ ਘਰ ਛੱਡ ਦਿੰਦਾ ਹੈ। ਗੁਰਦੁਆਰੇ ਵਿਚ ਜਾਤੀਵਾਦ ਆ ਗਿਆ, ਜਾਤ ਆਧਾਰਤ ਗੁਰਦੁਆਰੇ ਬਣ ਗਏ। ਕੀ ਕਿਸੇ ਕਦੇ ਰੋਕਿਆ ਹੈ? ਜਾਂ ਅਜਿਹੀਆਂ ਕੁਰੀਤੀਆਂ ਵਿਰੁਧ ਸਖਤ ਕਦਮ ਚੁਕਣ ਸਬੰਧੀ ਕੋਈ ਬਿਆਨ ਵੀ ਆਇਆ ਹੈ? ਘਰ ਵਾਪਸੀਯੋਗ ਮਾਹੌਲ ਤਿਆਰ ਕਰਨਾ ਪਵੇਗਾ। ਰਵਾਇਤੀ ਪੂਜਾ-ਪਾਠ, ਤੀਰਥ ਯਾਤਰਾਵਾਂ ਦਾ ਅਡੰਬਰ, ਸੇਲ 'ਤੇ ਲੱਗੀਆਂ ਅਰਦਾਸਾਂ ਅਤੇ ਅਖੰਡ ਪਾਠ, ਬਾਜ਼ਾਰ ਦੀ ਵਸਤੂ ਬਣੇ ਕੀਰਤਨ ਦਾ ਪ੍ਰਭਾਵ ਧਰਮ ਤੋਂ ਉਚਾਟ ਕਰਨ ਵਾਲੀਆਂ ਗੱਲਾਂ ਹਨ। ਕਰਮਕਾਂਡੀ ਧਰਮ ਤੋਂ ਮੁਕਤੀ ਲੈਣੀ ਪਵੇਗੀ, ਕਲਿਆਣਕਾਰੀ ਧਰਮ ਨੂੰ ਅਪਨਾਉਣਾ ਪਵੇਗਾ।

ਅਸੀਂ ਛੋਟੇ ਸੀ। ਸਾਡੇ ਪਿੰਡ ਦੇ ਰਵਿਦਾਸੀਆਂ ਵਿਚੋਂ ਗੁਰੂ ਘਰ ਦੇ ਸ਼ਰਧਾਲੂ ਨਿਰੰਜਨ ਸਿੰਘ ਨੇ ਪ੍ਰਸ਼ਾਦ ਨੂੰ ਹੱਥ ਲਾ ਦਿੱਤਾ, ਲੋਕਾਂ ਰੌਲਾ ਪਾ ਦਿੱਤਾ, ਇਹ ਚਮਾਰ ਹੈ। ਭਗਤ ਰਵਿਦਾਸ ਗੁਰੂ ਗ੍ਰੰਥ ਸਾਹਿਬ ਵਿਚ ਕੈਦ ਹੈ। ਉਨ੍ਹਾਂ ਦੇ ਸ਼ਬਦ ਹੇਕਾਂ ਲਾ ਕੇ ਪੜ੍ਹਨ ਵਾਸਤੇ ਹਨ ਜਾਂ ਮਾਨਵੀ ਬਰਾਬਰੀ ਸਬੰਧੀ ਪਖੰਡਮਈ ਭਾਸ਼ਣ ਦੇਣ ਦੀ ਸਮੱਗਰੀ ਬਣ ਗਈ ਹੈ, ਮਨੁਖਤਾ ਦੇ ਮੱਥੇ ਤੋਂ ਚਮਾਰ ਦਾ ਕਲੰਕ ਹਟਾਉਣ ਵਾਸਤੇ ਨਹੀਂ ਹਨ। ਡੇਰਿਆਂ ਦੇ ਪੈਰੋਕਾਰ ਬਾਜ਼ੀਗਰ, ਸਿੰਧੀ, ਬਹਾਵਲਪੁਰੀ, ਮਜ਼ਬੀ, ਚਮਾਰ-ਇਹ ਸਾਰੇ ਕੌਣ ਹਨ? ਇਹ ਉਹ ਸਿੱਖ ਸਨ, ਜਿਨ੍ਹਾਂ ਨੂੰ ਗੁਰਦੁਆਰਿਆਂ ਵਿਚ ਬਣਦਾ ਸਨਮਾਨ ਨਹੀਂ ਮਿਲਿਆ। ਹੁਣ ਹੋਰ ਪਾਸੇ ਤੁਰ ਗਏ ਹਨ ਤਾਂ ਅਸੀਂ ਔਖੇ ਹਾਂ। ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰਿਆਂ ਦੀ ਹਜ਼ਾਰਾਂ ਏਕੜ ਜ਼ਮੀਨ ਹੈ। ਕਦੇ ਕਿਸੇ ਸੋਚਿਆ ਹੈ ਕਿ ਇਹ ਜ਼ਮੀਨ 4-4, 5-5 ਏਕੜ ਕਰ ਕੇ ਉਸ ਇਲਾਕੇ ਦੇ ਕੇਵਲ ਗਰੀਬ ਸਿੱਖਾਂ ਨੂੰ ਘੱਟੋ-ਘੱਟ ਠੇਕੇ ਉਤੇ ਦਿੱਤੀ ਜਾਵੇ। ਇਹ ਕਿਵੇਂ ਹੋ ਸਕਦਾ ਹੈ? ਇਸ ਉਤੇ ਤਾਂ ਜਗੀਰਦਾਰ ਨੇਤਾਵਾਂ ਦਾ ਹੱਕ ਹੈ। ਉਨ੍ਹਾਂ ਦਾ ਹੀ, ਜੋ ਹੁਣ ਘਰ ਵਾਪਸੀ ਦੇ ਬਿਆਨ ਦੇ ਰਹੇ ਹਨ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਵਸਾਇਆ ਤਾਂ ਆਸ-ਪਾਸ ਗਰੀਬ ਕਿਰਤੀਆਂ ਲਈ ਬਾਜ਼ਾਰ ਬਣਾ ਦਿੱਤੇ। ਉਨ੍ਹਾਂ ਦੀ ਨਕਲ ਕਰ ਕੇ ਹੁਣ ਡੇਰੇਦਾਰ ਇਹ ਕੰਮ ਕਰ ਲੈਂਦੇ ਹਨ, ਪਰ ਅਸੀਂ ਤਾਂ ਨਹੀਂ ਕਰਦੇ। ਕਿਸੇ ਗੁਰਦੁਆਰੇ ਵਿਚ ਕੋਈ ਮਾਰਕੀਟ ਬਣਾ ਕੇ ਕਦੇ ਗਰੀਬਾਂ ਦੇ ਕਾਰੋਬਾਰ ਸਥਾਪਤ ਕਰਨ ਦਾ ਕੋਈ ਯਤਨ ਹੋਇਆ ਹੈ ਜਾਂ ਅਸੀਂ ਅੱਗੇ ਕਿਸੇ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਅਸੀਂ ਘਰ ਪਰਤੇ ਲੋੜਵੰਦਾਂ ਦੇ ਦੁਖ ਦੂਰ ਕਰਨ ਲਈ ਅਜਿਹੇ ਯਤਨ ਕਰਾਂਗੇ?

ਸਿੱਖ ਪੰਥ ਵੱਲ ਲੋਕਾਂ ਨੂੰ ਰੁਚਿਤ ਕਰਨ ਲਈ ਮੁਖ ਰੂਪ ਵਿਚ ਗੁਰਦੁਆਰਾ ਪ੍ਰਬੰਧਕਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਗਲੀ-ਗਲੀ ਗੁਰਦੁਆਰੇ ਬਣਾਉਣ ਅਤੇ ਸਾਰਾ ਪੈਸਾ ਸੰਗਮਰਮਰ ਦੇ ਨਾਂ ਉਤੇ ਰਾਜਸਥਾਨ ਦੇ ਵਪਾਰੀਆਂ ਨੂੰ ਦੇਣ ਦੀ ਰੀਤ ਰੋਕਣੀ ਪਵੇਗੀ। ਵਾਧੂ ਗੁਰਦੁਆਰਿਆਂ ਦੀ ਪੜਤਾਲ ਕਰਵਾ ਕੇ ਉਸ



ਸਿਕਲੀਗਰ ਸਿੱਖ

ਸਥਾਨ ਦੀ ਵਰਤੋਂ ਹੋਰ ਸਮਾਜਿਕ ਕਾਰਜਾਂ ਵਾਸਤੇ ਕਰਨੀ ਪਵੇਗੀ। ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਪ੍ਰਾਈਵੇਟ ਛਪਾਈ ਬੰਦ ਹੋਈ ਹੈ, ਉਵੇਂ ਕਿਸੇ ਨਵੇਂ ਗੁਰਦੁਆਰੇ ਦੀ ਸਥਾਪਨਾ ਅਕਾਲ ਤਖਤ ਦੀ ਪ੍ਰਵਾਨਗੀ ਬਿਨਾ ਕਦੇ ਨਾ ਹੋਵੇ। ਇਮਾਰਤਾਂ 'ਤੇ ਹੋਣ ਵਾਲੇ ਖਰਚ ਉਤੇ ਵੀ ਕਾਬੂ ਪਾਉਣਾ ਪਵੇਗਾ। ਇਤਨੇ ਵੱਡੇ ਵੱਡੇ ਆਲੀਸ਼ਾਨ ਹਾਲ ਹਨ, ਬੰਦੇ ਵਿਚ ਚਾਰ ਵੀ ਨਹੀਂ ਹੁੰਦੇ। ਇੰਜ ਹੀ ਹਰ ਕਿਸੇ ਨੂੰ ਸੰਸਥਾ ਬਣਾ ਕੇ ਪੈਸੇ ਉਗਰਾਹੁਣ ਤੋਂ ਰੋਕਣਾ ਪਵੇਗਾ। ਹਰ ਗੁਰਦੁਆਰੇ ਵਿਚ ਸਹਿਜਧਾਰੀ, ਦਲਿਤ, ਪਛੜੀ ਸ਼੍ਰੇਣੀ ਦੇ ਸਿੱਖਾਂ ਨੂੰ ਪ੍ਰਬੰਧ ਵਿਚ ਲਾਜ਼ਮੀ ਸ਼ਾਮਿਲ ਕਰਨ ਦਾ ਅਸੂਲ ਬਣਾਉਣਾ ਪਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਿੰਧੀ, ਵਣਜਾਰੇ, ਸਿਕਲੀਗਰ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਨਾਮਜ਼ਦ ਕਰਨ ਦੀ ਵਿਵਸਥਾ ਕਰਨੀ ਪਵੇਗੀ। ਜ਼ਿਲਿਆਂ ਦੇ ਧਰਮ-ਪ੍ਰਚਾਰ ਮੁਖੀਆਂ ਦੀ ਥਾਂ ਲੋਕ-ਭਲਾਈ ਵਾਸਤੇ ਸੁਪਰਵਾਈਜ਼ਰ ਲਾਉਣੇ ਪੈਣਗੇ। ਪ੍ਰਚਾਰਕਾਂ ਦੀ ਮਦਦ ਨਾਲ ਸੰਪੰਨ ਸਿੱਖਾਂ ਨੂੰ ਪ੍ਰੇਰਨਾ ਦੇ ਕੇ ਆਪਣੇ ਇਲਾਕੇ ਵਿਚ ਗਰੀਬ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਭਲਾਈ ਦੇ ਕਾਰਜਾਂ ਲਈ ਵਿਵਸਥਾ ਕਰਨ ਦੇ ਪਾਬੰਦ ਹੋਣੇ ਚਾਹੀਦੇ ਹਨ। ਪ੍ਰਚਾਰਕਾਂ ਦੀ ਵਧੀਆ ਕਾਰਗੁਜ਼ਾਰੀ ਦਾ ਆਧਾਰ ਭਾਸ਼ਣਬਾਜ਼ੀ ਦੀ ਥਾਂ ਲੋਕ-ਕਲਿਆਣ ਵਿਚ ਪਾਇਆ ਯੋਗਦਾਨ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਨੂੰ ਲੋਕ-ਭਲਾਈ ਦੇ ਕਾਰਜਾਂ ਵਾਸਤੇ ਇਕ ਵੱਖਰਾ ਫੰਡ ਕਾਇਮ ਕਰਨਾ ਚਾਹੀਦਾ ਹੈ, ਜਿਸ ਵਿਚ ਵਿਸ਼ਵ ਦੇ ਸਿੱਖਾਂ ਨੂੰ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰਨੀ ਚਾਹੀਦੀ ਹੈ। ਇਸ ਫੰਡ ਦੇ ਸਮੁੱਚੇ ਪ੍ਰਬੰਧ ਲਈ ਵਿਸ਼ਵ ਦੇ ਸਿੱਖਾਂ ਦੀ ਇਕ ਨੁਮਾਇੰਦਾ ਕਮੇਟੀ ਬਣਾਉਣੀ ਚਾਹੀਦੀ ਹੈ ਅਤੇ ਇਸ ਦੀ ਵਰਤੋਂ ਕੇਵਲ ਗਰੀਬ ਬੱਚਿਆਂ ਦੀ ਪੜ੍ਹਾਈ, ਗਰੀਬ ਬੱਚੀਆਂ ਦੇ ਵਿਆਹ ਅਤੇ ਗਰੀਬਾਂ ਨੂੰ ਮੈਡੀਕਲ ਮਦਦ ਦੇਣ ਵਾਸਤੇ ਕਰਨੀ ਚਾਹੀਦੀ ਹੈ, ਕਿਸੇ ਪ੍ਰਕਾਰ ਦੀ ਕੋਈ ਤਨਖਾਹ ਵਗੈਰਾ ਇਸ ਵਿਚੋਂ ਨਹੀਂ ਦਿੱਤੀ ਜਾਣੀ ਚਾਹੀਦੀ।

ਇਹ ਜ਼ਿਕਰ ਵੀ ਕਰ ਦੇਵਾਂ ਕਿ ਸਿਰਸੇ ਦੀਆਂ ਘਟਨਾਵਾਂ ਪਿਛੋਂ ਕੇਵਲ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਹੀ ਸਾਰਥਕ ਬਿਆਨ ਆਇਆ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਕਾਰਖਾਨੇ ਲਾ ਕੇ ਗਰੀਬ ਸਿੱਖਾਂ ਨੂੰ ਨੌਕਰੀ ਦੇਣ ਦਾ ਪ੍ਰਬੰਧ ਕਰਨ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਵਿਚ ਘਿਓ ਦੀ ਇਤਨੀ ਖਪਤ ਹੈ ਕਿ ਇਕ ਮਿਲਕ ਪਲਾਂਟ ਇਹ ਲੋੜ ਪੂਰੀ ਨਹੀਂ ਕਰ ਸਕਦਾ ਅਤੇ ਇਕ ਕੱਪੜਾ ਮਿਲ ਸਿਰੋਪਿਆਂ ਦੇ ਕੱਪੜੇ ਦੀ ਜ਼ਰੂਰਤ ਪੂਰੀ ਨਹੀਂ ਕਰ ਸਕਦੀ। ਇਹ ਬਿਲਕੁਲ ਠੀਕ ਹੈ। ਸ਼੍ਰੋਮਣੀ ਕਮੇਟੀ ਨੂੰ ਹੋਰ ਧਨੀ ਸਿੱਖਾਂ ਦੀ ਸਹਾਇਤਾ ਨਾਲ ਇਸ ਪਾਸੇ ਯਤਨ ਕਰਨਾ ਚਾਹੀਦਾ ਹੈ, ਪਰ ਸਮੱਸਿਆ ਫਿਰ ਇਹੋ ਆਉਂਦੀ ਹੈ ਕਿ ਪ੍ਰਬੰਧਕ ਇਨ੍ਹਾਂ ਕਾਰਖਾਨਿਆਂ ਵਿਚ ਗਰੀਬਾਂ ਨੂੰ ਨੌਕਰੀਆਂ ਦੇਣਗੇ ਜਾਂ ਸਿਰਫ ਆਪਣੇ ਸਿਫਾਰਸ਼ੀ ਲੋਕਾਂ ਨੂੰ?



ਸ਼ੌਰਟ ਕੱਟ
ਵਾਇਆ
ਲੌਂਗ ਰੂਟ
9

ਅਮਰੀਕ ਸਿੰਘ ਬਲ
ਫੋਨ: 34602835897

# ਡੌਂਕਰ ਬਦਲੇ ਪਰ ਮੁਕੱਦਰ ਨਹੀਂ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਨੌਵੀਂ ਕਿਸ਼ਤ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

***ਟ੍ਰੈਵਲ ਏਜੰਟ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ, ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਤੇ ਮਾਰੂ, ਸਹਾਰਾ ਮਾਰੂਥਲ 'ਚੋਂ ਵੀ ਲੰਘਣਾ ਪੈਣਾ ਹੈ... ਤੇ ਫਿਰ ਔਖੇ ਹਾਲਾਤ ਨਾਲ ਘੁਲਦਿਆਂ 20 ਵਰ੍ਹਿਆਂ ਦਾ ਸੋਨੂੰ ਆਪਣਿਆਂ ਤੋਂ ਇੰਨੇ ਹਜ਼ਾਰ ਮੀਲ ਦੂਰ ਅਲਵਿਦਾ ਆਖ ਗਿਆ। ਸਫਰ ਫਿਰ ਵੀ ਮੁੱਕ ਨਹੀਂ ਸੀ ਰਿਹਾ... ਹੁਣ ਪੜ੍ਹੋ ਇਸ ਤੋਂ ਅੱਗੇ...***

ਪਾਠ ਅਰਦਾਸ ਤਕਰੀਬਨ ਰੋਜ਼ ਦਾ ਨੇਮ ਸੀ। ਮਾਲੀ ਵੀ ਹੁੰਦਾ ਸੀ, 'ਸਹਾਰਾ' ਵਿਚ ਵੀ, ਤੇ ਹੁਣ ਮੋਰੱਕੋ ਦੀ ਸਰਹੱਦ 'ਤੇ ਵੀ। ਬਿੱਕਰ ਵੱਲੋਂ ਉਚਰੀ ਅਰਦਾਸ ਵਿਚ ਸਭ ਦਿਲੀ ਤਮੰਨਾ ਦੋਹਰਾਉਂਦੇ ਕਿ ਜਲਦ ਤੋਂ ਜਲਦ ਮੰਜ਼ਿਲ 'ਤੇ ਪਹੁੰਚ ਜਾਈਏ। ਜਾਣੇ-ਅਨਜਾਣੇ ਕੀਤੀਆਂ ਹੋਈਆਂ ਭੁੱਲਾਂ-ਚੁਕਾਂ ਦੀ ਮੁਆਫ਼ੀ ਮੰਗੀ ਜਾਂਦੀ। ਮੈਂ ਵੀ ਸੋਚਾਂ ਪਿੱਛੇ ਦੌੜਾਉਂਦਾ, ਛੋਟੇ-ਵੱਡੇ ਗੁਨਾਹਾਂ ਦੀ ਖ਼ਲਾਈ-ਹਵਾਈ ਫਹਿਰਿਸਤ ਜ਼ਿਹਨ ਵਿਚ ਲਹਿਰਾ ਜਾਂਦੀ। ਮਿਲ ਰਹੀਆਂ ਸਜ਼ਾਵਾਂ ਨੂੰ ਖੁਲ੍ਹਦਿਲੀ ਨਾਲ ਉਸ ਦੇ ਬਰਾਬਰ ਬਿਠਾਉਣ ਦੀ ਕੋਸ਼ਿਸ਼ ਕਰਦਾ ਕਿ ਹਾਂ! ਇਸ ਕਾਰਨ... ਹਾਂ! ਉਸ ਕਾਰਨ...।

ਇਥੇ 'ਬੰਟੀ ਅਰਬੀ' (ਉਹ ਥੋੜ੍ਹੀ ਅਰਬੀ ਜਾਣਦਾ ਹੋਣ ਕਰ ਕੇ ਡੌਂਕਰਾਂ ਨਾਲ ਗੱਲਬਾਤ ਕਰ ਲੈਂਦਾ ਸੀ) ਨਾਲ ਇਸ ਕਾਰਨ ਮੇਰੀ ਝੜਪ ਹੋਈ ਕਿ ਉਹ ਘਮੰਡ ਨਾਲ ਧੌਣ ਅਕੜਾ ਕੇ ਆਪਣੀ ਤਰਜਨੀ ਉਂਗਲ ਨਾਲ ਛਾਤੀ ਨੂੰ ਟਹੋਕਦਾ, ਅਹਿਸਾਨ ਜਤਾਉਂਦਾ ਕਹਿੰਦਾ, "ਸ਼ੁਕਰ ਕਰੋ! ਮੇਰੇ ਕਰ ਕੇ ਤੁਹਾਨੂੰ ਖਾਣਾ-ਪਾਣੀ ਮਿਲਦਾ ਜਾਂਦਾ ਏ, ਨਹੀਂ ਤਾਂ ਤੁਸੀਂ ਭੁੱਖੇ ਮਰ ਜਾਣਾ ਸੀ।"

ਉਸ ਨੀਮ-ਪਾਗਲ ਜਿਹੇ ਮੁੰਡੇ 'ਤੇ ਮੇਰਾ ਗੁੱਸਾ ਗਾਲ੍ਹਾਂ ਤੇ ਧੱਕੇ-ਮੁੱਕੀ ਦੀ ਸੂਰਤ 'ਚ ਨਿਕਲਿਆ। ਉਹ ਤਾਂ ਹੋਰਾਂ ਨੇ ਬਚ-ਬਚਾਅ ਕੀਤਾ, ਨਹੀਂ ਤਾਂ ਮੇਰੇ ਹਿੱਸੇ ਦੇ ਰੇਗਿਸਤਾਨੀ ਸਫ਼ਰ ਦਾ ਸਾਰਾ ਰੋਹ ਸ਼ਾਇਦ ਉਸ 'ਤੇ ਹੀ ਉਤਰ ਜਾਣਾ ਸੀ। ਬੰਟੀ ਅਰਬੀ ਪਹਿਲਾਂ ਤਾਂ ਭੜਕ ਕੇ ਉਚੀ ਉਚੀ ਬੋਲਦਾ, ਜੇ ਅਗਿਓਂ ਕੋਈ ਜ਼ੋਰਦਾਰ ਜਵਾਬੀ ਹਮਲਾ ਕਰਦਾ ਤਾਂ ਪਲ ਵਿਚ ਪਿਸ਼ਾਬ ਦੀ ਝੱਗ ਵਾਂਗ ਬਹਿ ਜਾਂਦਾ। ਉਹ ਡੌਂਕਰਾਂ ਦਾ ਚਹੇਤਾ ਬਣਨ ਦੀ ਕੋਸ਼ਿਸ਼ 'ਚ ਕਿਤੇ ਨਾ ਕਿਤੇ ਲੱਤ ਫਸਾਈ ਰੱਖਦਾ ਸੀ। ਸਾਡੇ ਗਰੁੱਪ 'ਤੇ ਥੋਪਿਆ ਗਿਆ ਸਖ਼ਤ ਨਾਪਸੰਦੀਦਾ ਸ਼ਖਸ ਸੀ ਬੰਟੀ ਅਰਬੀ।

ਤੀਜੀ ਰਾਤ ਡੌਂਕਰਾਂ ਨੇ ਫੋਨ 'ਤੇ ਕੀਤੇ ਸੰਪਰਕ ਤੋਂ ਬਾਅਦ ਚਾਲੇ ਪਾ ਦਿੱਤੇ। ਉਨ੍ਹਾਂ ਕੋਲ ਹਥੇਲੀ ਕੁ ਜਿੱਡੀ ਸਕਰੀਨ ਵਾਲਾ ਰਾਹ ਦਰਸਾਉਂਦਾ ਯੰਤਰ ਸੀ। ਡੇਢ ਕੁ ਘੰਟੇ ਬਾਅਦ ਜੀਪਾਂ ਰੁਕ ਗਈਆਂ। ਇਸ਼ਾਰਾ ਹੋਇਆ ਤੇ ਸਾਰੇ ਮੁੰਡੇ ਉਤਰ ਕੇ ਥੱਲੇ ਬਹਿ ਗਏ। ਫਿਰ ਅੱਧੇ ਕੁ ਘੰਟੇ ਦਾ ਉਤੇਜਨਾ ਭਰਿਆ ਇੰਤਜ਼ਾਰ।

ਹਨੇਰੇ ਵਿਚੋਂ ਇਕ ਪਾਸਿਓਂ ਤਿੰਨ ਬੰਦੇ ਆ ਕੇ ਮਕਸੂਦ ਨਾਲ ਗੱਲੀਂ ਜੁਟ ਗਏ। ਮਕਸੂਦ ਨੇ ਫੁਰਤੀ ਨਾਲ ਸਭ ਨੂੰ ਬੈਗਾਂ ਸਮੇਤ ਇਕ ਕਤਾਰ ਵਿਚ ਚੁਪਚਾਪ ਤੁਰਨ ਲਈ ਸਮਝਾਇਆ। ਨਵੇਂ ਡੌਂਕਰਾਂ 'ਚੋਂ ਇਕ ਜਣਾ ਕਤਾਰ ਦੇ ਅੱਗੇ ਤੁਰਿਆ, ਇਕ ਸਭ ਤੋਂ ਪਿੱਛੇ, ਇਕ ਕਤਾਰ ਦੇ ਨਾਲ-ਨਾਲ। ਜ਼ਮੀਨ ਸਖ਼ਤ ਸੀ, ਕੰਡੇ ਵੀ ਸਨ। ਨੀਲਾ ਤੇ ਮੋਹਕਮ ਨੰਗੇ ਪੈਰੀਂ, ਕੰਡੇ ਕੱਢਦੇ ਰੁਕਦੇ-ਠਿਠਕਦੇ ਚੱਲਦੇ ਰਹੇ। ਪੋਲੇ-ਪੋਲੇ ਪੈਰ ਰੱਖਦੇ ਪਿੱਛੇ ਰਹਿ ਜਾਂਦੇ ਤਾਂ ਡੌਂਕਰ ਹੱਥਲੇ ਡੰਡੇ ਨਾਲ ਟਹੋਕ ਕੇ ਅਗਾਂਹ ਨੂੰ ਧਕੇਲ ਦਿੰਦਾ ਸੀ।

ਤਿੰਨ ਕੁ ਕਿਲੋਮੀਟਰ ਤੁਰ ਗਏ ਤਾਂ ਬਾਰਡਰ ਆ ਗਿਆ। ਤਾਰਾਂ ਨਾਲ ਵਾੜ ਕੀਤੀ ਹੋਈ, ਕਿਤੇ-ਕਿਤੇ ਕੰਧਾਂ ਵੀ ਸਨ। ਪੁਰਾਣੀ ਚੌੜੀ ਦੀਵਾਰ 'ਚ ਬਣੇ ਪਾੜ ਥਾਣੀਂ ਸਾਡਾ ਜੱਥਾ ਪਾਰ ਨਿਕਲਦਾ ਗਿਆ। ਉਥੇ ਤਿੰਨ ਹੋਰ ਬੰਦੇ ਡੌਂਕਰਾਂ ਨੂੰ ਨਿਰਦੇਸ਼ ਦਿੰਦੇ ਰਹੇ। ਪੱਕਾ ਅੰਦਾਜ਼ਾ ਸੀ ਕਿ ਉਹ ਸਾਦਾ ਕੱਪੜਿਆਂ ਵਿਚ ਫ਼ੌਜੀ ਹੀ ਸਨ।

ਅਸੀਂ ਮੋਰੱਕੋ ਵਿਚ ਪ੍ਰਵੇਸ਼ ਕਰ ਗਏ ਸਾਂ। ਮਹਾਨ 'ਸਹਾਰਾ ਰੇਗਿਸਤਾਨ' ਨੇ ਸਾਡੇ ਵਿਚੋਂ ਇਕ ਜਣੇ ਨੂੰ ਨਿਗਲ ਕੇ ਬਾਕੀਆਂ ਨੂੰ ਆਪਣੇ ਅਤਿ-ਵਿਸ਼ਾਲ ਵਜੂਦ 'ਚੋਂ ਮੋਰੱਕੋ ਵਾਲੇ ਹਿੱਸੇ ਵਿਚ ਉਗਲ ਦਿੱਤਾ ਸੀ।

ਮਕਸੂਦ ਵੱਲੋਂ ਕੀਤੀ 'ਸੈਟਿੰਗ' ਨਾਲ ਮੋਰੱਕੋ ਦਾ ਬਾਰਡਰ ਪਾਰ ਕਰਨਾ ਆਸਾਨੀ ਨਾਲ ਸਭੰਵ ਹੋ ਸਕਿਆ ਸੀ, ਨਹੀਂ ਤਾਂ ਬਾਅਦ ਵਿਚ ਮਿਲੀਆਂ ਜਾਣਕਾਰੀਆਂ ਵਿਚ ਇਹ ਵੀ ਸੁਣਿਆ ਕਿ ਮਾੜੇ ਡੌਂਕਰਾਂ ਦੇ ਹੱਥੇ ਚੜ੍ਹ ਕੇ ਮੁੰਡੇ ਪਿਛਲੇ ਮੁਲਕਾਂ ਦੀਆਂ ਜੇਲ੍ਹਾਂ ਵਿਚ ਸੜਦੇ ਰਹਿੰਦੇ ਨੇ, ਕਈ ਵਾਰ ਫੌਜੀਆਂ ਦੀਆਂ ਗੋਲੀਆਂ ਦੇ ਨਿਸ਼ਾਨੇ ਬਣ ਜਾਂਦੇ ਨੇ, ਜਾਂ ਫਿਰ ਇਕੱਲੇ ਭਟਕ ਕੇ ਰੇਗਿਸਤਾਨ ਦੀ ਬੇਰਹਿਮੀ ਦਾ ਸ਼ਿਕਾਰ ਹੋ ਕੇ ਖ਼ੁਦ ਹੀ ਮਰ ਜਾਂਦੇ ਸਨ।

ਪੈਦਲ ਰੇਤਲੀਆਂ ਪਹਾੜੀਆਂ, ਟਿੱਬੇ ਕੱਛਦੇ ਦੋ-ਢਾਈ ਘੰਟੇ ਹੋ ਗਏ ਸਨ। 12-13 ਦਿਨ ਗੱਡੀਆਂ 'ਤੇ ਰਹੇ ਸਾਂ, ਤੁਰਨ 'ਚ ਜ਼ਿਆਦਾ ਦਿੱਕਤ ਨਹੀਂ ਮਹਿਸੂਸ ਹੋਈ, ਸਗੋਂ ਉਤਸ਼ਾਹ ਸੀ ਕਿ ਮੰਜ਼ਿਲ ਦੇ ਨੇੜੇ ਹੋ ਰਹੇ ਸਾਂ। ਨੰਗੇ ਪੈਰਾਂ ਵਾਲੇ ਔਖੇ ਸੀ, ਪਰ ਗਨੀਮਤ ਸੀ ਕਿ ਇਸ ਪਾਸੇ ਕੰਡੇ ਨਹੀਂ ਸਨ।

ਅਚਾਨਕ ਸਾਡੇ ਕੋਲ ਪਹੁੰਚੀਆਂ ਦੋ ਜੀਪਾਂ ਵਿਚ ਸਾਨੂੰ ਚਾੜ੍ਹ ਦਿੱਤਾ ਗਿਆ। ਹੁਣ ਜਗ੍ਹਾ ਬਹੁਤ ਥੋੜ੍ਹੀ ਸੀ, ਬੰਦੇ ਜ਼ਿਆਦਾ। ਇਕ ਦੂਜੇ ਨੂੰ ਧੱਕਦੇ, ਬੋਲਦੇ-ਕਲਪਦੇ, ਟੇਢੇ-ਮੇਢੇ ਔਖੇ ਹੋ ਕੇ ਸਾਰੇ ਬਹਿ ਗਏ। ਜੀਪਾਂ ਨੇ ਗਤੀ ਫੜ ਲਈ। ਝਟਕਿਆਂ-ਧੱਕਿਆਂ ਨਾਲ ਸਾਡੀਆਂ ਦਰਦ ਭਰੀਆਂ ਚੀਕਾਂ ਬੁਲੰਦ ਹੁੰਦੀਆਂ ਗਈਆਂ, ਪਰ ਜੀਪਾਂ ਅਗਿਆਤ ਦਿਸ਼ਾ ਵੱਲ ਬਿਨਾਂ ਰੁਕੇ ਦੌੜਦੀਆਂ ਰਹੀਆਂ। ਦਿਨ ਦੀ ਲੋਅ ਫੈਲ ਰਹੀ ਸੀ, ਜਦੋਂ ਸਾਡੇ ਪਿੱਛੇ ਬਖਤਰਬੰਦ ਜੀਪ ਲੱਗ ਗਈ। ਸਾਡੀਆਂ ਜੀਪਾਂ ਨੇ ਪੂਰੀ ਰਫ਼ਤਾਰ ਨਾਲ ਪਿੱਛੇ ਰੇਤ ਦੇ ਗੁਬਾਰ ਉਡਾਉਣੇ ਸ਼ੁਰੂ ਕਰ ਦਿੱਤੇ। ਸਹਾਰਾ ਵਿਚ ਦੋ ਵਾਰ ਵਾਪਰੀ ਬਦਤਰ ਤੇ ਦੁਖਦਾਈ ਘਟਨਾ ਇਥੇ ਫਿਰ ਦੁਹਰਾਈ ਜਾਣ ਲੱਗੀ। ਇਕ ਦੂਜੇ 'ਤੇ ਡਿੱਗਦੇ-ਚੀਕਦੇ ਪਤਾ ਨਹੀਂ ਕਿਸ ਕਿਸ ਨੂੰ ਗਾਲ੍ਹਾਂ ਕੱਢਦੇ ਰਹੇ। ਜ਼ੋਰਦਾਰ ਝਟਕਿਆਂ ਨਾਲ ਜਾਨ ਨਿਕਲਦੀ ਜਾਂਦੀ ਜਾਪਦੀ ਸੀ। ਰੀੜ੍ਹ ਦੀ ਹੱਡੀ 'ਤੇ ਸਖ਼ਤ ਧੱਕੇ ਦਾ ਚੀਸਾਂ ਭਰਿਆ ਅਸਰ ਬਹੁਤ ਦੇਰ ਤਕ ਮਹਿਸੂਸ ਕਰਦਾ ਰਿਹਾ ਸੀ ਮੈਂ। ਸ਼ੁਕਰ ਸੀ, ਕਿਸੇ ਨੂੰ ਕੋਈ ਸਥਾਈ ਜਾਂ ਗੰਭੀਰ ਚੋਟ ਨਹੀਂ ਸੀ ਪਹੁੰਚੀ। ਅਖ਼ਿਰ ਉਸ ਜੀਪ ਤੋਂ ਪਿੱਛਾ ਛੁੱਟ ਗਿਆ। ਸ਼ਾਇਦ ਬਾਰਡਰ ਦੇ ਹੋਰ ਰਾਖੇ ਸਨ, ਜਿਨ੍ਹਾਂ ਨੂੰ ਇਹ ਗੁੱਸਾ ਹੋਵੇਗਾ ਬਿਨਾਂ ਕੁਝ 'ਦਿੱਤੇ-ਲਏ' ਘੁਸਪੈਠੀਏ ਨਿਕਲ ਚੱਲੇ ਸਨ!

ਕਾਫੀ ਦੇਰ ਬਾਅਦ ਗੱਡੀਆਂ ਰੁਕਵਾ ਕੇ ਪਿਆਸ ਦੀ ਦੁਹਾਈ ਦਿੱਤੀ। ਫਿਰ ਇਸ ਤਕਲੀਫ਼ਦੇਹ ਸਫ਼ਰ 'ਤੇ ਵਿਰਾਮ ਦੋ ਕੁ ਵਜੇ ਜਾ ਕੇ ਲਾਇਆ ਗਿਆ। ਡੌਂਕਰ ਥੋੜ੍ਹੇ ਚੌਲ-ਪਾਣੀ ਤੇ ਚਾਹ ਦੇ ਕੇ ਸਾਰਦੇ ਰਹੇ।

ਮੋਰੱਕੋ ਵਿਚ ਭਾਵੇਂ ਬਥੇਰੀ ਅੱਗੇ ਆ ਗਏ ਸਾਂ, ਪਰ ਵਿਸ਼ਾਲ ਰੇਗਿਸਤਾਨ ਦਾ ਵਜੂਦ ਇਸ ਮੁਲਕ 'ਚ ਵੀ ਕਾਫੀ ਦੂਰ ਤਕ ਪਸਰਿਆ ਹੋਇਆ ਸੀ। ਇਸ ਰੇਤਲੇ ਇਲਾਕੇ 'ਚ ਛੋਟੇ-ਛੋਟੇ ਰੁੱਖ ਤੇ ਝਾੜੀਆਂ ਟਾਂਵੇਂ-ਟਾਂਵੇਂ ਨਜ਼ਰ ਆਉਂਦੇ ਸਨ। ਅੱਗੇ ਦੂਰ ਤਕ ਪਹਾੜੀਆਂ ਦਿਖਾਈ ਪੈਂਦੀਆਂ ਸਨ।

ਮੈਂ ਧੱਕੇ ਨਾਲ ਉਬਲੇ ਚੌਲ ਅੰਦਰ ਲੰਘਾਏ, ਖ਼ੁਸ਼ੀ ਨਾਲ ਪਾਣੀ ਪੀਤਾ ਤੇ ਅਨੰਦ ਨਾਲ ਚਾਹ ਪੀਤੀ। ਹੁਣ ਤਕ ਮੁੰਡਿਆਂ ਵਿਚ ਜੋ ਕੁਝ ਵੰਡਿਆ ਜਾਂਦਾ ਰਿਹਾ, ਸਭ ਦੀਆਂ ਤਿੱਖੀਆਂ ਸ਼ੱਕੀ ਨਿਗਾਹਾਂ ਵਿਚ ਗੱਡੀਆਂ ਹੁੰਦੀਆਂ ਕਿ ਵੰਡ ਸਹੀ ਹੋਈ ਏ, ਕਿਸੇ ਨੂੰ ਬੁਰਕੀ ਵੱਧ ਤਾਂ ਨਹੀਂ ਚਲੀ ਗਈ! ਬਣਾਈਆਂ ਢੇਰੀਆਂ 'ਚੋਂ ਆਪਣੇ ਖ਼ਿਆਲ ਨਾਲ ਜਿਸ ਨੂੰ ਜਿਹੜੀ ਜ਼ਿਆਦਾ ਉਚੀ ਲੱਗਦੀ, ਉਹ ਉਸ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕਰਦਾ। ਜੇ ਉਚੀ ਢੇਰੀ ਹੋਰ ਕੋਈ ਦਬੋਚ ਲੈਂਦਾ ਤਾਂ ਬਾਕੀ ਤਿੰਨ-ਚਾਰ ਜਣੇ ਉਸ ਖੁਸ਼ਨਸੀਬ ਦੀਆਂ ਅੱਖਾਂ ਵਿਚ ਛਿਪੀ ਚਮਕ ਦੇਖ ਕੇ ਮਨ ਮਸੋਸ ਕੇ ਰਹਿ ਜਾਂਦੇ। ਮੇਰੇ ਸਣੇ ਕੁਝ ਹੋਰ ਮੁੰਡਿਆਂ ਨੂੰ ਚੌਲਾਂ ਨਾਲੋਂ ਜ਼ਿਆਦਾ ਦਿਲਚਸਪੀ ਪਾਣੀ ਦੀ ਰਹਿੰਦੀ ਸੀ। ਇਕ ਝਾੜੀ 'ਚ ਲੁਕਦੇ ਸਪੋਲੀਏ ਨਾਲ ਕੁਝ ਪਲ ਮਨ ਪਰਚਾ ਕੇ ਵੱਡੀ ਝਾੜੀ ਅੰਦਰ, ਛਾਂ ਵਿਚ ਲਿਟ ਕੇ ਉਹੀ ਗੱਲਾਂ ਛੇੜ ਲਈਆਂ, ਕਿਥੇ ਕੁ ਪਹੁੰਚੇ ਹਾਂ? ਅੱਗੇ ਕਿਥੇ ਜਾਣਾ ਸੀ? ਕਦੋਂ ਟਿਕਾਣੇ ਲੱਗਾਗੇਂ?... ਬਗੈਰਾ-ਬਗੈਰਾ। ਇਨ੍ਹਾਂ ਦੇ ਜਵਾਬ ਸਾਡੇ 'ਚੋਂ ਕਿਸੇ ਕੋਲ ਵੀ ਨਹੀਂ ਸਨ। ਸਾਰਾ ਦੁਪਹਿਰਾ ਗੁਜ਼ਰ ਗਿਆ।

ਸੂਰਜ ਦਾ ਰੋਜ਼ ਦਾ ਪੰਧ ਆਖ਼ਿਰੀ ਪਲਾਂ 'ਤੇ ਪਹੁੰਚ ਰਿਹਾ ਸੀ ਜਦੋਂ ਡੌਂਕਰਾਂ ਨੇ ਆ ਕੇ ਸਭ ਨੂੰ ਜੀਪਾਂ 'ਚ ਘੁਸੋੜ ਦਿੱਤਾ। ਦੋ ਕੁ ਘੰਟੇ ਬਾਅਦ ਗੱਡੀਆਂ ਪਥਰੀਲੀਆਂ ਪਹਾੜੀਆਂ ਦੇ ਸਾਏ 'ਚੋਂ ਗੁਜ਼ਰਦੀਆਂ ਰੁਕੀਆਂ। ਡਰੰਮਾਂ 'ਚੋਂ ਡੀਜਲ ਰਲਿਆ ਪਾਣੀ ਪੀਣ ਨੂੰ ਦਿੱਤਾ ਗਿਆ। ਕੁਝ ਮੁੰਡਿਆਂ ਨੇ ਬੈਗਾਂ 'ਚੋਂ ਕੱਢ ਕੇ ਨਵੇਂ ਕਪੜੇ ਪਹਿਨ ਲਏ। ਬਾਕੀ ਸ਼ਾਇਦ ਮੇਰੇ ਵਾਂਗ ਨਹਾ-ਧੋ ਕੇ ਕਪੜੇ ਬਦਲਣ ਬਾਰੇ ਸੋਚਦੇ ਸਨ।

ਹਨੇਰੇ ਦਾ ਪਸਾਰਾ ਹੋਣ ਲੱਗਾ ਤਾਂ ਕਾਰਵਾਂ ਫਿਰ ਰਿੜ੍ਹ ਪਿਆ। ਥੋੜ੍ਹੀ ਦੇਰ ਬਾਅਦ ਸਾਹਮਣੇ ਦੂਰ ਰੌਸ਼ਨੀਆਂ ਨਜ਼ਰ ਆਉਣ ਲੱਗ ਪਈਆਂ,



ਜਿਵੇਂ ਕੋਈ ਸ਼ਹਿਰ ਹੋਵੇ! ਸਾਡੀਆਂ ਆਸਾਂ ਨੂੰ ਖੰਭ ਜਿਹੇ ਲੱਗ ਗਏ, ਉਮੀਦਾਂ ਦੇ ਜੁਗਨੂੰ ਟਿਮਟਿਮਾਉਣ ਲੱਗ ਪਏ। ਜੀਪਾਂ ਹਨੇਰੇ ਦੀ ਹੱਦ 'ਚ ਹੀ ਅੱਗੇ ਵਧਦੀਆਂ ਗਈਆਂ। ਅਚਾਨਕ ਅੱਗਿਓਂ ਕੋਈ ਗੱਡੀ ਦੇਖ ਕੇ ਜੀਪਾਂ ਝਟਕੇ ਨਾਲ ਇਕ ਪਾਸੇ ਮੁੜ ਕੇ ਤੇਜ਼ ਹੋ ਗਈਆਂ। ਪਿੱਛੇ ਬੈਠਾ ਮੋਹਕਮ ਸੰਭਲ ਨਾ ਸਕਿਆ ਤੇ ਥੱਲੇ ਜਾ ਪਿਆ, ਫਿਰ ਬੜੀ ਹੈਰਤਅੰਗੇਜ਼ ਫੁਰਤੀ ਤੇ ਇੱਛਾਸ਼ਕਤੀ ਨਾਲ ਉਠ ਕੇ ਸਾਡੇ ਮਗਰ ਦੌੜ ਵੀ ਪਿਆ। ਅਸੀਂ ਜੀਪ 'ਤੇ ਹੱਥ ਮਾਰ ਕੇ ਰੁਕਵਾਇਆ, ਉਹਨੂੰ ਚੜ੍ਹਾਇਆ। ਜਿਸ ਗੱਡੀ ਤੋਂ ਅਸੀਂ ਡਰੇ ਸਾਂ, ਉਹ ਵੀ ਸਾਡੇ ਵਾਂਗ ਕੋਈ ਗ਼ੈਰਕਾਨੂੰਨੀ ਕਰਿੰਦੇ ਸਨ, ਅਸੀਂ ਉਨ੍ਹਾਂ ਤੋਂ ਡਰ ਗਏ ਸਾਂ ਤੇ ਉਹ ਸਾਥੋਂ।

ਅੱਧਾ ਕੁ ਘੰਟਾ ਹੋਰ ਚੱਲੇ ਤੇ ਫਿਰ ਜਿਥੇ ਹਨੇਰੇ ਉਜਾੜ 'ਚ ਰੁਕੇ, ਉਥੇ ਤਰਪੈਲਾਂ ਨਾਲ ਢਕੀਆਂ ਦੋ ਜੀਪਾਂ ਸਨ ਤੇ ਚਾਰ-ਪੰਜ ਮੋਰੱਕੀ। ਥੱਲੇ ਉਤਾਰ ਕੇ ਸਾਨੂੰ ਪੈਰਾਂ ਭਾਰ ਬਿਠਾ ਦਿੱਤਾ ਗਿਆ। ਸਾਨੂੰ ਘਬਰਾਹਟ ਤੇ ਫ਼ਿਕਰ ਸਤਾਉਣ ਲੱਗੇ... ਕਾਰਨ ਸੀ, ਉਨ੍ਹਾਂ ਦੇ ਹੱਥਾਂ ਵਿਚ ਛੁਰੇ-ਤਲਵਾਰਾਂ ਸਨ। ਸਾਡੇ 'ਤੇ ਉਹ ਭੁੱਖੇ ਜਾਨਵਰਾਂ ਵਾਂਗ ਟੁੱਟ-ਟੁੱਟ ਕੇ ਪੈ ਰਹੇ ਸਨ। ਅਸੀਂ ਚੁੱਪ, ਸਹਿਮੇ ਇਕ ਦੂਜੇ ਦੇ ਪਿੱਛੇ ਹੁੰਦੇ ਗਏ, ਖ਼ਬਰੇ ਕੀ ਹੋਣ ਲੱਗਾ ਸੀ। ਬੈਟਰੀਆਂ ਦੀ ਰੌਸ਼ਨੀ 'ਚ ਸਾਡੀ ਗਿਣਤੀ ਹੋਈ, ਸਾਡੇ ਬੈਗਾਂ ਦਾ ਉਨ੍ਹਾਂ ਨੇ ਇਕ ਪਾਸੇ ਢੇਰ ਲੁਆ ਲਿਆ। ਉਹ ਅਰਬੀ 'ਚ ਗੁੱਸੈਲ ਲਹਿਜ਼ੇ ਨਾਲ ਉਚੀ-ਉਚੀ ਬੋਲਦੇ ਰਹੇ। ਤਿੰਨ-ਚਾਰ ਜਣਿਆਂ ਦੇ ਉਨ੍ਹਾਂ ਨੇ ਮੁੱਕੇ-ਚਪੇੜਾਂ ਵੀ ਕੱਢ ਮਾਰੇ। ਫਿਰ ਸਾਨੂੰ ਲੱਤਾਂ-ਧੱਕੇ ਮਾਰ-ਮਾਰ ਕੇ ਦੋਹਾਂ ਜੀਪਾਂ ਵਿਚ ਭੇਡਾਂ-ਬੱਕਰੀਆਂ ਵਾਂਗ ਲੱਦਣ ਲੱਗੇ। ਕੋਈ ਦੇਰ ਕਰਦਾ ਜਾਂ ਸਵਾਲ ਕਰਦਾ ਤਾਂ ਮੂੰਹ 'ਤੇ ਪੈਂਦਾ ਜ਼ੋਰਦਾਰ ਥੱਪੜ ਜਵਾਬ ਬਣ ਜਾਂਦਾ। ਛੁਰੇ ਹਿਲਦੇ ਦੇਖ ਕੇ ਸਾਡੇ ਤਾਂ ਦਿਲ ਹਿਲ ਗਏ, ਸਾਹ ਖੁਸ਼ਕ ਹੁੰਦੇ ਗਏ, ਬਚੇ-ਖੁਚੇ ਤ੍ਰਾਹ ਵੀ ਨਿਕਲ ਗਏ।

ਤਰਪੈਲ ਢਕੀ ਜੀਪ ਵਿਚ ਕੋਈ ਕਿਸੇ 'ਤੇ ਡਿੱਗਿਆ ਕੋਈ ਕਿਸੇ 'ਤੇ। ਹਨੇਰੇ 'ਚ ਸ਼ੋਰ ਮਚਿਆ ਸੀ, "ਹਾਏ ਮੇਰੀ ਲੱਤ ਗਈ... ਮੇਰੀ ਬਾਂਹ... ਉਏ ਮੇਰਾ ਪੈਰ...।" ਕੋਈ ਬੈਠਾ ਸੀ, ਕੋਈ ਖੜ੍ਹਾ ਸੀ, ਕੋਈ ਕੋਡਾ ਸੀ। ਸਭ ਬੁਰੀ ਤਰ੍ਹਾਂ ਤੁੰਨੇ ਪਏ ਸਨ, ਹਿਲਣ-ਜੁਲਣ ਦੀ ਕੋਈ ਗੁੰਜਾਇਸ਼ ਨਹੀਂ ਸੀ।

ਕੋਲ ਖੜ੍ਹੇ ਪੁਰਾਣੇ ਡੌਂਕਰ ਨੂੰ ਬੈਗਾਂ ਬਾਰੇ ਪੁੱਛਿਆ ਤਾਂ ਉਸ ਨੇ ਇਸ਼ਾਰੇ ਨਾਲ ਕਿਹਾ- ਪਿੱਛੇ ਜੀਪ 'ਚ ਆਉਣਗੇ, ਪਰ ਤੁਰਨ ਲੱਗਿਆਂ ਤਰਪੈਲ ਦੀਆਂ ਝੀਤਾਂ 'ਚੋਂ ਅਸੀਂ ਦੇਖਿਆ, ਪਿੱਛੇ ਛੁਰਿਆਂ ਨਾਲ ਉਨ੍ਹਾਂ ਨੇ ਬੈਗ ਪਾੜਨੇ ਸ਼ੁਰੂ ਕਰ ਦਿੱਤੇ ਸਨ। ਬੜੀ ਮਾਯੂਸੀ ਨਾਲ ਮੈਂ ਤਰਪੈਲ ਥੱਲੇ ਸੁੱਟ ਦਿੱਤੀ। ਹੁਣ ਕੁਝ ਨਹੀਂ ਸੀ ਮਿਲਣਾ। ਕਿੰਨੇ ਸੋਹਣੇ ਨਵੇਂ ਤੇ ਕੀਮਤੀ ਕੱਪੜੇ ਸਨ, ਹੋਰ ਵੀ ਕਈ ਕੁਝ ਸੀ ਤੇ ਮੇਰੇ ਵਾਂਗ ਸ਼ਾਇਦ ਕਈਆਂ ਨੇ ਉਨ੍ਹਾਂ ਵਿਚ ਡਾਲਰ-ਯੂਰੋ ਲੁਕੋਏ ਸਨ। ਹੁਣ ਸਭ ਕੁਝ ਉਨ੍ਹਾਂ ਕਮੀਨਿਆਂ-ਲੁਟੇਰਿਆਂ ਦਾ ਸੀ। ਦਿਲ ਨੂੰ ਹੌਸਲਾ ਦਿੱਤਾ ਕਿ ਯੂਰਪ ਜਾ ਕੇ ਸਾਰੀ ਉਮਰ ਕਮਾਉਣਾ ਈ ਐ! ਤਰਪੈਲਾਂ 'ਚੋਂ ਛਣਦੀ ਰੌਸ਼ਨੀ ਤੇ ਟਰੈਫਿਕ ਦੇ ਸ਼ੋਰ-ਸ਼ਰਾਬੇ ਤੋਂ ਅੰਦਾਜ਼ਾ ਲਾਇਆ, ਅਸੀਂ ਕਿਸੇ ਸ਼ਹਿਰ 'ਚੋਂ ਗੁਜ਼ਰ ਰਹੇ ਸਾਂ।

ਅੱਧੇ ਕੁ ਘੰਟੇ ਬਾਅਦ ਫਿਰ ਹਨੇਰੀਆਂ ਰਾਹਾਂ 'ਤੇ ਆ ਗਏ, ਫਿਰ ਗੱਡੀਆਂ ਰੁਕ ਗਈਆਂ। ਸਾਨੂੰ ਫੁਰਤੀ ਨਾਲ ਹਨੇਰੇ ਕਮਰੇ ਵਿਚ ਧੱਕਾ ਦਿੰਦੇ ਗਏ। ਭੁੱਖ-ਪਿਆਸ ਦਾ ਤਰਲਾ ਮਾਰਿਆ ਤਾਂ ਉਨ੍ਹਾਂ ਨੇ ਸਵੇਰ ਦਾ ਲਾਰਾ ਲਾ ਦਿੱਤਾ... ਫਿਰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਸ਼-ਸ਼-ਸ਼... ਕੀਤਾ; ਫਿਰ ਗੁੱਟ 'ਤੇ ਗੁੱਟ ਰੱਖ ਕੇ ਪੁਲਿਸ ਦਾ ਡਰਾਵਾ ਦਿੰਦਿਆਂ, ਬਾਹਰ ਨਾ ਨਿਕਲਣ ਦੀਆਂ ਹਦਾਇਤਾਂ ਦੇ ਕੇ ਤੁਰ ਗਏ। ਸਾਰੇ ਪਹਿਲਾਂ ਹੀ ਖਮੋਸ਼, ਡਰੇ-ਸਹਿਮੇ ਕਮਰੇ ਦੀਆਂ ਕੰਧਾਂ-ਗੁੱਠਾਂ ਨਾਲ ਜੁੜੇ ਬੈਠੇ ਸਨ।

ਡੌਂਕਰ ਨੇ ਫੋਨ 'ਤੇ ਸਾਡੇ ਨਾਲ ਰਾਜੇਸ਼ ਅਤੇ ਸਤਨਾਮ (ਮਾਲੀ ਵਾਲੇ ਮੁਖ ਏਜੰਟਾਂ) ਦੀ ਗੱਲ ਕਰਵਾਈ। ਜਿੰਨੇ ਕੁ ਹਾਲਾਤ ਸਾਡੀ ਸਮਝ ਪਏ, ਉਨ੍ਹਾਂ ਨੂੰ ਜਾਣੂ ਕਰਵਾਇਆ- 'ਇਕ ਕਮਰੇ 'ਚ ਬੈਠੇ ਹਾਂ, ਸਾਡੇ ਬੈਗ ਖੋਹ ਲਏ ਨੇ, ਭੁੱਖੇ ਪਿਆਸੇ ਹਾਂ... ਬਗੈਰਾ। ਜਵਾਬ ਵਿਚ ਦਿਲਾਸੇ ਮਿਲੇ, 'ਬੈਗ ਮਿਲ ਜਾਣਗੇ, ਦੋ-ਚਾਰ ਦਿਨਾਂ 'ਚ ਹੀ ਸਮੁੰਦਰੀ ਡੌਂਕੀ ਲੁਆ ਕੇ ਸਪੇਨ ਐਂਟਰ ਕਰਵਾ ਦਿੱਤਾ ਜਾਵੇਗਾ'। ਫਿਰ ਉਚੇਚੇ ਤੌਰ 'ਤੇ ਬੰਟੀ ਅਰਬੀ ਨੂੰ ਸੋਨੂੰ ਬਾਰੇ ਪਿੱਛੇ ਦੱਸਣ ਲਈ ਕਿ ਕੀ ਕਹਿਣਾ ਸੀ... ਦੁਹਰਾਇਆ ਗਿਆ, ਤੇ ਨਾਲ ਉਹੀ ਧਮਕੀ ਵੀ- 'ਜੇ ਕੋਈ ਸਾਥੋਂ ਬਾਹਰਾ ਹੋਇਆ, ਤਾਂ ਇਥੇ ਹੀ ਰੋਕ ਲਵਾਂਗੇ'। ਬੰਟੀ ਪਹਿਲਾਂ ਹੀ ਛੇਤੀ-ਛੇਤੀ 'ਹਾਂ' ਵਿਚ ਸਿਰ ਮਾਰਨ ਲੱਗ ਪਿਆ ਸੀ। ਕਿਹੜਾ ਕੰਜਰ ਇਥੇ ਸੜਨਾ-ਮਰਨਾ ਚਾਹੁੰਦਾ ਸੀ। ਤਸੱਲੀਆਂ ਤੇ ਆਸਾਂ ਨੂੰ ਦਿਮਾਗਾਂ ਵਿਚ ਤਰਤੀਬ ਦਿੰਦੇ ਸਭ ਹਨੇਰੇ ਕਮਰੇ 'ਚ ਫਸ-ਧਸ ਕੇ ਲੰਮੇ ਪੈ ਗਏ।

ਸਵੇਰ ਨੂੰ ਦਰਵਾਜ਼ਾ ਖੁੱਲ੍ਹਿਆ, ਦੋ ਕੈਨੀਆਂ ਪਾਣੀ ਤੇ ਕੁਝ ਖੋਬਸ (ਵੱਡੇ ਬਰੈਡ) ਸਾਡੇ ਪੈਰਾਂ 'ਚ ਸੁੱਟ ਕੇ ਡੌਂਕਰ ਮੁੜ ਗਏ। ਜਾਂਦੇ-ਜਾਂਦੇ ਅਗਲੇ ਰੋਜ਼ ਆਉਣ ਦਾ ਕਹਿ ਗਏ ਤੇ 'ਪੁਲਿਸ ਦਾ ਡਰ' ਸਾਡੇ ਦਰਵਾਜ਼ੇ ਨਾਲ ਟੰਗ ਗਏ। ਭੁੱਖੇ ਪਿਆਸੇ ਆਏ ਸਮਾਨ 'ਤੇ ਬਾਜਾਂ ਵਾਂਗ ਝਪਟੇ।

ਮਾਲੀ ਤੋਂ ਹੀ ਸਾਡੇ ਦਿਮਾਗਾਂ ਵਿਚ ਇਹ ਜਾਣਕਾਰੀ ਬੈਠੀ ਸੀ ਕਿ ਹਨੇਰੀਆਂ ਰਾਤਾਂ ਵਿਚ ਜਦ ਸਮੁੰਦਰ ਸ਼ਾਂਤ ਰਹਿੰਦਾ ਏ, ਵੱਡੀਆਂ ਕਿਸ਼ਤੀਆਂ ਦੇ ਜ਼ਰੀਏ ਡੌਂਕੀ ਲਵਾ ਕੇ ਮੁੰਡੇ ਸਪੇਨ ਪਹੁੰਚਾ ਦਿੱਤੇ ਜਾਂਦੇ ਹਨ। ਜਦੋਂ ਤੋਂ ਤੁਰੇ ਸਾਂ, ਇਹੀ ਹਿਸਾਬ ਲਾ ਰਹੇ ਸਾਂ। ਰਸਤੇ 'ਚ ਦਿਨ-ਬ-ਦਿਨ ਚੰਨ ਦਾ ਮਨਫੀ ਹੁੰਦਾ ਆਕਾਰ ਸਾਨੂੰ ਤਸੱਲੀ ਦਿੰਦਾ ਰਿਹਾ ਸੀ। ਆਪਣੀ ਜ਼ਿੰਦਗੀ 'ਚ ਘੱਟੋ-ਘੱਟ ਮੈਂ ਤਾਂ ਸਮੁੰਦਰ ਨੂੰ ਨੇੜਿਓਂ ਨਹੀਂ ਸੀ ਦੇਖਿਆ, ਉਸ ਦੇ ਸੁਭਾਅ ਦਾ ਨਹੀਂ ਸੀ ਪਤਾ। ਜਵਾਰ ਭਾਟੇ ਬਾਰੇ ਪੜ੍ਹਿਆ ਸੀ ਤੇ ਇਥੇ ਇਸ ਪ੍ਰਚਲਿਤ ਧਾਰਨਾ ਤੋਂ ਵਾਕਿਫ਼ ਸਾਂ ਕਿ ਕਾਲੀਆਂ-ਹਨੇਰੀਆਂ ਰਾਤਾਂ ਵਿਚ ਹੀ ਸਮੁੰਦਰੀ-ਡੌਂਕੀ ਠੀਕ ਹੁੰਦੀ ਹੈ। ਸਾਡੇ ਦਿਲਾਂ ਵਿਚ ਸਮੁੰਦਰ ਬਾਰੇ ਕੋਈ ਵਿਸ਼ੇਸ਼ ਡਰ ਜਾਂ ਸ਼ੰਕਾ ਨਹੀਂ ਸੀ। ਉਲਟਾ ਉਤਸ਼ਾਹ ਸੀ, ਦੋ-ਚਾਰ ਦਿਨਾਂ 'ਚ ਹੀ ਡੌਂਕੀ ਲੱਗ ਜਾਣੀ ਹੈ। ਕਿਸੇ ਨੂੰ ਇਹ ਗੰਭੀਰ ਅਹਿਸਾਸ ਨਹੀਂ ਸੀ ਕਿ ਸਮੁੰਦਰੀ ਡੌਂਕੀ ਹੀ ਸਭ ਤੋਂ ਖ਼ਤਰਨਾਕ ਡੌਂਕੀ ਹੁੰਦੀ ਏ।

ਦੂਜੇ ਦਿਨ ਚੌਗਿਰਦੇ ਦਾ ਜਾਇਜ਼ਾ ਲਿਆ। ਅਸੀਂ ਪਿਛਲੇ ਪਾਸੇ ਬਹੁਤ ਦੂਰ ਨਜ਼ਰ ਆਉਂਦੇ ਸ਼ਹਿਰ ਤੋਂ ਬਾਹਰੋ-ਬਾਹਰ, ਦੋ ਕਮਰਿਆਂ 'ਚੋਂ ਇਕ ਖ਼ਸਤਾਹਾਲ ਕਮਰੇ 'ਚ ਰਾਤ ਕੱਟੀ ਸੀ। ਨਾਲ ਲੱਗਦੀ ਛੋਟੀ ਜਿਹੀ ਛੰਨ ਵੀ ਸੀ। ਸਾਹਮਣੇ ਭੇਡਾਂ-ਬੱਕਰੀਆਂ ਲਈ ਬਣਿਆ ਕੱਚਾ ਵਾੜਾ ਉਜੜ ਚੁੱਕਿਆ ਸੀ। ਵਾੜੇ ਤੋਂ ਥੋੜ੍ਹਾ ਅੱਗੇ ਪੱਕਾ ਬਣਿਆ ਬੰਦ ਚੁਬੱਚਾ ਜਿਸ ਵਿਚ ਥੋੜ੍ਹਾ ਜਿਹਾ ਗੰਧਲਾ ਪਾਣੀ ਸੀ। ਉਸ ਵਿਚ ਇਕ-ਦੋ ਛੋਟੇ-ਮੋਟੇ ਡੱਡੂ ਤੇ ਹੋਰ ਕੀੜੇ-ਮਕੌੜੇ ਕਿਸੇ ਤਰ੍ਹਾਂ ਜੀਣ ਵਿਚ ਰੁੱਝੇ ਨਜ਼ਰ ਆਏ। ਕਮਰਿਆਂ ਦੇ ਪਿਛਲੇ ਪਾਸੇ ਦੋ-ਤਿੰਨ ਸੌ ਮੀਟਰ ਪਰ੍ਹੇ ਦੋ ਮੰਜ਼ਿਲਾ ਵੱਡਾ ਮਕਾਨ ਸੀ ਤੇ ਉਸ ਤੋਂ ਵੀ ਕਾਫੀ ਪਰ੍ਹੇ ਸੜਕ ਵਗਦੀ ਸੀ। ਸਾਹਮਣੇ ਦੂਰ-ਦੂਰ ਤਕ ਉਜਾੜ ਸੀ।

ਡੌਂਕਰ ਸ਼ਾਮ ਨੂੰ ਪਾਣੀ, ਖੋਬਸ ਤੇ ਮੱਛੀ ਦੀਆਂ ਡੱਬੀਆਂ ਦੇ ਗਏ। ਕੱਲ੍ਹ ਤੋਂ ਇਕ-ਇਕ ਬਰੈਡ ਦੇ ਆਸਰੇ ਬੈਠੇ ਸਾਂ। ਪਾਣੀ ਵੀ ਸਵੇਰ ਦਾ ਹੀ ਮੁੱਕ ਗਿਆ ਸੀ। ਇਸ ਵਾਰ ਹਿੱਸੇ ਆਇਆ ਡੇਢ-ਡੇਢ ਬਰੈਡ। ਤਕਰੀਬਨ ਸਭ ਨੇ ਇਕ-ਇਕ ਖਾ ਲਿਆ ਤੇ ਅੱਧਾ-ਅੱਧਾ ਸੰਭਾਲ ਕੇ ਰੱਖ ਲਿਆ। ਪਿੱਛੇ ਦੇਖੀ ਭੁੱਖ-ਪਿਆਸ ਨੇ ਹਿਸਾਬ-ਕਿਤਾਬ ਸਿਖਾ ਦਿੱਤਾ ਸੀ। ਇਹ ਸਿਆਣਪ ਸਾਡੇ ਕੰਮ ਆਈ, ਡੌਂਕਰ ਅਗਲੇ ਦਿਨ ਆਉਣ ਦੀ ਜਗ੍ਹਾ ਉਸ ਤੋਂ ਅਗਲੇ ਦਿਨ ਆਏ ਸਨ। ਪਾਣੀ ਬਿਨਾਂ ਅਸੀਂ ਮਰਨ ਵਾਲੀ ਹਾਲਤ 'ਚ ਰੋਣ-ਹਾਕੇ ਹੋਏ ਬੈਠੇ ਸਾਂ। ਪਾਣੀ ਗੰਦੇ ਚੁਬੱਚੇ 'ਚੋਂ ਕੱਢ ਕੇ ਲਿਆਂਦਾ ਜੋ ਗੰਦਾ ਤੇ ਖ਼ਾਰਾ ਸੀ। ਭੁੱਖ-ਪਿਆਸ ਸਹਿਣ ਦੀ ਭਾਵੇਂ ਆਦਤ ਪੈਂਦੀ ਜਾ ਰਹੀ ਸੀ, ਪਰ ਭੁੱਖੇ-ਪਿਆਸੇ ਪੇਟ 'ਚੋਂ ਜਿਹੜੀ ਦਰਦ ਭਰੀ ਖੋਹ ਉਠਦੀ ਸੀ, ਕਈ ਵਾਰ ਬਰਦਾਸ਼ਤ ਦੀਆਂ ਹੱਦਾਂ ਟੱਪ ਜਾਂਦੀ ਸੀ।

ਅਸੀਂ ਖ਼ੁਦ ਕੁਝ ਕਰ ਨਹੀਂ ਸੀ ਸਕਦੇ, ਕਿਤੇ ਜਾ ਨਹੀਂ ਸੀ ਸਕਦੇ। ਪੁਲਿਸ ਦੇ ਹੱਥ ਕੌਣ ਚੜ੍ਹਨਾ ਚਾਹੁੰਦਾ ਸੀ। ਦਿਨ ਭਰ ਹੁੰਮਸ ਭਰੇ ਬੰਦ, ਤਪਦੇ ਕਮਰੇ ਵਿਚ ਨਿਢਾਲ ਜਿਸਮ ਬੋਝਲ, ਅੱਧਮੋਈਆਂ ਸੋਚਾਂ ਨਾਲ ਮੁਰਦਿਆਂ ਵਾਂਗ ਪਏ ਰਹਿੰਦੇ। ਸਿਰਫ਼ ਹਾਜ਼ਤ ਵਾਸਤੇ ਜਾਂ ਰਾਤ ਨੂੰ ਖੁਲ੍ਹੀ ਹਵਾ ਵਾਸਤੇ ਬਚ-ਬਚਾ ਕੇ ਬਾਹਰ ਨਿਕਲਦੇ ਸਾਂ।

ਸਵੇਰ-ਸ਼ਾਮ ਰੱਬ ਦਾ ਨਾਂ ਜਪਿਆ ਜਾਂਦਾ, ਅਰਦਾਸ-ਬੇਨਤੀਆਂ ਕੀਤੀਆਂ ਜਾਂਦੀਆਂ। ਹਰ ਸੰਭਵ ਤਰੀਕੇ ਨਾਲ ਅਕਾਲ ਪੁਰਖ ਪਰਮੇਸ਼ਰ ਨੂੰ ਪ੍ਰਸੰਨ ਕਰਨ ਅਤੇ ਦੁੱਖਾਂ ਦੀਆ ਘੜੀਆਂ ਤੋਂ ਛੁਟਕਾਰਾ ਦਿਵਾਉਣ ਲਈ ਗੁਣ-ਗਾਣ ਕੀਤੇ ਗਏ, ਸਿਮਰਨ ਕੀਤਾ, ਸ਼ਬਦ ਗਾਏ... ਪਰ ਕਮਰੇ ਦੇ ਅੰਦਰ-ਅੰਦਰ ਰਹਿਣ ਵਾਲੀਆਂ ਆਵਾਜ਼ਾਂ ਨਾਲ। ਡਰ ਸੀ, ਕੋਈ ਬੋਲ ਕਿਸੇ ਪਾਸਿਓਂ ਨਿਕਲ ਕੇ ਬਾਹਰ ਨਾ ਖਿਲਰ ਜਾਏ। ਉਂਜ ਸ਼ਾਇਦ ਮੇਰੇ ਵਾਂਗ ਹੋਰ ਵੀ ਕਈ ਵਿਸ਼ਵਾਸ ਰੱਖਦੇ ਸਨ ਕਿ ਸਾਡੀ ਚੁੱਪ ਜੋ ਬੋਲਦੀ ਸੀ, ਖਮੋਸ਼ੀ ਜੋ ਕੁਝ ਕਹਿੰਦੀ ਸੀ, ਬੇਵਸੀ ਜੋ ਅੰਦਰ ਪੰਘਰਦੀ ਸੀ, ਜਿਹੜੇ ਹੰਝੂ ਅੰਦਰ ਵਗਦੇ ਸਨ, ਉਹ ਰੱਬ ਦੀ ਡਿਓੜੀ 'ਤੇ ਜ਼ਿਆਦਾ ਅਸਰਕਾਰਕ ਹੋ ਨਿਬੜਨਗੇ। ਤਿੰਨਾਂ ਦਿਨਾਂ 'ਚ ਕੈਨੀਆਂ ਸਮੇਤ ਚੁਬੱਚੇ ਵਾਲਾ ਪਾਣੀ ਵੀ ਖ਼ਤਮ ਸੀ। ਹਰ ਚਿਹਰੇ 'ਤੇ ਲਾਚਾਰੀ ਤੇ ਡੂੰਘੇ ਸਵਾਲਾਂ ਦੀ ਛਾਂ ਫੈਲੀ ਸੀ ਜਿਨ੍ਹਾਂ ਦੇ ਜਵਾਬ ਕਿਸੇ ਕੋਲ ਵੀ ਨਹੀਂ ਸਨ। ਬਸ

*(ਬਾਕੀ ਅਗਲੇ ਸਫੇ 'ਤੇ)*

# ਚੇਤਿਆਂ 'ਚ ਵਸਦੀਏ ਮਾਏ

## ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਂ ਦੀਆਂ ਰਹਿਮਤਾਂ ਦਾ ਕੋਈ ਮੁੱਲ ਨਹੀਂ ਪਾ ਸਕਦਾ। ਕੁਝ ਹਫਤੇ ਪੰਜਾਬ ਟਾਈਮਜ਼ ਵਿਚ ਛਪੇ ਆਪਣੇ ਇਕ ਲੇਖ ਵਿਚ ਡਾ. ਭੰਡਾਲ ਨੇ ਜਗ ਜਨਨੀ ਮਾਂ ਦੀਆਂ ਰਹਿਮਤਾਂ ਦੀ ਗੱਲ ਕਰਦਿਆਂ ਕਿਹਾ ਸੀ ਕਿ ਮਾਂ ਬੱਚਿਆਂ ਦੀ ਸਭ ਤੋਂ ਵੱਡੀ ਰਹਿਨੁਮਾ। ਉਨ੍ਹਾਂ ਦੀ ਮਾਰਗ ਦਰਸ਼ਕ, ਉਨ੍ਹਾਂ ਦੇ ਰਾਹਾਂ ਵਿਚੋਂ ਕੰਡੇ ਚੁਗ ਕੇ ਆਪਣੇ ਪੋਟਿਆਂ ਨੂੰ ਪੀੜ-ਪੀੜ ਕਰਨ ਵਾਲੀ ਅਤੇ ਲਾਡਲਿਆਂ ਨੂੰ ਰੋੜਾਂ ਦੀ ਚੁਭਣ ਤੋਂ ਬਚਾਉਣ ਲਈ ਮਲੂਕ ਪੈਰਾਂ ਹੇਠ ਤਲੀਆਂ ਧਰਨ ਵਾਲੀ। ਹਥਲੇ ਲੇਖ ਵਿਚ ਉਨ੍ਹਾਂ ਮਾਂ ਦੇ ਤੁਰ ਜਾਣ ਪਿਛੋਂ ਪੈਦਾ ਹੋਏ ਖਲਾਅ ਦੀ ਗੱਲ ਕੀਤੀ ਹੈ। ਉਨ੍ਹਾਂ ਹਉਕਾ ਭਰਿਆ ਹੈ, ਮਾਂ, ਬੱਚਿਆਂ ਲਈ ਨਿੱਘੀ ਗੋਦੜੀ ਦਾ ਪੁਰ-ਖਲੂਸ ਅਹਿਸਾਸ, ਠੰਢੜੀ ਛਾਂ ਦਾ ਰੂਹਾਨੀ ਹੁਲਾਸ ਅਤੇ ਉਸ ਦੀਆਂ ਮੱਤਾਂ ਤੇ ਸਲਾਹੁਤਾਂ ਸਦਕਾ, ਹੁੰਦਾ ਏ ਸੰਤੁਲਤ ਸ਼ਖਸੀਅਤ ਦਾ ਵਿਕਾਸ।...ਮਾਂ ਦੀਆਂ ਗੱਲਾਂ ਯਾਦ ਆਉਂਦੀਆਂ ਤਾਂ ਮਨ ਉਦਾਸ ਹੋ ਜਾਂਦਾ। -ਸੰਪਾਦਕ***

ਚਿਰ ਬਾਅਦ ਪਿੰਡ ਆਇਆ ਹਾਂ। ਪਿੰਡ ਦੀਆਂ ਗਲੀਆਂ ਅਤੇ ਰਾਹ ਉਹੀ ਨੇ। ਗਰਾਂ ਵਿਚ ਪਹਿਲਾਂ ਵਰਗੀ ਚਹਿਲ-ਪਹਿਲ, ਘੁੱਗ ਵਸਦਾ ਏ ਪਿੰਡ। ਪਰ ਮਨ ਉਖੜਿਆ ਹੋਇਆ ਏ। ਚਿੱਤ ਉਦਾਸ ਏ। ਮਾਂ ਦੀ ਘਾਟ ਘਰ ਵਿਚ ਰੜਕਦੀ ਏ। ਸਦੀਵੀ ਯਾਤਰਾ 'ਤੇ ਤੁਰ ਗਈ ਮਾਂ ਨੂੰ ਸਾਲ ਹੋਣ ਵਾਲਾ ਏ ਅਤੇ ਉਸ ਤੋਂ ਬਾਅਦ ਮਾਂ ਵਾਲੇ ਰੋਅਬ ਨਾਲ ਪਿੰਡ ਆਉਣ ਲਈ ਕੋਈ ਨਹੀਂ ਕਹਿਣ ਵਾਲਾ। ਭਰਾ ਤਾਂ ਭਰਾ ਹੀ ਹੁੰਦੇ ਨੇ। ਸਿਰਫ ਮਾਂ ਹੀ ਹੁੰਦੀ ਏ ਜੋ ਤੁਹਾਨੂੰ ਉਡੀਕਦੀ, ਤੁਹਾਡੇ ਲਈ ਤੁਹਾਡੀਆਂ ਮਨਪਸੰਦ ਚੀਜ਼ਾਂ ਤਿਆਰ ਕਰਨ ਵਿਚ ਸੁਖਨ ਮਹਿਸੂਸ ਕਰਦੀ ਏ।

ਮਾਂ ਤੋਂ ਬਿਨਾ ਘਰ ਵਿਚ ਇਕ ਬੇਰੌਣਕੀ। ਉਸ ਦੀ ਡੰਗੋਰੀ ਦੀ ਠਕ-ਠਕ, ਉਸ ਦਾ ਹਰ ਕਾਰਜ ਵਿਚ ਰੋਹਬ ਪਾਉਣਾ, ਇਕ ਬੀਤਿਆ ਸੁਪਨਾ।

ਖਾਮੋਸ਼ ਏ ਉਸ ਦਾ ਰੀਝਾਂ ਨਾਲ ਸਾਂਭਿਆ ਚਰਖਾ। ਇਸ 'ਤੇ ਚੜ੍ਹੀ ਘੱਟੇ ਦੀ ਪਰਤ ਦਿਨ-ਬ-ਦਿਨ ਹੋਰ ਮੋਟੀ ਹੁੰਦੀ ਜਾਵੇਗੀ ਅਤੇ ਆਖਰ ਨੂੰ ਇਕ ਦਿਨ ਇਹ ਘਰ ਦੇ ਕਬਾੜ ਦਾ ਹਿੱਸਾ ਬਣ, ਚੁੱਲ੍ਹੇ ਦਾ ਸੇਕ ਬਣ ਜਾਵੇਗਾ।

ਮਾਂ ਦੀ ਛੋਹ ਨੂੰ ਤਰਸਦੇ ਸੰਦੂਕ ਨੂੰ ਕੌਣ ਫਰੋਲੇ? ਕਿਹੜਾ ਗੁੱਥਲੀਆਂ ਅਤੇ ਗੰਢਾਂ ਦੀ ਸਾਰ ਲਵੇ? ਹੁਣ ਨਹੀਂ ਮਾਂ ਨੂੰ ਖਿਝਾਉਣ ਲਈ, ਉਸ ਦੀਆਂ ਪੋਤਰੀਆਂ ਨੇ ਸਾਂਭ ਸਾਂਭ ਕੇ ਰੱਖੀਆਂ ਵਸਤਾਂ ਨੂੰ ਫਰੋਲਣਾ। ਆਪਣੀਆਂ ਨੂੰਹਾਂ ਅਤੇ ਧੀਆਂ ਤੋਂ

> ***ਮਾਂਵਾਂ ਤੁਰ ਜਾਣ ਤਾਂ ਪਰਿਵਾਰ ਦੇ ਆਪੋ-ਆਪਣੇ ਰਾਹ। ਆਪ ਮੁਹਾਰਾਪਣ ਹਾਵੀ। ਗੁੰਮ ਜਾਂਦਾ ਏ ਆਪਸ ਵਿਚ ਮਿਲਾਉਣ ਵਾਲਾ ਕੇਂਦਰ ਬਿੰਦੂ। ਮਾਂ ਦੇ ਕੋਲ ਹੀ ਧੀਆਂ ਨੂੰ ਆਉਣ ਦਾ ਚਾਅ। ਉਨ੍ਹਾਂ ਨੂੰ ਲੋਹੜੀ, ਤੀਆਂ ਅਤੇ ਸੰਧਾਰੇ ਦੀ ਬੜੀ ਬੇਸਬਰੀ ਨਾਲ ਉਡੀਕ। ਬੇਗਾਨੇ ਕਿਥੇ ਪਾਉਂਦੇ ਨੇ ਧੀਆਂ ਧਿਆਣੀਆਂ ਦੇ ਘਰੀਂ ਫੇਰਾ?***

ਵੱਧ ਪੋਤਰੀਆਂ ਦਾ ਮੋਹ ਪਾਲਣ ਵਾਲੀ ਦਾਦੀ ਨੂੰ ਲੱਭਦੀਆਂ ਮਾਯੂਸ ਨੇ ਉਸ ਦੀਆਂ ਪੋਤਰੀਆਂ।

ਮਾਂ ਦਾ ਤੁਰ ਜਾਣਾ, ਜੀਵਨ ਦੀ ਅਟੱਲ ਸੱਚਾਈ। ਮਾਂ ਨੂੰ ਹੱਥੀਂ ਸਮੇਟ ਕੇ ਇਸ ਨੂੰ ਮੰਨ ਵੀ ਲਿਆ ਏ ਪਰ ਜਦ ਵੀ ਪਿੰਡ ਜਾਈਏ ਤਾਂ ਮਾਂ ਨਾਲ ਜੁੜੀਆਂ ਯਾਦਾਂ ਦਾ ਇਕ ਵੱਡਾ ਕਾਫਲਾ ਚੇਤਿਆਂ ਦੀ ਬਰੂਹੀਂ ਆ ਡੇਰਾ ਲਾਉਂਦਾ।

ਮਾਂ ਜਿਉਂਦੀ ਸੀ ਤਾਂ ਬਾਪ ਨਾਲ ਅਕਸਰ ਹੀ ਨੋਕ-ਝੋਕ ਹੁੰਦੀ ਰਹਿੰਦੀ। ਪਰ ਮਾਂ ਦੇ ਤੁਰ ਜਾਣ ਬਾਅਦ ਬਾਪ ਨੇ ਵੀ ਚੁੱਪ ਦਾ ਗਿਲਾਫ ਤਾਣ ਲਿਆ ਏ। ਜੀਵਨ-ਸਾਥੀ ਦੇ ਤੁਰ ਜਾਣ ਤੋਂ ਬਾਅਦ ਬੜਾ ਕੁਝ ਬਦਲ ਜਾਂਦਾ ਏ ਅਤੇ ਇਸ ਬਦਲਾਅ ਵਿਚ ਬਹੁਤੀ ਵਾਰ ਬੰਦੇ ਨੂੰ ਆਪਣਾ ਅੰਦਰਲਾ ਮਨ ਮਾਰਨਾ ਪੈਂਦਾ ਏ। ਬਾਪ ਕੋਸ਼ਿਸ਼ ਤਾਂ ਕਰਦਾ ਏ ਕਿ ਉਹ ਮਾਂ ਦਾ ਬਦਲ ਬਣ ਸਕੇ ਪਰ ਬੜਾ ਔਖਾ ਏ। ਬਾਪ ਦੀ ਮਾਯੂਸੀ ਕਈ ਵਾਰ ਬਹੁਤ ਉਦਾਸ ਕਰ ਜਾਂਦੀ ਏ।

ਮਾਂਵਾਂ ਤੁਰ ਜਾਣ ਤਾਂ ਪਰਿਵਾਰ ਦੇ ਆਪੋ-ਆਪਣੇ ਰਾਹ। ਆਪ ਮੁਹਾਰਾਪਣ ਹਾਵੀ। ਗੁੰਮ ਜਾਂਦਾ ਏ ਆਪਸ ਵਿਚ ਮਿਲਾਉਣ ਵਾਲਾ ਕੇਂਦਰ ਬਿੰਦੂ। ਮਾਂ ਦੇ ਕੋਲ ਹੀ ਧੀਆਂ ਨੂੰ ਆਉਣ ਦਾ ਚਾਅ। ਉਨ੍ਹਾਂ ਨੂੰ ਲੋਹੜੀ, ਤੀਆਂ ਅਤੇ ਸੰਧਾਰੇ ਦੀ ਬੜੀ ਬੇਸਬਰੀ ਨਾਲ ਉਡੀਕ। ਬੇਗਾਨੇ ਕਿਥੇ ਪਾਉਂਦੇ ਨੇ ਧੀਆਂ ਧਿਆਣੀਆਂ ਦੇ ਘਰੀਂ ਫੇਰਾ?

ਮਾਂਵਾਂ ਹੀ ਕੁੱਖੋਂ ਜਾਇਆਂ ਦੇ ਲਾਡ ਲਡਾਉਂਦੀਆਂ, ਅਸੀਸਾਂ ਅਤੇ ਦੁਆਵਾਂ ਦੀਆਂ ਝੜੀ ਲਾਉਂਦੀਆਂ ਅਤੇ ਰੱਬ ਦਾ ਸ਼ੁਕਰ ਮਨਾਉਂਦੀਆਂ ਨੇ। ਮਾਂਵਾਂ ਪੀਰਾਂ-ਫਕੀਰਾਂ ਤੋਂ ਉਚੀਆਂ, ਝੂਲਾਂ 'ਤੇ ਡਲ੍ਹਕਦੇ ਤ੍ਰੇਲ-ਤੁਪਕਿਆਂ ਤੋਂ ਸੁੱਚੀਆਂ ਅਤੇ ਮਾਨਵੀ ਰਹਿਤਲ ਵਿਚ ਰੰਗੀਆਂ ਸਰਬ ਧਰਮਾਂ ਤੋਂ ਉਚੀਆਂ।

ਮਾਂ ਬਣਨਾ ਸਭ ਤੋਂ ਵੱਡਾ ਧਰਮ। ਮਾਂ ਦੇ ਫਰਜਾਂ ਦੀ ਤਫਸੀਲ ਸਾਰਵੇਂ ਬੋਣੇ ਨੇ ਦੁਨਿਆਵੀ ਫਰਜਾਂ ਦੇ ਅੰਬਾਰ, ਮਾਂ ਦੀ ਕਰਨੀ ਤੇ ਕਹਿਣੀ ਵਿਚ ਹੁੰਦਾ ਏ ਸੱਚੀ-ਸੁੱਚੀ ਸੋਚ ਦਾ ਵਿਸਥਾਰ ਅਤੇ ਮਾਂ ਦੀਆਂ ਸ਼ੁਭ ਭਾਵਨਾਵਾਂ ਵਿਚ ਪਨਪਦਾ ਏ ਯੁੱਗ ਜਿਉਣਾ ਮਾਣ ਅਤੇ ਸਤਿਕਾਰ।

ਮਾਂ, ਬੱਚਿਆਂ ਲਈ ਨਿੱਘੀ ਗੋਦੜੀ ਦਾ ਪੁਰ-ਖਲੂਸ ਅਹਿਸਾਸ, ਠੰਢੜੀ ਛਾਂ ਦਾ ਰੂਹਾਨੀ ਹੁਲਾਸ ਅਤੇ ਉਸ ਦੀ ਮੱਤਾਂ ਤੇ ਸਲਾਹੁਤਾਂ ਸਦਕਾ, ਹੁੰਦਾ ਏ ਸੰਤੁਲਤ ਸ਼ਖਸੀਅਤ ਦਾ ਵਿਕਾਸ।

ਮਾਂ ਦਾ ਹੱਥੀਂ ਦਿੱਤਾ ਪਾਣੀ ਦਾ ਘੁੱਟ, ਇਲਾਹੀ ਅੰਮ੍ਰਿਤ। ਹੱਥੀਂ ਪਕਾਈਆਂ ਰੋਟੀਆਂ ਵਿਚ ਕੋਧਰੇ ਦੀ ਰੋਟੀ ਦਾ ਸਵਾਦ। ਰਿੜਕੀ ਲੱਸੀ ਵਿਚ ਮਿਠਾਸ ਦੀ ਲਜ਼ੀਜ਼ਤਾ ਅਤੇ ਸਾਗ ਵਿਚ ਦੇਸੀ ਘਿਉ ਵਰਗੀ ਮਹਿਕੀਲੀ ਤਾਜ਼ਗੀ।

ਮਾਂ ਦੇ ਤੁਰ ਜਾਣ ਪਿਛੋਂ ਪੱਲੇ ਵਿਚ ਰਹਿ ਗਈਆਂ ਨੇ ਕੁਝ ਪਿਆਰੀਆਂ ਅਤੇ ਮਿੱਠੀਆਂ ਯਾਦਾਂ। ਇਹ ਯਾਦਾਂ ਬੀਤਿਆ ਇਤਿਹਾਸ। ਸਾਡੀ ਸਿਰਜਣਾ ਵਿਚ ਅਹਿਮ ਰੋਲ ਦਾ ਜਾਮਨ। ਮਾਂ ਦੀਆਂ ਇਨ੍ਹਾਂ ਯਾਦਾਂ ਵਿਚ ਘੁਲੀ ਬਚਪਨ ਦੀ ਮਾਸੂਮੀਅਤ, ਪੜ੍ਹਾਈ ਦੀ ਲਗਨ, ਜੀਵਨ ਦੀ ਜਦੋਜਹਿਦ ਅਤੇ ਸਥਾਪਤੀ ਦੀ ਸੰਵੇਦਨਾ। ਜੀਵਨ ਦੇ ਹਰ ਮੋੜ 'ਤੇ ਹੱਲਾ-ਸ਼ੇਰੀ ਦੇਣ ਵਾਲੀ ਅਤੇ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਅਪਨਾਉਣ ਦੀ ਨਸੀਹਤ ਦੇਣ ਵਾਲੀ ਮਾਂ ਨੇ ਪਰਤ ਕੇ ਤਾਂ ਨਹੀਂ ਆਉਣਾ, ਪਰ ਜਦ ਵੀ ਕਦੇ ਕਦਮ ਡਗਮਗਾਉਂਦੇ, ਪੈਰ ਤਿਲਕਦੇ ਜਾਂ ਸੋਚਾਂ ਵਿਚ ਭਟਕਣ ਉਪਜਦੀ ਤਾਂ ਮਾਂ ਦੀਆਂ ਰਮਜ਼ਾਂ ਭਰੀਆਂ



ਗੱਲਾਂ ਮਸਤਕ ਦਾ ਦਰ ਖੜਕਾ ਸੁਚੇਤ ਕਰ ਜਾਂਦੀਆਂ ਨੇ।

ਮਾਂ ਦੀਆਂ ਗੱਲਾਂ ਯਾਦ ਆਉਂਦੀਆਂ ਤਾਂ ਮਨ ਉਦਾਸ ਹੋ ਜਾਂਦਾ। ਮਾਂ ਕਦੇ ਨਹੀਂ ਸੀ ਚਾਹੁੰਦੀ ਕਿ ਵਧੀਆ ਨੌਕਰੀ ਛੱਡ ਕੇ ਪੁੱਤ ਕੈਨੇਡਾ ਜਾਵੇ। ਕੈਨੇਡਾ ਆਉਣ 'ਤੇ ਜਦ ਵੀ ਫੋਨ ਕਰਨਾ, ਦੇਸ਼ ਪਰਤ ਆਉਣ ਲਈ ਕਹਿੰਦੀ। ਹੱਥੀਂ ਆਪਣੀ ਮਾਂ ਨੂੰ ਸਮੇਟ ਕੇ ਵਾਪਸ ਕੈਨੇਡਾ ਆ ਗਿਆ ਹਾਂ। ਹੁਣ ਕਦੇ ਨਹੀਂ ਕਿਸੇ ਨੇ ਕਿਹਾ ਕਿ ਪੁੱਤ ਕਦੋਂ ਆਵੇਂਗਾ?

ਮਾਂ ਸਿਰਫ ਮਾਂ ਹੁੰਦੀ ਏ। ਦੁਨੀਆਂ ਲਈ ਉਸ ਦੇ ਅਰਥ ਵਿਸ਼ਾਲ, ਵਡਿੱਤਣ, ਸਹਿਜ, ਸਮਰਪਣ ਅਤੇ ਸਿਰਜਣਾਤਮਕ। ਆਪਣੇ ਲਾਡਲਿਆਂ ਰਾਹੀਂ ਕੁਲ ਲੋਕਾਈ ਦੀਆਂ ਖੈਰਾਂ ਮੰਗਣ ਵਾਲੀਆਂ ਮਾਂਵਾਂ ਸਦਕਾ ਹੀ ਜੀਵਨ ਤੋਰ ਵਿਚ, ਸਰਲਤਾ ਅਤੇ ਸਹਿਜ ਦਾ ਸੁਖਾਵਾਂ ਰੂਪ ਵਿਚ ਸੰਚਾਰ ਹੋ ਰਿਹਾ ਏ।

ਮਾਂ ਹੁੰਦੀ ਸੀ ਤਾਂ ਸਮਾਜਿਕ ਫਰਜ਼ਾਂ, ਰਿਸ਼ਤਿਆਂ ਦੇ ਨਿਭਾ ਜਾਂ ਪਰਿਵਾਰਕ ਜਿੰਮੇਵਾਰੀਆਂ ਵੱਲੀਂ ਧਿਆਨ ਕਦੇ ਨਹੀਂ ਸੀ ਗਿਆ। ਮਾਂ ਨੂੰ ਸਭ ਦਾ ਫਿਕਰ ਹੁੰਦਾ ਸੀ ਅਤੇ ਮਾਂ ਦੇ ਤੁਰ ਜਾਣ ਤੋਂ ਬਾਅਦ ਸਮਾਜਿਕ ਤਾਣੇ-ਬਾਣੇ ਨੂੰ ਸਮਝਣਾ ਅਤੇ ਇਸ ਦੀਆਂ ਜਿੰਮੇਵਾਰੀਆਂ ਨੂੰ ਨਿਭਾਉਣਾ ਇਕ ਕਠਨ ਕਾਰਜ।

ਮਾਂ ਸਦਾ ਲਈ ਤੁਰ ਜਾਣ 'ਤੇ ਵੀ ਬੜਾ ਕੁਝ ਦੇ ਕੇ ਜਾਂਦੀ। ਉਸ ਦਾ ਮੁਹਾਂਦਰਾ, ਸੋਚ ਦੀਆਂ ਚਾਨਣ-ਕਾਤਰਾਂ, ਕਰਮ ਦੇ ਰੌਸ਼ਨ-ਪੱਖ, ਜੀਵਨ-ਜਾਚ ਦੇ ਮਾਨਵੀ-ਸਰੋਕਾਰ, ਅਗਲੀ ਪੀੜ੍ਹੀ ਗ੍ਰਹਿਣ ਕਰਦੀ ਅਤੇ ਸਮਾਜ, ਨਵੀਆਂ ਨਸਲਾਂ ਵਿਚ ਤੁਰ ਗਿਆਂ ਦੇ ਨਕਸ਼ ਪਛਾਣਦਾ, ਸ਼ੁਕਰਗੁਜ਼ਾਰ ਹੁੰਦਾ ਏ ਜੀਵਨ-ਮਾਰਗਾਂ ਨੂੰ ਉਜਵਲ ਕਰਨ ਵਾਲੀਆਂ ਰੂਹਾਂ ਦਾ।

ਮਾਂ ਸੱਚੀਂ ਦੱਸਾਂ, ਹੁਣ ਵਿਦੇਸ਼ ਨੂੰ ਤੁਰਨ ਵੇਲੇ ਸਿਰਫ ਤੂੰ ਹੀ ਹਾਜ਼ਰ ਨਹੀਂ ਸੀ। ਅੱਖਾਂ ਵਿਚ ਹੰਝੂਆਂ ਦਾ ਸਮੁੰਦਰ ਡੱਕੀ ਖੜੋਤੇ ਬਾਪ ਨੇ ਬਹੁਤ ਕੋਸ਼ਿਸ਼ ਕੀਤੀ ਕਿ ਉਹ ਮਾਂ ਅਤੇ ਬਾਪ ਬਣ ਕੇ ਆਪਣੇ ਲਾਡਲੇ ਨੂੰ ਵਿਦੇਸ਼ ਤੋਰੇ। ਸਾਰਾ ਰਸਤਾ ਮੇਰੇ ਨੈਣ ਤੁਰ ਗਈ ਮਮਤਾ ਨੂੰ ਭਾਲਦੇ, ਖਾਰੇ ਪਾਣੀਆਂ ਵਿਚ ਖੁਰਦੇ ਰਹੇ। ਹੁਣ ਬਾਪ ਬਹੁਤੀ ਵਾਰ ਫੋਨ ਕਰਦਿਆਂ ਰਸੀਵਰ ਵਿਚ ਹਉਕਾ ਭਰ ਜਾਂਦਾ ਏ ਕਿਉਂਕਿ ਬਹੁਤ ਔਖਾ ਹੁੰਦਾ ਏ ਜੀਵਨ ਸਾਥੀ ਤੋਂ ਬਗੈਰ ਢਲਦੀ ਸ਼ਾਮ ਦਾ ਸਫਰ ਤੈਅ ਕਰਨਾ।

ਮਾਂ ਮਨ ਵਿਚ ਅਰਦਾਸ ਨਿਕਲਦੀ ਏ ਕਿ ਸਦਾ ਜਿਉਂਦੀਆਂ ਰਹਿਣ, ਇਹ ਜਿਉਣਯੋਗ ਮਾਂਵਾਂ ਕਿਉਂਕਿ ਮਾਂਵਾਂ ਤੋਂ ਬਗੈਰ ਰੁੱਸ ਜਾਂਦਾ ਏ ਆਪਣਾ ਹੀ ਪਰਛਾਵਾਂ, ਗੈਰਾਂ ਦੇ ਕਬਜ਼ੇ ਵਿਚ ਆ ਜਾਂਦੀਆਂ ਨੇ ਛਾਂਵਾਂ, ਪਰਾਈਆਂ ਜਾਪਣ ਲੱਗਦੀਆਂ ਨੇ ਘਰ ਵਰਗੀਆਂ ਥਾਂਵਾਂ, ਗੁੰਮ ਜਾਂਦੀਆਂ ਨੇ ਮਾਂਵਾਂ ਦੇ ਪਿੰਡ ਨੂੰ ਜਾਂਦੀਆਂ ਰਾਹਵਾਂ ਅਤੇ ਸਿਰਫ ਮਾਂਵਾਂ ਹੀ ਹੁੰਦੀਆਂ ਨੇ ਮਾਂਵਾਂ।

ਮਾਂ, ਤੇਰੀਆਂ ਯਾਦਾਂ ਦਾ ਕਰਜ਼ ਮੈਂ ਕਿੰਜ ਚੁਕਾਵਾਂ, ਕਿਹੜੇ ਪੀਰ ਮੁਹਰੇ ਫਰਿਆਦ ਲਗਾਵਾਂ ਅਤੇ ਕਿਹੜੇ ਹੁਜਰੇ ਨੂੰ ਆਪਣਾ ਰੈਣ-ਬਸੇਰਾ ਬਣਾਵਾਂ ਕਿ ਪਰਤ ਆਉਣ ਮਾਣੀਆਂ ਨਿੱਘੀਆਂ ਗੋਦਾਂ ਅਤੇ ਠੰਢੀਆਂ ਛਾਂਵਾਂ।

ਮਾਂ ਸੱਚ ਜਾਣੀਂ, ਕੁਝ ਦਿਨਾਂ ਤੋਂ ਮਨ ਬਹੁਤ ਉਦਾਸ ਏ ਕਿਉਂਕਿ ਤੂੰ ਇਨ੍ਹੀਂ ਦਿਨੀਂ ਹੀ ਸਦੀਵੀ ਉਡਾਰੀ ਮਾਰ ਇਕ ਮੂਕ ਵਿਲਕਣੀ ਪਰਿਵਾਰ ਦੇ ਨਾਮ ਕਰ ਗਈ ਸੀ। ਉਸ ਮੂਕ ਵੇਦਨਾ ਦਾ ਮੱਠਾ-ਮੱਠਾ ਦਰਦ ਜਦ ਵੀ ਕਸਕਦਾ ਏ ਤਾਂ ਤੇਰੀ ਤਸਵੀਰ ਅੱਖਾਂ ਸਾਹਵੇਂ ਆ ਜਾਂਦੀ ਏ ਜਦ ਤੂੰ ਸਹਿਜੇ ਸਹਿਜੇ ਸਦਾ ਲਈ ਪ੍ਰਭੂ ਚਰਨਾਂ ਵਿਚ ਲੀਨ ਹੋ ਗਈ ਸੀ ਅਤੇ ਇਕ ਖਾਲੀਪਣ ਸਾਡੇ ਪੱਲੇ ਰਹਿ ਗਿਆ ਸੀ।

ਮਾਂ, ਤੇਰੇ ਤੁਰ ਜਾਣ 'ਤੇ ਕੁਝ ਅੱਥਰੂ ਭੇਟ ਕਰਦਾ ਇਹ ਅਹਿਦ ਕਰਦਾ ਹਾਂ ਕਿ ਜੀਵਨ ਦੀਆਂ

> ***ਮਾਂ ਦੀਆਂ ਗੱਲਾਂ ਯਾਦ ਆਉਂਦੀਆਂ ਤਾਂ ਮਨ ਉਦਾਸ ਹੋ ਜਾਂਦਾ। ਮਾਂ ਕਦੇ ਨਹੀਂ ਸੀ ਚਾਹੁੰਦੀ ਕਿ ਵਧੀਆ ਨੌਕਰੀ ਛੱਡ ਕੇ ਪੁੱਤ ਕੈਨੇਡਾ ਜਾਵੇ। ਕੈਨੇਡਾ ਆਉਣ 'ਤੇ ਜਦ ਵੀ ਫੋਨ ਕਰਨਾ, ਦੇਸ਼ ਪਰਤ ਆਉਣ ਲਈ ਕਹਿੰਦੀ। ਹੱਥੀਂ ਆਪਣੀ ਮਾਂ ਨੂੰ ਸਮੇਟ ਕੇ ਵਾਪਸ ਕੈਨੇਡਾ ਆ ਗਿਆ ਹਾਂ। ਹੁਣ ਕਦੇ ਨਹੀਂ ਕਿਸੇ ਨੇ ਕਿਹਾ ਕਿ ਪੁੱਤ ਕਦੋਂ ਆਵੇਂਗਾ?***

ਸੁੱਚੀਆਂ ਕਮਾਈਆਂ ਨੂੰ ਤੇਰੇ ਨਾਮ ਕਰਦਾ ਅਤੇ ਤੇਰੀ ਜਾਚਨਾ 'ਚੋਂ ਜੀਵਨ ਦਾ ਸੁੱਚਮ ਤਲਾਸ਼ਦਾ ਰਹਾਂਗਾ। ਕੋਸ਼ਿਸ਼ ਕਰਦਾ ਰਹਾਂਗਾ ਕਿ ਕਿਰਤ-ਕਮਾਈ ਦੀ ਦਿੱਤੀ ਹੋਈ ਤੇਰੀ ਦਾਤ, ਅਗਲੀਆਂ ਪੀੜ੍ਹੀਆਂ ਨੂੰ ਦੇ ਕੇ ਜਾਵਾਂ ਤਾਂ ਕਿ ਉਹ ਵੀ ਕਿਰਤ-ਸਾਧਨਾ ਨਾਲ ਜੀਵਨ ਦੇ ਰੌਸ਼ਨ-ਪੱਖਾਂ ਦੀ ਨਿਸ਼ਾਨਦੇਹੀ ਕਰਨ ਅਤੇ ਸਮਾਜ ਦਾ ਇਕ ਨਰੋਇਆ ਅੰਗ ਬਣਨ।

ਤੁਰ ਗਈਆਂ ਮਾਂਵਾਂ ਨੂੰ ਇਸ ਤੋਂ ਵੱਡੀ ਅਕੀਦਤ ਕੀ ਹੋ ਸਕਦੀ ਏ!

#

# ਡੌਂਕਰ ਬਦਲੇ ਪਰ ਮੁਕੱਦਰ ਨਹੀਂ

*(ਪਿਛਲੇ ਸਫੇ ਦੀ ਬਾਕੀ)*

ਇਕੋ ਕੰਮ ਕਰ ਸਕਦੇ ਸੀ- ਡੌਂਕਰਾਂ ਦਾ ਇੰਤਜ਼ਾਰ!

ਤੀਜੇ ਰੋਜ਼ ਜਦੋਂ ਡੌਂਕਰਾਂ ਦਾ ਖਾਲੀ ਹੱਥ ਆਗਮਨ ਹੋਇਆ ਤਾਂ ਕੁਝ ਬਗਾਵਤੀ ਬੋਲ ਸਿਰ ਚੁੱਕਣ ਲੱਗੇ। ਉਨ੍ਹਾਂ ਸਾਥੋਂ 500 ਡਾਲਰ ਦੀ ਮੰਗ ਕੀਤੀ, ਨਹੀਂ ਤਾਂ ਇਥੇ ਹੀ ਭੁੱਖੇ-ਪਿਆਸੇ ਬਿਠਾਏ ਰੱਖਣ ਦੀ ਧਮਕੀ ਦਿੱਤੀ। ਬੰਟੀ ਅਰਬੀ ਨੇ ਤਰਜਮਾ ਸਾਡੇ ਤਕ ਪਹੁੰਚਾਇਆ ਤਾਂ ਸਭ ਨੂੰ ਜਿਵੇਂ ਸੱਪ ਸੁੰਘ ਗਿਆ। ਮੈਂ ਸੋਚਿਆ, ਪੈਸੇ ਕਿਥੋਂ ਆਉਣ? ਉਹ ਤਾਂ ਬੈਗਾਂ ਵਿਚ ਸਨ। ਅਸੀਂ ਹਾਲਾਤ ਸਮਝਾਏ, ਪਰ ਡੌਂਕਰ ਭੜਕਦੇ ਰਹੇ। ਬੰਟੀ ਵੀ ਜਿਵੇਂ ਪਾਲਾ ਬਦਲ ਕੇ ਉਨ੍ਹਾਂ ਵੱਲ ਖੜ੍ਹ ਗਿਆ ਲੱਗਦਾ ਸੀ ਤੇ ਉਨ੍ਹਾਂ ਦੇ ਲਹਿਜ਼ੇ 'ਚ ਹੀ ਡਰਾ-ਧਮਕਾ ਰਿਹਾ ਸੀ, "ਜਿਹਦੇ ਜਿਹਦੇ ਕੋਲ ਪੈਸੇ ਨੇ, ਥੋੜ੍ਹੇ-ਥੋੜ੍ਹੇ ਕੱਢ ਕੇ ਦਿਓ, ਵਰਨਾ ਛੇਤੀ ਡੌਂਕੀ ਨਹੀਂ ਲੱਗਣੀ ਤੇ ਰੋਟੀ-ਪਾਣੀ ਵੀ ਨਹੀਂ ਮਿਲਣਾ। ਮੇਰੇ ਕੋਲ ਤਾਂ ਹੈ ਨਹੀਂ, ਨਹੀਂ ਤਾਂ ਦੇ ਦਿੰਦਾ" (ਹਾਲਾਂਕਿ ਕਾਫੀ ਅੱਗੇ ਉਸ ਦੇ ਲੁਕੋਏ ਯੂਰੋ ਜ਼ਾਹਿਰ ਹੋ ਗਏ ਸਨ)। ਮੌਕੇ ਦੀ ਨਜ਼ਾਕਤ ਦੇਖ ਕੇ ਕੁਝ ਮੁੰਡਿਆਂ ਨੇ ਗੁਪਤ ਥਾਂਵਾਂ ਵਿਚੋਂ 'ਡਾਲਰ' ਢਿੱਲੇ ਕੀਤੇ, ਪਰ ਨੋਟਾਂ 'ਤੇ ਉਕਰੇ ਅੰਕਾਂ ਦਾ ਜੋੜ 175 ਤਕ ਮਸੀਂ ਪਹੁੰਚਾ। ਬੰਟੀ ਅਰਬੀ ਦੌੜ-ਦੌੜ ਕੇ ਬੜੇ ਰੁਝੇਵੇਂ ਅਤੇ ਗੰਭੀਰ ਜ਼ਿੰਮੇਦਾਰੀ ਦਾ ਪ੍ਰਦਰਸ਼ਨ ਕਰਦਾ ਰਿਹਾ, ਉਨ੍ਹਾਂ ਨਾਲ ਗੱਲਬਾਤ ਕਰਦਾ ਰਿਹਾ, ਡਾਲਰ ਫੜਾਉਂਦਾ ਰਿਹਾ। ਥੋੜ੍ਹੀ ਰਕਮ ਦੇਖ ਕੇ ਡੌਂਕਰ ਫਿਰ ਭੜਕ ਪਏ। ਬੰਟੀ ਨੇ ਕੁਝ ਸਾਨੂੰ ਫਿਰ ਪੁੱਛਿਆ, ਕੁਝ ਉਨ੍ਹਾਂ ਨੂੰ ਸਮਝਾਇਆ। ਖੈਰ! ਮਸਲਾ ਠੰਢੇ ਬਸਤੇ ਪੈ ਗਿਆ। ਅਸੀਂ ਇਹ ਗੱਲ ਨਾ ਗੌਲ਼ੀ ਕਿ ਬੰਟੀ 38 ਜਣਿਆਂ ਵਿਚੋਂ ਸਭ ਤੋਂ ਅੱਗੇ ਖੜ੍ਹਾ ਹੋਣਾ ਚਾਹੁੰਦਾ ਹੈ। ਉਸ ਨੇ ਆਪਣੀ ਵਿਸ਼ੇਸ਼ ਮਹੱਤਤਾ (ਅਰਬੀ ਜਾਣਕਾਰ) ਦਾ ਹਵਾਲਾ ਦੇ ਕੇ ਵਾਧੂ ਖਾਣੇ-ਪਾਣੀ ਦਾ ਵੀ ਹੱਕ ਜਤਾਇਆ ਜੋ ਸਰਬਸੰਮਤੀ ਅਤੇ ਸਖਤੀ ਨਾਲ ਨਾਮੰਜ਼ੂਰ ਕਰ ਦਿੱਤਾ ਗਿਆ।

ਉਸ ਰੋਜ਼ ਖਾਣਾ-ਪਾਣੀ ਤਾਂ ਨਹੀਂ ਮਿਲਿਆ, ਪਰ ਏਜੰਟਾਂ ਤੇ ਘਰਾਂ ਵਾਲਿਆਂ ਨਾਲ ਸੰਪਰਕ ਸਥਾਪਿਤ ਕਰਨ ਲਈ ਡੌਂਕਰ ਫੋਨ ਦੇ ਗਏ ਸਨ। ਫਿਰ ਜਾਂਦੇ-ਜਾਂਦੇ ਡੌਂਕਰ ਕਹਿ ਗਏ, ਦੋ-ਚਾਰ ਦਿਨਾਂ ਬਾਅਦ ਡੌਂਕੀ ਲੱਗੇਗੀ। ਪਹਿਲਾਂ 30 ਜਣੇ ਜਾਣਗੇ, ਫਿਰ ਬਾਅਦ ਵਿਚ 8 ਜਣੇ। ਰਾਜੇਸ਼ ਨਾਲ ਗੱਲ ਹੋਈ ਜਿਸ ਕੋਲ ਤਸੱਲੀਆਂ-ਦਿਲਾਸਿਆਂ ਬਿਨਾਂ ਕੁਝ ਨਹੀਂ ਸੀ।

ਫਿਰ ਸਿਲਸਿਲਾ ਚੱਲਿਆ, ਇੰਡੀਆ ਦੇ ਏਜੰਟਾਂ ਅਤੇ ਘਰਾਂ ਵਾਲਿਆਂ ਦੇ ਫੋਨਾਂ ਦੇ ਆਉਣ ਦਾ। ਆਏ ਫੋਨ ਵਾਲਿਆਂ ਨੂੰ ਹੋਰ ਜਣਾ ਆਪਣੇ ਘਰ ਦਾ ਨੰਬਰ ਦੇ ਕੇ ਫੌਰਨ ਗੱਲ ਕਰਵਾਉਣ ਲਈ ਕਹਿ ਦਿੰਦਾ। ਫੋਨ ਆਉਂਦੇ ਰਹੇ। ਜਿਨ੍ਹਾਂ ਦੀਆਂ ਫੁਲ-ਪੇਮੈਂਟਾਂ ਨਹੀਂ ਸੀ ਹੋਈਆਂ, ਉਹ ਜ਼ਿਆਦਾ ਘਬਰਾਏ, ਉਚੀ-ਉਚੀ ਸ਼ੋਰ ਪਾਉਂਦੇ ਪਿੱਛੇ ਕਹਿੰਦੇ, "ਜਿਥੋਂ ਮਰਜ਼ੀ, ਜਿੱਦਾਂ ਮਰਜ਼ੀ... ਛੇਤੀ ਤੋਂ ਛੇਤੀ ਸਾਰੀ ਪੇਮੈਂਟ ਏਜੰਟਾਂ ਨੂੰ ਪਹੁੰਚਾਓ, ਵਰਨਾ ਪਤਾ ਨਹੀਂ ਇਥੇ ਕਿੰਨਾ ਚਿਰ ਬਿਠਾਈ ਰੱਖਣਗੇ।" ਕੋਈ ਵੀ ਪਿੱਛੋਂ ਜਾਣ ਵਾਲੇ ਅੱਠ ਜਣਿਆਂ ਦਾ ਹਿੱਸਾ ਨਹੀਂ ਸੀ ਬਣਨਾ ਚਾਹੁੰਦਾ। ਮੈਨੂੰ ਹੌਸਲਾ ਸੀ, ਕਿਉਂਕਿ ਮੇਰੀ ਸਮੁੱਚੀ ਪੇਮੈਂਟ ਛੇ ਲੱਖ, ਮੇਰੇ ਮੁਢਲੇ ਏਜੰਟ ਮੇਜਰ ਸਿੰਘ ਨੂੰ ਪਹਿਲਾਂ ਹੀ ਪਹੁੰਚ ਚੁੱਕੀ ਸੀ। ਸਭ ਅੰਦਰੋਂ ਹਿੱਲ ਚੁੱਕੇ ਵਿਸ਼ਵਾਸਾਂ ਨੂੰ ਥੰਮ੍ਹਦੇ, ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦੇ ਕਿ ਉਹ ਮੰਦਭਾਗੇ 8 ਜਣੇ ਕੌਣ-ਕੌਣ ਹੋ ਸਕਦੇ ਸਨ? ਇਸ ਦੌਰਾਨ ਨਾਮ-ਸਿਮਰਨ ਦੀ ਸਮਾਂ-ਮਿਆਦ ਵਧ ਗਈ। ਪਾਠ-ਅਰਦਾਸ ਵਿਚ ਸਭ ਦੀ ਆਸਥਾ ਗੂੜ੍ਹੀ ਹੁੰਦੀ ਗਈ।

ਇਥੇ 6 ਦਿਨਾਂ ਦੇ ਸਖਤ ਫਾਕਿਆਂ ਨੇ ਸਾਡੇ ਰਹਿੰਦੇ ਵਲ ਕੱਢ ਕੇ ਰੱਖ ਦਿੱਤੇ। ਤਪਦੀ ਗਰਮੀ ਤੇ ਰੋਟੀ-ਪਾਣੀ ਦੀ ਕਮੀ ਨੇ ਸਭ ਨੂੰ ਅਧਮੋਇਆ ਕਰ ਛੱਡਿਆ ਸੀ। ਖੂੰਜਿਆਂ 'ਚ ਸਰਗੋਸ਼ੀਆਂ ਹੁੰਦੀਆਂ, ਸਲਾਹਾਂ, ਫੈਸਲਿਆਂ ਤਕ ਅੱਪੜ ਜਾਂਦੀਆਂ ਕਿ ਨੇੜਲੇ ਘਰੋਂ ਮੰਗ ਲਿਆਈਏ ਜਾਂ ਦੋ-ਤਿੰਨ ਜਣੇ ਖਾਣਾ-ਪਾਣੀ ਸ਼ਹਿਰੋਂ ਮੰਗ ਕੇ ਲਿਆਉਣ, ਪਰ ਕੁਝ ਗੰਭੀਰ ਸਿੱਟਿਆਂ ਦਾ ਵਾਸਤਾ ਦਿੰਦੇ ਅਲਫਾਜ਼ ਦਰਵਾਜ਼ੇ 'ਚ ਬਾਂਹਾਂ ਖਿਲਾਰ ਕੇ ਖੜ੍ਹ ਜਾਂਦੇ... ਪੁਲਿਸ ਦੇ ਹੱਥ ਨਾ ਪੈ ਜਾਈਏ, ਡੌਂਕਰਾਂ ਨੂੰ ਨਾ ਪਤਾ ਲੱਗ ਜਾਏ, ਇਕ-ਦੋ ਦਿਨਾਂ ਦੀ ਤਾਂ ਗੱਲ ਹੈ ਸ਼ਾਇਦ। ਫਿਲਹਾਲ ਥੋੜ੍ਹਾ ਹੋਰ ਸਹਿਣ ਕਰਨਾ ਮੰਨ ਲਿਆ ਗਿਆ!

5ਵੀਂ ਸ਼ਾਮ ਕਮਰੇ ਦੇ ਬਾਹਰ ਵਾਹਨ ਰੁਕਣ ਦੀ ਆਵਾਜ਼ ਆਈ। ਕੁਝ ਅੱਖਾਂ ਦਰਵਾਜ਼ੇ ਦੀਆਂ ਝਿਰੀਆਂ ਨਾਲ ਚਿਪਕ ਗਈਆਂ। ਇਕ ਬੰਦਾ, ਜ਼ਨਾਨੀ ਤੇ ਬੱਚਾ ਕਮਰਿਆਂ ਵੱਲ ਘੋਖਦੇ ਗੱਲੀਂ ਜੁਟੇ ਸਨ, ਫਿਰ ਪਲ ਕੁ ਪਿਛੋਂ ਤੁਰ ਗਏ। ਕੰਧਾਂ 'ਤੇ ਪਿਸ਼ਾਬ ਦੀਆਂ ਅਣਗਿਣਤ ਧਾਰਾਂ ਚੀਕ-ਚੀਕ ਕੇ ਕਿਸੇ ਦੇ ਹੋਣ ਦਾ ਸਬੂਤ ਉਨ੍ਹਾਂ ਨੂੰ ਦੇ ਚੁੱਕੀਆਂ ਸਨ। ਸਾਡੀ ਖਾਮੋਸ਼ੀ ਨੇ ਹੁਣ ਭੈਅ ਅਤੇ ਸਹਿਮ ਦਾ ਰੂਪ ਧਾਰ ਲਿਆ ਸੀ ਕਿ ਅੱਜ ਕੁਝ ਨਾ ਕੁਝ ਹੋਵੇਗਾ, ਪਰ ਕੁਝ ਨਹੀਂ ਹੋਇਆ। ਜੋ ਕੁਝ ਹੋਇਆ, ਉਹ ਅਗਲੇ ਦਿਨ ਹੋਇਆ।

*(ਚਲਦਾ)*


## ਮਾਂਵਾਂ

ਪੁਤ ਪਰਦੇਸੀ ਝੂਰਨ ਮਾਂਵਾਂ
ਉਹ ਮਾਂਵਾਂ ਜੋ ਠੰਡੀਆਂ ਛਾਂਵਾਂ
ਵਰ੍ਹਿਆਂ ਬੱਧੀ ਕਰਨ ਉਡੀਕਾਂ
ਚੂਰੀ ਕੁਟ ਕੁਟ ਪਾਵਣ ਕਾਂਵਾਂ।
ਸ਼ਰਟ ਤੇਰੀ ਨੂੰ ਕੱਢ ਬਕਸੇ 'ਚੋਂ
ਰੋਜ਼ ਆਪਣੀ ਹਿਕ ਨਾਲ ਲਾਵਾਂ
ਤੂੰ ਮੇਰੇ ਇਸ ਜਿਸਮ ਦਾ ਹਿੱਸਾ
ਦੱਸ ਤੈਨੂੰ ਮੈਂ ਕਿਵੇਂ ਭੁਲਾਵਾਂ।
ਆ ਜਾ ਮੁੜ ਆ ਘਰ ਨੂੰ ਛੇਤੀ
ਵਾਟ ਨਿਹਾਰਨ ਖਾਲੀ ਥਾਂਵਾਂ
ਮਾਂ ਦੀ ਝੋਲੀ ਵਿਚ ਸਿਰ ਰੱਖ ਕੇ
ਤੂੰ ਸੌਂ ਜਾਹ ਮੈਂ ਲੋਰੀ ਗਾਵਾਂ।
ਦੂਰ ਦੁਰਾਡੇ ਵੱਸ ਗਿਓਂ ਜਾ ਕੇ
ਮੈਂ 'ਕੱਲੀ ਕਿੰਜ ਵਕਤ ਲੰਘਾਵਾਂ
ਜਦ ਮਰ ਗਈ ਤੈਨੂੰ ਦੁੱਖ ਨਾ ਹੋਵੇ
ਇਸੇ ਲਈ ਨਾ ਮਰਨਾ ਚਾਹਵਾਂ।
ਬਿਨ ਤੇਰੇ ਦਿਲ ਲਗਦਾ ਨਾਹੀਂ
ਰੋਜ਼ ਸੁਨੇਹੜੇ ਦਿਆਂ ਹਵਾਵਾਂ
ਜੁਗ ਜੁਗ ਜੀਵੇਂ ਮਾਂ ਦਿਆ ਚੰਨਾ
ਨਿਤ ਕਰਦੀ 'ਸੁਰਜੀਤ' ਦੁਆਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਨੇੜੇ ਦਾ ਪੁਆੜਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

'ਪੰਜਾਬੀ ਨੇੜੇ ਅਤੇ ਅੰਗਰੇਜ਼ੀ ਨੀਅਰ' ਸਿਰਲੇਖ ਵਾਲੀ ਮੇਰੀ ਪੋਸਟ ਉਤੇ ਹਰਭਜਨ ਸਿੰਘ ਦੇਹਰਾਦੂਨ ਦੀ ਪ੍ਰਤੀਕ੍ਰਿਆ ਆਈ ਹੈ। ਆਪਣੇ ਲੇਖ ਵਿਚ ਮੈਂ ਨੇੜਾ ਸ਼ਬਦ ਬਾਰੇ ਉਨ੍ਹਾਂ ਵਲੋਂ ਦਰਸਾਈ ਵਿਉਤਪਤੀ ਪੇਸ਼ ਕਰਦਿਆਂ ਉਨ੍ਹਾਂ ਨਾਲ ਸਹਿਮਤੀ ਪ੍ਰਗਟਾਈ ਸੀ, ਇਸ ਲਈ ਜੇ ਮੇਰੇ ਕੋਲੋਂ ਉਨ੍ਹਾਂ ਅਨੁਸਾਰ ਕੋਈ ਬੇਸਮਝੀ ਦਿਖਾਈ ਗਈ ਹੈ ਤਾਂ ਉਨ੍ਹਾਂ ਵਲੋਂ ਸਪੱਸ਼ਟੀਕਰਣ ਦੇਣਾ ਬਿਲਕੁਲ ਹੀ ਜਾਇਜ਼ ਹੈ। ਅਜਿਹਾ ਕਰਦਿਆਂ ਉਨ੍ਹਾਂ ਮੇਰੇ 'ਤੇ ਬਹੁ-ਪਾਸੜ ਹਮਲਾ ਕੀਤਾ ਹੈ। ਉਹ ਅਨੁਚਿਤ ਤੌਰ 'ਤੇ ਵਸਤੂ ਨੂੰ ਏਨਾ ਲਾਂਭੇ ਲੈ ਗਏ ਹਨ ਕਿ ਮੈਨੂੰ ਸਮਝ ਨਹੀਂ ਲਗਦੀ ਕਿ ਇਸ ਨੂੰ ਕਿਸ ਤਰ੍ਹਾਂ ਹੱਥ ਪਾਇਆ ਜਾਵੇ। ਪਰ ਤਨਜ਼ ਵਾਲੀ ਗੱਲ ਹੈ ਕਿ ਇੰਨੇ ਖਿਲਾਰੇ ਨਾਲ ਉਨ੍ਹਾਂ ਦੀ ਵਿਦਵਤਾ ਦੀਆਂ ਊਣਤਾਈਆਂ ਜ਼ਾਹਰ ਹੋ ਗਈਆਂ ਹਨ। ਉਨ੍ਹਾਂ ਮੇਰੇ ਇਸ ਕਾਲਮ 'ਤੇ ਹੀ ਇਕ ਤਰ੍ਹਾਂ ਸਵਾਲੀਆ ਚਿੰਨ੍ਹ ਲਾਇਆ ਹੈ। ਜਾਪਦਾ ਹੈ, ਉਨ੍ਹਾਂ ਚਰਚਿਤ ਲੇਖ ਤੋਂ ਇਲਾਵਾ ਸ਼ਾਇਦ ਹੀ ਮੇਰਾ ਕੋਈ ਹੋਰ ਲੇਖ ਪੜ੍ਹਿਆ ਹੋਵੇ। ਫਿਰ ਵੀ ਇਕ ਗੱਲੋਂ ਮੈਂ ਉਨ੍ਹਾਂ ਦਾ ਰਿਣੀ ਹਾਂ ਕਿ ਉਨ੍ਹਾਂ ਮੇਰੇ ਵਲੋਂ ਵਾਰ ਵਾਰ ਕੀਤੀ ਇਕ ਉਕਾਈ ਵੱਲ ਧਿਆਨ ਦਿਵਾਇਆ ਹੈ।

'ਸਜਾਤੀ' ਸ਼ਬਦ ਨੂੰ ਮੈਂ ਆਪਣੀ ਲੇਖ-ਲੜੀ ਦੇ ਸ਼ੁਰੂ ਵਿਚ ਦਰੁਸਤ ਸ਼ਬਦ-ਜੋੜ 'ਸਜਾਤੀ' ਵਜੋਂ ਹੀ ਲਿਖਦਾ ਰਿਹਾ ਹਾਂ ਪਰ ਪਤਾ ਨਹੀਂ ਕਿਹੜੇ ਵੇਲੇ ਤੇ ਕਿਉਂ 'ਸੁਜਾਤੀ' ਲਿਖਣ ਦੀ ਐਸੀ ਆਦਤ ਪੈ ਗਈ ਕਿ ਮੈਂ ਇਸ ਤੋਂ ਅਵੇਸਲਾ ਹੀ ਹੋ ਗਿਆ। ਸਜਾਤੀ ਤੇ ਸੁਜਾਤੀ ਦੇ ਫਰਕ ਬਾਰੇ ਮੈਂ ਖੂਬ ਜਾਣਦਾ ਹਾਂ। ਕੁਝ ਇਸ ਤਰ੍ਹਾਂ ਦੀ ਗੱਲ ਹੋਈ ਜਿਵੇਂ ਕਈ ਲੋਕ ਪੁੱਟਣਾ ਨੂੰ ਪੱਟਣਾ ਅਤੇ ਚੁੱਕਣਾ ਨੂੰ ਚੱਕਣਾ ਬੋਲਦੇ ਹਨ। ਮੈਂ ਸਜਾਤੀ ਸ਼ਬਦ ਦੇ ਅਗੇਤਰ 'ਸ' ਬਾਰੇ ਇਕ ਲੇਖ ਵੀ ਲਿਖਿਆ ਸੀ। ਸਜਾਤੀ ਦਾ ਅਰਥ ਹੈ, ਇਕੋ ਜਾਤ ਵਾਲਾ ਅਤੇ ਸੁਜਾਤੀ ਦਾ ਅਰਥ ਹੈ, ਚੰਗੀ ਜਾਤ ਵਾਲਾ। ਇਹ ਭੁੱਲ ਇਕ ਤਰ੍ਹਾਂ ਮੇਰੀ ਕਲਮ ਦੀ ਚੁੱਕ ਹੈ ਤੇ ਭੁੱਲ ਚੁੱਕ ਲੈਣੀ ਦੇਣੀ ਹੁੰਦੀ ਹੈ!

ਜੇ ਉਨ੍ਹਾਂ ਨੇੜਾ/ਨੀਅਰ ਸ਼ਬਦ ਬਾਰੇ ਹੋਰ ਲਿਖਣਾ ਹੀ ਸੀ ਤਾਂ ਚੰਗਾ ਹੁੰਦਾ ਉਹ ਇਸ ਦੀ ਹੋਰ ਖੋਲ੍ਹ ਕੇ ਵਿਆਖਿਆ ਕਰਦੇ। ਦਸਮ ਗ੍ਰੰਥ ਵਿਚ ਆਏ ਨੀਅਰ ਸ਼ਬਦ ਬਾਰੇ ਉਨ੍ਹਾਂ ਖੁਦ ਰਾਮ ਚੰਦ੍ਰ ਵਰਮਾ ਦੇ 'ਮਾਨਕ ਕੋਸ਼' ਦਾ ਹਵਾਲਾ ਦੇ ਕੇ ਇਕ ਤਰ੍ਹਾਂ ਉਸ ਨਾਲ ਸਹਿਮਤੀ ਦਰਸਾਈ ਹੈ, "ਨਿਯਰ: (ਸੰਸਕ੍ਰਿਤ ਨਿਕਟ, ਪ੍ਰਾਕ੍ਰਿਤ ਨਿਅੜ) ਸਮੀਪ, ਪਾਸ, ਨਜ਼ਦੀਕ। ਨਿਯਰਾਈ (ਹਿੰਦੀ) ਨਿਯਰ+ਆਈ=ਨਜ਼ਦੀਕ ਆਈ ਅਰਥਾਤ ਨਿਕਟਤਾ। ਨਿਯਰੇ: ਨਿਯਰ (ਨਜ਼ਦੀਕ)। ਨਿਯਰਾਨਾ: ਨੇੜੇ ਆਉਣਾ।" ਪਰ ਹੁਣ ਆਪਣੀ ਪ੍ਰਤੀਕ੍ਰਿਆ ਵਿਚ ਇਹ ਕਹਿ ਕੇ ਕਿ "ਇਹ ਵੀ ਇਕ ਕਿਆਸ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਆਏ 'ਨਿਅਰ' ਸ਼ਬਦ ਦਾ ਵਿਕਾਸ 'ਨਿਕਟ' ਵਿਚੋਂ ਹੋਇਆ ਹੈ। ਜੇ ਅਜਿਹਾ ਹੁੰਦਾ ਤਾਂ 'ਨਿਕਟ' ਦੀ ਥਾਂ 'ਨੀਅਰ' ਸ਼ਬਦ ਦੀ ਵਰਤੋਂ ਵੱਧ ਹੋਣੀ ਸੀ ਕਿਉਂਕਿ ਇਸ ਦਾ ਉਚਾਰਣ ਵੱਧ ਸਹਿਜ ਹੈ।" ਤਾਂ ਫਿਰ ਇਸ ਸ਼ਬਦ ਦਾ ਪੂਰਵਵਰਤੀ ਰੂਪ ਕੀ ਹੈ? ਕੁਝ ਨਹੀਂ ਦੱਸਿਆ।

ਸੰਸਕ੍ਰਿਤ ਵਿਚ ਇਕ ਸ਼ਬਦ 'ਨੇਦ' ਆਉਂਦਾ ਹੈ ਜਿਸ ਦਾ ਅਰਥ 'ਨੇੜੇ' ਹੈ। ਹਰਭਜਨ ਸਿੰਘ ਹੁਰਾਂ ਇਸ ਦਾ ਜ਼ਿਕਰ ਹੀ ਨਹੀਂ ਕੀਤਾ। ਗ. ਸ. ਰਿਆਲ ਨੇ ਨੇੜਾ ਦਾ ਪਿਛੋਕੜ ਏਹੀ 'ਨੇਦ' ਦੱਸਿਆ ਹੈ। ਇਸ ਸ਼ਬਦ ਦਾ ਦੂਜੀ ਡਿਗਰੀ ਦਾ ਰੂਪ ਹੈ, ਨੇਦੀਯਸ ਯਾਨਿ ਬਹੁਤ ਨੇੜੇ ਅਤੇ ਤੀਜੀ ਡਿਗਰੀ ਦਾ ਰੂਪ ਹੈ, ਨੇਦਿਸ਼ਠ ਯਾਨਿ ਸਭ ਤੋਂ ਨੇੜੇ। ਸ਼ਿਆਮ ਦੇਵ ਪ੍ਰਾਸ਼ਰ ਨੇ 'ਨੇਦ' ਅਤੇ 'ਨਿਕਟ' ਦੋਵੇਂ ਦੱਸ ਕੇ ਮਸਲਾ ਹੱਲ ਹੀ ਨਹੀਂ ਕੀਤਾ, ਸ਼ਾਇਦ ਉਹ ਦੋਨਾਂ ਨੂੰ ਇਕੋ ਸ਼ਬਦ ਸਮਝਦੇ ਹੋਣ। ਹੋਰ ਵੀ ਕੁਝ ਸ੍ਰੋਤਾਂ ਨੇ ਨੇਦ ਵੱਲ ਸੰਕੇਤ ਕੀਤਾ ਹੈ। ਅਜਿਤ ਵਡਨੇਰਕਰ ਨੇ ਨਿਕਟ ਵਾਲੀ ਵਿਉਤਪਤੀ ਨੂੰ ਵਧੇਰੇ ਤਾਰਕਿਕ ਮੰਨਿਆ ਹੈ, ਭਾਵੇਂ ਕੋਈ ਖਾਸ ਦਲੀਲ ਨਹੀਂ ਦਿੱਤੀ।

ਪਹਿਲਾਂ ਨੇਦ ਦੀ ਗੱਲ ਕਰੀਏ। ਰਾਮ ਵਿਲਾਸ ਸ਼ਰਮਾ ਅਨੁਸਾਰ ਇਸ ਨੇਦ ਤੋਂ ਹੀ ਨੇਰੇ, ਨੇੜੇ ਅਤੇ ਅੰਗਰੇਜ਼ੀ ਨਿਯਰ ਸ਼ਬਦ ਬਣੇ ਹਨ। ਨੇਦ ਦਾ ਪ੍ਰਾਚੀਨ ਰੂਪ ਨਧ ਹੈ। ਪਲੈਟਸ ਦੇ ਹਿੰਦੁਸਤਾਨੀ ਕੋਸ਼ ਵਿਚ ਫਾਰਸੀ ਦਾ ਇਕ ਉਪਭਾਸ਼ਾਈ ਸ਼ਬਦ ਮਿਲਦਾ ਹੈ, ਨਜ਼ਦ ਜਿਸ ਦਾ ਅਰਥ 'ਨੇੜੇ' ਹੈ। ਇਸ ਦਾ ਜ਼ੈਂਦ ਰੂਪ ਸੀ, ਨਜ਼ਦ। ਇਸ ਨੂੰ ਸੰਸਕ੍ਰਿਤ ਦੇ ਧਾਤੂ ਨਧ ਨਾਲ ਜੋੜਿਆ ਗਿਆ ਹੈ। ਇਸੇ ਤੋਂ ਅਜੋਕੀ ਫਾਰਸੀ ਦਾ ਸ਼ਬਦ ਨਜ਼ਦੀਕ ਬਣਿਆ। ਪੰਜਾਬੀ ਹਿੰਦੀ ਵਿਚ ਇਸ ਦਾ ਵਿਗੜਿਆ ਰੂਪ ਨਜੀਕ ਵੀ ਚਲਦਾ ਹੈ। ਨਜ਼ਦੀਕ ਦਾ ਪੁਰਾਣਾ ਜ਼ੈਂਦ ਰੂਪ ਨਜ਼ਦੀਗ ਜਾਂ ਨਜ਼ਦਿਸਤ ਸੀ ਜੋ ਨਜ਼ਦ ਦਾ ਤੀਜੀ ਡਿਗਰੀ ਦਰਸਾਉਂਦਾ ਲਫਜ਼ ਹੈ। ਦਿਲਚਸਪ ਗੱਲ ਹੈ ਕਿ ਇਹ ਸ਼ਬਦ ਸੰਸਕ੍ਰਿਤ ਦੇ ਨੇਦਿਸ਼ਠ ਸ਼ਬਦ ਦੇ ਟਾਕਰੇ ਦਾ ਹੈ ਤੇ ਸੰਭਵ ਤੌਰ 'ਤੇ ਜ਼ੈਂਦ 'ਨਜ਼ਦਿਸ਼ਤ' ਸੰਸਕ੍ਰਿਤ 'ਨੇਦਿਸ਼ਠ' ਦਾ ਵਰਣਵਿਪਰੈ ਰੂਪ ਹੋਵੇਗਾ।

ਨੇੜਾ ਸ਼ਬਦ ਪੰਜਾਬੀ ਤੋਂ ਬਿਨਾ ਰਾਜਸਥਾਨੀ ਅਤੇ ਮੱਧ ਪ੍ਰਦੇਸ਼ ਦੇ ਮਾਲਵੇ ਵਿਚ ਵੀ ਬੋਲਿਆ ਜਾਂਦਾ ਹੈ ਜਦ ਕਿ ਨਿਅਰਾ/ਨੇਰਾ ਬਹੁਤਾ ਪੂਰਬੀ ਭਾਰਤ ਦੀਆਂ ਬੋਲੀਆਂ ਅਵਧੀ, ਭੋਜਪੁਰੀ ਆਦਿ ਵਿਚ ਬੋਲਿਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦੀ ਵਿਉਤਪਤੀ ਸੰਸਕ੍ਰਿਤ ਦੇ 'ਨਿਕਟ' ਤੋਂ ਮੰਨਣਾ ਹੀ ਵਧੇਰੇ ਭਰੋਸੇਯੋਗ ਹੈ। ਅਜਿਤ ਵਡਨੇਰਕਰ ਨੇ ਦੋਹਾਂ ਰੂਪਾਂ ਦਾ ਕ੍ਰਮਵਾਰ ਵਿਕਾਸ ਇਸ ਤਰ੍ਹਾਂ ਉਲੀਕਿਆ ਹੈ: ਨਿਕਟਮ>ਨਿਅਡਮ>ਨੇੜਾ ਅਤੇ ਨਿਕਟਮ>ਨਿਅਡਮ> ਨਿਅਰਾ>ਨਿਅਰ/ਨਿਅਰ। ਨੇੜਾ, ਨੇਰਾ ਆਦਿ ਨੂੰ ਅੰਗਰੇਜ਼ੀ Near ਦਾ ਸਜਾਤੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਅੰਗਰੇਜ਼ੀ ਨੇੜਾ ਜਿਵੇਂ ਪਹਿਲੇ ਲੇਖ ਵਿਚ ਵੀ ਦੱਸਿਆ ਜਾ ਚੁਕਾ ਹੈ, ਅੰਗਰੇਜ਼ੀ Nigh ਦਾ ਦੂਜੀ ਡਿਗਰੀ ਦਾ ਸ਼ਬਦ ਹੈ ਜਿਸ ਦਾ ਪੁਰਾਣਾ ਜਰਮੈਨਿਕ ਰੂਪ Nah ਜਿਹਾ ਸੀ। ਅੰਗਰੇਜ਼ੀ ਨਿਰੁੱਕਤਕਾਰਾਂ ਦਾ ਦਾਅਵਾ ਹੈ ਕਿ ਇਸ ਸ਼ਬਦ ਦੇ ਸਜਾਤੀ ਰੂਪ ਜਰਮੈਨਿਕ ਭਾਸ਼ਾਵਾਂ ਤੋਂ ਬਾਹਰ ਹੋਰ ਭਾਸ਼ਾਵਾਂ 'ਚ ਨਹੀਂ ਮਿਲਦੇ।

ਅੰਗਰੇਜ਼ੀ ਨਿਅਰ ਦਾ ਪਹਿਲਾਂ ਪਹਿਲਾਂ ਅਰਥ 'ਹੋਰ ਨੇੜੇ ਦਾ' (ਜੇ ਚੰਗੇਰਾ ਦੀ ਤਰਜ਼ 'ਤੇ ਪੰਜਾਬੀ ਵਿਚ ਨੜੇਰਾ ਕਹਿ ਸਕੀਏ) ਹੀ ਹੁੰਦਾ ਸੀ। ਇਹ ਪਹਿਲੀ ਡਿਗਰੀ ਵਜੋਂ ਤੇਰ੍ਹਵੀਂ ਸਦੀ ਵਿਚ ਵਰਤਿਆ ਜਾਣ ਲੱਗਾ ਤੇ ਇਸ ਦਾ ਅਰਥ ਨੇੜੇ ਹੋ ਗਿਆ। ਫਿਰ ਇਸ ਦਾ ਦੂਜੀ ਡਿਗਰੀ ਦਾ ਸ਼ਬਦ ਨਿਅਰਰ ਅਤੇ ਤੀਜੀ ਡਿਗਰੀ ਦਾ ਨਿਅਰੈਸਟ (ਪ੍ਰਾਚੀਨ ਰੂਪ Niehsta, ਨੇਹਸਟਅ ਅਤੇ ਅਗਲੇਰਾ Next) ਬਣਿਆ। ਏਥੇ ਸੰਸਕ੍ਰਿਤ ਨੇਦ ਦੇ ਤੀਜੀ ਡਿਗਰੀ ਵਾਲੇ ਰੂਪ ਨੇਦਿਸ਼ਠ ਨਾਲ ਸਮਾਨਤਾ ਜ਼ਰੂਰ ਦਿਖਾਈ ਦਿੰਦੀ ਹੈ। ਇਸ ਲਈ ਸੰਸਕ੍ਰਿਤ ਨੇਦ ਅਤੇ ਅੰਗਰੇਜ਼ੀ ਨਿਅਰ ਦੇ ਸਜਾਤੀ ਹੋਣ ਦੀ ਸੰਭਾਵਨਾ ਹੈ, ਜਿਸ ਵੱਲ ਥਿਓਡੋਰ ਬੈਨਫੀ ਨੇ ਆਪਣੇ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਵਿਚ ਸੰਕੇਤ ਕੀਤਾ ਹੈ।

ਸੰਸਕ੍ਰਿਤ ਆਦਿ ਦੇ ਨਿਯਰ ਸ਼ਬਦ ਨੂੰ ਅੰਗਰੇਜ਼ੀ ਨਿਅਰ ਦਾ ਸਜਾਤੀ ਮੇਰੀ ਜਾਚੇ ਦੋ ਕਾਰਨਾਂ ਕਰਕੇ ਨਹੀਂ ਮੰਨਿਆ ਜਾ ਸਕਦਾ। ਪਹਿਲਾ ਇਹ ਕਿ ਅੰਗਰੇਜ਼ੀ Near ਵਿਚਲਾ ar ਅੰਸ਼ ਦੂਜੀ ਡਿਗਰੀ ਦਾ ਸੂਚਕ ਹੈ ਜੋ ਹੋਰ ਕ੍ਰਿਆ-ਵਿਸ਼ੇਸ਼ਣਾਂ ਵਿਚ ਵੀ ਲਾਇਆ ਜਾਂਦਾ ਹੈ ਜਿਵੇਂ Slow ਤੋਂ Slower ਆਦਿ। ਜਰਮੈਨਿਕ ਨਾਹ (Nah) ਵੀ ਸੰਸਕ੍ਰਿਤ 'ਨਿ' ਦਾ ਸਜਾਤੀ ਨਹੀਂ ਲਗਦਾ ਕਿਉਂਕਿ ਸੰਸਕ੍ਰਿਤ 'ਨਿ' ਕੋਈ ਸੁਤੰਤਰ ਸ਼ਬਦ ਨਹੀਂ, ਇਕ ਅਗੇਤਰ ਹੈ, ਬਲਕਿ ਦੋ ਅਗੇਤਰ ਹਨ। ਪਹਿਲੇ ਵਿਚ ਇਹ ਨਾਂਹ-ਸੂਚਕ ਹੈ ਜਿਵੇਂ ਨਿਸੱਤਾ। ਇਸ ਦੇ ਹੋਰ ਰੂਪ ਨਿਹ (ਨਿਹਕਲੰਕ), ਨਿਸ਼ (ਨਿਸ਼ਕਾਮ), ਨਿਰ (ਨਿਰਮਾਣ) ਹਨ। ਇਸ ਦੇ ਭਾਰੋਪੀ ਮੂਲ 'ਨੀ', 'ਨਹਿ' ਹਨ। ਦੂਜੇ ਵਿਚ ਇਸ ਦੇ ਅਰਥ ਹਨ-ਹੇਠਾਂ, ਪਿਛੇ ਨੂੰ, ਅੰਦਰ ਵੱਲ, ਵਿਚ ਵਿਚ, ਕੋਲ ਨੂੰ ਆਦਿ। ਇਸ ਤਰ੍ਹਾਂ ਇਸ 'ਨਿ' ਦਾ ਜੋੜ ਜਰਮੈਨਿਕ ਨਾਹ ਨਾਲ ਸੂਤ ਨਹੀਂ ਬੈਠਦਾ।

ਨਿਕਟ ਸ਼ਬਦ ਤੋਂ ਨਿਅਰ, ਨੇਰਾ, ਨੇੜਾ ਆਦਿ ਸ਼ਬਦ ਬਣੇ ਹੋਣ ਦੀ ਸੰਭਾਵਨਾ ਵਧੇਰੇ ਹੈ। ਪਿਛਲੇ ਲੇਖ ਵਿਚ ਵੀ ਦੱਸਿਆ ਗਿਆ ਸੀ ਕਿ ਇਹ ਸ਼ਬਦ ਬਣਿਆ ਹੈ, ਨਿ+ਕਟ ਤੋਂ ਜਿਸ ਵਿਚ 'ਨਿ' ਤਾਂ ਉਪਰੋਕਤ ਅਗੇਤਰ ਹੀ ਹੈ ਜਿਸ ਦਾ ਭਾਵ 'ਕੋਲ ਨੂੰ' ਹੈ ਅਤੇ 'ਕਟ' ਧਾਤੂ ਵਿਚ ਜਾਣ, ਸਪੱਸ਼ਟ ਕਰਨ ਦਾ ਭਾਵ ਹੈ। ਸੋ, ਨਿਕਟ ਸ਼ਬਦ 'ਕੋਲ ਆਉਣ' ਦਾ ਅਰਥਾਵਾਂ ਬਣਦਾ ਹੈ। ਪਲੈਟਸ ਦੇ ਕੋਸ਼ ਅਨੁਸਾਰ ਨਿਯਰ ਜਾਂ ਨੇਰ ਸ਼ਬਦ ਸੰਸਕ੍ਰਿਤ ਨਿਕਟ ਤੋਂ ਵਿਉਤਪਤ ਹੋਏ ਹਨ।

ਸ. ਹਰਭਜਨ ਸਿੰਘ ਨੇ ਅੰਗਰੇਜ਼ੀ ਨੈਕਸਟ ਦੀ ਸਾਂਝ ਸੰਸਕ੍ਰਿਤ ਨਿਕਟਸਥ ਨਾਲ ਦਰਸਾਈ ਹੈ। ਵਿਦਵਾਨ ਇਕਮੱਤ ਹਨ ਕਿ ਅੰਗਰੇਜ਼ੀ ਨੈਕਸਟ ਪੁਰਾਣੇ ਸ਼ਬਦ Nigh ਦਾ ਤੀਜੀ ਡਿਗਰੀ ਦਾ ਸ਼ਬਦ ਹੈ। ਫਿਰ ਕੀ ਇਹ ਸਾਂਝ ਦਰਸਾ ਕੇ ਡਾ. ਸਾਹਿਬ ਅਣਜਾਣੇ ਹੀ ਇਹੀ ਨਹੀਂ ਕਹਿ ਰਹੇ ਕਿ ਨੇੜੇ/ਨੇਰੇ/ਨਿਅਰੇ ਸ਼ਬਦ ਨਿਕਟ ਤੋਂ ਹੀ ਬਣੇ ਹਨ? ਜੇ ਉਹ ਆਪਣਾ ਮਤ ਦਲੀਲਾਂ ਸਹਿਤ ਸਪੱਸ਼ਟ ਕਰਨ ਤਾਂ ਮੈਨੂੰ ਉਨ੍ਹਾਂ ਨਾਲ ਸਹਿਮਤ ਹੋਣ ਵਿਚ ਸੰਕੋਚ ਨਹੀਂ ਹੋਵੇਗਾ।

ਨਿਅਰ ਸ਼ਬਦ ਬਾਰੇ ਹਰਭਜਨ ਸਿੰਘ ਨਾਲ ਸਹਿਮਤੀ ਪ੍ਰਗਟਾਉਂਦੇ ਆਪਣੇ ਲੇਖ ਵਿਚ ਉਨ੍ਹਾਂ ਦਾ ਹਵਾਲਾ ਦਿੰਦਿਆਂ ਮੈਂ ਸਾਫ ਲਿਖਿਆ ਸੀ, "ਟੂਕ ਦੇ ਅਖੀਰ ਵਿਚ ਇਹ ਕਹਿ ਕੇ ਕਿ 'ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸ਼ਬਦਾਵਲੀ ਵਿਚ 60 ਪ੍ਰਤੀਸ਼ਤ ਸ਼ਬਦਾਂ ਦੀ ਸਾਂਝ ਹੈ, ਜਿਸ ਕਾਰਨ ਸੰਸਕ੍ਰਿਤ ਨੂੰ ਭਾਰਤੀ-ਯੂਰਪੀਅਨ ਭਾਸ਼ਾ ਦਾ ਹੀ ਨਾਮ ਦਿੱਤਾ ਜਾਂਦਾ ਹੈ' ਸ਼ੱਕ ਪੈਦਾ ਕਰ ਦਿੱਤਾ ਹੈ ਕਿ ਡਾ. ਸਾਹਿਬ ਖੁਦ ਇਸ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦ ਨੂੰ ਅੰਗਰੇਜ਼ੀ ਨੀਅਰ ਦਾ ਸੁਜਾਤੀ ਸਮਝਦੇ ਹਨ।" ਇਥੋਂ ਉਨ੍ਹਾਂ ਇਹ ਅੰਦਾਜ਼ਾ ਲਾਇਆ ਕਿ ਮੈਂ ਸ਼ਾਇਦ ਸੰਸਕ੍ਰਿਤ ਤੇ ਅੰਗਰੇਜ਼ੀ ਨੂੰ ਸਜਾਤੀ ਅਰਥਾਤ ਹਿੰਦ-ਯੂਰਪੀ ਪਰਿਵਾਰ ਦੀਆਂ ਭਾਸ਼ਾਵਾਂ ਨਹੀਂ ਮੰਨਦਾ ਅਤੇ ਇਹ ਸਾਬਤ ਕਰਨ ਲਈ ਘਟੋ ਘਟ ਦੋ ਦਰਜਨ ਅਜਿਹੇ ਸ਼ਬਦ ਗਿਣਾ ਦਿੱਤੇ ਜੋ ਉਨ੍ਹਾਂ ਅਨੁਸਾਰ ਸਜਾਤੀ ਹਨ। ਪਹਿਲੀ ਗੱਲ ਤਾਂ ਇਹ ਕਿ ਮੈਂ ਸਿਰਫ ਨਿਅਰ ਸ਼ਬਦ ਦੇ ਪ੍ਰਸੰਗ ਵਿਚ ਇਹ ਗੱਲ ਕੀਤੀ ਸੀ ਕਿ ਇਹ ਅੰਗਰੇਜ਼ੀ ਤੇ ਸੰਸਕ੍ਰਿਤ ਦੇ ਸਮਾਨ ਧੁਨੀ ਅਤੇ ਅਰਥ ਵਾਲੇ ਸ਼ਬਦ ਸਜਾਤੀ ਨਹੀਂ। ਪਾਠਕ ਜਾਣਦੇ ਹੀ ਹਨ ਕਿ ਮੈਂ ਕੋਈ ਤੀਹ-ਚਾਲੀ ਲੇਖਾਂ ਵਿਚ ਇਹੀ ਦਰਸਾਇਆ ਹੈ ਕਿ ਸੰਸਕ੍ਰਿਤ, ਪੰਜਾਬੀ ਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਕਿੰਨੀ ਸਮੂਲਕ ਸਾਂਝ ਹੈ। ਜਾਪਦਾ ਹੈ, ਉਨ੍ਹਾਂ ਮੇਰਾ ਹੋਰ ਕੋਈ ਲੇਖ ਨਹੀਂ ਪੜ੍ਹਿਆ।

ਰਹੀ ਗੱਲ ਉਨ੍ਹਾਂ ਵਲੋਂ ਦਰਸਾਏ ਸਜਾਤੀ ਅੰਗਰੇਜ਼ੀ ਸੰਸਕ੍ਰਿਤ ਸ਼ਬਦਾਂ ਬਾਰੇ, ਡਾ. ਸਾਹਿਬ ਦਾ ਵੱਕਾਰ ਦੇਖ ਕੇ ਭਲੀ ਤਾਂ ਚੁੱਪ ਹੀ ਹੈ ਪਰ ਨਿਰੁਕਤੀ ਜਿਹੇ ਵਿਸ਼ੇ ਬਾਰੇ ਪਾਇਆ ਏਨਾ ਹਨੇਰ ਦੇਖ ਕੇ ਚੁੱਪ ਰਿਹਾ ਨਹੀਂ ਜਾ ਸਕਦਾ। ਉਨ੍ਹਾਂ ਵਲੋਂ ਗਿਣਾਏ ਦੋ ਕੁ ਦਰਜਨ ਸ਼ਬਦਾਂ ਵਿਚੋਂ ਕੁਝ ਇਕ ਮਾਤਾ/ਮਦਰ ਜਿਹੇ ਆਮ ਜਾਣੇ ਜਾਂਦੇ ਸੰਸਕ੍ਰਿਤ/ਅੰਗਰੇਜ਼ੀ ਸ਼ਬਦਾਂ ਤੋਂ ਛੁੱਟ ਕੋਈ ਵੀ ਸ਼ਬਦ ਨਿਰੁਕਤੀ ਦੀ ਕਸਵੱਟੀ 'ਤੇ ਸਜਾਤੀ ਸਾਬਤ ਨਹੀਂ ਹੁੰਦੇ। ਕਰੈਕਟਰ ਅਤੇ ਵਾਰ ਸ਼ਬਦਾਂ ਬਾਰੇ ਭੁਲੇਖਾ ਤਾਂ ਪਹਿਲਾਂ ਹੀ ਦੂਰ ਕਰ ਚੁਕਾ ਹਾਂ। ਧੁਨੀ ਅਤੇ ਅਰਥ ਸਮਾਨਤਾ ਤੋਂ ਹੋਰ ਜਿਨ੍ਹਾਂ ਸ਼ਬਦਾਂ ਦੇ ਸਜਾਤੀ ਹੋਣ ਦਾ ਉਨ੍ਹਾਂ ਦਾਅਵਾ ਕੀਤਾ ਹੈ, ਉਨ੍ਹਾਂ ਉਤੇ ਸਿਰਫ ਹੱਸਿਆ ਹੀ ਜਾ ਸਕਦਾ ਹੈ। ਫਿਰ ਵੀ ਗਿਣਾਉਂਦਾ ਹਾਂ, ਉਨ੍ਹਾਂ ਬਾਰੇ ਲਿਖਿਆ ਫਿਰ ਕਦੇ ਜਾਵੇਗਾ; ਸ਼ਬਦ ਜੋੜਿਆਂ ਵਿਚ ਪਹਿਲਾ ਸ਼ਬਦ ਅੰਗਰੇਜ਼ੀ ਦਾ ਹੈ ਤੇ ਦੂਜਾ ਪੰਜਾਬੀ/ਸੰਸਕ੍ਰਿਤ ਦਾ: ਸੀਡ ਸਿਧ; ਜੌਹਨ ਯੌਵਨ; ਵਾਟਰ ਵਤ੍ਰ; ਕਰੱਸ਼ ਕ੍ਰਿਸ਼; ਇਟ ਇਤਿ; ਗ੍ਰਾਸ ਗ੍ਰਾਹੀ (ਡਾ. ਸਾਹਿਬ ਨੂੰ ਘਾਸ ਕਿਉਂ ਨਹੀਂ ਸੁਝਿਆ?); ਵੇਕ ਵਿਵੇਕ; ਸਰ ਸਿਰਸ; ਪਾਥ ਪਥ; ਪ੍ਰੀ ਪ੍ਰਿਯ; ਵਿਦ ਵਿਦ੍; ਵੈਲੀ ਵਲਯ; ਬੁਸ਼ ਬੁਸ਼ਮ; ਲੁੱਕ ਲੋਕ। ਵਾਰੇ ਵਾਰੇ ਜਾਈਏ ਡਾ. ਸਾਹਿਬ ਦੀ ਸਿਰਜਣਹਾਰ ਵਲੋਂ ਬਖਸ਼ੀ ਸੋਚਣ ਅਤੇ ਸਮਝਣ ਦੀ ਸਮਰਥਾ 'ਤੇ। ਨਿਰੁਕਤਕਾਰੀ ਲਈ ਅਜਿਹੀਆਂ ਬਖਸ਼ਿਸ਼ਾਂ ਦਰਕਾਰ ਹਨ ਪਰ ਇਨ੍ਹਾਂ ਦੇ ਬਲਬੂਤੇ ਬਿਨਾ ਕਿਸੇ ਠੋਸ ਪ੍ਰਮਾਣ ਤੋਂ ਸ਼ਬਦਾਂ ਦੇ ਹਵਾਈ ਕਿਲੇ ਉਸਾਰਨੇ ਸਰਾਸਰ ਨਿਰੁਕਤਕਾਰੀ ਦਾ ਬਲਾਤਕਾਰ ਹੈ। ਹੋਰ ਹਨੇਰ ਦੇਖੋ, ਅਰਬੀ ਨੂੰ ਹਿੰਦ-ਯੂਰਪੀ ਭਾਸ਼ਾ ਪਰਿਵਾਰ ਨਾਲ ਜੋੜ ਦਿੱਤਾ ਹੈ ਜੋ ਕਿ ਸੈਮਿਟਿਕ ਪਰਿਵਾਰ ਨਾਲ ਸਬੰਧ ਰੱਖਦੀ ਹੈ। ਸਪੱਸ਼ਟ ਕਰ ਦੇਵਾਂ ਕਿ ਗ. ਸ. ਰਿਆਲ ਸਮੇਤ ਹੋਰ ਵਿਦਵਾਨਾਂ ਵਾਂਗ ਮੈਂ ਨਿਰੁਕਤੀ ਸ਼ਬਦ ਅੰਗਰੇਜ਼ੀ ਐਟੀਮਾਲੋਜੀ ਦੇ ਅਰਥਾਂ ਵਿਚ ਵਰਤ ਰਿਹਾ ਹਾਂ।

---

## ਕਾਵਿ ਜਗਤ

### ਚੰਗੀ ਜੂਨ

ਫਿਕਰ ਕਰੇ ਮਾਂ ਕਿਹੜੀ ਗੱਲ ਦਾ
ਤਾਰੇ ਸਦਾ ਹੀ ਚਮਕਦੇ ਰਹਿਣੇ।
ਵਰਖਾ ਤਾਂ ਹੈ ਹੁੰਦੀ ਰਹਿੰਦੀ
ਕਣੀਆਂ ਨਾਲ ਸੂਰਜ ਨਾ ਠੰਢੇ ਪੈਣੇ।
ਧਰਤੀ 'ਤੇ ਉਘੇ ਫੁੱਲ ਝਾੜੀਆਂ
ਰੰਗ ਏਦਾਂ ਹੀ ਖਿੰਡਾਉਣਗੀਆਂ।
ਆਉਣ ਵਾਲੀਆਂ ਪੀੜ੍ਹੀਆਂ ਮਾਤਾਂ
ਸਾਥੋਂ ਚੰਗੀ ਜੂਨ ਹੰਢਾਉਣਗੀਆਂ।

ਨਫਰਤ ਦੀ ਗੱਡੀ ਰੁਕ ਜਾਣੀ ਏ
ਹੋਊ ਮੁਹੱਬਤ ਹਰ ਦਿਲ ਅੰਦਰ।
ਕਿਤੇ ਜਾਣ ਦੀ ਲੋੜ ਨਾ ਰਹਿਣੀ
ਘਰਾਂ ਦੇ ਵਿਚ ਹੀ ਮਿਲਣਗੇ ਮੰਦਿਰ।
ਗਲੀ ਮੁਹੱਲੇ ਹੋਊ ਸੱਚ ਦਾ ਹੋਕਾ
ਝੂਠ ਫਰੇਬ ਨੇ ਹੋ ਜਾਣਾ ਏ ਖੰਡਰ।
ਸਾਧ ਪਾਖੰਡੀ ਨੂੰ ਕਿਸੇ ਨਾ ਪੁੱਛਣਾ
ਨਾਮ ਸਤਿਗੁਰ ਦਾ ਹੀ ਧਿਆਉਣਗੀਆਂ...।

ਧਰਮ ਦੇ ਨਾਂ 'ਤੇ ਜੋ ਤੀਲੀ ਲਾਉਂਦੇ
ਨੱਥ ਉਨ੍ਹਾਂ ਨੂੰ ਪੈਣੀ ਏ।
ਸਭ ਨੂੰ ਹੋਣੇ ਹੱਕ ਬਰਾਬਰ
ਫੇਰ ਚੌਧਰ ਕਿਸ ਦੀ ਰਹਿਣੀ ਏ?
ਰਿਸ਼ਤੇ ਹੋਣਗੇ ਦਿਲਾਂ ਤੋਂ ਗੰਢੇ
ਉਨ੍ਹਾਂ ਸਾਰ ਦੁੱਖਾਂ ਦੀ ਲੈਣੀ ਏ।
ਰੌਲੇ-ਰੱਪੇ ਨੂੰ ਜ਼ਿੰਦਰੇ ਮਾਰ ਕੇ
ਗੁਣ ਏਕੇ ਦੇ ਹੀ ਗਾਉਣਗੀਆਂ...।

ਇੱਕੋ ਤੱਕੜੀ ਸਭ ਨੇ ਤੁਲਣਾ
ਫੇਰ ਨੇਤਾ ਜੀ ਕਿੱਦਾਂ ਲੁੱਟਣਗੇ।
ਭ੍ਰਿਸ਼ਟਾਚਾਰੀ ਹੋਊ ਆਖਰੀ ਸਾਹਾਂ 'ਤੇ
ਬੀਜ ਸੱਚੀ ਕਿਰਤ ਦੇ ਫੁੱਟਣਗੇ।
ਇੱਜਤ ਅਣਖ ਦੀ ਰਾਖੀ ਦੇ ਲਈ
ਯੋਧੇ ਪੁੱਤ ਫਿਰ ਦੁਬਾਰਾ ਉਠਣਗੇ।
ਕੋਈ ਨਾ ਮਰੂ ਭੁੱਖ ਗਰੀਬੀ ਨਾਲ
ਆਪਣੇ ਹਿੱਸੇ ਦੀ ਜ਼ਿੰਦਗੀ ਜਿਉਣਗੀਆਂ...।

ਸਾਇੰਸ ਤਰੱਕੀ ਕਿੰਨੀ ਕਰ ਲਏ
ਅਸੀਂ ਭੁੱਲੀਏ ਨਾ ਭਾਈਚਾਰੇ ਨੂੰ।
ਜੋ ਸਾਡੇ 'ਤੇ ਜ਼ੁਲਮ ਕਮਾਉਂਦੇ
ਬਖਸ਼ੀਏ ਨਾ ਹਤਿਆਰੇ ਨੂੰ।
ਜਾਤ-ਪਾਤ ਦੀ ਵੇਲ ਨੂੰ ਵੱਢ ਕੇ
ਮਾਣੀਏ ਕੁਦਰਤ ਦੇ ਰੰਗ ਨਿਆਰੇ ਨੂੰ।
ਵਹਿਮ-ਭਰਮ ਨਾ ਕਿਧਰੇ ਲੱਭਣਾ
ਜਿੱਤ ਸੱਚਾਈ ਲਿਆਉਣਗੀਆਂ।
ਆਉਣ ਵਾਲੀਆਂ ਪੀੜ੍ਹੀਆਂ ਮਾਤਾਂ
ਸਾਥੋਂ ਚੰਗੀ ਜੂਨ ਹੰਢਾਉਣਗੀਆਂ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

---

### ਜੰਗ ਅਤੇ ਪਿਆਰ

ਸੱਚ ਦਾ ਗਿਆਨ ਜਦੋਂ ਮਨ ਪ੍ਰਕਾਸ਼ ਕਰੇ,
ਸਾਚਾ ਹੀ ਦਿਖਾਈ ਦੇਵੇ ਜਦੋਂ ਇਜ਼ਹਾਰ ਵਿਚ।
ਆਪਣਾ ਬੇਗਾਨਾ ਸਭ ਉਸੇ ਦਾ ਹੀ ਰੂਪ ਲੱਗੇ,
ਫਰਕ ਨਾ ਜਾਪੇ ਆਕਾਰ ਨਿਰਾਕਾਰ ਵਿਚ।

ਬੰਦਾ ਬੁਨਿਆਦੋਂ ਸਦਾ ਇੱਕੋ ਜਿਹਾ ਹੋਂਵਦਾ ਹੈ,
ਵਿਰਸਾ ਤੇ ਸੂਝ ਭਰੇ ਅੰਤਰ ਵਿਹਾਰ ਵਿਚ।
ਬੰਦੇ ਨਾਲੋਂ ਜਿਹੜੀ ਬੁਰੀ ਭਾਵਨਾ ਨੂੰ ਮਾਰ ਘੱਤੇ,
ਐਸੀ ਯੁੱਧ ਨੀਤੀ ਸਦਾ ਰੱਖੀਏ ਵਿਚਾਰ ਵਿਚ।

ਬੱਚੇ, ਬੁੱਢੇ, ਔਰਤਾਂ, ਨਿਤਾਣਿਆਂ ਦੀ ਗੱਲ ਦੂਰ,
ਹੁੰਦੇ ਨਾ ਡਿੱਗੇ ਜਾਂ ਭੱਜੇ ਵੈਰੀ ਦੀ ਕਤਾਰ ਵਿਚ।
ਯੁੱਧ ਤੇ ਪਿਆਰ ਪੂਜਾ ਹੋਂਵਦਾ ਅਣਖ ਵਾਲੀ,
ਪਿੱਠ ਜੋ ਤਕਾਉਂਦੇ,
ਆਉਂਦੇ ਗਿਰੇ ਕਿਰਦਾਰ ਵਿਚ।

ਪਿਆਰ ਕੋਈ ਕਬਜਾ ਨਾ, ਸਗੋਂ ਪਹਿਚਾਣ ਹੁੰਦੀ,
ਖੁਸ਼ਹਾਲ ਜ਼ਿੰਦਗੀ ਦੀ ਸਾਡੇ ਸਭਿਆਚਾਰ ਵਿਚ।
ਰੱਬ ਹੀ ਪਿਆਰ ਅਤੇ ਪਿਆਰ ਹੀ ਤਾਂ ਰੱਬ ਹੁੰਦਾ,
ਇੱਕ ਮਿੱਕ ਜਾਪਦੇ ਇਹ ਵਸੇ ਸੰਸਾਰ ਵਿਚ।

ਬੇਈਮਾਨੀ ਨਾਲ ਕੀਤੀ ਜਿੱਤ ਸਗੋਂ ਹਾਰ ਹੁੰਦੀ,
ਹੱਕ ਸੱਚ ਵਾਲੇ ਛੇੜੇ ਯੁੱਧ ਦੇ ਮਿਆਰ ਵਿਚ।
ਯੁੱਧ ਨਾਲੋਂ ਯੁੱਧ ਦੇ ਨਿਯਮ ਸਦਾ ਵੱਡੇ ਹੁੰਦੇ,
ਨੀਤੀ ਹੁੰਦੀ ਇਹੋ ਸਦਾ ਸੱਚ ਤੇ ਆਚਾਰ ਵਿਚ।

ਅਣਖਾਂ ਜਮੀਰਾਂ ਦੇ ਲਈ ਸਦਾ ਹੀ ਸਕੂਨ ਹੁੰਦਾ,
ਬੇਅਸੂਲੀ ਜਿੱਤ ਤੋਂ ਅਸੂਲਾਂ ਵਾਲੀ ਹਾਰ ਵਿਚ।
ਇਖਲਾਕੀ ਕੀਮਤਾਂ ਤੋਂ ਸਦਾ ਉਹ ਅਭਿੱਜ ਰਹਿੰਦੇ,
ਸਭ ਜਾਇਜ਼ ਆਖਦੇ ਜੋ ਜੰਗ ਤੇ ਪਿਆਰ ਵਿਚ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

---

### ਨਜ਼ਰ ਅੰਦਰ

ਸਿਰਫ ਲਾਸ਼ ਹੀ ਨਹੀਂ ਹੈ ਦੱਬੀ ਜਾਂਦੀ
ਬਹੁਤ ਕੁਝ ਦੱਬਿਆ ਜਾਂਦੈ ਕਬਰ ਅੰਦਰ।

ਧੰਦਾ ਬਣਿਆ ਧੀ ਦਾ ਪੰਜ ਜਣਿਆ ਹੱਥੋਂ ਰੁਲਣਾ
ਕਿੰਨਾ ਦਰਦ ਸਮੋਇਆ ਸੀ ਇੱਕ ਖਬਰ ਅੰਦਰ।

ਉਨ੍ਹੇ ਜ਼ੁਲਮ ਦੀ ਇੰਤਹਾ ਹੀ ਹੈ ਕਰ ਦਿੱਤੀ
ਮੈਂ ਤਾਂ ਖੁਦ ਨੂੰ ਰੱਖਿਆ ਸੀ ਬੜਾ ਸਬਰ ਅੰਦਰ।

ਜੋ ਨਹੀਂ ਹੋ ਸਕਦਾ ਕਿਸੇ ਵੀ ਕੀਮਤ ਉਤੇ
ਕਿੰਨਾ ਕੁਝ ਰੱਖਦਾ ਹੈ ਆਦਮੀ ਨਜ਼ਰ ਅੰਦਰ।

ਸ਼ੱਕ ਦੇ ਦਾਇਰੇ 'ਚ ਹੈ ਮਾਣ ਸਨਮਾਨ ਕਰਨ ਵਾਲਾ
ਕੁਝ ਨਾ ਕੁਝ ਤਾਂ ਮਕਸਦ ਹੋਏਗਾ ਕਦਰ ਅੰਦਰ।

ਉਸ ਨੇ ਹੀ ਤੋੜਿਆ ਵਿਸ਼ਵਾਸ ਤੇ ਖਾਬ ਸਾਡਾ
ਜੋ ਰਹਿੰਦਾ ਹੈ ਦਿਲ ਦੀ ਹਰ ਸੱਧਰ ਅੰਦਰ।

ਲੋਕ ਨਹੀਂ ਭੁੱਲਦੇ ਦੁਸ਼ਮਣੀ ਕਿਸੇ ਕੀਮਤ 'ਤੇ
ਬੇਸ਼ੱਕ ਲੱਖ ਫਸੇ ਹੋਣ ਉਹ ਭੰਵਰ ਅੰਦਰ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*

---

### ਲੋੜ ਹੈ

ਬੱਚਿਆਂ ਦੀ ਲੋੜ ਨਹੀਂ ਸਾਨੂੰ,
ਫੰਡਰ ਗਾਈਆਂ ਦੀ ਲੋੜ ਹੈ।
ਭਾਵੇਂ ਆਕਸੀਜਨ ਖਾਲੀ, ਸਾਨੂੰ
ਮੂਤ-ਗੋਹਿਆਂ ਦੀ ਲੋੜ ਹੈ।

ਦਵਾ-ਦਾਰੂ ਵੀ ਹੈ ਨਹੀਂ ਜਪਾਨੀ
ਬੁਖਾਰ ਲਈ, ਫਿਰ ਵੀ
ਚੀਨ-ਪਾਕਿ ਲਈ ਭਗਤੋ
ਅਮਰੀਕੀ ਤੋਪਾਂ ਦੀ ਲੋੜ ਹੈ।

ਹਸਪਤਾਲਾਂ ਦੀ ਜਮੀਨ ਵੇਚ ਕੇ
ਬਾਜ਼ਾਰ ਖੋਲ੍ਹੀ ਜਾਣੇ ਨੇ
ਐਮਰਜੈਂਸੀ 'ਚ ਡਾਕਟਰ ਹੈ ਨ੍ਹੀਂ,
ਗਊ ਰੱਖਿਅਕਾਂ ਦੀ ਲੋੜ ਹੈ।

ਜੋ ਬਚਦੇ ਨੇ ਉਹ ਫੇਲ੍ਹ ਕਰਨੇ
ਪਰ ਆਪਾਂ ਤਾਂ ਕਹਿ ਦੇਣਾ
ਲੋਕਾਂ ਦੀ ਸਿਹਤ ਲਈ
ਬਾਬੇ ਰਾਮ ਦੇਵ ਦੀ ਲੋੜ ਹੈ।

ਛੱਪੜਾਂ 'ਚ ਬੱਚੇ ਪੜ੍ਹਦੇ ਭਾਵੇਂ
ਡੇਂਗੂ ਨਾਲ ਲੱਖਾਂ ਮਰਦੇ
ਸਕੂਲਾਂ ਨਾਲੋਂ ਜ਼ਿਆਦਾ ਮੰਦਿਰਾਂ
ਤੇ ਦੰਗਿਆਂ ਦੀ ਲੋੜ ਹੈ।

ਪੁੱਤ ਮਰ ਜਾਂਦੇ ਹਸਪਤਾਲ 'ਚ
ਜਾਂ ਲੜਦੇ ਮਰਨ ਸਰਹੱਦਾਂ 'ਤੇ
ਜ਼ਖਮਾਂ ਉਤੇ ਲਾਈਟਾਂ ਲਾ ਕੇ
ਜਸ਼ਨ ਆਜ਼ਾਦੀਆਂ ਦੀ ਲੋੜ ਹੈ।

*-ਸੋਨੀ ਬਰਨਾਲਾ*
*ਫੋਨ: 91-76964-08077*

---

### ਗਜ਼ਲ

ਐ ਮਜਦੂਰ! ਖਬਰਦਾਰ ਰਹੀਂ ਜ਼ਰਾ
ਭੇਖੀ, ਘਰ ਘਰ ਰੱਬ ਬਣੇ ਤੇਰੇ ਗਰਾਂ।
ਸੰਤੋਖ ਨਾਲ ਤਾਂ ਸੰਤੁਸ਼ਟ ਹੈ ਰੂਹ ਮੇਰੀ
ਦੇ ਗਏ ਲਾਲਚ-ਪੰਡ ਮੈਂ ਕਿੱਥੇ ਧਰਾਂ?
ਸਾਲਾਂ ਦੀ ਮਿਹਨਤ ਤਾਂ ਮੇਰੀ ਰੜਕਦੀ
ਜੋ ਰਹੇ ਆਲਸੀ ਬਰਾਬਰ ਕਿੰਜ ਕਰਾਂ।
ਜਦੋਂ ਵੀ ਤ੍ਰਿਸ਼ੂਲ ਖੜਕੀ ਜਾਂ ਕਿਰਪਾਨ
ਡੱਬੂ ਨੇ ਬਹਿਣਾ ਬਨੇਰੇ, ਮਰਨਾ ਬੇਕਸੂਰਾਂ।
ਸਿਰ 'ਤੇ ਅਜੇ ਵੀ ਘੁਮੰਡ ਰੁਤਬਿਆਂ ਦਾ
ਭਾਵੇਂ ਛੱਡ ਆ ਗਏ ਹਾਂ ਪਾਰ ਸਾਗਰਾਂ।
ਲੀਡਰੋ! ਹੱਡਾਰੋੜੀ ਬਣਾ'ਤਾ ਪੰਜਾਬ ਨੂੰ
ਜਵਾਨੀ ਤਬਾਹ ਹੋ ਰਹੀ ਵਾਂਗ ਜਾਨਵਰਾਂ।
ਹਾਕਮੋ! ਨਾ ਕਰੋ ਨਸਲਕੁਸ਼ੀ ਸ਼ੇਰ ਕੌਮ ਦੀ।
'ਸਾਹੀ' ਭੀੜ ਪੈਣ 'ਤੇ ਸ਼ੇਰਾਂ ਈ ਫੜਨੀ ਬਾਂਹ।

*-ਚਰਨਜੀਤ ਸਿੰਘ ਸਾਹੀ*
*ਫੋਨ: 317-430-6545*

# ਭੂਪੀ

## ਕਹਾਣੀ

ਉਹ ਬੜੀ ਬੇਸਬਰੀ ਨਾਲ ਫਰੰਟ ਰੂਮ ਦੇ ਜਾਲੀਦਾਰ ਪਰਦਿਆਂ ਵਿਚੋਂ ਖਿੜਕੀ ਦੇ ਬਾਹਰ ਝਾਕਦਾ, ਐਂਬੂਲੈਂਸ ਦੀ ਉਡੀਕ ਕਰ ਰਿਹਾ ਸੀ। ਐਂਬੂਲੈਂਸ ਹੁਣੇ ਆਈ ਕਿ ਆਈ। ਐਂਬੂਲੈਂਸ ਆਉਂਦਿਆਂ ਹੀ ਆਪਣੀ 'ਜੇਠੀ ਆਸਵੰਦ ਧੀ' ਨੂੰ ਝੱਬਦੇ ਹਸਪਤਾਲ ਪੁਜਦਾ ਕਰੂ। ਪਰ ਐਂਬੂਲੈਂਸ ਸੀ ਕਿ ਆ ਹੀ ਨਹੀਂ ਸੀ ਰਹੀ। ਉਪਰਲੇ ਬੈਡਰੂਮ ਵਿਚੋਂ ਦਰਦ ਭਰੀ 'ਹਾਏ ਹਾਏ' ਦੀ ਆਵਾਜ਼ ਜਿਵੇਂ ਉਸ ਦੇ ਕਾਲਜੇ ਦਾ ਰੁੱਗ ਭਰ ਕੇ ਲਈ ਜਾ ਰਹੀ ਸੀ। ਰੂਪੀ, ਉਸ ਦੀ ਜੇਠੀ ਧੀ ਦਾ ਪਤੀ ਜਿੰਦਰ ਵੀ ਆਪਣੀ ਪਤਨੀ ਦੀ ਹਾਲਤ ਦੇਖ ਕੇ ਤਰਲੋਮੱਛੀ ਹੋ ਰਿਹਾ ਸੀ। ਇਕ ਪਾਸੇ ਪੀੜਾਂ ਨਾਲ ਕਰਾਹ ਰਹੀ ਰੂਪੀ ਸੀ ਤੇ ਦੂਜੇ ਪਾਸੇ ਵ੍ਹੀਲ ਚੇਅਰ 'ਤੇ ਬੈਠਾ ਚਿੰਤਤ ਰੂਪੀ ਦਾ ਪਿਤਾ, ਜਿੰਦਰ ਕਰੇ ਤਾਂ ਕੀ ਕਰੇ? ਐਂਬੂਲੈਂਸ ਨੇ ਪਤਾ ਨਹੀਂ ਇੰਨੀ ਦੇਰ

ਸੁਰਜੀਤ ਕੌਰ ਕਲਪਨਾ

ਕਿਉਂ ਲਾ ਦਿਤੀ!

ਰੂਪੀ ਦੇ ਪਿਤਾ ਨੇ ਆਪਣੇ ਜਵਾਈ ਜਿੰਦਰ ਦੇ ਚਿਹਰੇ ਵਲ ਵੇਖਿਆ। ਉਸ ਝਟ ਪੜ੍ਹ ਲਿਆ ਕਿ ਜਿੰਦਰ ਪਿਤਾ ਬਨਣ ਲਈ ਅਧੀਰ ਅਤੇ ਫਿਕਰਮੰਦ ਹੈ। ਉਹ ਘਬਰਾਇਆ ਕਦੇ ਪੌੜੀਆਂ ਚੜ੍ਹ ਕੇ ਉਪਰਲੇ ਕਮਰੇ ਵਿਚ ਰੂਪੀ ਨੂੰ ਦਿਲਾਸਾ ਦਿੰਦਾ ਅਤੇ ਕਦੇ ਬਾਹਰਲੇ ਦਰਵਾਜ਼ੇ ਵਲ ਝਾਕਦਾ। ਉਸ ਨੂੰ ਰੂਪੀ ਪ੍ਰਤੀ ਜਿੰਦਰ ਦੀ ਅਪਣਤ ਭਰੀ ਬੌਖਲਾਹਟ ਚੰਗੀ ਲੱਗੀ। ਆਪਣੀ ਧੀ ਦੀ ਕਦਰ, ਉਸ ਦੇ ਪਤੀ ਜਿੰਦਰ ਦੀਆਂ ਨਜ਼ਰਾਂ ਵਿਚ ਭਾਂਪਦਿਆਂ, ਉਸ ਨੂੰ ਕੁਝ ਸਕੂਨ ਜਿਹਾ ਮਿਲਿਆ। ਐਂਬੂਲੈਂਸ ਸੀ ਕਿ ਆ ਹੀ ਨਹੀਂ ਸੀ ਰਹੀ। ਇੰਤਜ਼ਾਰ ਕਰਨੀ ਕਿੰਨੀ ਔਖੀ ਹੋ ਗਈ ਸੀ।

ਕੰਧ 'ਤੇ ਲੱਗੀ ਘੜੀ ਦੀਆਂ ਸੂਈਆਂ ਜਿਵੇਂ ਚਲਣਾ ਭੁਲ ਕੇ ਉਂਘਲਾ ਰਹੀਆਂ ਸਨ। ਉਸ ਦੀਆਂ ਬੇਸਬਰ ਨਜ਼ਰਾਂ ਜਿਵੇਂ ਘੜੀ ਨੂੰ ਘੂਰਦੀਆਂ ਸੁਸਤ ਘਿਸਰਦੀਆਂ ਸੂਈਆਂ ਦਾ ਮਾਤਮ ਕਰ ਰਹੀਆਂ ਸਨ। ਪੰਦਰਾਂ ਮਿੰਟ, ਪੰਦਰਾਂ ਸਾਲ ਵਾਂਗ ਬੀਤੇ। ਜਿੰਦਰ ਨੇ ਸੁਖ ਦਾ ਸਾਹ ਲਿਆ ਜਦੋਂ 'ਐਂਬੂਲੈਂਸ ਮੈਨ' ਨੇ ਦਰਵਾਜ਼ਾ ਖੜਕਾਇਆ। ਰੂਪੀ ਤੇ ਜਿੰਦਰ ਨੂੰ ਲੈ ਕੇ ਐਂਬੂਲੈਂਸ ਤੁਰ ਪਈ। ਉਸ ਨੂੰ ਲੱਗਾ ਕਿ ਰੂਪੀ ਦੇ ਨਾਲ ਹੀ ਉਸ ਦੀ ਜਾਨ ਚਲੀ ਗਈ ਹੋਵੇ ਅਤੇ ਉਸ ਦੀ ਸਾਰ ਸਤਹੀਣ ਲੋਥ ਵ੍ਹੀਲ ਚੇਅਰ ਉਤੇ ਰਹਿ ਗਈ ਹੋਵੇ। ਉਹੀ ਰੂਪੀ ਆਪੂੰ ਹਸਪਤਾਲ ਗਈ ਸੀ ਜਿਸ ਨੂੰ ਡਾਕਟਰ ਤੇ ਨਰਸਾਂ 'ਤੇ ਯਕੀਨ ਨਹੀਂ ਸੀ। ਇਸੇ ਲਈ ਉਹ ਆਪਣੇ ਅਪਾਹਜ ਪਿਤਾ ਨੂੰ ਹਸਪਤਾਲ ਨਹੀਂ ਸੀ ਜਾਣ ਦਿੰਦੀ। ਘਰ ਰੱਖ ਕੇ ਆਪਣੇ ਹੱਥੀਂ ਤਨੋਂ ਮਨੋਂ ਇੰਨੀ ਸੇਵਾ ਕਰਦੀ ਕਿ ਕਈ ਵਾਰ ਉਹ ਆਪਣੇ ਆਪ ਵਿਚ ਸ਼ਰਮ ਹਯਾ ਨਾਲ ਪਾਣੀ ਪਾਣੀ ਹੋਇਆ ਰੂਪੀ ਨਾਲ ਅੱਖਾਂ ਮਿਲਾਉਣੋਂ ਵੀ ਝਿਜਕਦਾ।

ਰੂਪੀ ਬਾਲੜੀ ਉਮਰ ਵਿਚ ਹੀ ਆਪਣੀਆਂ ਨੰਨੀਆਂ-ਮੁੰਨੀਆਂ ਭੈਣਾਂ ਦੀ ਜ਼ਿੰਮੇਵਾਰੀ ਮਾਂ ਵਾਂਗ ਆਪਣੇ ਕੋਮਲ ਕੰਧਿਆਂ 'ਤੇ ਚੁਕੀ ਫਿਰਦੀ। ਪਰ ਕਦੇ ਵੀ ਉਹਦੇ ਮੱਥੇ ਉਤੇ ਵੱਟ ਨਹੀਂ ਸੀ ਪਿਆ। ਬਚਪਨ ਤੋਂ ਜਵਾਨੀ ਵਿਚ ਉਸ ਨੇ ਕਦੋਂ ਪੈਰ ਧਰਿਆ, ਰੂਪੀ ਨੂੰ ਪਤਾ ਹੀ ਨਾ ਲੱਗਾ। ਉਸ ਵਿਚਾਰੀ ਨੂੰ ਤਾਂ ਕੰਮ ਅਤੇ ਗਮ ਤੋਂ ਬਿਨਾ ਕਦੇ ਕੁਝ ਆਪਣੇ ਬਾਰੇ ਸੋਚਣ ਦੀ ਫੁਰਸਤ ਹੀ ਨਹੀਂ ਸੀ ਮਿਲੀ। ਜਿਸ ਉਮਰੇ ਕੁੜੀਆਂ ਆਪਣੇ ਨੈਣੀਂ ਕੱਜਲ ਦੀ ਧਾਰ ਪਾਉਣੀ ਸਿੱਖਦੀਆਂ ਹਨ, ਉਸ ਉਮਰ ਤਕ ਤਾਂ ਸਮੇਂ ਦੀ ਧਾਰਾ ਨੇ ਉਸ ਨੂੰ ਘਰ ਦੀ ਪੂਰਨ ਸੁਘੜ ਸਿਆਣੀ ਬਣਾ ਦਿਤਾ ਸੀ।

ਰੂਪੀ ਨੂੰ ਜੋ ਵੀ ਵੇਖਦਾ, ਇਹੀ ਕਹਿੰਦਾ ਕਿ ਇਹ ਤਾਂ ਆਪਣੀ ਮਾਂ ਉਤੇ ਗਈ ਹੈ। ਉਸ ਦੀ ਨੁਹਾਰ, ਡੀਲ-ਡੌਲ ਅਤੇ ਕੱਦ-ਕਾਠ ਨਿਰਾ-ਪੁਰਾ ਆਪਣੀ ਮਾਂ ਵਰਗਾ ਹੀ ਸੀ। ਭੋਲੀ-ਭਾਲੀ ਨਿਰਛਲ ਮਾਸੂਮੀਅਤ ਦੀ ਸਾਖਸ਼ਾਤ ਮੂਰਤ। ਉਸ ਦੀਆਂ ਮੁਸਕਾਨਾਂ ਵਿਚੋਂ ਜਿਵੇਂ ਬਸੰਤ ਬਹਾਰ ਆਉਣ ਦਾ ਹੀਆ ਕਰਦੀ। ਬੋਲਦੀ ਤਾਂ ਕੋਮਲ ਜਿਹੇ ਖੇਦ ਕਲੀਆਂ ਵਰਗੇ ਹੋਠ ਜਿਵੇਂ ਕੋਈ ਸੰਗੀਤ ਛੇੜਦੇ ਮੋਤੀ ਬਿਖੇਰਦੇ। ਉਹ ਸਿਰਫ ਨਾਂ ਦੀ ਹੀ ਰੂਪੀ ਨਹੀਂ ਸੀ, ਉਹ ਤਾਂ ਅਰਸ਼ੋਂ ਉਤਰੀ ਕੋਈ ਦੇਵੀ ਵਾਂਗ ਰੂਪ ਦਾ ਭੰਡਾਰ ਸੀ। ਨਾਗਣ ਕਾਲੀਆਂ ਜ਼ੁਲਫਾਂ, ਸਾਵਣ ਭਾਦਰੋਂ ਦੀ ਉਠਦੀ ਕਾਲੀ ਘਟਾ ਨੂੰ ਮਾਤ ਪਾਉਂਦੀਆਂ। ਰੂਪੀ ਦੀ ਸ਼ਕਲ ਦੇ ਆਇਨੇ ਵਿਚ, ਪਾਰਬਤੀ ਦਾ ਅਕਸ ਵੇਖਦਿਆਂ ਹੀ ਉਸ ਦੀ ਵ੍ਹੀਲ ਚੇਅਰ ਦੇ ਵ੍ਹੀਲ ਥਾਂ ਹੀ ਜਾਮ ਹੋ ਗਏ। ਉਸ ਦੀ ਨੀਝ ਸਲੇਟੀ ਰੰਗ ਦੀ ਸੁਰਮਈ ਜਿਹੀ ਸੁੰਨੀ ਸੜਕ ਨੂੰ ਵਿੰਹਦਿਆਂ ਉਚੀਆਂ ਨੀਵੀਆਂ ਕਾਲੀ ਲੁਕ ਵਿਚ ਖੁਭੀਆਂ ਬਜਰੀ ਦੀਆਂ ਬੱਟੀਆਂ ਵਾਂਗ ਵਿਚੇ ਹੀ ਗੁੰਮ ਗਈ।

ਪਾਰਬਤੀ, ਉਸ ਦੀ ਪਤਨੀ, ਜਿਸ ਦੀ ਜੁਦਾਈ ਉਸ ਨੂੰ ਜਲ ਬਿਨ ਮਛਲੀ ਵਾਂਗ ਤੜਫਾਉਂਦੀ ਸੀ, ਉਹ ਉਸ ਦੇ ਪਰੀ ਵਰਗੇ ਹੁਸਨ ਉਤੇ ਸਦਕੇ ਜਾਂਦਾ ਸੀ, ਵੇਖ ਵੇਖ ਨਾ ਰਜਦਾ। ਪਾਰਬਤੀ ਦੇ ਮ੍ਰਿਗ ਨੈਣਾਂ ਦੀ ਸ਼ਰਾਬ ਭਰੇ ਪਿਆਲਿਆਂ ਵਿਚੋਂ ਜਾਮ ਪੀ ਜਾਣਾ ਚਾਹੁੰਦਾ ਵੀ, ਉਸ ਦੀਆਂ ਰੇਸ਼ਮੀ ਜ਼ੁਲਫਾਂ ਵਿਚ ਜਿਵੇਂ ਕੈਦ ਹੋ ਗਿਆ ਸੀ। ਪਾਰਬਤੀ ਦੇ ਪੈਰ ਭਾਰੇ ਹੋਣ 'ਤੇ ਉਸ ਦਾ ਚਾਅ ਨਾ ਥੰਮਦਾ। ਉਹ ਉਸੇ ਪਲ ਤੋਂ ਮੱਖਣ ਦੇ ਪੇੜੇ ਵਰਗੇ ਗੋਭਲੂ ਜਿਹੇ ਪੁੱਤਰ ਦਾ ਕਿਆਸ ਕਰਦਾ ਖੁਆਬ ਵੇਖਦਾ।

'ਜੇ ਭਲਾ ਆਪ ਦੀ ਆਸ ਦੇ ਉਲਟ ਪੁੱਤਰ ਦੀ ਥਾਂ ਧੀ ਆ ਗਈ ਤਾਂ ਫਿਰ...? ਪਾਰਬਤੀ ਉਸ ਦੀ ਖੁਸ਼ੀ ਨੂੰ ਮਹਿਸੂਸ ਕਰਦਿਆਂ ਡਰਦੀ ਪੁਛਦੀ। ਫਿਰ ਆਪ ਹੀ ਉਸ ਦੇ ਚਿਹਰੇ ਵੱਲ ਟਿਕਟਿਕੀ ਲਾ ਕੇ ਉਸ ਦੇ ਹਾਵ-ਭਾਵ ਦੇਖਣ ਲਗਦੀ। 'ਇਹ ਨਹੀਂ ਹੋ ਸਕਦਾ। ਮੇਰੇ ਘਰ ਰਾਜ ਦੁਲਾਰਾ ਪੁੱਤ ਪਧਾਰੇਗਾ, ਤੂੰ ਦੇਖੀਂ ਤਾਂ ਸਹੀ!' ਉਸ ਦੇ ਮੂੰਹ ਉਤੇ ਲਾਲੀ ਭਰੀ ਮੁਸਕਾਨ ਟੱਲੀ ਵਾਂਗ ਟਾਹ ਟਾਹ ਕਰਦੀ।

ਅੰਤ ਉਸ ਪਲ ਨੇ ਆਣ ਬੂਹੇ ਉਤੇ ਦਸਤਕ ਦਿੱਤੀ ਜਿਸ ਦੀ ਉਹ ਬੇਚੈਨੀ ਨਾਲ ਉਡੀਕ ਕਰ ਰਿਹਾ ਸੀ। ਪਾਰਬਤੀ ਦੇ ਇਕ ਇਕ ਸਾਹ ਨੂੰ ਉਹ ਕੰਨ ਲਾ ਕੇ ਸੁਣ ਰਿਹਾ ਸੀ। ਹਸਪਤਾਲ ਦੇ ਖਾਲੀ ਬੈਂਚ ਉਤੇ ਬੈਠਿਆਂ ਉਸ ਦੇ ਕੰਨੀਂ 'ਕੌਂਗਰੈਚੂਲੇਸ਼ਨਜ਼' ਦੀਆਂ ਆਵਾਜ਼ਾਂ ਮੰਦਿਰ ਦੀਆਂ ਟੁਣਕਦੀਆਂ ਟਲੀਆਂ ਵਾਂਗ ਅਗੰਮੀ ਸੁਣਾਈ ਦੇਣ ਲੱਗੀਆਂ। ਉਹ ਗੱਜ-ਵੱਜ ਕੇ ਪਾਰਟੀ ਕਰੇਗਾ, ਭੰਗੜੇ ਪੈਣਗੇ। ਉਸ ਜਾਗਦੇ ਹੀ ਜਿਵੇਂ ਸੁਪਨੇ ਦੇਖ ਰਹੇ ਨੂੰ, ਇਕ ਛਮਕ ਛੱਲੋ ਜਿਹੀ ਸੁੰਦਰ ਨਹੀ ਨਰਸ ਨੇ 'ਕੌਂਗਰੈਚੂਲੇਸ਼ਨਜ਼' ਆਣ ਕਹੀ। ਉਹ ਜਿਵੇਂ ਨੀਂਦ ਵਿਚ ਉਭੜਵਾਹਿਆ ਜਾਗਿਆ ਹੋਵੇ। ਚਾਅ ਨਾਲ ਉਸ ਦਾ ਚਿਹਰਾ ਗੁਲਾਬ ਦੇ ਫੁਲ ਵਾਂਗ ਖਿੜ ਗਿਆ ਜਿਵੇਂ ਕੋਈ ਅਨਮੁਲਾ ਖਜ਼ਾਨਾ ਨਸੀਬ ਹੋਇਆ ਹੋਵੇ। ਉਸ ਨੂੰ ਖੁਸ਼ੀ ਵਿਚ ਕੁਝ ਸੁਝ ਹੀ ਨਹੀਂ ਸੀ ਰਿਹਾ। ਉਸ ਮਸਾਂ ਹੀ 'ਥੈਂਕ ਯੂ' ਕਿਹਾ।

'ਯੂਅਰ ਬੇਬੀ ਗਰਲ ਇਜ਼ ਸੋ ਸਵੀਟ, ਸੋ ਬਿਊਟੀਫੁੱਲ, ਸੋ ਹੈਲਦੀ, ਏ ਲਿਟਲ ਏਂਜਲ', ਨਰਸ ਨੇ ਉਸ ਦੇ ਹਸੂੰ ਹਸੂੰ ਕਰਦੇ ਫੁਲ ਫੁਲ ਪੈਂਦੇ ਚਿਹਰੇ ਨੂੰ ਤਾੜਦਿਆਂ, ਬੱਚੀ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿਤੇ। 'ਵੱਟ? ਵੱਟ? ਮਾਈ ਬੇਬੀ ਇਜ਼ ਏ ਗਰਲ? ਆਰ ਯੂ ਸ਼ੋਅਰ?' ਇਕ ਦਮ ਹੀ ਉਸ ਦੇ ਚਿਹਰੇ ਦੀ ਲਾਲੀ ਕਿਤੇ ਉਡ ਗਈ ਤੇ ਉਸ ਨੇ ਹੈਰਾਨੀ ਭਰੀ ਨਜ਼ਰ ਨਰਸ ਦੇ ਚਿਹਰੇ 'ਤੇ ਸੁੱਟਦਿਆਂ ਪੁਛਿਆ। 'ਯੈਸ ਮਿਸਟਰ' ਕਹਿੰਦਿਆਂ ਨਰਸ ਵੀ ਉਸ ਦੇ ਬਦਲਦੇ ਚਿਹਰੇ ਨੂੰ ਵੇਖ ਜਾਣ ਗਈ ਸੀ ਕਿ ਏਸ਼ੀਆਈ ਲੋਕ ਧੀਆਂ ਦੇ ਜੰਮਣ ਸਮੇਂ ਖੁਸ਼ੀ ਦੀ ਥਾਂ ਮਾਤਮ ਮਨਾਉਂਦੇ ਹਨ। ਉਸ ਨੇ ਸੁਣਿਆ ਹੋਇਆ ਸੀ, ਅੱਜ ਆਪਣੇ ਅੱਖੀਂ ਦੇਖ ਲਿਆ ਸੀ। 'ਨਾਓ ਯੂ ਕੈਨ ਸੀ ਯੂਅਰ ਲਵਲੀ ਡੌਟਰ ਐਂਡ ਵਾਈਫ', ਨਰਸ ਨੇ ਕਿਹਾ ਅਤੇ ਉਥੋਂ ਤੁਰ ਪਈ।

ਉਸ ਨੂੰ ਲੱਗਾ ਜਿਵੇਂ ਨਰਸ ਨੇ ਉਸ ਨੂੰ ਪਤੰਗ ਵਾਂਗ ਅਸਮਾਨ ਵਿਚ ਉਡਾ ਕੇ ਮੁੜ ਡੋਰ ਕੱਟਦਿਆਂ, ਹੇਠਾਂ ਪਟਕਾ ਮਾਰਿਆ ਹੋਵੇ। ਉਸ ਦੀਆਂ ਰਾਂਗਲੀਆਂ ਸੱਧਰਾਂ ਦਾ ਖੂਨ ਇਕੋ ਹੀ ਵਾਰ ਨਾਲ ਕਰ ਦਿਤਾ ਹੋਵੇ। ਉਹ ਬੇਬਾਕ ਸੀ, ਜਿਵੇਂ ਉਸ ਦੀ ਜੀਭ ਘੰਡੀ ਤੋਂ ਹੇਠਾਂ ਉਤਰ ਗਈ ਹੋਵੇ ਅਤੇ ਮੋਰ ਵਾਂਗ ਪੈਲਾਂ ਪਾਉਂਦੀ ਖੁਸ਼ੀ ਕਿਸੇ ਨੇ ਚੁਰਾ ਲਈ ਹੋਵੇ। ਜਿਵੇਂ ਉਸ ਦੇ ਸਿਰ ਵਿਚ ਸੌ ਘੜੇ ਠੰਡਾ ਪਾਣੀ ਪਾ ਦਿਤਾ ਹੋਵੇ। ਉਹ ਛਿੱਥਾ ਜਿਹਾ ਪੈ ਕੇ ਪੈਰ ਘੜੀਸਣ ਲੱਗਾ ਜਿਵੇਂ ਨਰਸ ਨੇ ਉਸ ਨੂੰ ਭਬੰਤਰੀ ਲਾ ਦਿਤੀ ਹੋਵੇ। ਉਸ ਨੇ ਉਦਾਸ ਲੰਬਾ ਹਉਕਾ ਲਿਆ ਤੇ ਪਾਰਬਤੀ ਨੂੰ ਵੇਖ ਕੇ ਮੁੜ ਆਇਆ। ਪਰ ਉਸ ਤੋਂ ਆਪਣੀ ਬੱਚੀ ਵੱਲ ਨਿਗਾਹ ਭਰ ਕੇ ਦੇਖਿਆ ਵੀ ਨਾ ਗਿਆ।

ਰੱਬ ਦਾ ਸ਼ੁਕਰ ਕੀਤਾ, ਮਸਾਂ ਹੀ ਉਸ ਦਾ ਮਨ ਟਿਕਾਣੇ ਆਇਆ। ਭਵਿਖ ਵਿਚੋਂ ਜਿਵੇਂ ਉਸ ਫਿਰ ਕਿਸੇ ਨਵੀਂ ਆਸ ਦਾ ਲੜ ਫੜਿਆ ਹੋਵੇ। ਵਰਤਮਾਨ ਨੂੰ ਭੁਲ ਉਹ ਆਉਣ ਵਾਲੇ ਸੁਨਹਿਰੀ ਕਲ੍ਹ ਦੀ ਆਸ ਵਿਚ ਜਿਉਣ ਲੱਗਾ। ਪਰ ਫਿਰ ਵੀ ਦੋ ਸਾਲਾਂ ਦੇ ਫਰਕ ਨਾਲ ਤਿੰਨ ਧੀਆਂ ਨੇ ਹੀ ਜਨਮ ਲਿਆ। ਅਖੀਰਲੀ ਵਾਰੀ ਤਾਂ ਉਸ ਅਰਜੋਈਆਂ ਕੀਤੀਆਂ, ਸੁਖਣਾਂ ਸੁਖੀਆਂ। ਪਰ ਪੱਥਰ 'ਤੇ ਪੱਥਰ ਹੀ ਡਿਗਦੇ ਰਹੇ। ਇਸ ਵਾਰ ਤਾਂ ਜਿਵੇਂ ਕਹਿਰ ਦਾ ਪਹਾੜ ਹੀ ਉਸ ਉਤੇ ਡਿਗ ਪਿਆ ਹੋਵੇ। ਪਾਰਬਤੀ ਨੂੰ ਉਹ ਹਸਪਤਾਲ ਛੱਡ ਜ਼ਰੂਰ ਆਇਆ ਸੀ ਪਰ ਮੁੜ ਉਹ ਬੱਚੀ ਪੈਦਾ ਹੋਣ ਤੋਂ ਬਾਅਦ ਉਸ ਦੀ ਜਿਉਂਦੀ-ਮੋਈ ਦੀ ਖਬਰ ਲੈਣ ਤਕ ਨਹੀਂ ਸੀ ਗਿਆ।

ਪਾਰਬਤੀ ਟੈਕਸੀ ਕਰਕੇ ਬੱਚੀ ਨੂੰ ਕੁੱਛੜ ਚੁੱਕੀ ਭਰੇ ਦਿਲ ਨਾਲ ਘਰ ਆਈ। ਉਸ ਦਾ ਉਤਰਿਆ ਚਿਹਰਾ ਵੇਖ ਕੇ ਉਸ ਆਉਂਦਿਆਂ ਹੀ ਘਰ ਦਾ ਸਾਰਾ ਕੰਮ ਕਰਨਾ ਸ਼ੁਰੂ ਕਰ ਦਿਤਾ। ਘਰ ਆਈ ਪਾਰਬਤੀ ਨੂੰ ਉਸ ਝੂਠੇ-ਸੱਚਿਉਂ ਬੁਲਾਇਆ ਤਕ ਨਹੀਂ ਸੀ। ਪੱਥਰਾਂ ਦੀ ਭੀੜ ਵਿਚ ਉਸ ਨੂੰ ਉਹ ਵੀ ਇਕ ਪੱਥਰ ਹੀ ਲਗਦੀ ਸੀ। ਹੌਲੀ ਹੌਲੀ ਉਸ ਦੀ ਹੋਂਦ ਵੀ ਕਿਧਰੇ ਉਨ੍ਹਾਂ ਵਿਚ ਹੀ ਗੁੰਮ ਗਈ। ਉਸ ਨੂੰ ਆਸ ਦੀ ਕਿਰਨ ਹੁਣ ਭਵਿੱਖ ਦੇ ਘੋਰ ਅੰਧੇਰੇ ਵਿਚੋਂ, ਲੈਂਪ ਦੇ ਤੇਲ ਮੁਕਣ ਵਾਂਗ ਮੁਕਦੀ ਲਗਦੀ ਸੀ। ਪੁੱਤਰ ਭਾਲਦਿਆਂ-ਭਾਲਦਿਆਂ ਉਸ ਦਾ ਧੀਆਂ ਨਾਲ ਵਿਹੜਾ ਭਰ ਗਿਆ ਸੀ। ਉਹ ਪਾਰਬਤੀ ਤੋਂ ਇੰਜ ਦੂਰ ਰਹਿੰਦਾ ਜਿਵੇਂ ਉਹ ਕਿਸੇ ਛੂਤ ਦੀ ਬਿਮਾਰੀ ਦੀ ਸ਼ਿਕਾਰ ਹੋਵੇ। ਬੱਚੀਆਂ ਤਾਂ ਉਸ ਨੂੰ ਲੋਹ ਦੇ ਕੰਡਿਆਂ ਵਾਂਗ ਚੁਭਦੀਆਂ। ਉਨ੍ਹਾਂ ਨੂੰ ਵੇਖਦਿਆਂ



ਹੀ ਉਸ ਦਾ ਦਿਲ ਲੀਰੋ ਲੀਰ ਹੋ ਜਾਂਦਾ।

ਉਸ ਲਈ ਧੀਆਂ ਪੱਥਰਾਂ ਨਿਆਈਂ ਸਨ ਪਰ ਮਾਂ ਦੀਆਂ ਤਾਂ ਉਹ ਆਂਦਰਾਂ, ਆਪਣੇ ਲਹੂ ਮਾਸ ਦੀਆਂ ਬੋਟੀਆਂ ਸਨ। ਉਹ ਚਿੜੀਆਂ ਦੇ ਬੋਟਾਂ ਵਾਂਗ ਉਨ੍ਹਾਂ ਨੂੰ ਖੁਆਉਂਦੀ ਪਿਲਾਉਂਦੀ। ਕਦੀ ਹਿਕ ਨਾਲ ਲਾ ਕੇ ਆਪੇ ਹੀ ਸੋਚਦੀ, ਕਿਤੇ ਤੁਹਾਡੇ ਵਿਚੋਂ ਇਕ ਵੀ ਪੁੱਤਰ ਬਣ ਕੇ ਆਉਂਦੀ! ਫਿਰ ਠੰਡਾ ਹਉਕਾ ਭਰਦੀ ਆਪਣੇ ਘਰ ਦੇ ਕੰਮ ਵਿਚ ਜੁਟ ਜਾਂਦੀ। ਉਹ ਤਾਂ ਇਸ ਚੀਂਗੜ ਬੋਟ ਦੇ ਮੱਥੇ ਲੱਗਣੋਂ ਵੀ ਕਤਰਾਉਂਦਾ, ਰਾਤ ਵੇਲੇ ਫਿਸ਼ ਚਿਪਸ ਹੀ ਖਾ ਕੇ ਨਸ਼ੇ ਵਿਚ ਧੁਤ, ਖਾੜ ਖਾੜ ਬੂਹੇ ਭੰਨਦਾ ਸਿਧਾ ਬਿਸਤਰੇ ਵਿਚ ਜਾ ਵੜਦਾ। ਜਿਵੇਂ ਕਿਸੇ ਨਾਲ ਉਸ ਦਾ ਕੋਈ ਵਾਸਤਾ ਹੀ ਨਾ ਹੋਵੇ।

ਪਾਰਬਤੀ ਝੁਰਦੀ, ਦਿਨ-ਰਾਤ ਆਪਣਾ ਆਪ ਖਪਾਉਂਦੀ ਰਹਿੰਦੀ। ਆਪਣੇ ਸਾਜਨ ਦੇ ਐਸੇ ਰੁੱਖੇ ਵਤੀਰੇ ਬਾਰੇ ਤਾਂ ਉਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਉਸ ਨੂੰ ਐਸਾ ਬੇਇਲਾਜਾ ਘੁਣ ਲੱਗਾ ਕਿ ਉਸ ਦੀ ਕੁੰਦਨ ਵਰਗੀ ਦੇਹੀ ਦਿਨਾਂ ਵਿਚ ਹੀ ਅੰਦਰੋਂ ਅੰਦਰੀ ਨਿਘਰਨ ਲੱਗੀ। ਸੋਚ ਸੋਚ ਉਸ ਦਾ ਦਰਦ ਨਾਲ ਮੱਥਾ ਫਟਦਾ, ਸਿਰ ਵਿਚ ਜਿਵੇਂ ਹਥੌੜੇ ਪੈਂਦੇ। ਗੋਲੀਆਂ ਖਾ ਖਾ ਹੈਰਾਨ ਹੋ ਜਾਂਦੀ। ਦੋਹੀਂ ਹੱਥੀਂ ਆਪਣਾ ਸਿਰ ਨੱਪਦੀ। ਵੱਡੀ ਪਲੇਠੀ ਦੀ ਧੀ ਰੂਪੀ, ਮਾਂ ਨੂੰ ਦਰਦ ਵਿਚ ਦੇਖਦੀ ਅਤੇ ਆਪਣੀਆਂ ਅੱਖਾਂ ਵਿਚ ਅੱਥਰੂ ਭਰ ਕੇ ਆਪਣੇ ਨਿੱਕੇ ਹੱਥੀਂ ਮਾਂ ਦਾ ਸਿਰ ਘੁਟਦੀ। ਉਸ ਦੀ ਕੋਮਲ ਜਿਹੀ ਸੂਰਤ ਮਾਂ ਨੂੰ ਹੋਰ ਵੀ ਲਾਡਲੀ ਲਗਦੀ। ਆਪਣੇ ਦਿਲ ਦੇ ਟੁਕੜੇ ਨੂੰ ਹਿਰਦੇ ਨਾਲ ਘੁਟ ਲੈਂਦੀ। ਉਸ ਦੀ ਹੂਕ ਜਿਹੀ ਨਿਕਲ ਜਾਂਦੀ।

ਪਾਰਬਤੀ ਨਿਰਮਨ ਕੀ ਜਾਣੇ ਕਿ ਮੰਗਿਆਂ ਤਾਂ ਮੌਤ ਵੀ ਨਹੀਂ ਮਿਲਦੀ ਤੇ ਉਸ ਨੂੰ ਜ਼ਿੰਦਗੀ ਕਿਵੇਂ ਮਿਲੂ? ਕੱਚੇ ਰੰਗਾਂ ਵਾਂਗ ਉਸ ਦਾ ਫੁਲ ਫੁਲ ਪੈਂਦਾ ਜੋਬਨ ਦਿਨਾਂ ਵਿਚ ਹੀ ਖੁਰ ਗਿਆ। ਪਤੀ ਦੇ ਬੋਲ ਕਦੇ ਅੰਮ੍ਰਿਤ ਵਰਸਾਉਂਦੇ ਸਨ, ਹੁਣ ਜ਼ਹਿਰ ਭਰੇ ਤੀਰਾਂ ਵਾਂਗ ਸੀਨਾ ਚੀਰਦੇ ਲੰਘ ਜਾਂਦੇ। ਉਸ ਦੇ ਆਉਣ ਤੋਂ ਪਹਿਲਾਂ ਉਹ ਬਥੇਰਾ ਕੋਸ਼ਿਸ਼ ਕਰਦੀ ਕਿ ਬੱਚੀਆਂ ਨੂੰ ਸੁਆ ਦੇਵੇ ਪਰ ਫਿਰ ਵੀ ਕੋਈ ਜਾਗਦੀ ਹੁੰਦੀ, ਰੋਂਦੀ ਹੁੰਦੀ। 'ਇੱਟਾਂ ਪੱਥਰਾਂ ਨਾਲ ਮੇਰਾ ਘਰ ਭਰ ਦਿਤਾ। ਟੈਂ ਟੈਂ ਲੁਆ ਰੱਖੀ ਐ। ਰਾਤ ਵੇਲੇ ਵੀ ਇਨ੍ਹਾਂ ਨੂੰ ਮੌਤ ਨਹੀਂ ਪੈਂਦੀ', ਉਹ ਖਿਝਦਾ ਸੜੂੰ ਸੜੂੰ ਕਰਦਾ, ਨਫਰਤ ਦੀ ਮੋਹਲੇਧਾਰ ਕਰਦਾ ਪਤਾ ਨਹੀਂ ਦਿਲੋਂ ਕਿੰਨਾ ਕੁ ਦੂਰ ਹੋ ਗਿਆ ਸੀ। 'ਪੱਥਰਾਂ ਦੀ ਥਾਂ ਤੂੰ ਮੇਰੀ ਝੋਲੀ ਲਾਲ ਜਵਾਹਰ ਪਾ ਦਿੰਦਾ, ਮੈਂ ਕਦੋਂ ਨਾਂਹ ਕੀਤੀ ਸੀ। ਇਹ ਵੀ ਤੇਰੀ ਹੀ ਕੀਤੀ ਹੋਈ ਬਖਸ਼ਿਸ਼ ਹੈ', ਪਾਰਬਤੀ ਦੀ ਆਤਮਾ ਅੰਦਰੋਂ ਅੰਦਰੀ ਸੋਚਦੀ ਰਹਿੰਦੀ। ਪਰ ਦੰਦ ਮੋਤੀਆਂ ਨੂੰ ਹੋਠਾਂ ਹੇਠਾਂ ਸਾਂਭ, ਉਹ ਮੂੰਹ 'ਤੇ ਚੁਪ ਦੀ ਪੱਟੀ ਬੰਨ੍ਹੀ ਰੱਖਦੀ।

ਆਥਣ ਵੇਲੇ ਇਕ ਦਿਨ ਜਦ ਉਹ ਪਬ ਨੂੰ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਉਸ ਹੌਸਲਾ ਕਰਕੇ ਕਿਹਾ: 'ਮੇਰਾ ਕਈ ਦਿਨਾਂ ਤੋਂ ਸਿਰ ਪਾਟ ਰਿਹੈ, ਮੈਂ ਗੋਲੀਆਂ ਖਾ ਖਾ ਅੱਕ ਗਈ ਹਾਂ। ਜੇ ਇਨ੍ਹਾਂ ਪਾਸ ਘੜੀ ਪਲ ਬੈਠੋਂ ਤਾਂ ਮੈਂ ਜ਼ਰਾ ਲੇਟ ਲਵਾਂ!' ਪਾਰਬਤੀ ਨੇ ਸਹਿਮੀ ਜਿਹੀ ਆਵਾਜ਼ ਵਿਚ ਤਰਲਾ ਮਾਰਿਆ। 'ਤੂੰ ਇਨ੍ਹਾਂ ਨੂੰ ਖਾਹ, ਇਹ ਤੈਨੂੰ ਖਾਣ, ਮੈਂ ਇਨ੍ਹਾਂ ਦੀ ਚੈਂ ਚੈਂ ਨਹੀਂ ਸੁਣਨੀ', ਉਸ ਪਾਰਬਤੀ ਦੇ ਤਰਲੇ ਨੂੰ ਕਰੋਧ ਦਾ ਠੁਡਾ ਮਾਰਦਿਆਂ ਬਾਹਰ ਦਾ ਦਰਵਾਜ਼ਾ ਬੰਦ ਕਰ ਦਿਤਾ ਅਤੇ ਪਿਛੇ ਮੁੜ ਕੇ ਨਾ ਵੇਖਿਆ।

ਪਾਰਬਤੀ ਪਾਸੋਂ ਖੜੋਤਾ ਨਾ ਗਿਆ। ਉਸ ਸਿਰਦਰਦ ਦੀਆਂ ਗੋਲੀਆਂ ਦੀ ਅਧੀ ਸ਼ੀਸ਼ੀ ਖਤਮ ਕਰ ਦਿਤੀ ਸੀ। ਉਸ ਦੀਆਂ ਅੱਖਾਂ ਵਿਚੋਂ ਹਿਰਖ, ਦਰਦ ਅਤੇ ਬੱਚੀਆਂ ਲਈ ਮਮਤਾ ਭਰੇ ਹੰਝੂ ਨਿਕਲ ਆਏ। ਕਦੇ ਉਹ ਸੋਚਦੀ ਕਿ ਹਸਪਤਾਲ ਜਾਵਾਂ ਤਾਂ ਇਨ੍ਹਾਂ ਦਾ ਕੀ ਹੋਊ। ਰੂਪੀ ਨੱਸ ਕੇ ਮਾਂ ਦੇ ਗਲੇ ਆਣ ਲੱਗੀ ਤੇ ਉਸ ਦਾ ਸਿਰ ਦਬਣ ਲੱਗੀ। 'ਮੰਮੀ ਪਾਣੀ ਲਿਆਵਾਂ, ਗੋਲੀ ਕਾ ਲਵੋ' ਰੂਪੀ ਦੇ ਪਿਆਰ ਭਰੇ ਬੋਲ ਸਨ। ਰੂਪੀ ਦੇ ਬੋਲ ਸੁਣ ਕੇ ਉਸ ਦਾ ਦਿਲ ਮੋਮ ਵਾਂਗ ਪਿਘਲ ਕੇ ਵਹਿ ਤੁਰਿਆ। ਰੂਪੀ ਨੂੰ ਅਨੋਖੀ ਜਿਹੀ ਤਕਣੀ ਤਕਦਿਆਂ ਉਸ ਕਿਹਾ, 'ਜੇ ਮੈਨੂੰ ਕੁਸ਼ ਹੋ ਗਿਆ ਤਾਂ ਤੁਹਾਨੂੰ ਕੌਣ ਕਾਲਜੇ ਲਾਊ?' ਬੱਚੀਆਂ ਨੂੰ ਕੁਝ ਖੁਆਣ ਲਈ ਸੋਚਦਿਆਂ ਹਿੰਮਤ ਕਰਕੇ ਉਸ ਖੜੀ ਹੋਣ ਦਾ ਯਤਨ ਕੀਤਾ। ਪਰ ਐਸਾ ਜ਼ੋਰ ਦਾ ਚੱਕਰ ਆਇਆ ਕਿ ਉਹ ਥਾਏਂ ਹੀ ਡਿਗ ਪਈ। ਰੂਪੀ ਭੈਅ ਭੀਤ ਹੋਈ ਕੰਬਣ ਲੱਗੀ। ਨਿੱਕੀਆਂ ਨੇ ਡਰਦਿਆਂ ਮਾਂ ਨੂੰ ਚੰਬੜ ਕੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ।

ਘਾਬਰੀ ਰੂਪੀ ਗੁੰਮ ਸੁੰਮ ਹੋਈ ਮਾਂ ਨੂੰ ਡਿਗੀ ਨੂੰ ਵੇਖਦੀ ਰਹੀ। ਉਹ ਦੇਰ ਨਾਲ ਪਬ ਤੋਂ ਮੁੜਿਆ। ਬੂਹੇ ਨੂੰ ਚਾਬੀ ਲਾਉਂਦਿਆਂ, ਬੱਚੀਆਂ ਦਾ ਰੋਣਾ ਸੁਣ ਕੇ ਉਸ ਦੇ ਮੂੰਹੋਂ ਅੰਗਾਰ ਵਰ੍ਹਨ ਲੱਗੇ, 'ਕੀਹਨੂੰ ਕੀਰਨੇ ਪਾਉਂਦੀਆਂ ਹੋ, ਕੀ ਤੁਹਾਡੀ ਮਾਂ ਮਰ ਗਈ? ਕਿਥੇ ਉਜੜੀ ਹੈ ਇਸ ਵੇਲੇ? ਕਿਹੜਾ ਤੁਹਾਨੂੰ ਸੱਪ ਲੜ ਗਿਆ?' ਉਸ ਦੇ ਡਾਇਨਿੰਗ ਰੂਮ ਵਿਚ ਵੜਦਿਆਂ ਹੀ ਬੱਚੀਆਂ ਦੇ ਸਾਹ ਸੂਤੇ ਗਏ। ਛੋਟੀਆਂ ਮਾਂ ਨੂੰ ਛੱਡ ਕੇ ਰੂਪੀ ਦੁਆਲੇ ਝੁਰਮਟ ਪਾ ਕੇ ਖੜ੍ਹ ਗਈਆਂ। 'ਇਹ ਤੀਵੀਂ ਵੀ ਨਵੇਂ ਹੀ ਢਕਵੰਜ ਘੜਦੀ ਆ। ਕਦੀ ਸਿਰ ਦਾ ਨਖਰਾ, ਕਦੇ ਕੋਈ ਨਵਾਂ ਚਲਿਤਰ!' ਉਸ ਡਿੱਗੀ ਪਾਰਬਤੀ ਨੂੰ ਬੜੇ ਬੇਰਹਿਮ ਹੱਥਾਂ ਨਾਲ ਝੰਜੋੜਿਆ। ਠੰਡਾ ਪਾਣੀ ਉਸ ਦੇ ਮੂੰਹ ਉਤੇ ਡੋਲ੍ਹਿਆ। ਪਰ ਉਹ ਟਸ ਤੋਂ ਮਸ ਨਾ ਹੋਈ। ਉਸ ਨੇ ਅੱਕ ਕੇ ਐਂਬੂਲੈਂਸ ਬੁਲਾ ਲਈ ਪਰ ਉਸ ਦਾ ਖੇਖਣਾਂ ਵਾਲਾ ਸ਼ੱਕ ਹੁਣ ਕੁਝ ਅਸਲੀਅਤ ਵਿਚ ਬਦਲਣ ਲੱਗਾ।

ਪਾਰਬਤੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਠੰਡੀ ਨੀਂਦੇ ਸੌਂ ਗਈ। ਥੋੜੀ ਦੇਰ ਬਾਦ ਇਕ ਡਾਕਟਰ ਨੇ ਨੀਵੀਂ ਪਾਈ, ਮੂੰਹ ਲਟਕਾਈ ਉਸ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, 'ਸੌਰੀ ਸਰ, ਵੀ ਕਾਂਟ ਸੇਵ ਯੂਅਰ ਵਾਈਫ। ਸ਼ੀ ਹੈਡ ਬਰੇਨ ਹੈਮਰੇਜ, ਯੂ ਕੈਨ ਸੀ ਹਰ' ਕਹਿ ਕੇ ਡਾਕਟਰ ਅਗੇ ਵਲ ਨੂੰ ਤੁਰ ਗਿਆ ਤੇ ਉਹ ਪਿਛੇ ਪਿਛੇ। ਡਾਕਟਰ ਨੇ ਪਾਰਬਤੀ ਦੇ ਮੂੰਹ ਤੋਂ ਚਿੱਟਾ ਕਪੜਾ ਚੁਕ ਦਿਤਾ। ਉਹ ਗੂੜ੍ਹੀ ਨੀਂਦੇ ਸੁੱਤੀ ਪਈ ਸੀ। ਉਹ ਪੱਥਰ ਦਾ ਬੁਤ ਬਣਿਆ ਉਸ ਦੀ ਬਾਹੀ ਫੜ ਕੇ ਖੜਾ ਉਸ ਦੇ ਪੀਲੇ ਭੂਕ ਚਿਹਰੇ ਵਲ ਇੰਜ ਤਕ ਰਿਹਾ ਸੀ ਜਿਵੇਂ ਬਹੁਤ ਦਿਨਾਂ ਬਾਅਦ ਅਜ ਫਿਰ ਉਸ ਨੂੰ ਮਿਲਿਆ ਹੋਵੇ।

ਉਸ ਨੂੰ ਲੱਗਾ ਜਿਵੇਂ ਉਹ ਉਸ ਅਗੇ ਤਰਲਾ ਪਾ ਕੇ ਕਹਿ ਰਹੀ ਹੋਵੇ, 'ਭਲਿਆ ਲੋਕਾ, ਹੁਣ ਪਲ ਭਰ ਨਹੀਂ, ਸਦਾ ਲਈ ਸਾਂਭੇਂਗਾ। ਤੇਰੇ ਲਈ ਤਾਂ ਇਹ ਪੱਥਰ ਹੀ ਹਨ ਪਰ ਮੇਰੀਆਂ ਇਹ ਆਂਦਰਾਂ ਹਨ। ਵਾਸਤਾ ਈ ਰੱਬ ਦਾ, ਇਨ੍ਹਾਂ ਕੰਜਕਾਂ ਨੂੰ ਨਾ ਰੋਲੀਂ!' ਹਾਲੇ ਵੀ ਉਸ ਦੀ ਜਿਵੇਂ ਆਤਮਾ ਰਹਿਮ ਦੀ ਭੀਖ ਮੰਗ ਰਹੀ ਹੋਵੇ। ਡਾਕਟਰ ਨੇ ਮੁੜ ਮੂੰਹ ਕਜ ਦਿਤਾ ਤੇ ਉਸ ਨੂੰ ਬਾਹਰ ਜਾਣ ਦਾ ਇਸ਼ਾਰਾ ਕਰ ਦਿਤਾ।

ਜੋ ਕੁਝ ਵਾਪਰ ਗਿਆ ਸੀ, ਉਸ ਨੂੰ ਉਸ ਬਾਰੇ ਕਦੀ ਤੌਖਲਾ ਹੀ ਨਹੀਂ ਸੀ ਹੋਇਆ। ਪਹਿਲੀ ਵਾਰ ਉਸ ਨੇ ਬੱਚੀਆਂ ਨੂੰ ਗਲ ਨਾਲ ਲਾਇਆ। ਪਛਤਾਵੇ ਦੀ ਅੱਗ ਵਿਚ ਲਹੂ ਚੋਣ ਲੱਗਾ। ਮਾਂ ਮਸ਼ੋਹਰ ਧੱਕੇ ਧੋੜੇ ਖਾਂਦੀਆਂ ਬੱਚੀਆਂ, ਰੁਲ ਖੁਲ ਪਲ ਗਈਆਂ। ਆਪ ਅਪਾਹਜ ਹੋ ਕੇ ਹੁਣ ਦਿਨ ਰਾਤ ਵ੍ਹੀਲ ਚੇਅਰ ਦਾ ਮੁਥਾਜ ਬਣਿਆ ਬੈਠਾ ਸੀ। ਉਹੀ ਉਸ ਦੇ ਅਗੇ ਪਿਛੇ ਨੱਸੀਆਂ ਫਿਰਦੀਆਂ। ਪੱਥਰਾਂ ਵਿਚੋਂ ਹੁਣ ਉਸ ਨੂੰ ਸੁੱਚੇ ਮੋਤੀ ਦਿਸਦੇ, ਪੋਹਲੀ ਦੇ ਕੰਡੇ ਨਹੀਂ। ਉਹਨੂੰ ਦੁਖ ਦੀਆਂ ਸਾਂਝਣਾਂ ਧੀਆਂ ਮੋਹ ਮਾਰੀਆਂ ਮਾਪਿਆਂ ਦੀਆਂ ਧਿਰਾਂ ਦਿਸਦੀਆਂ। ਉਹ ਚੰਡਾਲ ਵਾਂਗ ਆਪਣੇ ਆਪ ਨੂੰ ਹੀਣਤਾ ਦੀ ਭਾਵਨਾ ਨਾਲ ਗਰਕ ਜਾਣਾ ਚਾਹੁੰਦਾ। ਉਸ ਨੂੰ ਲਗਦਾ ਉਸ ਨੂੰ ਪਾਰਬਤੀ ਦੀ ਹਾਅ ਲੱਗੀ ਹੈ। ਉਸ ਦਾ ਹੀ ਸਰਾਪ ਲੱਗਾ ਹੈ। ਕਮੀਨੇ ਵਤੀਰੇ ਦਾ ਰੱਬ ਨੇ ਠੀਕ ਹੀ ਖਮਿਆਜ਼ਾ ਉਸ ਨੂੰ ਦਿਤਾ ਹੈ। ਪਾਰਬਤੀ ਦੇ ਕਦਮਾਂ ਉਤੇ ਡਿਗ ਕੇ ਮਾਫੀ ਮੰਗਣ ਲਈ ਤਰਸਦਾ। ਪਰ ਉਹ ਤਾਂ ਕਿਸੇ ਦੇਵੀ ਵਾਂਗ ਖਾਮੋਸ਼ ਜਬਰ ਜ਼ੁਲਮ ਨੂੰ ਸਹਿੰਦੀ ਕੂਚ ਕਰ ਗਈ ਸੀ। ਦਰਿਆ ਦੇ ਵਹਿਣ ਵਾਂਗ ਹੰਝੂ ਵਹਿ ਤੁਰੇ। ਉਸ ਦਾ ਧਾਹਾਂ ਮਾਰਨ ਨੂੰ ਜੀਅ ਕੀਤਾ। ਤੂਫਾਨ ਨੇ ਜਿਵੇਂ ਉਸ ਨੂੰ ਬੇਗਿਣਤ ਟੁਕੜਿਆਂ ਵਿਚ ਵੰਡ ਦਿਤਾ ਹੋਵੇ।

'ਕੌਂਗਰੈਚੂਲੇਸ਼ਨਜ਼ ਡੈਡ', ਜਿੰਦਰ ਮਠਿਆਈ ਦਾ ਡੱਬਾ ਉਸ ਵੱਲ ਅਗੇ ਵਧਾਉਂਦਿਆਂ ਬੋਲਿਆ। ਗੁਟਕੂੰ ਗੁਟਕੂੰ ਕਰਦੀ ਖੁਸ਼ੀ ਭਰੀ ਆਵਾਜ਼ ਨੇ ਉਸ ਨੂੰ ਜਿਵੇਂ ਪਤਾਲ ਤੋਂ ਧਰਤੀ ਉਤੇ ਲੈ ਆਂਦਾ ਹੋਵੇ। ਜਿੰਦਰ ਕਹਿ ਰਿਹਾ ਸੀ, 'ਡੈਡ, ਬੇਬੀ ਗਰਲ ਇਜ਼ ਸੋ ਸਵੀਟ, ਸੋ ਨਾਈਸ, ਵੈਰੀ ਬਿਊਟੀਫੁੱਲ, ਲਾਈਕ ਏ ਲਿਟਲ ਏਂਜਲ!' ਉਸ ਦੇ ਮੂੰਹੋਂ ਜਿਵੇਂ ਖੁਸ਼ੀ ਭਰੇ ਫੁੱਲ ਕਿਰ ਰਹੇ ਸਨ। ਉਸ ਨੂੰ ਲੱਗਾ ਜਿਵੇਂ ਉਸ ਸੁੰਦਰ ਨਰਸ ਦੇ ਬੋਲ ਜਿੰਦਰ ਨੇ ਅੱਜ ਦੁਹਰਾਏ ਹਨ।

ਆਪਣੀ ਸੌੜੀ ਸੋਚ ਉਤੇ ਉਸ ਨੂੰ ਸ਼ਰਮ ਆਈ। ਜਿੰਦਰ ਦੀ ਨਵੀਂ ਪੀੜ੍ਹੀ ਦੀ ਅਗਾਂਹਵਧੂ ਸੋਚਣੀ ਨਾਲ ਉਹ ਦਿਲੋਂ ਸਹਿਮਤ ਹੋਇਆ। 'ਸਦਾ ਖੁਸ਼ ਰਹੋ, ਜਿਉਂਦੇ ਵਸਦੇ ਰਹੋ, ਮੇਰੇ ਵਰਗੇ ਉਜੱਡ, ਮੂੜ੍ਹ ਮੱਤੇ ਮਨੁੱਖ ਆਪਣੇ ਹੱਥੀਂ ਸਭ ਕੁਝ ਸਾੜ ਕੇ ਸੁਆਹ ਕਰ ਦਿੰਦੇ ਹਨ। ਧੀਆਂ ਨੂੰ ਮਾਣ ਬਖਸ਼ਣ ਵਾਲਿਓ, ਤੁਸੀਂ ਹੀ ਇਸ ਦੁਨੀਆਂ ਵਿਚ ਜਿਉਣ ਦੇ ਕਾਬਲ ਹੋ। ਨਵੀਂ ਸੋਚ ਦੇ ਮਾਲਕੋ, ਸਦਾ ਜੀਓ!' ਉਸ ਨੇ ਪੈਰਾਂ ਵੱਲ ਉਲਰ ਰਹੇ ਜਿੰਦਰ ਦੀ ਪਿੱਠ ਉਤੇ ਥਾਪੀ ਦਿਤੀ।


### ਹਾਂ! ਮੈਂ ਪੇਂਡੂ ਹਾਂ

ਮੇਰੀ ਬੋਲੀ ਪੰਜਾਬੀ ਹੈ।<br>
ਮੁਹਾਵਰੇ ਅਤੇ ਅਖਾਣ<br>
ਮੇਰੀ ਬੋਲੀ ਦਾ ਹਿੱਸਾ ਹਨ।<br>
ਮੇਰਾ ਪਹਿਰਾਵਾ ਦੇਸੀ ਹੈ।<br>
ਪਰ ਮੈਂ ਅਨਪੜ੍ਹ ਨਹੀਂ,<br>
ਨਾ ਹੀ ਰੂੜੀਵਾਦੀ ਹਾਂ।<br>
ਹਾਂ! ਮੈਂ ਪੇਂਡੂ ਹਾਂ।

*-ਸ਼ਮਿੰਦਰ ਕੌਰ*<br>
*ਸ੍ਰੀ ਮੁਕਤਸਰ ਸਾਹਿਬ।*

# ਸਿਨੇਮਾ, ਵਿਚਾਰਧਾਰਾ ਤੇ ਮੁਹੱਬਤ ਦੀ ਪੇਚੀਦਗੀ

ਸਿਨੇਮਾ ਤੇ ਵਿਚਾਰਧਾਰਾ ਦਾ ਆਪਸੀ ਰਿਸ਼ਤਾ ਪੇਚੀਦਾ ਹੈ। ਇਸ ਪੇਚਦਗੀ ਨੂੰ ਉਦੋਂ ਕਈ ਗੁਣਾ ਜ਼ਰਬ ਆ ਜਾਂਦੀ ਹੈ ਜਦੋਂ ਕਿਸੇ ਕਲਾ ਮਾਧਿਅਮ ਨਾਲ ਜੁੜਿਆ ਸਿਰਜਕ ਇਸ ਰਿਸ਼ਤੇ ਦੀਆਂ ਹੱਦਾਂ ਤੇ ਬੰਦਿਸ਼ਾਂ ਪਰਖਣ ਦਾ ਤਹੱਈਆ ਕਰਦਾ ਹੈ। ਮੁੰਬਈ ਦੇ ਇਕ ਸਿਨੇਮਾ ਵਿਚ ਜਦੋਂ ਮ੍ਰਿਣਾਲ ਸੇਨ ਦੀ ਚੌਥੀ ਫਿਲਮ 'ਖੰਡਹਰ' ਦਾ ਪਹਿਲਾ ਸ਼ੋਅ ਦਰਸ਼ਕਾਂ ਲਈ ਖੋਲ੍ਹਿਆ ਗਿਆ ਤਾਂ ਦਰਸ਼ਕਾਂ ਨੇ ਦੰਦਾਂ ਥੱਲੇ ਜੀਭ ਲੈ ਲਈ। ਉਦੋਂ ਤੱਕ ਮ੍ਰਿਣਾਲ ਖੱਬੇ-ਪੱਖੀ ਫਿਲਮਸਾਜ਼ ਅਤੇ ਕਲਾ ਚਿੰਤਕ ਦੇ ਤੌਰ 'ਤੇ ਆਪਣੀ ਜਗ੍ਹਾ ਬਣਾ ਚੁੱਕਾ ਸੀ। ਉਨ੍ਹਾਂ ਦੀਆਂ ਪਹਿਲੀਆਂ ਤਿੰਨ ਫਿਲਮਾਂ 'ਭੁਵਨ ਸ਼ੋਮ', 'ਕਲਕੱਤਾ-71' ਅਤੇ 'ਮ੍ਰਿਗਿਆ' ਨੇ ਉਹ ਨੂੰ ਮਾਰਕਸਵਾਦੀ ਚਿੰਤਕ ਵਜੋਂ ਚਰਚਿਤ ਕਰ ਦਿੱਤਾ ਸੀ। ਫਿਲਮ 'ਖੰਡਹਰ' ਨੇ ਉਹਦੀ ਫਿਲਮਸਾਜ਼ੀ ਦਾ ਅਣਛੂਹਿਆ ਪਹਿਲੂ ਸਾਹਮਣੇ ਲਿਆਂਦਾ ਜਿਥੇ ਉਹਨੇ ਜਜ਼ਬਾਤ ਅਤੇ ਭਾਵਨਾਵਾਂ 'ਤੇ ਆਧਾਰਿਤ ਅਜਿਹੀ ਪ੍ਰੇਮ ਕਹਾਣੀ ਪਰਦੇ ਉਤੇ ਸਾਕਾਰ ਕੀਤੀ ਜਿਸ ਦੀ ਅਸਫਲਤਾ ਦਰਸ਼ਕਾਂ ਨੂੰ ਧੁਰ ਅੰਦਰ ਤੱਕ ਉਦਾਸ ਕਰ ਦਿੰਦੀ ਹੈ। ਇਸ ਸਾਧਾਰਨ ਜਿਹੀ ਪ੍ਰੇਮ ਕਹਾਣੀ ਨੂੰ ਮ੍ਰਿਣਾਲ ਆਪਣੀ ਬੌਧਿਕ ਕਲਾਤਮਿਕਤਾ ਅਤੇ ਤੀਖਣ ਫਿਲਮਸਾਜ਼ੀ ਰਾਹੀਂ ਸਮੇਂ ਅਤੇ ਸਥਾਨ ਦੀਆਂ ਹੱਦਾਂ ਤੋਂ ਪਾਰ ਲੈ ਜਾਂਦਾ ਹੈ। ਫਿਲਮ ਵਿਚ ਕੋਈ ਸਿਆਸੀ ਘੁਣਤਰ ਨਹੀਂ, ਸਗੋਂ ਇਹ ਪ੍ਰੇਮ ਦੇ ਆਰ- ਪਾਰ ਦੇਖਣ ਦੀ ਇਮਾਨਦਾਰ ਕੋਸ਼ਿਸ਼ ਕਰਦੀ ਹੈ। ਫਿਲਮ ਪ੍ਰੇਮ ਦੀਆਂ ਮਿਥੀਆਂ ਧਾਰਨਾਵਾਂ ਤੋਂ ਪਾਰ ਇਸ ਦੇ ਨਵੇਂ ਕੋਣਾਂ ਅਤੇ ਤ੍ਰਿਕੋਣਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੀ ਹੈ।


ਮ੍ਰਿਣਾਲ ਸੇਨ

ਫਿਲਮ ਦੀ ਕਹਾਣੀ ਮੁਤਾਬਿਕ ਸ਼ਹਿਰੀ ਫੋਟੋਗ੍ਰਾਫਰ ਸੁਭਾਸ਼ (ਨਸੀਰੂਦੀਨ ਸ਼ਾਹ) ਆਪਣੇ ਦੋ ਦੋਸਤਾਂ ਨਾਲ ਅਜਿਹੇ ਪਿੰਡ ਵਿਚ ਘੁੰਮਣ ਜਾਂਦਾ ਹੈ ਜਿਥੇ ਬਿਜਲੀ-ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਤੋਂ ਬਿਨਾਂ ਜ਼ਿੰਦਗੀ ਦੀ ਉਮੀਦ ਵੀ ਸੰਸਿਆਂ ਵਿਚ ਘਿਰੀ ਹੋਈ ਹੈ। ਕਿਸੇ ਸਮੇਂ ਕਿਸੇ ਰਈਸ ਦੀ ਹਵੇਲੀ ਰਹੀ ਇਹ ਜਗ੍ਹਾ ਇਸ ਸਮੇਂ ਢਹਿ-ਢੇਰੀ ਹੋਣ ਕੰਢੇ ਹੈ। ਹੁਣ ਹਵੇਲੀ ਵਿਚ ਦੋ ਪਰਿਵਾਰ ਰਹਿ ਰਹੇ ਹਨ। ਪਹਿਲਾ ਪਰਿਵਾਰ ਚੌਕੀਦਾਰ ਤੇ ਉਸ ਦੀ ਬੇਟੀ (ਸ਼ੀਲਾ ਮਜੂਮਦਾਰ) ਦਾ ਹੈ ਜੋ ਕਦੀ-ਕਦੀ ਚੱਕਰ ਮਾਰਦੀ ਹੈ। ਦੂਜੇ ਪਰਿਵਾਰ ਵਿਚ ਬਿਮਾਰ ਤੇ ਅੱਖਾਂ ਤੋਂ ਵਿਰਵੀਂ ਬਜ਼ੁਰਗ ਔਰਤ (ਗੀਤਾ ਸੇਨ) ਤੇ ਉਸ ਦੀ ਸਾਊ ਕੁੜੀ ਜੈਮਿਨੀ (ਸ਼ਬਾਨਾ ਆਜ਼ਮੀ) ਹਨ। ਜੈਮਿਨੀ ਨੂੰ ਸ਼ਹਿਰ ਦਾ ਕੋਈ ਮੁੰਡਾ ਵਿਆਹ ਕਰ ਕੇ ਛੱਡ ਗਿਆ ਹੈ ਅਤੇ ਉਸ ਦੀ ਮਾਂ ਦੇ ਸਾਹ ਉਸ ਦਿਨ ਦੇ ਇੰਤਜ਼ਾਰ ਵਿਚ ਅਟਕੇ ਪਏ ਹਨ ਜਦੋਂ ਉਹ ਜੈਮਿਨੀ ਨੂੰ ਆਪਣੇ ਨਾਲ ਲੈ ਜਾਵੇਗਾ। ਉਸ ਬਜ਼ੁਰਗ ਔਰਤ ਦੀ ਜ਼ਿੰਦਗੀ ਵਿਚ ਖੁਸ਼ੀ ਦੇ ਕੁਝ ਪਲ ਸ਼ਾਮਿਲ ਕਰਨ ਦੇ ਚੱਕਰ ਵਿਚ ਸ਼ੁਭਾਸ ਡਰਾਮਾ ਕਰਦਾ ਹੈ ਕਿ ਅਸਲ ਵਿਚ ਉਹੀ ਜੈਮਿਨੀ ਦਾ ਪਤੀ ਹੈ। ਉਥੇ ਮੌਜੂਦ ਸਾਰਿਆਂ ਨੂੰ ਇਹ ਝੂਠ ਨਾਗਵਾਰ ਗੁਜ਼ਰਦਾ ਹੈ, ਪਰ ਉਹ ਇਸ ਨੂੰ ਅਣਦੇਖਿਆ ਕਰ ਦਿੰਦੇ ਹਨ। ਫਿਲਮਸਾਜ਼ ਅਨੁਸਾਰ ਅਸੀਂ ਵੀ ਤਾਂ ਇੱਦਾਂ ਹੀ ਜ਼ਿੰਦਗੀ ਵਿਚ ਬਹੁਤ ਸਾਰੇ ਨਾਗਵਾਰ ਹਾਲਾਤ ਨੂੰ ਅਣਦੇਖਿਆ ਕਰ ਜਾਂਦੇ ਹਾਂ!

> *ਫਿਲਮ ਦੀ ਖੂਬਸੂਰਤੀ ਕੈਮਰੇ ਰਾਹੀਂ ਉਸ ਅਣਕਹੀ ਮੁਹੱਬਤ ਦੇ ਅਨੰਤ ਪਰਛਾਵੇਂ ਫੜਨ ਵਿਚ ਹੈ ਜਿਸ ਨੂੰ ਜ਼ੁਬਾਨ ਦੇਣ ਵਿਚ ਕਈ ਵਾਰ ਸ਼ਬਦ ਵੀ ਅਸਫਲ ਹੋ ਜਾਂਦੇ ਹਨ। ਫਿਲਮ ਵਿਚ ਬਹੁਤ ਸਾਰਾ ਬਿਰਤਾਂਤ ਖੰਡਰਾਂ ਵਿਚ ਵਾਪਰਦਾ ਹੈ। ਇਸ ਅਮਲ ਵਿਚ ਅੱਖਾਂ ਦੀ ਜ਼ੁਬਾਨ ਅਤੇ ਚੁੱਪ ਦੀ ਭਾਸ਼ਾ ਸੂਤਰਧਾਰ ਦਾ ਕੰਮ ਕਰਦੀਆਂ ਹਨ।*

ਦੋਵਾਂ ਕਿਰਦਾਰਾਂ ਵਿਚ ਮਾੜੀ-ਮੋਟੀ ਗੱਲਬਾਤ ਹੁੰਦੀ ਹੈ ਤੇ ਫਿਰ ਵਿਛੜ ਜਾਂਦੇ ਹਨ। ਇਹ ਫਿਲਮ ਉਨ੍ਹਾਂ ਦੇ ਮਿਲਣ ਨਾਲੋਂ ਵਿਛੜਨ ਦੀ ਕਹਾਣੀ ਜ਼ਿਆਦਾ ਹੈ। ਦਰਸ਼ਕ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੈ ਕਿ ਕਹਾਣੀ ਅਸਲ ਵਿਚ ਉਨ੍ਹਾਂ ਦੇ ਵਿਛੋੜੇ ਤੋਂ ਬਾਅਦ ਸ਼ੁਰੂ ਹੁੰਦੀ ਹੈ ਤੇ ਕਹਾਣੀ ਦੀ ਸ਼ੁਰੂਆਤ ਤੋਂ ਹੀ ਪਤਾ ਹੈ ਕਿ ਇਹ ਖੰਡਰਾਤ ਦੀ ਕਹਾਣੀ ਹੈ, ਇਸ ਦਾ ਅੰਤ ਕਿਸੇ ਨਵੇਂ ਖੰਡਰਾਤ ਵਿਚ ਨਿਕਲਣ ਵਾਲਾ ਹੈ। ਫਿਲਮਸਾਜ਼ ਇਥੇ ਕਈ ਜ਼ਰੂਰੀ ਸਵਾਲਾਂ ਨੂੰ ਜਨਮ ਦਿੰਦਾ ਹੈ। ਕੀ ਅਸੀਂ ਆਪਣੀ ਜ਼ਿੰਦਗੀ ਦੇ ਫੈਸਲੇ ਆਪਣੀ ਚੇਤਨਾ ਅਨੁਸਾਰ ਕਰਦੇ ਹਾਂ, ਜਾਂ ਆਪਣੇ-ਆਪ ਨੂੰ ਵਕਤ ਦੀ ਧਾਰਾ ਵਿਚ ਬੇਰੋਕ ਵਹਿੰਦੇ ਚਲੇ ਜਾਣ ਦੀ ਇਜਾਜ਼ਤ ਦੇ ਦਿੰਦੇ ਹਾਂ? ਫਿਲਮਸਾਜ਼ ਅਨੁਸਾਰ, ਬਹੁਗਿਣਤੀ ਲੋਕ ਬਿਨਾਂ ਕੋਈ ਉਜ਼ਰ ਕੀਤਿਆਂ, ਆਪਣੇ ਮਨਾਂ ਨੂੰ ਆਪਣੀਆਂ ਖਾਹਿਸ਼ਾਂ ਦੇ ਖੰਡਰਾਤ ਵਿਚ ਤਬਦੀਲ ਹੁੰਦਿਆਂ ਦੇਖਦੇ ਰਹਿੰਦੇ ਹਨ। ਕਿੰਨੇ ਹੀ ਲੋਕਾਂ ਦੀਆਂ ਸਮਰੱਥਾਵਾਂ ਤੇ ਸੰਭਾਵਨਾਵਾਂ ਉਨ੍ਹਾਂ ਦੇ ਹਾਲਾਤ ਨਾਲ ਹੁੰਦੇ ਟਕਰਾਓ ਵਿਚ ਗੁੰਮ-ਗੁਆਚ ਜਾਂਦੀਆਂ ਹਨ। ਇਸ ਫਿਲਮ ਦੀ ਖੂਬਸੂਰਤੀ ਕੈਮਰੇ ਰਾਹੀਂ ਉਸ ਅਣਕਹੀ ਮੁਹੱਬਤ ਦੇ ਅਨੰਤ ਪਰਛਾਵੇਂ ਫੜਨ ਵਿਚ ਹੈ ਜਿਸ ਨੂੰ ਜ਼ੁਬਾਨ ਦੇਣ ਵਿਚ ਕਈ ਵਾਰ ਸ਼ਬਦ ਵੀ ਅਸਫਲ ਹੋ ਜਾਂਦੇ ਹਨ। ਫਿਲਮ ਵਿਚ ਬਹੁਤ ਸਾਰਾ ਬਿਰਤਾਂਤ ਖੰਡਰਾਂ ਵਿਚ ਵਾਪਰਦਾ ਹੈ। ਇਸ ਪ੍ਰਕਿਰਿਆ ਵਿਚ ਅੱਖਾਂ ਦੀ ਜ਼ੁਬਾਨ ਅਤੇ ਚੁੱਪ ਦੀ ਭਾਸ਼ਾ ਸੂਤਰਧਾਰ ਦਾ ਕੰਮ ਕਰਦੀਆਂ ਹਨ।

ਫਿਲਮ ਦੇਖਦਿਆਂ ਸੁਭਾਵਿਕ ਹੀ ਮ੍ਰਿਣਾਲ ਸੇਨ ਦੀਆਂ ਪਹਿਲੀਆਂ ਫਿਲਮਾਂ ਦੇ ਦ੍ਰਿਸ਼ ਅੱਖਾਂ ਅੱਗੇ ਘੁੰਮਦੇ ਹਨ। ਦਰਸ਼ਕਾਂ ਦੀ ਅੱਖ ਇਸ ਫਿਲਮ ਵਿਚ ਵੀ ਵਿਚਾਰਧਾਰਾ, ਸਿਆਸਤ, ਸਮਾਜਿਕ ਤਰਾਸਦੀਆਂ ਲੱਭਣ ਦੀ ਕੋਸ਼ਿਸ਼ ਕਰਦੀ ਹੈ, ਪਰ ਇਸ ਵਾਰ ਫਿਲਮਸਾਜ਼ ਕੈਮਰਾ ਲੈ ਕੇ ਆਪਣੇ ਹੀ ਅੰਦਰ ਲੱਥ ਗਿਆ ਲਗਦਾ ਹੈ। ਦਰਸ਼ਕ ਉਸ ਦੇ ਆਪੇ ਤੋਂ ਭੈਅ-ਭੀਤ ਵੀ ਹੁੰਦਾ ਹੈ ਅਤੇ ਉਸ ਉਤੇ ਉਸ ਨੂੰ ਮਣਾਂ-ਮੂੰਹੀਂ ਪਿਆਰ ਵੀ ਆਉਂਦਾ ਹੈ। ਇਕ ਫਿਲਮਸਾਜ਼ ਇਸ ਤੋਂ ਵੱਧ ਆਪਣੇ ਲਈ ਹੋਰ ਮੰਗ ਵੀ ਕੀ ਸਕਦਾ ਹੈ?


ਕੁਲਦੀਪ ਕੌਰ
ਫੋਨ: +91-98554-04330



ਸ਼ਬਾਨਾ ਆਜ਼ਮੀ




# ਨਾਇਕ ਦੇ ਨਿਵੇਕਲੇ ਨੈਣ-ਨਕਸ਼ ਘੜਦਾ ਆਯੂਸ਼ਮਾਨ







ਚੰਡੀਗੜ੍ਹ ਦੇ ਜੰਮ-ਪਲ ਆਯੂਸ਼ਮਾਨ ਖੁਰਾਣਾ ਨੇ ਹਿੰਦੀ ਫਿਲਮ ਜਗਤ ਵਿਚ ਆਪਣਾ ਵੱਖਰਾ ਮੁਕਾਮ ਬਣਾਇਆ ਹੈ। ਫਿਲਮਾਂ ਵਿਚ ਉਹ 2012 ਵਿਚ ਆਇਆ ਸੀ ਅਤੇ ਹੁਣ ਤੱਕ ਉਸ ਦੀਆਂ ਸਿਰਫ 8 ਫਿਲਮਾਂ ਰਿਲੀਜ਼ ਹੋਈਆਂ ਹਨ, ਪਰ ਉਸ ਨੇ ਆਪਣੀ ਅਦਾਕਾਰੀ ਅਤੇ ਸਮਝ ਦੇ ਆਧਾਰ 'ਤੇ ਹਿੰਦੀ ਫਿਲਮ ਨਾਇਕ ਦਾ ਇਕ ਵੱਖਰਾ ਹੀ ਰੂਪ ਦਰਸ਼ਕਾਂ ਸਾਹਮਣੇ ਲਿਆਂਦਾ ਹੈ। ਉਹ ਆਪਣੇ ਢੰਗ ਨਾਲ ਨਵਾਂ ਫਿਲਮੀ ਨਾਇਕ ਸਿਰਜ ਰਿਹਾ ਹੈ। ਉਹਦੀਆਂ ਫਿਲਮਾਂ ਵਿਚ ਖਾਸ ਸੁਨੇਹਾ ਹੁੰਦਾ ਹੈ ਅਤੇ ਉਹ ਅਦਾਕਾਰੀ ਦੇ ਸਿਰ ਉਤੇ ਇਸ ਸੁਨੇਹੇ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਲਈ ਟਿੱਲ ਲਾ ਦਿੰਦਾ ਹੈ। ਆਪਣੀ ਪਲੇਠੀ ਫਿਲਮ 'ਵਿੱਕੀ ਡੋਨਰ' ਨਾਲ ਹੀ ਉਹ ਚਰਚਾ ਵਿਚ ਆ ਗਿਆ ਸੀ। ਉਸ ਦੀ ਹਰ ਫਿਲਮ ਵੱਖਰੇ ਵਿਸ਼ੇ ਬਾਰੇ ਗਹਿ-ਗੱਚ ਸੰਵਾਦ ਰਚਾਉਣ ਵਾਲੀ ਹੋ ਨਿਬੜੀ ਹੈ।

ਉਂਜ, 14 ਸਤੰਬਰ 1984 ਨੂੰ ਜਨਮੇ ਆਯੂਸ਼ਮਾਨ ਨੂੰ ਫਿਲਮੀ ਨਾਇਕ ਵਾਲੇ ਮੁਕਾਮ ਤੱਕ ਪਹੁੰਚਣ ਲਈ ਕਈ ਸਾਲ ਲੱਗ ਗਏ। 2004 ਵਿਚ ਉਸ ਨੇ ਐਮ.ਟੀ.ਵੀ. ਦਾ ਰੋਡੀਜ਼ (ਸੀਜ਼ਨ-2) ਮੁਕਾਬਲਾ ਜਿੱਤਿਆ ਸੀ। ਇਸ ਤੋਂ ਬਾਅਦ ਉਹ ਟੀ.ਵੀ. ਸਟਾਰ ਤਾਂ ਬਣ ਗਿਆ, ਪਰ ਫਿਲਮ ਤੱਕਾਂ ਪਹੁੰਚਣ ਲਈ ਉਸ ਨੂੰ ਅੱਠ ਸਾਲ ਉਡੀਕ ਕਰਨੀ ਪਈ। ਫਿਰ ਤਾਂ ਚੱਲ ਸੋ ਚੱਲ... ਪਲੇਠੀ ਫਿਲਮ 'ਵਿੱਕੀ ਡੋਨਰ' ਉਘੇ ਫਿਲਮਸਾਜ਼ ਸ਼ੂਜੀਤ ਸਿਰਕਾਰ ਨੇ ਬਣਾਈ ਸੀ। ਛੋਟੇ ਬਜਟ ਵਾਲੀ ਇਸ ਫਿਲਮ ਉਤੇ 5 ਕਰੋੜ ਰੁਪਏ ਲੱਗੇ ਸਨ, ਪਰ ਇਹ ਫਿਲਮ ਬਾਕਸ ਆਫਿਸ ਉਤੇ 65 ਹਜ਼ਾਰ ਰੁਪਏ ਕਮਾਉਣ ਵਿਚ ਸਫਲ ਰਹੀ। ਇਸ ਫਿਲਮ ਨਾਲ ਚੰਡੀਗੜ੍ਹ ਦੀ ਹੀ ਇਕ ਹੋਰ ਅਦਾਕਾਰਾ ਯਾਮੀ ਗੌਤਮ ਦਾ ਕਰੀਅਰ ਵੀ ਪਰਵਾਜ਼ ਭਰ ਗਿਆ ਸੀ।

ਇਸ ਤੋਂ ਬਾਅਦ 'ਨੌਟੰਕੀ ਸਾਲਾ', 'ਬੇਵਕੂਫੀਆਂ', 'ਹਵਾਈਜ਼ਾਦਾ', 'ਦਮ ਲਗਾ ਕੇ ਹਾਈਸ਼ਾ', 'ਮੇਰੀ ਪਿਆਰੀ ਬਿੰਦੂ', 'ਬਰੇਲੀ ਕੀ ਬਰਫੀ' ਅਤੇ 'ਸ਼ੁਭ ਮੰਗਲ ਸਾਵਧਾਨ' ਫਿਲਮਾਂ ਰਿਲੀਜ਼ ਹੋਈਆਂ। 'ਨੌਟੰਕੀ ਸਾਲਾ', 'ਬੇਵਕੂਫੀਆਂ' ਤੇ 'ਹਵਾਈਜ਼ਾਦਾ' ਭਾਵੇਂ ਕੁਝ ਖਾਸ ਅਸਰ ਨਹੀਂ ਛੱਡ ਸਕੀਆਂ, ਪਰ ਇਨ੍ਹਾਂ ਫਿਲਮਾਂ ਵਿਚ ਆਯੂਸ਼ਮਾਨ ਦੀ ਅਦਾਕਾਰੀ ਦੀ ਚਰਚਾ ਹੋਈ। ਫਿਰ ਜਦੋਂ ਭੂਮੀ ਪੜਨੇਕਰ ਨਾਲ ਉਸ ਦੀ ਫਿਲਮ 'ਦਮ ਲਗਾ ਕੇ ਹਾਈਸ਼ਾ' ਰਿਲੀਜ਼ ਹੋਈ ਤਾਂ ਉਹ ਪਹਿਲੀ ਕਤਾਰ ਦੇ ਅਦਾਕਾਰਾਂ ਵਿਚ ਸ਼ੁਮਾਰ ਹੋ ਗਿਆ। ਹੁਣੇ ਹੁਣੇ ਭੂਮੀ ਪੜਨੇਕਰ ਨਾਲ ਹੀ ਰਿਲੀਜ਼ ਹੋਈ ਉਸ ਦੀ ਫਿਲਮ 'ਸ਼ੁਭ ਮੰਗਲ ਸਾਵਧਾਨ' ਸੁਪਰਹਿੱਟ ਸਾਬਤ ਹੋਈ ਹੈ। ਇਸ ਫਿਲਮ ਉਤੇ ਕੁਲ 10 ਕਰੋੜ ਰੁਪਏ ਲੱਗੇ ਹਨ ਅਤੇ ਇਹ ਹੁਣ ਤੱਕ 50 ਕਰੋੜ ਤੋਂ ਉਪਰ ਕਮਾ ਚੁੱਕੀ ਹੈ ਤੇ ਅਜੇ ਵੀ ਕਮਾ ਰਹੀ ਹੈ। ਫਿਲਮ ਦੀ ਕਹਾਣੀ ਵੀ ਬੜੀ ਸਾਧਾਰਨ ਅਤੇ ਘਰੇਲੂ ਕਿਸਮ ਦੀ ਹੈ, ਪਰ ਦਿਲ ਨੂੰ ਟੁੰਬਣ ਵਾਲੀ ਹੈ। ਭੂਮੀ ਪੜਨੇਕਰ ਅਤੇ ਆਯੂਸ਼ਮਾਨ ਖੁਰਾਣਾ ਨੇ ਫਿਲਮ ਵਿਚ ਜੀਅ ਜਾਨ ਨਾਲ ਅਦਾਕਾਰੀ ਦੇ ਜਲਵੇ ਦਿਖਾਏ ਹਨ। ਇਸ ਨਾਲ ਫਿਲਮ ਦਾ ਮੂੰਹੋਂ-ਮੂੰਹ ਪ੍ਰਚਾਰ ਬਹੁਤ ਹੋਇਆ ਹੈ। ਜਿਹੜਾ ਵੀ ਦਰਸ਼ਕ ਇਹ ਫਿਲਮ ਦੇਖ ਕੇ ਆਉਂਦਾ ਹੈ, ਉਹ ਹੋਰਾਂ ਨੂੰ ਵੀ ਇਹ ਫਿਲਮ ਦੇਖਣ ਬਾਰੇ ਆਖ ਛੱਡਦਾ ਹੈ। ਇਹੀ ਆਯੂਸ਼ਮਾਨ ਖੁਰਾਣਾ ਅਤੇ ਭੂਮੀ ਪੜਨੇਕਰ ਵਰਗੇ ਘੱਟ ਬਜਟ ਵਾਲੇ ਅਦਾਕਾਰਾਂ ਦੀ ਖੂਬੀ ਅਤੇ ਖੂਬਸੂਰਤੀ ਹੈ।

ਅਸਲ ਵਿਚ 100 ਕਰੋੜੀ ਫਿਲਮਾਂ ਦੇ ਘੜਮੱਸ ਵਿਚ, ਇਹੀ ਅਦਾਕਾਰ ਤੇ ਅਜਿਹੀਆਂ ਫਿਲਮਾਂ ਬਣਾਉਣ ਵਾਲੇ ਫ਼ਿਲਮਸਾਜ਼ ਹਨ ਜੋ ਕਲਾ ਦਾ ਚਿਰਾਗ ਜਗਦਾ ਰੱਖ ਰਹੇ ਹਨ; ਨਹੀਂ ਤਾਂ 100 ਕਰੋੜੀ ਫਿਲਮਸਾਜ਼ਾਂ ਦਾ ਮੁਖ ਮਕਸਦ ਮਸਾਲਾ ਫਿਲਮਾਂ ਬਣਾ ਕੇ ਕਮਾਈ ਕਰਨਾ ਹੀ ਹੈ। ਆਯੂਸ਼ਮਾਨ ਵਰਗੇ ਕਲਾਕਾਰਾਂ ਨੇ ਸਾਬਤ ਕੀਤਾ ਹੈ ਕਿ ਘੱਟ ਬਜਟ ਨਾਲ ਵਧੀਆ ਅਤੇ ਸੁਨੇਹਾ ਮੁਖੀ ਫਿਲਮਾਂ ਬਣਾਈਆਂ ਜਾ ਸਕਦੀਆਂ ਹਨ।

-ਗੁਰਜੰਟ ਸਿੰਘ


UNITED SPORTS CLUB CALIFORNIA, AMERICA
13th World Kabaddi Cup
17 Sep 2017, Sunday
(9:00am-6:00pm)
James Logan High School 1800 H Street,
Union City, California 94587
UNITED SPORTS CLUB, CALIFORNIA AMERICA
USC
ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆ ਅਮਰੀਕਾ
Amolak Singh Gakhal
Patron
United Sports Club
ਰੰਗ ਕਬੱਡੀ ਦੇ
Teerath Gakhal
Makhan Singh Bains Chairman
Iqbal Singh Gakhal V. Chairman
Balvir Singh Bhatia President
Palwinder Singh Gakhal Director
Jugraj Singh Sahota v. President
Gurdawar Singh Maheru G. Secratary
S. Ashok Bhaura G. Secratary Media Incharge
Pinki Atwal Director
Sadhu Singh Advisor
Narinder Singh Sahota Treasurer
Dalvinder Singh Padda Director
Natha Singh Gakha Advisor
Debi Sohal Sidhwa Dona Director
Bakhtawar Singh Gakhal Director
Jasvir Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Gulvinder Singh Gakhal Director
Karamjit Singh Talwandi Director
Harjinder Ladhar Advisor
Late. Paramjit Singh Pammi
(Kabaddi Coach)
United Sports Club
Offers flowers of devotion
Chief Guest
Makhan Singh Dhaliwal
Opening
Surjit Singh Tutt
Sewa Singh Randhawa
Sponsor of 1st Prize
DIAMOND TRANSPORTATION
From Gulvinder Gakhal, Neki Atwal and Pinki Atwal of Diamond Trucking
Sponsor of 2nd Prize
Sahota family's
Jugraj Singh Sahota &
Narinder Singh Sahota
Dedicated to Loving Memory of Father Late. S. Kashmir Singh Sahota
Sponsor of Under-25 First Prize
sponsored byTakhar faimly in memory of late santokh s TakharApna punjab&
Special Guest of World Kabaddi Cup
Raj Grewal MP Canada
Pamma Deol Sarbjit Deol
Jagir Singh New York
Kashmir Singh Dhoot
Harjinder Khehra
Nick Gakhal
Happy Heer
Jaspreet Singh Attorney
Malkiat Singh (Mike Boparai)
Dr. Baljinder Singh Grewal
Rana Dhillon
Special Support Form
IKKI International Entertainment Inc. GB Entertainment, Central Velly Sports Club, Shaheed Udham Singh Sports Club Fresno, Shaheed Bhagat Singh Sports Club Fresno, Bay Area Sports Club, Santa Clara Sports Club, Miri Piri Sports Club, Golden State Sports Club, Sher E Punjab Sports Club Los Banos, Guru Gobind Singh Sports Club, Shaheed Baba Deep Singh Sports Club Sacramento, Baba Sewa Das Kabddi Club North Caroline, King Sports Club Sacramento, Punjab Sports Club Seattle, Fateh Sports Club Turlock, Gurwara San Jose Sports Club, Dashmesh Sports Club Tracy, Bhagat Singh Cricket Club.
Our Proud
TUTT BROTHERS, JOHAN SINGH GILL, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR, SIKH PANCHYAT, SANTOKH S. JUDGE, BOB DHILLON, MANN INSURANCE BROKERS, SURINDER S. ATWAL, S. HARWINDER SINGH ATWAL, RANDHIR S. NIJJAR, JASWANT SINGH HOTHI, KASHMIR S DHOOT, CHICAGO PIZZA, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU, PARGAN SINGH, OCEAN TRANSPORT, INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS, RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL, AMARITPAL S. DHILLON.
MIKE BOPARAI,TARLOCHAN S. LASHAR, KULWANT S. LASHAR, JASWINDER S. LASHAR, MANNY GREWAL, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB, GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH, PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH, SARBJIT SABHI.
RSI INSURANCE, NATOMOUS LIQUOR, GURNAM SINGH, PUNJAB TENT HOUSE, JAGTAR SINGH, AVTAR S SRA, HARBHAJAN S GAKHAL, ALVARADO B P SERVICE, LACHHMAN S MANGAT, BILL BAINS CPA, MAJOR S GAKHAL, SOHAN S GAKHAL,JARNAIL S MANN,JASVIR S TAKHAR,SURINDER S DHANOA,SHANKAR SINGH,JASBIR S NAHAL,CAR WASH GILLROY,RANA KAHLON,BOMBY PIZZA,CHICAGO PIZZA,SUCHA RAM BHARTA,SHASHI PAUL,HARWINDER S DHALIWAL,MAJOR S GILL,JACK RAM,PAUL RAM,SEWA SINGH,JASSI SHERGILL,MALAGHAR S KHERA,BITTU RAI,BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA.
Star Kabaddi Players of World Kabaddi Cup
Mangi Bagga Pind
Pala Jalalapur
Sandip Ludhar
Sukha Bhandal
Dulla Bagga Pind
Khushi Duggan
Kamal Nawan Pind
Yaad Kotli
Gurpreet
Rubi Harkhowal
Jairo
Arsh Chohla
Arshi Preetam
Gurlal Ghanaur
Sultan
Sandeep Surkhpur
Deesha Aalowal
Kevin Sandhu Rurka Kalan
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Mani Sandhu
Gurpreet Burj Hari
Johny Gill
International Kabaddi Rules will be apply.
United Sports Club has right of last Decision
Spectators have to reach on the time in James Logan High School
Charda Punjab Club Sacramento will Special honor to Best Stoper and Best Raider
Kabaddi Clubs
* United Sports Club USA
* Bay area Sports Club
* Punjab Sports Club Seattle
* Baba Sewa Dass Kabaddi Club North Carolina
SPECIAL HONOUR
Pritam Singh Samaspur
Former kabaddi Player and IndianTeam Captain
Will Honor with Gold Medal
Under-25 Teams
2. Chardi Kala Sports Club Yuba City
2. Sacramento Sports Club
3. Fateh Sports Club Turluk
4. Sanjose Gurdwara Sports Club
5. Dashmesh Sports Club Tracy
Sports event is organize with support of sponsors and supports
All are invited to join this sports event
Media In charge of World Kabaddi Cup
S. Ashok Bhaura
Phone: 510 415 3315,
Email: ashokbhaura@gmail.com
Guru Ka Langar Will be served with the support of Fremont, San Jose, Stockton Gurdwaras, United Sports Club and Raja Sweets Fremont
Commentators
Asha Sharma, Rajwinder Randiala, Iqbal Galib, Makhan Ali, Surjit Kakrali, Jodhvir Singh


PUNJABI MEGA PACK
$14.99 FOR 24 MONTHS
Save $240 over 2 years
Dish.com/Punjabi
1-888-621-5401
dish
YOUR CULTURE AT HOME
PTC PUNJABI
jus punjabi
WILLOW HD
PTC NEWS
JUS one
+5 CHANNELS
All offers require credit qualification, 24-month commitment with early termination fee and eAutoPay. $240 Savings Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Receive a monthly credit of $10 for the first 24 months. Important Terms and Conditions: Promotional Offers: International programming requires America's Top 120 or higher. Upfront activation and/or receiver upgrade fees may apply based on credit qualification. After 24-month promotional period, then-current monthly price applies and is subject to change. Offer ends 10/18/17. 2 Year Commitment: Early termination fee of $20/mo. remaining applies if you cancel early. Hopper: Monthly fees: Hopper, $15; Joey, $7; Super Joey, $10. With PrimeTime Anytime record ABC, CBS, FOX and NBC plus two channels. With addition of Super Joey record two additional channels. Watching live and recorded TV anywhere requires an Internet-connected, Sling-enabled DVR and compatible mobile device. Premium Channels: Subject to credit qualification. After 3 mos., you will be billed $60/mo. for HBO, Cinemax, Showtime, Starz and DISH Movie Pack unless you call to cancel. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Free standard professional installation only. Taxes or reimbursement charges for state gross earnings taxes may apply. Additional restrictions and taxes may apply. © 2017 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company. STARZ and related channels and service marks are property of Starz Entertainment, LLC.